Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763


Ad Space Available
Please call:
847-359-0746

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM



Eighteenth Year of Publication · ਕੈਲੀਫੋਰਨੀਆ ਐਡੀਸ਼ਨ · Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 36, September 9, 2017 · 20451 N Plum Grove Rd., Palatine, IL 60074 · Ph:847-359-0746, Fax:847-705-9388


# ਸਿੱਖ ਸੰਸਥਾਵਾਂ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ

## ਡੇਰਾ ਕਾਂਡ ਪਿਛੋਂ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਆਏ ਨਿਸ਼ਾਨੇ ਹੇਠ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਡੇਰਾ ਸਿਰਸਾ ਦੇ ਪ੍ਰੇਮੀ ਬਣੇ ਸਿੱਖਾਂ ਵੱਲੋਂ ਕੀਤੇ ਕੁਝ ਖੁਲਾਸੇ ਜਥੇਦਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ ’ਤੇ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਪਿੱਛੋਂ ਇਨ੍ਹਾਂ ਪ੍ਰੇਮੀਆਂ ਨੇ ਪੰਥ ਵਾਪਸੀ ਦੀ ਇੱਛਾ ਜ਼ਾਹਰ ਕਰਦਿਆਂ ਇਹੀ ਕਿਹਾ ਹੈ ਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ ਤੇ ਉਨ੍ਹਾਂ ਅਣਸਰਦੇ ਨੂੰ ਡੇਰੇ ਦਾ ਰੁਖ ਕੀਤਾ ਸੀ।

ਡੇਰੇ ਨੇ ਉਨ੍ਹਾਂ ਦੀ ਹਰ ਲੋੜ ਪੂਰੀ ਕੀਤੀ। ਉਨ੍ਹਾਂ ਦੇ ਬੱਚਿਆਂ ਨੂੰ ਸਸਤੀ ਸਿੱਖਿਆ, ਸਿਹਤ ਸਹੂਲਤਾਂ, ਸਸਤਾ ਭੋਜਨ, ਰੁਜ਼ਗਾਰ ਤੇ ਮਾਣ ਸਨਮਾਨ ਦਿੱਤਾ। ਹੁਣ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਭਾਵੇਂ ਇਨ੍ਹਾਂ ਪ੍ਰੇਮੀਆਂ ਨੂੰ 'ਘਰ ਵਾਪਸੀ' ਦਾ ਸੱਦਾ ਦੇ ਰਹੇ ਹਨ, ਪਰ ਇਹ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਤੋਂ ਭੱਜ ਰਹੇ ਹਨ ਕਿ ਇੰਨੇ ਵੱਡੇ ਬਜਟ ਵਾਲੀ ਇਹ ਸਿੱਖ ਸੰਸਥਾ ਆਰਥਿਕ ਪੱਖੋਂ ਥੁੜ੍ਹੇ ਅਜਿਹੇ ਸਿੱਖ ਪਰਿਵਾਰਾਂ ਦੀ ਬਾਂਹ ਫੜਨ ਵਿਚ ਕਿਉਂ ਨਾਕਾਮ ਰਹੀ?



### ਡੇਰਾ ਮੁਖੀ ਨੂੰ ਕਦੇ ਮੁਆਫੀ ਨਹੀਂ ਦਿੱਤੀ: ਜਥੇਦਾਰ

ਰਾਮ ਰਹੀਮ ਦੇ ਜੇਲ੍ਹ ਜਾਣ ਪਿੱਛੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਉਨ੍ਹਾਂ ਨੇ ਕਦੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਨਹੀਂ ਦਿੱਤੀ। ਸਵਾਂਗ ਮਾਮਲੇ ਵਿਚ ਡੇਰਾ ਮੁਖੀ ਦੋਸ਼ੀ ਸੀ ਅਤੇ ਰਹੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਦੋ ਸਾਲ ਪਹਿਲਾਂ ਡੇਰਾ ਮੁਖੀ ਨੂੰ ਮੁਆਫ ਨਹੀਂ ਕੀਤਾ ਸੀ ਸਗੋਂ ਉਸ ਵੱਲੋਂ ਪੱਤਰ ਭੇਜਿਆ ਗਿਆ ਸੀ ਤੇ ਬਾਅਦ ਵਿਚ ਸੰਗਤ ਦੇ ਰੋਸ ਕਾਰਨ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਅਕਾਲ ਤਖਤ ਵੱਲੋਂ ਕਿਸੇ ਨੂੰ ਮੁਆਫੀ ਲਈ ਬਕਾਇਦਾ ਚਿੱਠੀ ਜਾਰੀ ਕੀਤੀ ਜਾਂਦੀ ਹੈ ਤੇ ਰਾਮ ਰਹੀਮ ਨੂੰ ਕੋਈ ਚਿੱਠੀ ਜਾਰੀ ਨਹੀਂ ਕੀਤੀ ਗਈ।

ਅਸਲ ਵਿਚ, ਸ਼੍ਰੋਮਣੀ ਕਮੇਟੀ ਹਰ ਸਾਲ ਕਰੋੜਾਂ ਰੁਪਏ ਧਰਮ ਪ੍ਰਚਾਰ ’ਤੇ ਖਰਚ ਕਰਨ ਦਾ ਦਾਅਵਾ ਕਰਦੀ ਹੈ, ਪਰ ਭਾਈਚਾਰੇ ਦੇ ਲੋੜਵੰਦਾਂ ਵੱਲ ਇਸ ਦਾ ਧਿਆਨ ਘੱਟ ਹੀ ਗਿਆ ਹੈ। ਇਹੀ ਕਾਰਨ ਹੈ ਕਿ ਪਿਛਲੇ ਵਰ੍ਹੇ ਸਿਕਲੀਗਰ ਸਿੱਖ ਨੇ ਸ਼੍ਰੋਮਣੀ ਕਮੇਟੀ ਕੋਲ ਡਾਢਾ ਗਿਲਾ ਕਰਦਿਆਂ ਕਿਹਾ ਸੀ ਕਿ ਇਕੱਲੇ ਧਰਮ ਪ੍ਰਚਾਰ ਨਾਲ ਉਨ੍ਹਾਂ ਦਾ ਢਿੱਡ ਨਹੀਂ ਭਰਨਾ, ਸਿੱਖ ਸੰਸਥਾ ਉਨ੍ਹਾਂ ਦੇ ਗੁਰਬਤ ਮਾਰੇ ਪਰਿਵਾਰਾਂ ਦੀ ਬਾਂਹ ਫੜੇ। ਇਸ ਪਿੱਛੋਂ ਸ਼੍ਰੋਮਣੀ ਕਮੇਟੀ ਦੀ ਜਾਗ ਖੁੱਲ੍ਹੀ ਤੇ ਕੁਝ ਪਰਿਵਾਰਾਂ ਦੀ ਆਰਥਿਕ ਮਦਦ ਦੇ ਨਾਲ-ਨਾਲ ਉਨ੍ਹਾਂ ਦੀ ਸਿੱਖਿਆ ਤੇ ਹੋਰ ਲੋੜਾਂ ਦਾ ਜ਼ਿੰਮਾ ਚੁੱਕਿਆ। ਸ਼੍ਰੋਮਣੀ ਕਮੇਟੀ ਹਮੇਸ਼ਾ ਇਨ੍ਹਾਂ ਦੋਸ਼ਾਂ ਵਿਚ ਘਿਰੀ ਰਹੀ ਹੈ ਕਿ ਉਹ

(ਬਾਕੀ ਸਫਾ 6 ’ਤੇ)

# ਮੋਦੀ ਵੱਲੋਂ ਮਿਸ਼ਨ 2019 ਲਈ ਕਮਰਕੱਸੇ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ 2019 ਦੀਆਂ ਲੋਕ ਸਭਾ ਤੇ ਉਸ ਤੋਂ ਪਹਿਲਾਂ ਕੁਝ ਸੂਬਿਆਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣ ਦੀਆਂ ਤਿਆਰੀਆਂ ਵਿਚ ਜੁਟ ਗਈ ਹੈ। ਲੋਕ ਸਭ ਚੋਣਾਂ ਤੋਂ ਡੇਢ ਸਾਲ ਪਹਿਲਾਂ ਮੋਦੀ ਸਰਕਾਰ ਵੱਲੋਂ ਕੇਂਦਰੀ ਵਜ਼ਾਰਤ ਵਿਚ ਵੱਡੇ ਪੱਧਰ ’ਤੇ ਕੀਤਾ ਫੇਰਬਦਲ ਇਹੀ ਦਰਸਾਉਂਦਾ ਹੈ ਕਿ ਉਹ ਕੋਈ ਵੀ ਜੋਖਮ ਉਠਾਉਣ ਲਈ ਤਿਆਰ ਨਹੀਂ ਹੈ। ਮਈ 2014 ਵਿਚ ਮੋਦੀ ਸਰਕਾਰ ਬਣਨ ਤੋਂ ਬਾਅਦ ਇਹ ਤੀਜਾ ਮੰਤਰੀ ਮੰਡਲ ਫੇਰਬਦਲ ਹੈ।



ਤੀਜੇ ਵਿਸਥਾਰ ਨਾਲ ਚਾਰ ਪੁਰਾਣੇ ਰਾਜ ਮੰਤਰੀਆਂ ਨੂੰ ਤਰੱਕੀ ਦੇ ਕੇ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ ਅਤੇ ਕੁਝ ਮੰਤਰੀਆਂ ਦੇ ਵਿਭਾਗਾਂ ਵਿਚ ਫੇਰਬਦਲ ਕੀਤਾ ਗਿਆ ਹੈ। ਮੋਦੀ ਭਾਵੇਂ ਇਸ ਫੇਰਬਦਲ ਪਿੱਛੇ ਤਰਕ ਦੇ ਰਹੇ ਹਨ ਕਿ ਉਨ੍ਹਾਂ ਨੇ ਮੰਤਰੀਆਂ ਦੇ ਵਿਭਾਗਾਂ ਦਾ ਆਡਿਟ ਕੀਤਾ ਤੇ ਲੋੜ ਮੁਤਾਬਕ ਇਹ ਫੇਰਬਦਲ ਕਰਨਾ ਪਿਆ, ਪਰ ਮੰਤਰੀਆਂ ਦੀ ਚੋਣ ਕੁਝ ਹੋਰ ਇਸ਼ਾਰਾ ਕਰਦੀ ਹੈ। ਮੋਦੀ ਵੱਲੋਂ ਚਾਰ ਨੌਕਰਸ਼ਾਹਾਂ ਨੂੰ ਆਪਣੀ ਟੀਮ ਵਿਚ ਸ਼ਾਮਲ ਕਰਨਾ ਇਸ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਉਹ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ 'ਅੱਛੇ ਦਿਨ' ਲਿਆਉਣ ਦੇ ਆਪਣੇ ਵਾਅਦਿਆਂ ਵਿਚੋਂ ਕੁਝ ਨੂੰ ਫੁੱਲ ਚੜ੍ਹਾਉਣ ਦੀ ਤਿਆਰੀ ਵਿਚ ਹੈ, ਪਰ ਇਹ ਕਦਮ ਉਦੋਂ ਚੁੱਕਿਆ ਗਿਆ ਜਦੋਂ ਉਨ੍ਹਾਂ ਦੇ ਕਾਰਜਕਾਲ ਦਾ ਡੇਢ ਸਾਲ ਬਚਿਆ ਹੈ।

ਨਵੇਂ ਮੰਤਰੀਆਂ ਦੀ ਚੋਣ ਉਤਰ ਪ੍ਰਦੇਸ਼ ਤੇ ਬਿਹਾਰ ਦੀਆਂ 120 ਲੋਕ ਸਭਾ ਸੀਟਾਂ ਦੁਆਲੇ ਵੀ ਘੁੰਮਦੀ ਹੈ। ਉਤਰ ਪ੍ਰਦੇਸ਼ ਤੋਂ 12 ਤੇ ਬਿਹਾਰ ਤੋਂ 9 ਮੰਤਰੀ ਹਨ। ਉਤਰ ਪ੍ਰਦੇਸ਼ ਵਿਚ ਇਕ ਖਾਸ ਭਾਈਚਾਰੇ ਦੀਆਂ ਵੋਟਾਂ ਖਿੱਚਣ ਦੀ ਰਣਨੀਤੀ ਹੈ। 2019 ਦੀਆਂ ਆਮ ਚੋਣਾਂ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਲਈ ਉੜੀਸਾ ਤਰਜੀਹੀ ਰਾਜਾਂ ਦੀ ਸੂਚੀ ਵਿਚ ਸ਼ੁਮਾਰ ਹੈ। ਆਮ ਚੋਣਾਂ ਅਤੇ ਉੜੀਸਾ ਵਿਧਾਨ ਸਭਾ ਦੀ ਚੋਣ ਤੋਂ 20 ਮਹੀਨੇ ਪਹਿਲਾਂ ਕੇਂਦਰੀ ਕੈਬਨਿਟ ਵਿਚ ਪ੍ਰਧਾਨ ਨੂੰ ਤਰੱਕੀ ਦਿੱਤੇ ਜਾਣ ਨਾਲ ਭਾਜਪਾ ਨੂੰ ਇਸ ਰਾਜ ਵਿਚ ਹੁਲਾਰਾ ਮਿਲੇਗਾ। ਦੋਵੇਂ ਚੋਣਾਂ ਇਕੋ ਸਮੇਂ ਹੋਣਗੀਆਂ।

ਫੇਰਬਦਲ ਨਿਰਮਲਾ ਸੀਤਾਰਮਨ ਲਈ ਦੋਹਰੀ ਖੁਸ਼ੀ ਲੈ ਕੇ ਆਇਆ ਹੈ। ਕੈਬਨਿਟ ਦਰਜੇ ਦੇ ਨਾਲ ਉਨ੍ਹਾਂ ਨੂੰ ਰੱਖਿਆ ਮੰਤਰਾਲੇ ਵਰਗਾ ਅਹਿਮ ਮੰਤਰਾਲਾ ਮਿਲਿਆ ਹੈ। ਉਹ ਭਾਵੇਂ ਸਿਆਸੀ ਤੌਰ ’ਤੇ ਵੱਡੇ ਕੱਦ ਕਾਠ ਵਾਲੀ ਆਗੂ ਨਹੀਂ, ਪਰ ਉਨ੍ਹਾਂ ਦੀ ਨਿਯੁਕਤੀ ਨਾਲ ਪਾਰਟੀ ਨੂੰ ਦੱਖਣੀ ਭਾਰਤ ਵਿਚ ਲੋਕਾਂ ਦੀ ਜ਼ੁਬਾਨ ’ਤੇ ਚੜ੍ਹਨ ਦਾ ਮੌਕਾ ਮਿਲੇਗਾ।

ਉਧਰ, ਮੁਖਤਾਰ ਅੱਬਾਸ ਨਕਵੀ ਦੀ ਤਰੱਕੀ ਅਤੇ ਸਾਬਕਾ ਆਈ.ਏ.ਐਸ. ਅਧਿਕਾਰੀ

(ਬਾਕੀ ਸਫਾ 6 ’ਤੇ)


We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine · Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



UNITED SPORTS CLUB CALIFORNIA, AMERICA
13th World Kabaddi Cup
17 Sep 2017, Sunday
(9:00am-6:00pm)
James Logan High School 1800 H Street,
Union City, California 94587
UNITED SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
Amolak Singh Gakhal
Patron
United Sports Club
Teerath Gakhal
ਰੰਗ ਕਬੱਡੀ ਦੇ
Makhan Singh Bains Chairman
Iqbal Singh Gakhal V. Chairman
Balvir Singh Bhatia President
Palwinder Singh Gakhal Director
Jugraj Singh Sahota v. President
Gurdawar Singh Maheru G. Secratary
S. Ashok Bhaura G. Secratary Media Incharge
Pinki Atwal Director
Sadhu Singh Advisor
Narinder Singh Sahota Treasurer
Dalvinder Singh Padda Director
Natha Singh Gakha Advisor
Debi Sohal Sidhwa Dona Director
Bakhtawar Singh Gakhal Director
Jasvir Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulvinder Singh Gakhal Director
Karamjit Singh Talwandi Director
Harjinder Ladhar Advisor
Late. Paramjit Singh Pammi
(Kabaddi Coach)
United Sports Club
Offers flowers of devotion
Chief Guest
Makhan Singh Dhaliwal
Opening
Surjit Singh Tutt
Sewa Singh Randhawa
Sponsor of 1st Prize
DIAMOND TRANSPORTATION
From Gulvinder Gakhal, Neki Atwal and Pinki Atwal of Diamond Trucking
Sponsor of 2nd Prize
Sahota family's
Jugraj Singh Sahota & Narinder Singh Sahota
Dedicated to Loving Memory of Father Late. S. Kashmir Singh Sahota
Sponsor of Under-25 First Prize
sponsored byTakhar faimly in memory of late santokh s TakharApna punjab& Northern California club
Special Guest of World Kabaddi Cup
Raj Grewal MP Canada
Pamma Deol Sarbjit Deol
Jagir Singh New York
Kashmir Singh Dhoot
Harjinder Khehra
Nick Gakhal
Happy Heer
Jaspreet Singh Attorney
Malkiat Singh (Mike Boparai)
Dr. Baljinder Singh Grewal
Rana Dhillon
Our Proud
TUTT BROTHERS,AMAN SINGH LAKHA SINGH ATL TRUCK LINE,JASPREET S ATORNY,TIRATH S GAKHAL, SIKH, PANCHYAT, SANTOKH S. JUDGE, CENTRAL VALLEY SPORTS CLUB, MANN INSURANCE BROKERS, SURINDER S. ATWAL, JASWANT SINGH HOTHI, KASHMIR S DHOOT, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS.
MIKE BOPARAI, TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU,RAJ BHANOT,BALJIT S. SAHOTA, AMARJIT S. SANGHA,MANGAL S. BHANDAL,KULWANT S. NIJJAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, JASSI GILL, AMRIK CHAND CPA, TIRATH S. SALH, PCA
KING SPORTS CLUB,RSI INSURANCE,NATOMOUS LIQUOR,GURNAM SINGH,PUNJAB TENT HOUSE,JAGTAR SINGH,AVTAR S SRA,HARBHAJAN S GAKHAL,ALVARADO B P SERVICE,LACHHMAN S MANGAT,BILL BAINS CPA,MAJOR S GAKHAL,SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK,JASWANT UPPAL,KULDEEP S MANN
Star Kabaddi Players of World Kabaddi Cup
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Kamal Nawan Pind
Yaad Kotli
Gurpreet
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
Kevin Sandhu Rurka Kalan
Charda Punjab Club Sacramento will Special honor to Best Stoper and Best Raider
Kabaddi Clubs
* Bay area Sports Club
* United Sports Club USA
* Punjab Sports Club Seattle
* Baba Sewa Dass Kabaddi Club North America
Gold Medal
Former Kabaddi player & Indian Captain Pritam Singh Samaspur will honor with Golda medal
Under-25 Teams
1. Chardi Kala Sports Club Yuba City
2. Secramento Sports Club
3. Fateh Sports Club Turluk
4. Sanjose Gurdwara Sports Club
5. Dashmesh Sports Club Tracy
Sports event is organize with support of sponsors and supports
All are invited to join this sports event
Media In charge of World Kabaddi Cup
S. Ashok Bhaura
Phone: 510 415 3315,
Email: ashokbhaura@gmail.com
International Kabaddi Rules will be apply
United Sports Club has right for Last decision
Spectators have to reach on the time in james logan high school
Guru Ka Langar Will be served with the support of Fremont, San Jose, Stockton Gurdwaras, United Sports Club and Raja Sweets Fremont
Commentators
Asha Sharma, Rajwinder Randiala, Iqbal Galib, Makhan Ali, Surjit Kakrali, Jodhvir Singh

# ਤਾਰੋਂ ਪਾਰਲੇ ਜ਼ਮੀਨਾਂ ਵਾਲੇ ਕਿਸਾਨਾਂ ਲਈ ਖੁਸ਼ਖਬਰੀ

**ਵਰਸੋਲਾ:** ਭਾਰਤ-ਪਾਕਿਸਤਾਨ ਸਰਹੱਦ ਉਤੇ ਕੰਡਿਆਲੀ ਤਾਰੋਂ ਪਾਰ ਪੈਂਦੀਆਂ ਜ਼ਮੀਨਾਂ ਦੇ ਵਿਸ਼ੇਸ਼ ਟ੍ਰਿਬਿਊਨਲ ਕੋਲ ਚੱਲ ਰਹੇ ਕੇਸ ਦੌਰਾਨ ਅਦਾਲਤ ਨੇ ਪੰਜਾਬ ਸਰਕਾਰ ਦੀ ਮੰਗ 'ਤੇ ਗੁਰਦਾਸਪੁਰ ਅੰਦਰ ਪੈਂਦੀਆਂ ਇਨ੍ਹਾਂ ਜ਼ਮੀਨਾਂ ਦੀ ਮੁੜ ਨਿਸ਼ਾਨਦੇਹੀ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਲਈ ਅਦਾਲਤ ਨੇ ਦੋ ਨਵੰਬਰ ਤੱਕ ਦਾ ਸਮਾਂ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਸੇ ਕੇਸ ਵਿਚ ਅਦਾਲਤ ਨੇ 3 ਅਗਸਤ ਤੱਕ ਜਵਾਬ ਦਾਅਵਾ ਪੇਸ਼ ਨਾ ਕਰਨ ਉਤੇ ਪੰਜਾਬ ਸਰਕਾਰ ਨੂੰ ਪ੍ਰਤੀ ਫਾਈਲ ਦੇ ਹਿਸਾਬ ਨਾਲ 200 ਰੁਪਏ ਜੁਰਮਾਨਾ ਵੀ ਕੀਤਾ ਹੋਇਆ ਸੀ ਤੇ ਕੁੱਲ 81 ਫਾਈਲਾਂ ਦੇ ਬਣਦੇ ਜੁਰਮਾਨੇ ਦੀ 16200 ਰੁਪਏ ਦੀ ਰਕਮ ਵੀ ਪੰਜਾਬ ਸਰਕਾਰ ਵੱਲੋਂ ਅਦਾਲਤ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੈ। ਪੰਜਾਬ ਦੇ 6 ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਸਰਹੱਦ ਦੇ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਦੀ ਕਰੀਬ 21 ਹਜ਼ਾਰ 600 ਏਕੜ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਹੈ। ਇਸ ਵਿਚੋਂ 11 ਫੁੱਟ ਉਹ ਜ਼ਮੀਨ ਹੈ, ਜਿਸ 'ਤੇ ਬੀ.ਐਸ.ਐਫ. ਗਸ਼ਤ ਕਰਦੀ ਹੈ ਅਤੇ ਇਹ ਜ਼ਮੀਨ 1947 ਤੋਂ ਬੀ.ਐਸ.ਐਫ. ਦੇ ਕਬਜ਼ੇ ਹੇਠ ਹੈ, ਜਦੋਂ ਕਿ ਬਾਕੀ ਜ਼ਮੀਨ ਵੀ 1990 ਤੋਂ ਇਕ ਤਰ੍ਹਾਂ ਨਾਲ ਬੀ.ਐਸ.ਐਫ. ਦੇ ਕਬਜ਼ੇ ਹੇਠ ਹੈ। ਇਸ ਕਾਰਨ ਜ਼ਮੀਨ ਦੇ ਮਾਲਕ ਹੁੰਦੇ ਹੋਏ ਵੀ ਸਬੰਧਤ ਕਿਸਾਨ ਇਸ ਜ਼ਮੀਨ ਵਿਚ ਆਪਣੀ ਮਰਜ਼ੀ ਨਾਲ ਖੇਤੀ ਨਹੀਂ ਕਰ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਇਸ ਦਾ ਕੋਈ ਢੁਕਵਾਂ ਮੁਆਵਜ਼ਾ ਮਿਲਦਾ ਹੈ। ਸਬੰਧਤ ਕਿਸਾਨਾਂ ਵੱਲੋਂ ਆਪਣਾ ਹੱਕ ਲੈਣ ਲਈ ਇਸ ਮਾਮਲੇ ਨੂੰ ਅਦਾਲਤ ਤੱਕ ਲਿਜਾਇਆ ਗਿਆ ਸੀ, ਜਿਸ ਦੇ ਬਾਅਦ ਹਾਈ ਕੋਰਟ ਨੇ ਕਿਸਾਨਾਂ ਦੇ ਇਸ ਮਾਮਲੇ ਦੀ ਸੁਣਵਾਈ ਲਈ ਵਿਸ਼ੇਸ਼ ਟ੍ਰਿਬਿਊਨਲ ਦਾ ਗਠਨ ਕੀਤਾ ਸੀ ਜਿਸ ਵੱਲੋਂ ਇਸ ਦੀ ਲਗਾਤਾਰ ਸੁਣਵਾਈ ਕੀਤੀ ਜਾ ਰਹੀ ਹੈ।

# ਟਰੰਪ ਵਲੋਂ ਪਰਵਾਸੀਆਂ ਨੂੰ ਇਕ ਹੋਰ ਝਟਕਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਓਬਾਮਾ ਦਾ ਆਮ ਮੁਆਫੀ ਪ੍ਰੋਗਰਾਮ ਰੱਦ ਕਰ ਦਿੱਤਾ ਹੈ, ਇਹ ਉਨ੍ਹਾਂ ਪਰਵਾਸੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਹੜੇ ਬੱਚਿਆਂ ਵਜੋਂ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਪਹੁੰਚੇ ਸਨ। ਟਰੰਪ ਦੀ ਇਸ ਕਾਰਵਾਈ ਨਾਲ 7000 ਭਾਰਤੀ-ਅਮਰੀਕੀਆਂ ਸਮੇਤ 8 ਲੱਖ ਦਸਤਾਵੇਜ਼ ਵਿਹੂਣੇ ਕਾਮਿਆਂ ਉਤੇ ਅਸਰ ਪੈਣ ਦੀ ਸੰਭਾਵਨਾ ਹੈ।

ਅਮਰੀਕਾ ਦੇ ਅਟਾਰਨੀ ਜਨਰਲ ਜੈਫ ਸੈਸ਼ਨਸ ਨੇ ਦੱਸਿਆ ਕਿ 'ਡਾਸਾ' (ਬੱਚਿਆਂ ਵਜੋਂ ਪਹੁੰਚੇ ਲੋਕਾਂ ਖਿਲਾਫ ਕਾਰਵਾਈ ਟਾਲਣਾ) ਵਜੋਂ ਜਾਣੇ ਜਾਂਦੇ ਇਕ ਪ੍ਰੋਗਰਾਮ ਜਿਹੜਾ ਓਬਾਮਾ ਪ੍ਰਸ਼ਾਸਨ ਵਲੋਂ ਲਾਗੂ ਕੀਤਾ ਗਿਆ ਸੀ, ਨੂੰ ਰੱਦ ਕੀਤਾ ਜਾ ਰਿਹਾ ਹੈ। ਇਸ ਐਲਾਨ ਜਿਸ ਦਾ ਕੁਝ ਦਿਨ ਪਹਿਲਾਂ ਹੀ ਅਨੁਮਾਨ ਹੋ ਗਿਆ ਸੀ, ਵਿਰੁੱਧ ਦੇਸ਼ ਭਰ ਵਿਚ ਮੁਜ਼ਾਹਰੇ ਹੋ ਰਹੇ ਹਨ। ਵਾਈਟ ਹਾਊਸ ਦੇ ਸਾਹਮਣੇ ਸੈਂਕੜੇ ਲੋਕਾਂ ਨੇ ਇਕੱਠੇ ਹੋ ਕੇ ਮੁਜ਼ਾਹਰਾ ਕੀਤਾ ਹੈ। ਸੈਸ਼ਨਸ ਨੇ ਦੱਸਿਆ ਕਿ ਨਿਆਂ ਵਿਭਾਗ ਨੇ ਰਾਸ਼ਟਰਪਤੀ ਅਤੇ ਗ੍ਰਹਿ ਸੁਰੱਖਿਆ ਬਾਰੇ ਵਿਭਾਗ ਨੂੰ ਸਲਾਹ ਦਿੱਤੀ ਹੈ ਕਿ ਗ੍ਰਹਿ ਵਿਭਾਗ ਨੂੰ ਮੀਮੋ ਜਿਹੜਾ ਇਸ ਪ੍ਰੋਗਰਾਮ ਦਾ ਅਧਿਕਾਰ ਦਿੰਦਾ ਹੈ, ਨੂੰ ਰੱਦ ਕਰਨ ਸਮੇਤ ਆਮ ਮੁਆਫੀ ਪ੍ਰੋਗਰਾਮ ਨੂੰ ਖਤਮ ਕਰਨ ਦੀ ਪ੍ਰਕਿਰਿਆ ਲਾਗੂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਰਹੱਦ ਖੋਲ੍ਹਣ ਵਾਲੀ ਨੀਤੀ ਹੈ ਜਿਸ ਨੂੰ ਅਮਰੀਕੀ ਲੋਕਾਂ ਨੇ ਇਕ ਵਾਢਿਓਂ ਰੱਦ ਕਰ ਦਿੱਤਾ ਹੈ।

# ਕੈਪਟਨ ਵੱਲੋਂ ਨੌਕਰੀਆਂ ਦੇ ਗੱਫੇ

**ਮੁਹਾਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਘਰ ਘਰ ਰੁਜ਼ਗਾਰ ਸਕੀਮ' ਤਹਿਤ ਮੁਹਾਲੀ ਵਿਚ ਰਾਜ ਪੱਧਰੀ ਰੁਜ਼ਗਾਰ ਮੇਲੇ ਦੌਰਾਨ 27 ਹਜ਼ਾਰ ਨੌਜਵਾਨ ਲੜਕੇ ਲੜਕੀਆਂ ਨੂੰ ਰੁਜ਼ਗਾਰ ਦੇਣ ਦਾ ਦਾਅਵਾ ਕੀਤਾ ਹੈ। ਇਨ੍ਹਾਂ 27 ਹਜ਼ਾਰ ਨੌਜਵਾਨਾਂ ਵਿਚ 3 ਹਜ਼ਾਰ ਉਮੀਦਵਾਰਾਂ ਨੂੰ ਸਰਕਾਰੀ ਵਿਭਾਗਾਂ ਵਿਚ ਨੌਕਰੀ ਮਿਲੀ ਹੈ, ਜਿਨ੍ਹਾਂ ਵਿਚ 1337 ਨਵੇਂ ਭਰਤੀ ਕੀਤੇ ਗਏ ਅਧਿਆਪਕ ਵੀ ਸ਼ਾਮਲ ਹਨ।

ਮੁੱਖ ਮੰਤਰੀ ਨੇ ਚੋਣਾਂ ਦੌਰਾਨ 'ਘਰ ਘਰ ਰੁਜ਼ਗਾਰ' ਦੇਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਪ੍ਰਾਈਵੇਟ ਕਾਲਜਾਂ ਨੂੰ ਢਾਲ ਬਣਾਏ ਜਾਣ ਦੀ ਵਿਰੋਧੀ ਧਿਰਾਂ ਵੱਲੋਂ ਸਖਤ ਨਿਖੇਧੀ ਕੀਤੀ ਜਾ ਰਹੀ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਅੱਜ 27 ਹਜ਼ਾਰ ਨੌਜਵਾਨਾਂ ਨੂੰ ਨੌਕਰੀ ਦਿੱਤੀ ਗਈ ਹੈ ਤੇ 43 ਹਜ਼ਾਰ ਹੋਰ ਨਵੀਆਂ ਨੌਕਰੀਆਂ ਦੇਣ ਬਾਰੇ ਮੁਢਲੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਭਵਿੱਖ ਵਿਚ ਸਾਲ ਵਿਚ ਦੋ ਵਾਰ ਰੁਜ਼ਗਾਰ ਮੇਲੇ ਲਾਏ ਜਾਣਗੇ ਤੇ ਅਗਲਾ ਰੁਜ਼ਗਾਰ ਮੇਲਾ ਫਰਵਰੀ 2018 ਵਿਚ ਲੱਗੇਗਾ।

# ਹੁਣ ਡੇਰਾ ਸਿਰਸਾ ਦੀ ਹੋਵੇਗੀ ਤਲਾਸ਼ੀ

**ਚੰਡੀਗੜ੍ਹ:** ਸੇਵਾ ਮੁਕਤ ਨਿਆਇਕ ਅਧਿਕਾਰੀ ਅਧੀਨ ਡੇਰਾ ਸਿਰਸਾ ਦੀ ਪੁਣਛਾਣ ਦੀ ਇਜਾਜ਼ਤ ਦਿੰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੁੱਲ ਬੈਂਚ ਨੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਅਨਿਲ ਕੁਮਾਰ ਸਿੰਘ ਪਵਾਰ ਨੂੰ ਅਦਾਲਤੀ ਕਮਿਸ਼ਨਰ ਨਿਯੁਕਤ ਕੀਤਾ।

ਹਰਿਆਣਾ ਸਰਕਾਰ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਦੌਰਾਨ ਬੈਂਚ ਨੇ ਸਪੱਸ਼ਟ ਕੀਤਾ ਕਿ ਸੱਤ ਸੌ ਏਕੜ ਵਿਚ ਫੈਲੇ ਡੇਰੇ ਦੀ ਸਮੁੱਚੀ ਪੁਣਛਾਣ ਅਦਾਲਤੀ ਕਮਿਸ਼ਨਰ ਦੀਆਂ ਹਦਾਇਤਾਂ ਤੇ ਨਿਗਰਾਨੀ ਹੇਠ ਹੋਵੇਗੀ। ਹਰਿਆਣਾ ਸਰਕਾਰ ਨੂੰ ਇਸ ਪੁਣਛਾਣ ਪ੍ਰਕਿਰਿਆ ਵਿਚ ਸਹਿਯੋਗ ਲਈ ਇਕ ਡਿਊਟੀ ਮੈਜਿਸਟਰੇਟ ਨਿਯੁਕਤ ਕਰਨ ਦਾ ਵੀ ਆਦੇਸ਼ ਦਿੱਤਾ ਗਿਆ।

ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਵੀਡੀਓਗ੍ਰਾਫੀ ਅਧੀਨ ਨੇਪਰੇ ਚੜ੍ਹਨ ਵਾਲੀ ਇਸ ਪ੍ਰਕਿਰਿਆ ਦੌਰਾਨ ਮਾਲ, ਟੈਕਸ, ਫੋਰੈਂਸਿਕ ਮਾਹਰਾਂ ਅਤੇ ਨੀਮ ਫੌਜੀ ਦਸਤਿਆਂ ਦਾ ਵੀ ਸਹਿਯੋਗ ਲਿਆ ਜਾਵੇ।

# ਅਮਰੀਕਾ ਨੇ ਰੂਸ ਕੌਂਸਲਖਾਨੇ 'ਤੇ ਕੀਤਾ ਕਬਜ਼ਾ

**ਵਾਸ਼ਿੰਗਟਨ:** ਰੂਸ ਨੇ ਸਾਨ ਫਰਾਂਸਿਸਕੋ ਸਥਿਤ ਆਪਣੇ ਕੌਂਸਲਖਾਨੇ ਸਮੇਤ ਨਿਊ ਯਾਰਕ ਅਤੇ ਵਾਸ਼ਿੰਗਟਨ ਦੇ ਦੋ ਦਫਤਰਾਂ ਨੂੰ ਬੰਦ ਕਰ ਦਿੱਤਾ ਹੈ, ਜਿਸ ਨੂੰ ਅਮਰੀਕਾ ਨੇ ਆਪਣੇ ਕਬਜ਼ੇ 'ਚ ਲੈ ਲਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਰੂਸ ਨੂੰ ਦੋ ਦਿਨਾਂ ਅੰਦਰ ਆਪਣੇ ਦਫਤਰ ਬੰਦ ਕਰਨ ਲਈ ਕਿਹਾ ਸੀ।

ਰੂਸ ਦੇ ਇਸ ਕਦਮ ਨਾਲ ਕੁਝ ਹੀ ਦਿਨ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਮਾਸਕੋ ਨੂੰ ਉਸ ਦੇ ਤਿੰਨ ਰਾਜਨੀਤਕ ਦਫਤਰ ਬੰਦ ਕਰਨ ਲਈ ਕਿਹਾ ਸੀ। ਅਮਰੀਕਾ ਦਾ ਇਹ ਆਦੇਸ਼ ਦਰਅਸਲ ਮਾਸਕੋ ਦੇ ਪਿਛਲੇ ਮਹੀਨੇ ਲਏ ਉਸ ਫੈਸਲੇ ਦੀ ਪ੍ਰਤੀਕ੍ਰਿਆ ਹੈ, ਜਿਸ 'ਚ ਉਸ ਨੇ ਅਮਰੀਕਾ ਦੇ ਰਾਜਨੀਤਕ ਕਰਮਚਾਰੀਆਂ ਦੀ ਗਿਣਤੀ ਕੁਝ ਸੌ ਤੱਕ ਸੀਮਤ ਕਰਨ ਦੀ ਗੱਲ ਆਖੀ ਸੀ।

# ਹਾਦਸੇ 'ਚ ਤਰਨ ਤਰਨ ਦੇ ਪੰਜ ਸ਼ਰਧਾਲੂ ਹਲਾਕ

**ਊਨਾ:** ਧਾਰਮਿਕ ਅਸਥਾਨ ਡੇਰਾ ਬਾਬਾ ਵਡਭਾਗ ਸਿੰਘ ਤੋਂ ਦਰਸ਼ਨ ਕਰ ਕੇ ਪਰਤ ਰਹੇ ਸ਼ਰਧਾਲੂਆਂ ਦਾ ਟਰੱਕ ਪਲਟਣ ਕਾਰਨ ਦੋ ਔਰਤਾਂ ਸਮੇਤ 5 ਲੋਕਾਂ ਦੀ ਮੌਤ ਹੋ ਗਈ, ਜਦਕਿ 50 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਉਕਤ ਹਾਦਸਾ ਅੰਬ ਸ਼ਹਿਰ ਦੇ ਕੋਲ ਅੰਬ-ਨਾਦੌਨ ਰੋਡ 'ਤੇ ਕੁਠੇੜਾ ਖੈਰਲਾ ਕਸਬੇ ਨਜ਼ਦੀਕ ਵਾਪਰਿਆ।

ਸੜਕ ਹਾਦਸੇ 'ਚ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਸੁਰ ਸਿੰਘ ਵਾਲਾ ਦੇ 4 ਸ਼ਰਧਾਲੂ ਅਤੇ ਇਕ ਮੋਟਰ ਸਾਈਕਲ ਸਵਾਰ ਦੀ ਮੌਤ ਹੋ ਗਈ, ਜਦਕਿ 50 ਲੋਕ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਤਰਨ ਤਾਰਨ ਦੇ ਸੁਰ ਸਿੰਘ ਵਾਲਾ ਪਿੰਡ ਦੇ ਸ਼ਰਧਾਲੂ ਇਕ ਮਿੰਨੀ ਟਰੱਕ 'ਚ ਦਰਸ਼ਨ ਕਰਨ ਹਿਮਾਚਲ ਪ੍ਰਦੇਸ਼ ਦੇ ਮੈੜੀ ਸਥਿਤ ਡੇਰਾ ਬਾਬਾ ਵਡਭਾਗ ਸਿੰਘ ਗਏ ਸਨ ਅਤੇ ਵਾਪਸ ਪਰਤਣ ਸਮੇਂ ਇਕ ਮੋਟਰਸਾਈਕਲ ਸਵਾਰ ਨੂੰ ਬਚਾਉਂਦੇ ਦੇ ਚੱਕਰ 'ਚ ਬੇਕਾਬੂ ਟਰੱਕ ਪਲਟ ਗਿਆ।

# ਚੀਨ ਤੇ ਭਾਰਤ ਵੱਲੋਂ ਜ਼ਬਤ ਦਾ ਅਹਿਦ

**ਸ਼ਿਆਮਨ:** ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੀਟਿੰਗ ਦੌਰਾਨ ਕਿਹਾ ਕਿ ਚੀਨ ਭਾਰਤ ਨਾਲ ਆਪਣੇ ਸਬੰਧਾਂ ਨੂੰ ਲੀਹ ਉਤੇ ਲਿਆਉਣ ਦਾ ਚਾਹਵਾਨ ਹੈ।

ਲੰਬਾ ਚੱਲੇ ਡੋਕਲਾਮ ਵਿਵਾਦ ਤੋਂ ਬਾਅਦ ਬ੍ਰਿਕਸ ਸੰਮੇਲਨ ਦੌਰਾਨ ਦੋਵਾਂ ਆਗੂਆਂ ਵਿਚ ਇਕ ਘੰਟਾ ਲੰਬੀ ਗੱਲਬਾਤ ਚੱਲੀ। ਗੱਲਬਾਤ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਲਾਭਕਾਰੀ ਦੱਸਿਆ ਹੈ। ਦੋਵਾਂ ਆਗੂਆਂ ਨੇ ਮੀਟਿੰਗ ਦੌਰਾਨ ਆਪਸੀ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਵਧੇਰੇ ਯਤਨ ਕਰਨ ਉਤੇ ਜ਼ੋਰ ਦੇਣ ਲਈ ਸਹਿਮਤੀ ਪ੍ਰਗਟ ਕਰਨ ਦੇ ਨਾਲ - ਨਾਲ ਦੁਵੱਲੇ ਮਿਲਟਰੀ ਸਹਿਯੋਗ ਉਤੇ ਵੀ ਜ਼ੋਰ ਦਿੱਤਾ ਤਾਂ ਜੋ ਭਵਿੱਖ ਵਿਚ ਡੋਕਲਾਮ ਵਿਵਾਦ ਵਰਗੀਆਂ ਘਟਨਾਵਾਂ ਬਚਿਆ ਜਾ ਸਕੇ।




SERVING since 1998 TRUCKING INDUSTRY

EVEREST TRANSPORT INC.

Now Hiring Drivers
Apply Now!

*Consistent Loads, Competitive Pay.
*Paying Operators in Actual Confirm Rates.
*We work hard to make you in easy way.
*Great Home Time, Great Pay.
*Friendly work, Friendly Staff.
*Work in a good Environment.
*Always ready to help our Owner-Operators & Drivers.

We are doing Dispatch in Dedicated Routes.

*ਅਸੀਂ ਪੱਕੇ ਰੂਟਾਂ ਲਈ ਡਿਸਪੈਚ ਕਰਦੇ ਹਾਂ *ਪੱਕੇ ਲੋਡ, ਵਧੀਆ ਤਨਖਾਹ

*ਅਸੀਂ ਆਪਰੇਟਰਾਂ ਨੂੰ ਅਸਲ ਕਨਫਰਮ ਰੇਟਾਂ 'ਤੇ ਅਦਾਇਗੀ ਕਰਦੇ ਹਾਂ
*ਅਸੀਂ ਘਰ ਦਾ ਕੰਮ ਸੁਖਾਲਾ ਕਰਨ ਲਈ ਸਖਤ ਮਿਹਨਤ ਕਰਦੇ ਹਾਂ
*ਘਰ ਪਰਿਵਾਰ ਲਈ ਚੋਖਾ ਸਮਾਂ, ਵਧੀਆ ਤਨਖਾਹ
*ਦੋਸਤਾਨਾ ਕੰਮ, ਦੋਸਤਾਨਾ ਸਟਾਫ *ਵਧੀਆ ਮਾਹੌਲ ਵਿਚ ਕੰਮ ਕਰੋ
*ਅਸੀਂ ਆਪਣੇ ਓਨਰ ਆਪਰੇਟਰਾਂ ਅਤੇ ਡਰਾਈਵਰਾਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਹਾਂ

Contact- Goldy, Ph: 260-797-1122
Office- Ph: 317-992-2950, Fax: 317-731-4173
E-mail: hiring@everestttransport.com

33-36



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਭਾਜਪਾ ਦੀ 'ਬੇਵਫਾਈ' ਦਾ ਤੋੜ ਲੱਭਣ ਵਿਚ ਜੁਟੇ ਡੇਰਾ ਪ੍ਰੇਮੀ

**ਸਿਰਸਾ:** ਸਾਧਵੀਆ ਨਾਲ ਬਲਾਤਕਾਰ ਕੇਸ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 20 ਸਾਲ ਕੈਦ ਅਤੇ ਇਸ ਦੌਰਾਨ ਹੋਈਆਂ ਘਟਨਾਵਾਂ ਕਾਰਨ ਡੇਰਾ ਪ੍ਰੇਮੀਆਂ ਵਿਚ ਹਰਿਆਣਾ ਦੀ ਭਾਜਪਾ ਸਰਕਾਰ ਖਿਲਾਫ ਕਾਫੀ ਰੋਹ ਹੈ। ਭਾਜਪਾ ਨੂੰ ਸੱਤਾ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਡੇਰਾ ਪ੍ਰੇਮੀ ਖੱਟੜ ਸਰਕਾਰ 'ਤੇ ਵਾਅਦਾਖਿਲਾਫੀ ਦੇ ਦੋਸ਼ ਲਾ ਰਹੇ ਹਨ। ਯਾਦ ਰਹੇ ਕਿ ਪਿਛਲੇ ਸਮੇਂ ਦੌਰਾਨ ਡੇਰਾ ਪ੍ਰੇਮੀ ਕਾਨੂੰਨ ਨੂੰ ਟਿੱਚ ਜਾਣਦੇ ਰਹੇ ਹਨ ਪਰ ਵੋਟਾਂ ਵਾਲੀ ਸਿਆਸਤ ਕਾਰਨ ਇਨ੍ਹਾਂ ਖਿਲਾਫ਼ ਸਖਤ ਕਾਰਵਾਈ ਨਹੀਂ ਹੁੰਦੀ ਸੀ, ਪਰ ਹੁਣ ਡੇਰਾ ਮੁਖੀ ਨੂੰ ਬਲਾਤਕਾਰ ਦਾ ਦੋਸ਼ੀ ਠਹਿਰਾਏ ਜਾਣ ਬਾਅਦ ਹਿੰਸਾ ਦੌਰਾਨ 38 ਪ੍ਰੇਮੀਆਂ ਦੇ ਮਾਰੇ ਜਾਣ, ਸੈਂਕੜਿਆਂ ਦੇ ਜਖ਼ਮੀ ਹੋਣ ਅਤੇ ਡੇਰੇ ਦੀ ਸੰਪਤੀ ਜ਼ਬਤ ਕੀਤੇ ਜਾਣ ਕਾਰਨ ਪ੍ਰੇਮੀ ਨਿਰਾਸ਼ਾ ਦੇ ਆਲਮ ਵਿਚ ਹਨ।

ਡੇਰਾ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਭਾਜਪਾ ਨੂੰ ਹਰਿਆਣਾ ਦੇ ਤਖਤ 'ਤੇ ਬਿਠਾਇਆ ਪਰ ਖੱਟਰ ਸਰਕਾਰ ਨੇ ਉਨ੍ਹਾਂ ਨੂੰ ਇਹ ਸਿਲਾ ਦਿੱਤਾ ਹੈ। ਇਸ ਤੋਂ ਸਪਸ਼ਟ ਹੈ ਕਿ ਡੇਰਾ ਹੁਣ ਭਾਜਪਾ ਤੇ ਅਕਾਲੀ ਦਲ ਨੂੰ ਵੋਟਾਂ ਦੀ ਸੌਗਾਤ ਨਹੀਂ ਦੇਵੇਗਾ। ਅਜਿਹੇ ਵਿਚ ਕਾਂਗਰਸ ਬਾਗੋਬਾਗ ਹੈ। ਸਿਆਸੀ ਮਹਿਰਾਂ ਮੁਤਾਬਕ ਰਾਮ ਰਹੀਮ ਨੂੰ 20 ਸਾਲ ਲਈ ਜੇਲ੍ਹ ਵਿਚ ਸੁੱਟਣ ਤੇ ਇਸ ਦੌਰਾਨ ਹੋਈਆਂ ਘਟਨਾਵਾਂ ਪੰਜਾਬ ਤੇ ਹਰਿਆਣਾ ਦੀ ਸਿਆਸਤ 'ਤੇ ਅਸਰ ਪਾ ਸਕਦੀਆਂ ਹਨ। ਇਸ ਕਾਂਡ ਮਗਰੋਂ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਬਿਆਨਾਂ ਕਰ ਕੇ ਡੇਰਾ ਪ੍ਰਬੰਧਕ ਅਕਾਲੀ ਦਲ ਤੋਂ ਨਾਰਾਜ਼ ਹਨ। ਅਕਾਲੀ ਦਲ ਨੇ ਵੀ ਡੇਰੇ ਦੇ ਹੱਕ ਵਿਚ ਕੋਈ ਹਾਅ ਦਾ ਨਾਅਰਾ ਨਹੀਂ ਮਾਰਿਆ। ਇਸ ਲਈ ਕਾਂਗਰਸ ਇਸ ਹਾਲਾਤ ਦਾ ਲਾਹਾ ਲੈਣ ਲਈ ਪੱਬਾਂ ਭਾਰ ਹੈ।



ਸੂਤਰਾਂ ਮੁਤਾਬਕ ਡੇਰਾ ਪੈਰੋਕਾਰਾਂ ਦੇ ਭਾਜਪਾ ਨਾਲ ਪਏ ਫਿੱਕ ਨੂੰ ਕਾਂਗਰਸ ਹਰਿਆਣਾ ਤੇ ਪੰਜਾਬ ਵਿਚ ਮੌਕੇ ਵਜੋਂ ਦੇਖ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਡੇਰਾ ਮੁਖੀ ਖਿਲਾਫ਼ ਆਏ ਫੈਸਲੇ 'ਤੇ ਨਾਪਤੋਲ ਕੇ ਬੋਲਣਾ ਸਭ ਕੁਝ ਸਪਸ਼ਟ ਕਰਦਾ ਹੈ। ਹਰਿਆਣਾ 'ਚ ਕਾਂਗਰਸ ਦੇ ਸੂਬਾਈ ਮੁਖੀ ਅਸ਼ੋਕ ਤੰਵਰ, ਜੋ ਸਿਰਸਾ ਲੋਕ ਸਭਾ ਹਲਕਾ ਤੋਂ ਚੋਣ ਲੜਦੇ ਹਨ, ਵੀ ਸ਼ਾਂਤ ਹੀ ਰਹੇ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਡੇਰਾ ਪ੍ਰੇਮੀਆਂ ਦੀਆਂ ਹਿੰਸਾ ਬਾਰੇ ਜ਼ਿਆਦਾ ਕਹਿਣ ਨਾਲੋਂ ਖੱਟਰ ਸਰਕਾਰ ਨੂੰ ਨਿਸ਼ਾਨਾ ਬਣਾਇਆ।

ਸੂਤਰਾਂ ਮੁਤਾਬਕ ਡੇਰੇ ਦੇ ਸੰਭਾਵੀਂ ਮੁਖੀ ਜਸਮੀਤ ਸਿੰਘ ਦਾ ਸਹੁਰਾ ਹਰਮਿੰਦਰ ਸਿੰਘ ਜੱਸੀ ਬਠਿੰਡਾ ਤੋਂ ਕਾਂਗਰਸ ਦਾ ਸਾਬਕਾ ਵਿਧਾਇਕ ਹੈ ਤੇ ਭਵਿੱਖ ਵਿੱਚ ਉਸ ਵੱਲੋਂ ਵੀ ਡੇਰੇ ਦੀ ਸਿਆਸਤ 'ਤੇ ਪ੍ਰਭਾਵ ਪਾਏ ਜਾਣ ਦੀ ਸੰਭਾਵਨਾ ਹੈ। ਅਕਤੂਬਰ 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਡੇਰੇ ਨੇ ਭਾਜਪਾ ਨੂੰ ਖੁੱਲ੍ਹਾ ਸਮਰਥਨ ਦਿੱਤਾ ਸੀ ਤੇ ਪਹਿਲੀ ਵਾਰ ਹਰਿਆਣਾ ਵਿਚ ਭਗਵਾ ਪਾਰਟੀ ਸੱਤਾ 'ਚ ਆਈ ਸੀ। ਚੋਣ ਮੁਹਿੰਮ ਦੌਰਾਨ 11 ਅਕਤੂਬਰ, 2014 ਨੂੰ ਸਿਰਸਾ ਵਿਚ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡੇਰੇ ਦੇ ਸਮਾਜ ਪ੍ਰਤੀ ਯੋਗਦਾਨ ਦਾ ਗੁਣਗਾਣ ਕੀਤਾ ਸੀ। ਹਰਿਆਣਾ 'ਚ ਭਾਜਪਾ ਦੇ ਚੋਣ ਇੰਚਾਰਜ ਕੈਲਾਸ਼ ਵਿਜੈਵਰਗੀਆ 44 ਉਮੀਦਵਾਰਾਂ ਨੂੰ ਗੁਰਮੀਤ ਰਾਮ ਰਹੀਮ ਦੇ ਆਸ਼ੀਰਵਾਦ ਲਈ ਡੇਰੇ ਉਤੇ ਲੈ ਕੇ ਗਏ ਸਨ।

ਸੱਤਾ 'ਚ ਆਉਣ ਬਾਅਦ ਸਪੀਕਰ ਕੰਵਰ ਪਾਲ ਸਮੇਤ 31 ਵਿਧਾਇਕ ਤੇ ਕਈ ਮੰਤਰੀ ਡੇਰੇ 'ਚ ਨਤਮਸਤਕ ਹੋਏ ਸਨ। ਇਸ ਸਾਲ ਫਰਵਰੀ ਵਿਚ ਪੰਜਾਬ ਵਿਧਾਨ ਸਭਾ ਚੋਣਾਂ 'ਚ ਡੇਰੇ ਨੇ ਭਾਜਪਾ-ਅਕਾਲੀ ਗੱਠਜੋੜ ਨੂੰ ਸਮਰਥਨ ਦਿੱਤਾ ਸੀ। ਇਹੀ ਕਾਰਨ ਹੈ ਕਿ ਪਿਛਲੇ ਸਮੇਂ ਦੌਰਾਨ ਡੇਰਾ ਪ੍ਰੇਮੀ ਕਾਨੂੰਨ ਨੂੰ ਟਿੱਚ ਜਾਣਦੇ ਰਹੇ ਹਨ ਪਰ ਵੋਟਾਂ ਵਾਲੀ ਸਿਆਸਤ ਕਾਰਨ ਇਨ੍ਹਾਂ ਖਿਲਾਫ਼ ਸਖਤ ਕਾਰਵਾਈ ਨਹੀਂ ਹੁੰਦੀ ਸੀ।

## ਭਾਜਪਾ ਲਈ ਇਕ ਹੋਰ ਚੁਣੌਤੀ

**ਚੰਡੀਗੜ੍ਹ:** ਰਾਮ ਰਹੀਮ ਦੇ ਮੋਢਿਆਂ 'ਤੇ ਚੜ੍ਹ ਸੱਤਾ ਤੱਕ ਪਹੁੰਚੀ ਹਰਿਆਣਾ ਦੀ ਭਾਜਪਾ ਸਰਕਾਰ ਲਈ ਅਗਲੇ ਮਹੀਨੇ ਹੀ ਵੱਡੀ ਚੁਣੌਤੀ ਆਣ ਖੜ੍ਹੀ ਹੈ। ਚੋਣ ਕਮਿਸ਼ਨ ਨੇ ਗੁੜਗਾਉਂ ਤੇ ਹੋਰ ਕਈ ਜ਼ਿਲ੍ਹਿਆਂ ਵਿਚ ਨਿਗਮ ਤੇ ਕੌਂਸਲ ਚੋਣਾਂ 24 ਸਤੰਬਰ ਨੂੰ ਕਰਵਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਚੋਣਾਂ ਵਿਚ ਨਗਰ ਨਿਗਮ ਗੁੜਗਾਉਂ, ਨਗਰ ਕੌਂਸਲ ਬਰਾੜਾ (ਅੰਬਾਲਾ) ਤੇ ਰਾਦੌਰ (ਯਨਮੁਨਾ ਨਗਰ) ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਨਗਰ ਕੌਂਸਲ ਪਿਹੋਵਾ (ਕੁਰੂਕਸ਼ੇਤਰ), ਨਗਰ ਕੌਂਸਲ ਪਟੌਦੀ (ਗੁੜਗਾਉਂ) ਤੇ ਨਗਰ ਕੌਂਸਲ ਧਾਰੂਖੇੜਾ (ਰੇਵਾੜੀ) ਦੇ ਕੁਝ ਵਾਰਡਾਂ ਦੀਆਂ ਚੋਣਾਂ ਹੋਣੀਆਂ ਹਨ। ਚੋਣਾਂ ਦੇ ਨਤੀਜੇ ਵੀ 24 ਸਤੰਬਰ ਨੂੰ ਹੀ ਐਲਾਨੇ ਜਾਣਗੇ। ਸੂਤਰਾਂ ਮੁਤਾਬਕ ਭਾਜਪਾ ਲੀਡਰਾਂ ਨੂੰ ਫਿਕਰ ਹੈ ਕਿ ਪੁੰਚਕੂਲਾ ਗੋਲੀ ਕਾਂਡ ਮਗਰੋਂ ਡੇਰਾ ਪ੍ਰੇਮੀ ਇਨ੍ਹਾਂ ਚੋਣਾਂ ਵਿਚ ਆਪਣਾ ਗੁੱਸਾ ਕੱਢ ਸਕਦੇ ਹਨ। ਇਹ ਸਥਾਨਕ ਚੋਣਾਂ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਦੀ ਤਸਵੀਰ ਸਪਸ਼ਟ ਕਰਨਗੀਆਂ। ਕੁਝ ਭਾਜਪਾ ਲੀਡਰ ਡੇਰਾ ਮੁਖੀ ਦੇ ਪਰਿਵਾਰ ਨੂੰ ਮਿਲਣ ਲਈ ਕਾਹਲੇ ਹਨ ਪਰ ਉਨ੍ਹਾਂ ਅਜੇ ਟਾਈਮ ਨਹੀਂ ਮਿਲ ਰਿਹਾ।

## ਡੇਰਾ ਸਿਰਸਾ ਦਾ ਅਗਲਾ ਮੁਖੀ ਸੁਖਬੀਰ ਬਾਦਲ?

**ਬਠਿੰਡਾ:** ਸਿੱਖ ਪ੍ਰਚਾਰਕ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਡੇਰਾ ਸਿਰਸਾ ਦਾ ਅਗਲਾ ਮੁਖੀ ਸੁਖਬੀਰ ਸਿੰਘ ਬਾਦਲ ਨੂੰ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਪਾਸੇ ਚਰਚਾ ਹੈ ਕਿ ਡੇਰਾ ਮੁਖੀ ਦੇ ਜੇਲ੍ਹ ਜਾਣ ਤੋਂ ਬਾਅਦ ਅਗਲਾ ਮੁਖੀ ਕੌਣ ਹੋਵੇਗਾ। ਦਾਦੂਵਾਲ ਨੇ ਕਿ ਉਂਜ ਤਾਂ ਅਜਿਹੇ ਡੇਰੇ ਬੰਦ ਹੋਣੇ ਚਾਹੀਦੇ ਹਨ ਪਰ ਸੁਖਬੀਰ ਸਿੰਘ ਬਾਦਲ ਨੂੰ ਉਸ ਡੇਰੇ ਦਾ ਮੁਖੀ ਥਾਪਿਆ ਜਾ ਸਕਦਾ ਹੈ।

# ਅਧੁਨਿਕ ਸਹੂਲਤਾਂ ਨਾਲ ਲੈਸ ਸੀ ਡੇਰਾ ਸਿਰਸਾ ਦਾ ਅੰਦਰੂਨੀ ਸਾਮਰਾਜ

**ਸਿਰਸਾ:** ਡੇਰਾ ਸਿਰਸਾ ਅੰਦਰ ਦੀ ਮਾਇਆ ਨਗਰੀ ਦੇਖ ਕੇ ਹਰ ਕੋਈ ਹੈਰਾਨ ਹੋ ਜਾਂਦਾ ਹੈ। ਡੇਰੇ ਵਿਚ ਸਮੁੰਦਰੀ ਜਹਾਜ਼ ਦੀ ਸ਼ਕਲ ਵਾਲੇ ਰਿਸੋਰਟ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਹਨ। ਇਸ ਰਿਸੋਰਟ 'ਚ ਰਹਿਣ ਵਾਲੇ ਵਿਅਕਤੀ ਨੂੰ ਲਗਜ਼ਰੀ ਕਮਰਿਆਂ ਦਾ ਕਿਰਾਇਆ ਚਾਰ ਹਜ਼ਾਰ ਰੁਪਏ ਤੋਂ ਲੈ ਕੇ ਸਵਾ ਲੱਖ ਰੁਪਏ ਤੱਕ ਇਕ ਦਿਨ ਦਾ ਦੇਣ ਪੈਂਦਾ ਸੀ, ਪਰ ਡੇਰਾ ਮੁਖੀ ਦੇ ਜੇਲ੍ਹ ਜਾਣ ਤੋਂ ਬਾਅਦ ਇਹ ਰਿਸੋਰਟ ਵੀ ਹੁਣ ਸੁੰਨਸਾਨ ਪਿਆ ਹੈ।

ਰਿਸੋਰਟ ਦੇ ਪਹਿਲੀ ਮੰਜ਼ਿਲ 'ਤੇ ਇਕ ਕਾਰਪੋਰੇਟ ਕਾਨਫਰੰਸ ਹਾਲ ਵੀ ਬਣਿਆ ਹੋਇਆ ਹੈ, ਜਿਸ 'ਚ ਹਨੀਪ੍ਰੀਤ ਤੇ ਵਿਪਾਸਨਾ ਕਾਪੋਰੇਟ ਦੀ ਮੀਟਿੰਗ ਲੈਂਦੀਆਂ ਸਨ। ਦੂਜੀ ਮੰਜ਼ਿਲ 'ਤੇ ਚਾਰ ਕਮਰੇ, ਡੇਰੇ ਦੀ ਲਾਇਬ੍ਰੇਰੀ, ਕਾਫੀ ਹਾਊਸ ਬਣਿਆ ਹੋਇਆ ਹੈ। ਤੀਜੀ ਤੇ ਆਖਰੀ ਮੰਜ਼ਿਲ 'ਤੇ ਹਾਈ ਕਲਾਸ ਸਵੀਮਿੰਗ ਪੂਲ ਬਣਿਆ ਹੋਇਆ ਹੈ, ਜਿਸ ਨੂੰ ਰਿਸੋਰਟ 'ਚ ਆਉਣ ਵਾਲੇ ਲੋਕ ਇਸਤੇਮਾਲ ਕਰਦੇ ਸਨ। ਇਨ੍ਹਾਂ ਕਮਰਿਆਂ 'ਚ ਰਹਿਣ ਵਾਲੇ ਵਿਅਕਤੀਆਂ ਤੋਂ ਇਕ ਘੰਟੇ ਦਾ ਇਕ ਹਜ਼ਾਰ ਰੁਪਏ ਵਸੂਲਿਆ ਜਾਂਦਾ।

ਤੀਜੀ ਮੰਜ਼ਿਲ 'ਤੇ ਇਕ ਸਕਾਈ ਬਾਰ ਵੀ ਬਣਿਆ ਹੋਇਆ ਹੈ, ਜਿਸ 'ਚ ਸਿਰਫ ਮਾਕਟੇਲ ਡ੍ਰਿੰਕਸ ਹੀ ਮਿਲਦੀ ਸੀ। ਇਕ ਪਾਸੇ ਬੈਡਮਿੰਟਨ ਕੋਰਟ ਬਣਿਆ ਹੋਇਆ ਹੈ ਜਿਥੇ ਡੇਰਾ ਮੁਖੀ ਬੈਡਮਿੰਟਨ ਖੇਡਿਆ ਕਰਦਾ ਸੀ।



ਰਿਸੋਰਟ ਦੇ ਦੂਜੇ ਹਿੱਸੇ 'ਚ ਲਗਜ਼ਰੀ ਵਿਲਾ ਬਣੇ ਹੋਏ ਹਨ। ਇਨ੍ਹਾਂ ਵਿਲਾ ਦਾ ਇਕ ਦਿਨ ਦਾ ਕਿਰਾਇਆ ਸਵਾ ਲੱਖ ਰੁਪਏ ਦੱਸਿਆ ਗਿਆ ਹੈ। ਇਕ ਵਿਲਾ ਤਾਜ ਮਹੱਲ ਦੀ ਸ਼ਕਲ ਵਾਲਾ ਹੈ ਜਿਸ ਨੂੰ ਸਿਰਫ ਡੇਰਾ ਮੁਖੀ ਹੀ ਵਰਤਦਾ ਸੀ। ਇਹ ਗੱਲ ਜੱਗ ਜਾਹਿਰ ਹੈ ਕਿ ਡੇਰਾ ਮੁਖੀ ਨੂੰ ਮਹਿੰਗੀਆਂ ਕਾਰਾਂ ਦਾ ਵੀ ਬੜਾ ਸ਼ੌਕ ਸੀ। ਲੈਂਡ ਕਰੂਜ਼ਰ, ਔਡੀ ਤੇ ਲੈਕਸੈਸ ਸਮੇਤ ਕਰੀਬ ਡੇਰਾ ਮੁਖੀ ਦੀਆਂ ਤਿੰਨ ਸੌ ਕਾਰਾਂ ਹਨ ਜਿਨ੍ਹਾਂ ਦੀ ਕੀਮਤ ਕਰੋੜਾਂ ਰੁਪਏ ਹੈ।

ਡੇਰਾ ਮੁਖੀ ਲਈ ਡੇਰਾ 'ਚ ਵੀ ਕਾਰਾਂ ਮੋਡੀਫਾਈਡ ਕੀਤੀਆਂ ਜਾਂਦੀਆਂ ਸਨ। ਇਸ ਰਿਸੋਰਟ ਦਾ ਨਾ ਸਿਰਫ ਡੇਰਾ ਮੁਖੀ ਦੇ ਨਿੱਜੀ ਇਸਤੇਮਾਲ ਦਾ ਸਾਧਨ ਸੀ ਸਗੋਂ ਇਸ ਤੋਂ ਬਹੁਤ ਸਾਰਾ ਧਨ ਵੀ ਆਮਦਨ ਦੇ ਰੂਪ 'ਚ ਆਉਂਦਾ ਸੀ। ਜਦੋਂ ਡੇਰਾ ਮੁਖੀ ਸਤਿਸੰਗ ਕਰਦਾ ਸੀ ਜਾਂ ਆਪਣੀ ਫਿਲਮ ਦੀ ਸ਼ੂਟਿੰਗ ਕਰਦਾ ਸੀ ਤਾਂ ਜਿੰਨੇ ਵੀ ਵੀ.ਵੀ.ਪੀ.ਆਈ. ਲੋਕ ਆਉਂਦੇ ਸਨ, ਉਹ ਸਾਰੇ ਇਸੇ ਰਿਸੋਰਟ 'ਚ ਰੁਕਦੇ ਸਨ ਤੇ ਇਥੋਂ ਹੀ ਖਾਣਾ ਖਾਂਦੇ ਸਨ।

## ਫਿਲਮ ਸੰਸਥਾਵਾਂ ਵੱਲੋਂ ਡੇਰਾ ਮੁਖੀ ਦੀ ਮੈਂਬਰਸ਼ਿਪ ਰੱਦ

**ਨਵੀਂ ਦਿੱਲੀ:** ਰਾਮ ਰਹੀਮ ਨੂੰ ਜਬਰ ਜਨਾਹ ਦੇ ਦੋਸ਼ ਵਿਚ 20 ਸਾਲਾਂ ਦੀ ਸਜ਼ਾ ਮਗਰੋਂ ਫਿਲਮਾਂ ਨਾਲ ਜੁੜੀਆਂ ਦੋ ਸੰਸਥਾਵਾਂ ਨੇ ਉਸ ਦੀ ਤੇ ਗੋਦ ਲਈ ਧੀ ਹਨੀਪ੍ਰੀਤ ਇੰਸਾਂ ਦੀ ਮੈਂਬਰਸ਼ਿਪ ਖਤਮ ਕਰ ਦਿੱਤੀ ਹੈ। ਇਸ ਤਰ੍ਹਾਂ ਗੁਰਮੀਤ ਰਾਮ ਰਹੀਮ ਦੀਆਂ ਅਗਲੀਆਂ ਫਿਲਮਾਂ ਅਧਵਾਟੇ ਹੀ ਅਟਕ ਗਈਆਂ ਹਨ। ਰੋਹਤਕ ਜੇਲ੍ਹ ਵਿਚ ਕੈਦ ਗੁਰਮੀਤ ਦਾ ਸਿਨੇ ਐਂਡ ਟੀ.ਵੀ. ਆਰਟਿਸਟ ਐਸੋਸੀਏਸ਼ਨ (ਸੀ.ਆਈ.ਐਨ.ਟੀ.ਏ.) ਨੇ ਵਰਕ ਪਰਮਿਟ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਇੰਡੀਅਨ ਫਿਲਮ ਐਂਡ ਟੈਲੀਵਿਜ਼ਨ ਡਾਇਰੈਕਟਰਜ਼ ਐਸੋਸੀਏਸ਼ਨ (ਆਈ.ਐਫ.ਟੀ.ਡੀ.ਏ.) ਨੇ ਗੁਰਮੀਤ ਤੇ ਹਨੀਪ੍ਰੀਤ ਦੀ ਮੈਂਬਰਸ਼ਿਪ ਸਮਾਪਤ ਕਰ ਦਿੱਤੀ ਹੈ। ਹਨੀਪ੍ਰੀਤ ਨੇ ਵੀ ਆਈ.ਐਫ.ਟੀ.ਡੀ.ਏ. ਦੀ ਮੈਂਬਰਸ਼ਿਪ ਲੈ ਲਈ ਸੀ ਤੇ ਉਸ ਨੇ ਫਿਲਮ ਨਿਰਦੇਸ਼ਨ ਵਿਚ ਵੀ ਹੱਥ ਅਜ਼ਮਾਇਆ ਸੀ।

## ਡੇਰੇ ਨੇ ਹਨੀਪ੍ਰੀਤ ਨਾਲੋਂ ਨਾਤਾ ਤੋੜਿਆ

**ਸਿਰਸਾ:** ਡੇਰਾ ਸਿਰਸਾ ਮੁਖੀ ਦੇ ਜੇਲ੍ਹ ਪਿੱਛੋਂ ਉਸ ਦੀ ਗੋਦ ਲਈ ਧੀ ਹਨੀਪ੍ਰੀਤ ਤੋਂ ਡੇਰਾ ਪ੍ਰਬੰਧਕ ਕਮੇਟੀ ਨੇ ਪੱਲਾ ਝਾੜ ਲਿਆ ਹੈ। ਡੇਰਾ ਪ੍ਰਬੰਧਕ ਕਮੇਟੀ ਦੀ ਚੇਅਰਪਰਸਨ ਵਿਪਾਸਨਾ ਇੰਸਾਂ ਨੇ ਕਿਹਾ ਕਿ ਡੇਰੇ ਦਾ ਹਨੀਪ੍ਰੀਤ ਅਤੇ ਡਾ. ਆਦਿਤਯਾ ਇੰਸਾਂ ਨੂੰ ਭਜਾਉਣ ਵਿਚ ਕੋਈ ਹੱਥ ਨਹੀਂ ਹੈ। ਇਸ ਸਬੰਧੀ ਜੋ ਚਰਚਾ ਚੱਲ ਰਹੀ ਹੈ, ਉਹ ਗਲਤ ਹੈ। ਉਨ੍ਹਾਂ ਕਿਹਾ ਕਿ 25 ਅਗਸਤ ਤੋਂ ਬਾਅਦ ਹਨੀਪ੍ਰੀਤ ਨਾਲ ਡੇਰੇ ਦਾ ਕੋਈ ਸਬੰਧ ਨਹੀਂ ਰਿਹਾ, ਉਸ ਨੂੰ ਹੁਣ ਪੁਲਿਸ ਕੋਲ ਸਮਰਪਣ ਕਰ ਦੇਣਾ ਚਾਹੀਦਾ ਹੈ।

ਵਿਪਾਸਨਾ ਇੰਸਾਂ ਨੇ ਕਿਹਾ ਕਿ ਡੇਰਾ ਮੁਖੀ ਦੀ ਗੁਫਾ ਬਾਰੇ ਜੋ ਗਲਤ ਗੱਲਾਂ ਮੀਡੀਆ ਵਿਚ ਆ ਰਹੀਆਂ ਹਨ, ਉਹ ਬੇਬੁਨਿਆਦ ਹਨ ਕਿਉਂਕਿ ਗੁਫਾ ਕੋਈ ਅਜਿਹੀ ਥਾਂ ਨਹੀਂ, ਜਿਥੇ ਗਲਤ ਕੰਮ ਹੁੰਦੇ ਹਨ। ਇਹ ਡੇਰਾ ਮੁਖੀ ਦੇ ਰਹਿਣ ਦਾ ਸਥਾਨ ਹੈ ਅਤੇ ਇਥੇ ਕੋਈ ਵੀ ਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਰੇ ਵਿਚ ਨਾਜਾਇਜ਼ ਹਥਿਆਰਾਂ ਦਾ ਕੋਈ ਜ਼ਖੀਰਾ ਨਹੀਂ ਹੈ, ਜਿਸ ਤਰ੍ਹਾਂ ਕਿ ਮੀਡੀਆ ਵਿਚ ਰਿਪੋਰਟਾਂ ਦਿਖਾਈਆਂ ਜਾ ਰਹੀਆਂ ਹਨ। ਡੇਰੇ ਦੀ ਪ੍ਰਬੰਧਕ ਕਮੇਟੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਰ ਤਰ੍ਹਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਡੇਰੇ ਵਿਚ ਬਣੇ ਸ਼ਾਹੀ ਬੇਟੀਆਂ ਅਤੇ ਬੇਟੇ ਨਿਵਾਸ ਵਿਚ ਜੋ ਯਤੀਮ ਲੜਕੀਆਂ ਅਤੇ ਲੜਕੇ ਸਨ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸੁਰੱਖਿਅਤ ਥਾਵਾਂ ਉਤੇ ਭੇਜ ਦਿੱਤਾ ਹੈ। ਪ੍ਰਬੰਧਕ ਕਮੇਟੀ ਦੀ ਚੇਅਰਪਰਸਨ ਨੇ ਸਪੱਸ਼ਟ ਕੀਤਾ ਕਿ ਡੇਰਾ ਸਿਰਸਾ ਦਾ ਕੋਈ ਨਵਾਂ ਮੁਖੀ ਬਣਾਉਣ ਦਾ ਫਿਲਹਾਲ ਕੋਈ ਇਰਾਦਾ ਨਹੀਂ। ਗੁਰਮੀਤ ਰਾਮ ਰਹੀਮ ਹੀ ਡੇਰੇ ਦੇ ਗੱਦੀਨਸ਼ੀਨ ਬਣੇ ਰਹਿਣਗੇ।

# ਸੱਤ ਸਾਲਾ ਬੱਚੇ ਦੇ ਸਾਹਮਣੇ ਜੋੜੇ ਨੇ ਮਾਰੀ ਨਹਿਰ ਵਿਚ ਛਾਲ

**ਅਬੋਹਰ:** ਹਨੂਮਾਨਗੜ੍ਹ ਜ਼ਿਲ੍ਹੇ ਵਿਚ ਇਕ ਜੋੜੇ ਨੇ ਤਕਰਾਰ ਬਾਅਦ ਆਪਣੇ ਨਾਬਾਲਗ ਪੁੱਤਰ ਦੀ ਮੌਜੂਦਗੀ 'ਚ ਨਹਿਰ ਵਿਚ ਛਾਲ ਮਾਰ ਦਿੱਤੀ। ਸੁਲੋਚਨਾ ਤੇ ਉਸ ਦੇ ਪਤੀ ਹੇਤ ਰਾਮ ਮੇਘਵਾਲ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇਹ ਜੋੜਾ ਆਪਣੇ ਛੇ ਸਾਲਾ ਪੁੱਤਰ ਵਿਜੈ ਨਾਲ ਆਪਣੇ ਪਿੰਡ ਨਾਥਵਾਨਾ ਤੋਂ ਟੈਂਪੂ ਚੜ੍ਹਿਆ ਸੀ। ਰਸਤੇ 'ਚ ਇਸ ਜੋੜੇ ਦਰਮਿਆਨ ਕਿਸੇ ਗੱਲੋਂ ਤਕਰਾਰ ਹੋ ਗਈ। ਉਹ ਸਾਦੁਲ ਮਾਈਨਰ ਨੇੜੇ ਉਤਰੇ। ਪਹਿਲਾਂ ਸੁਲੋਚਨਾ ਨੇ ਨਹਿਰ ਵਿਚ ਛਾਲ ਮਾਰੀ ਅਤੇ ਉਸ ਮਗਰ ਹੇਤ ਰਾਮ ਨੇ ਵੀ ਛਾਲ ਮਾਰ ਦਿੱਤੀ। ਉਨ੍ਹਾਂ ਦੇ ਬੱਚੇ ਵਿਜੈ ਵੱਲੋਂ ਰੋਣ-ਕਰਲਾਉਣ ਉਤੇ ਟਰੈਕਟਰ ਚਾਲਕ ਅਤੇ ਦੋ ਮਜ਼ਦੂਰ ਇਸ ਜੋੜੇ ਨੂੰ ਬਚਾਉਣ ਲਈ ਅੱਗੇ ਆਏ। ਉਨ੍ਹਾਂ ਨੇ ਰੱਸਾ ਸੁੱਟਿਆ ਪਰ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਉਹ ਅੱਗੇ ਰੁੜ੍ਹ ਗਏ।


## ਕਾਰਾਂ ਹੋਈਆਂ ਮਹਿੰਗੀਆਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਦਰਮਿਆਨੇ ਆਕਾਰ ਤੋਂ ਲੈ ਕੇ ਹਾਈਬ੍ਰਿਡ ਲਗਜ਼ਰੀ ਕਾਰਾਂ 'ਤੇ ਜੀ.ਐਸ.ਈ. ਸੈੱਸ ਵੱਧ ਤੋਂ ਵੱਧ 25% ਤੱਕ ਵਧਾਉਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਪਹਿਲਾਂ ਇਹ ਸੈੱਸ 15% ਸੀ। ਲੰਘੇ ਹਫਤੇ ਕੇਂਦਰੀ ਕੈਬਨਿਟ ਨੇ ਇਹ ਸੈੱਸ ਵਧਾਉਣ ਨੂੰ ਮਨਜ਼ੂਰੀ ਦਿੱਤੀ ਸੀ ਜਿਸ 'ਤੇ ਹੁਣ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮੋਹਰ ਲਗਾ ਦਿੱਤੀ ਹੈ।

# ਹੁਣ ਸਰਹੱਦੀ ਇਲਾਕਿਆਂ ਵਿਚ ਵੱਜੇਗਾ ਰੇਡੀਓ

**ਅੰਮ੍ਰਿਤਸਰ:** ਪਾਕਿਸਤਾਨ ਵੱਲੋਂ ਰੇਡੀਓ ਰਾਹੀਂ ਭਾਰਤ ਦੇ ਸਰਹੱਦੀ ਇਲਾਕਿਆਂ ਵਿਚ ਕੀਤੇ ਜਾਂਦੇ ਭਾਰਤ ਵਿਰੋਧੀ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਕੇਂਦਰ ਸਰਕਾਰ ਵੱਲੋਂ ਭਾਰਤੀ ਸਰਹੱਦੀ ਇਲਾਕਿਆਂ ਵਿਚ ਰੇਡੀਓ ਅਤੇ ਟੀ.ਵੀ. ਪ੍ਰਸਾਰਨ ਸ਼ੁਰੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ ਅਤੇ ਜਲਦੀ ਹੀ ਇਹ ਪ੍ਰਸਾਰਨ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਇਹ ਯੋਜਨਾ 2005 ਵਿਚ ਬਣਾਈ ਗਈ ਸੀ ਪਰ ਪਿਛਲੇ 12 ਸਾਲਾਂ ਤੋਂ ਮੁਕੰਮਲ ਨਹੀਂ ਹੋ ਸਕੀ। ਉਸ ਵੇਲੇ ਆਲ ਇੰਡੀਆ ਰੇਡੀਓ ਅਤੇ ਪ੍ਰਸਾਰ ਭਾਰਤੀ ਕਾਰਪੋਰੇਸ਼ਨ ਵੱਲੋਂ ਸਾਂਝਾ ਉਪਰਾਲਾ ਸ਼ੁਰੂ ਕਰਨ ਦੀ ਯੋਜਨਾ ਬਣਾਈ ਗਈ ਸੀ। ਇਸ ਸਬੰਧੀ ਅਟਾਰੀ ਸਰਹੱਦ ਨੇੜੇ ਪਿੰਡ ਘਰਿੰਡਾ ਕੋਲ ਇਕ ਹਜ਼ਾਰ ਫੁੱਟ ਉਚਾ 20



ਕਿਲੋਵਾਟ ਦਾ ਰੇਡੀਓ ਟਾਵਰ ਲਾਇਆ ਗਿਆ ਸੀ, ਪਰ ਮਗਰੋਂ ਰੇਡੀਓ ਪ੍ਰਸਾਰਨ ਦੇ ਨਾਲ-ਨਾਲ ਟੀ.ਵੀ. ਪ੍ਰਸਾਰਨ ਵੀ ਸ਼ੁਰੂ ਕਰਨ ਦੀ ਯੋਜਨਾ ਬਣ ਗਈ। ਦੋਵਾਂ ਦਾ ਪ੍ਰਸਾਰਨ ਇਕੱਠੇ ਸ਼ੁਰੂ ਕਰਨ ਦੀ ਯੋਜਨਾ ਤਹਿਤ ਇਹ ਮਾਮਲਾ ਲਟਕ ਗਿਆ। ਪਿਛਲੇ ਦਿਨੀਂ ਇਹ ਮਾਮਲਾ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਰਾਜ ਸਭਾ ਵਿਚ ਉਠਾਇਆ।

ਉਨ੍ਹਾਂ ਆਖਿਆ ਕਿ ਜੇਕਰ ਇਸ ਟਾਵਰ ਰਾਹੀਂ ਭਾਰਤ ਵੱਲੋਂ ਰੇਡੀਓ ਅਤੇ ਟੀਵੀ ਪ੍ਰਸਾਰਨ ਸ਼ੁਰੂ ਕੀਤਾ ਜਾਂਦਾ ਹੈ ਤਾਂ ਇਹ ਪ੍ਰਸਾਰਨ ਨੂੰ ਪਾਕਿਸਤਾਨ ਦੇ ਲਾਹੌਰ ਸਮੇਤ ਸਿਆਲਕੋਟ ਅਤੇ ਗੁੱਜਰਾਂਵਾਲਾ ਤੱਕ ਦੇਖਿਆ ਅਤੇ ਸੁਣਿਆ ਜਾ ਸਕੇਗਾ, ਜਿਸ ਰਾਹੀਂ ਭਾਰਤ ਆਪਣਾ ਪ੍ਰਚਾਰ ਕਰ ਸਕੇਗਾ। ਉਨ੍ਹਾਂ ਖੁਲਾਸਾ ਕੀਤਾ ਕਿ ਪਾਕਿਸਤਾਨੀ ਰੇਡੀਓ ਨੈੱਟਵਰਕ ਸਰਹੱਦੀ ਜ਼ਿਲ੍ਹਿਆਂ, ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਆਦਿ ਵਿਚ ਆਉਂਦਾ ਹੈ ਤੇ ਇਸ ਰਾਹੀਂ ਪਾਕਿਸਤਾਨ ਵੱਲੋਂ ਭਾਰਤ ਵਿਰੋਧੀ ਪ੍ਰਚਾਰ ਕੀਤਾ ਜਾਂਦਾ ਹੈ। ਇਸ ਮਗਰੋਂ ਕੇਂਦਰ ਸਰਕਾਰ ਨੇ ਪੱਤਰ ਭੇਜ ਕੇ ਭਰੋਸਾ ਦਿੱਤਾ ਕਿ 2005 ਵਿਚ ਸ਼ੁਰੂ ਕੀਤੀ ਯੋਜਨਾ ਨੂੰ ਇਸ ਸਾਲ ਦੌਰਾਨ ਤਰਜੀਹੀ ਤੌਰ 'ਤੇ ਮੁਕੰਮਲ ਕੀਤਾ ਜਾਵੇਗਾ।

# ਜੇਲ੍ਹ ਜਾਣ ਪਿੱਛੋਂ ਖੁੱਲ੍ਹਣ ਲੱਗੀਆਂ ਰਾਮ ਰਹੀਮ ਦੇ ਗੁਨਾਹਾਂ ਦੀਆਂ ਪੰਡਾਂ

**ਚੰਡੀਗੜ੍ਹ:** ਦੋ ਸਾਧਵੀਆ ਨਾਲ ਬਲਾਤਕਾਰ ਦੇ ਦੋਸ਼ ਵਿਚ 20 ਸਾਲ ਲਈ ਜੇਲ੍ਹ ਜਾਣ ਪਿੱਛੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਬਾਰੇ ਬੜੇ ਅਹਿਮ ਖੁਲਾਸੇ ਹੋਏ ਹਨ। ਇਹ ਖੁਲਾਸੇ ਡੇਰੇ ਵਿਚ ਉਚੇ ਅਹੁਦਿਆਂ 'ਤੇ ਰਹੇ ਲੋਕਾਂ ਵੱਲੋਂ ਕੀਤੇ ਗਏ ਸਨ। ਡੇਰਾ ਮੁਖੀ ਬੜੀ ਚਲਾਕੀ ਨਾਲ ਆਪਣੀ ਅਰਬਾਂ ਰੁਪਏ ਦੀ ਕਾਲੀ ਕਮਾਈ ਨੂੰ ਸਫੈਦ ਕਰ ਲੈਂਦਾ ਸੀ। ਇਸ ਕੰਮ ਲਈ ਉਸ ਨੇ ਆਪਣੀ ਹਰ ਫਿਲਮ ਦੀ ਕਮਾਈ 200 ਤੋਂ 500 ਕਰੋੜ ਰੁਪਏ ਤੱਕ ਦੱਸੀ ਸੀ।

ਅਸਲ ਵਿਚ ਦੋ ਨੂੰ ਛੱਡ ਕੇ ਬਾਕੀ ਫਿਲਮਾਂ ਲਾਗਤ ਵੀ ਨਹੀਂ ਸਨ ਕੱਢ ਸਕੀਆਂ। ਡੇਰਾ ਮੁਖੀ ਰਾਮ ਰਹੀਮ ਸਿੰਘ ਨੇ ਸਾਲ 2015 ਵਿਚ ਫਿਲਮੀ ਦੁਨੀਆਂ ਵਿਚ ਦਾਖਲਾ ਕੀਤਾ ਅਤੇ ਪਹਿਲੀ ਫਿਲਮ 'ਐਮ.ਐਸ.ਜੀ. 'ਦਿ ਮੈਸੇਂਜਰ ਆਫ ਗਾਡ' ਬਣਾ ਕੇ ਦਾਅਵਾ ਕੀਤਾ ਕਿ ਫਿਲਮ ਨੇ ਸੌਂ ਕਰੋੜ ਤੋਂ ਵੱਧ ਕਾਰੋਬਾਰ ਕੀਤਾ ਹੈ, ਪਰ ਬਾਕਸ ਆਫਿਸ ਦੇ ਮਾਹਰਾਂ ਮੁਤਾਬਕ ਫਿਲਮ ਸਿਰਫ 16.65 ਕਰੋੜ ਰੁਪਏ ਦਾ ਕਾਰੋਬਾਰ ਕਰ ਸਕੀ ਸੀ।

ਇਹ ਵੀ ਪਤਾ ਲੱਗਾ ਹੈ ਕਿ ਡੇਰੇ ਦੇ ਪਹਿਲੇ ਮੁਖੀ ਰਹੇ ਸ਼ਾਹ ਸਤਨਾਮ ਸਿੰਘ ਦਾ ਪਰਿਵਾਰ ਰਾਮ ਰਹੀਮ ਦੀਆਂ ਕਰਤੂਤਾਂ ਕਾਰਨ ਡੇਰਾ ਛੱਡ ਕੇ ਸਿੱਖ ਧਰਮ ਦੀ ਸ਼ਰਨ ਵਿਚ ਆ ਗਿਆ ਸੀ।



ਮੀਡੀਆ ਰਿਪੋਰਟ ਮੁਤਾਬਕ 1990 ਵਿਚ ਸ਼ਾਹ ਸਤਨਾਮ ਸਿੰਘ ਦੇ ਦੇਹਾਂਤ ਪਿੱਛੋਂ ਉਨ੍ਹਾਂ ਦਾ ਪਰਿਵਾਰ ਡੇਰਾ ਛੱਡ ਕੇ ਆਪਣੇ ਘਰ ਨੂੰ ਚਲਾ ਗਿਆ। ਸ਼ਾਹ ਸਤਨਾਮ ਸਿੰਘ ਦੇ ਜੱਦੀ ਪਿੰਡ ਜਲਾਲਆਣਾ ਵਿਚ ਉਨ੍ਹਾਂ ਦੇ ਪੋਤਰੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਖੇਤੀ ਬਾੜੀ ਦਾ ਕੰਮ ਕਰਦਾ ਹੈ।

ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਲਾਲਸਾ ਨਹੀਂ। ਇਹ ਵੀ ਪਤਾ ਲੱਗਾ ਹੈ ਕਿ ਡੇਰਾ ਸਿਰਸਾ ਵਿਚ ਰਹਿ ਰਹੀਆਂ 29 'ਸ਼ਾਹੀ ਬੇਟੀਆਂ' ਵਿਚੋਂ ਬੇਸ਼ੱਕ ਪ੍ਰਸ਼ਾਸਨ ਨੇ 18 ਨਾਬਾਲਗ ਬੱਚੀਆਂ ਨੂੰ ਬਾਲਗ੍ਰਾਮ ਭੇਜ ਦਿੱਤਾ ਹੈ ਪਰ ਬਾਲਗ ਲੜਕੀਆਂ ਬਾਰੇ ਸਥਿਤੀ ਅਜੇ ਵੀ ਭੰਬਲਭੂਸੇ ਵਾਲੀ ਹੈ। ਇਹ ਉਹ ਲੜਕੀਆਂ ਹਨ ਜਿਨ੍ਹਾਂ ਨੂੰ ਯਤੀਮ ਹਾਲਤ ਵਿਚ ਡੇਰੇ ਨੇ ਅਪਣਾ ਕੇ ਪਾਲਿਆ ਸੀ ਜਿਨ੍ਹਾਂ ਨੂੰ 'ਸ਼ਾਹੀ ਬੇਟੀਆਂ' ਵਜੋਂ ਜਾਣਿਆ ਜਾਂਦਾ ਹੈ।

ਪ੍ਰਸ਼ਾਸਨ ਤੇ ਡੇਰੇ ਵਾਲਿਆਂ ਦਾ ਕਹਿਣਾ ਹੈ ਕਿ ਲੜਕੀਆਂ ਨੇ ਆਪਣੀ ਮਰਜ਼ੀ ਨਾਲ ਲਿਖ ਦਿੱਤਾ ਕਿ ਉਹ ਡੇਰੇ ਵਿਚ ਹੀ ਰਹਿਣਗੀਆਂ। ਡੇਰੇ ਵਿਚ ਸਾਧੂ ਵਜੋਂ ਰਹਿ ਚੁੱਕੇ ਗੁਰਦਾਸ ਸਿੰਘ ਤੂਰ ਦਾ ਕਹਿਣਾ ਹੈ ਕਿ ਲੜਕੀਆਂ ਨੂੰ ਅਜਿਹਾ ਕਹਿਣ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਮਾਮਲੇ ਦੀ ਉਚ ਪੱਧਰੀ ਨਿਰਪੱਖ ਜਾਂਚ ਕਰਵਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਜਦ ਡੇਰਾ ਮੁਖੀ ਨੂੰ 25 ਅਗਸਤ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤਾਂ ਇਕ ਪਾਸੇ ਪੰਚਕੂਲਾ 'ਚ ਡੇਰਾ ਪ੍ਰੇਮੀਆਂ ਨੇ ਹਿੰਸਕ ਪ੍ਰਦਰਸ਼ਨ ਕੀਤਾ ਤੇ ਦੂਜੇ ਪਾਸੇ ਕਰਫਿਊ ਦੌਰਾਨ ਡੇਰੇ ਵਿਚੋਂ ਭਰੇ ਹੋਏ ਕੁਝ ਟਰੱਕ ਰਾਜਸਥਾਨ ਰਵਾਨਾ ਕੀਤੇ ਗਏ ਜੋ ਅਜੇ ਤੱਕ ਬੁਝਾਰਤ ਬਣੀ ਹੈ। ਡੇਰੇ ਵਿਚੋਂ ਬਾਹਰ ਜਾਣ ਦੇ ਕੁਝ ਰਸਤੇ ਅਜਿਹੇ ਵੀ ਹਨ ਜਿਥੇ ਹੁਣ ਵੀ ਕੋਈ ਸੁਰੱਖਿਆ ਬਲ ਤਾਇਨਾਤ ਨਹੀਂ। ਜੇਕਰ ਪ੍ਰਸ਼ਾਸਨ ਡੇਰੇ ਨੂੰ ਫੌਜ ਦੇ ਹਵਾਲੇ ਕਰ ਦਿੰਦਾ ਤਾਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਪਰਦਾਫਾਸ਼ ਹੋ ਸਕਦਾ ਸੀ। ਅਜਿਹਾ ਜਾਣਬੁਝ ਕੇ ਨਹੀਂ ਕੀਤਾ ਗਿਆ ਤਾਂ ਜੋ ਡੇਰਾ ਪ੍ਰਬੰਧਕਾਂ ਨੂੰ ਫਾਈਲਾਂ ਸਾੜਨ ਤੇ ਕੁਝ ਸਾਮਾਨ ਬਾਹਰ ਭੇਜਣ ਦਾ ਮੌਕਾ ਮਿਲ ਸਕੇ।

## ਡੇਰਾ ਮੁਖੀ ਨੇ ਪ੍ਰੇਮੀਆਂ ਦਾ ਬਣਾਇਆ ਸੀ ਕੁਰਬਾਨੀ ਦਲ

**ਨਵੀਂ ਦਿੱਲੀ:** ਡੇਰਾ ਮੁਖੀ ਨੇ ਪ੍ਰੇਮੀਆਂ ਦਾ ਇਕ ਕੁਰਬਾਨੀ ਦਲ ਬਣਾਇਆ ਸੀ ਜੋ ਉਸ ਦੇ ਕਹਿਣ 'ਤੇ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਸੀ। ਕੁਰਬਾਨੀ ਦਲ ਦੇ ਮੈਂਬਰਾਂ ਨੂੰ ਆਦੇਸ਼ ਸੀ ਕਿ ਜੇਕਰ ਡੇਰਾ ਮੁਖੀ 'ਤੇ ਕੋਈ ਵੀ ਗੱਲ ਆਉਂਦੀ ਹੈ ਤਾਂ ਉਹ ਕਤਲੇਆਮ ਮਚਾ ਦੇਣ। ਕੁਰਬਾਨੀ ਦਲ ਡੇਰਾ ਮੁਖੀ ਦੀ ਨਿੱਜੀ ਆਰਮੀ ਸੀ ਜਿਸ ਨੂੰ ਹੱਕਾਨੀ ਹੰਸ ਦੇ ਨਾਂ ਨਾਲ ਬੁਲਾਇਆ ਜਾਂਦਾ ਸੀ। ਜ਼ਿਕਰਯੋਗ ਹੈ ਕਿ ਇਸ ਦਲ 'ਚ ਉਹੀ 400 ਦੇ ਕਰੀਬ ਪ੍ਰੇਮੀ ਸਨ ਜਿਨ੍ਹਾਂ ਨੂੰ ਨਿਪੁੰਸਕ ਬਣਾਇਆ ਗਿਆ ਸੀ।

ਡੇਰਾ ਮੁਖੀ ਵਲੋਂ ਕੁਰਬਾਨੀ ਦਲ 'ਚ ਸ਼ਾਮਲ ਹੋਏ ਲੋਕਾਂ ਤੋਂ ਇਕ ਹਲਫਨਾਮਾ ਲਿਆ ਜਾਂਦਾ ਸੀ ਜਿਸ 'ਚ ਲਿਖਿਆ ਹੁੰਦਾ ਕਿ ਉਸ ਨੇ ਆਪਣਾ ਜੀਵਨ ਮਾਨਵਤਾ ਨੂੰ ਸਮਰਪਿਤ ਕਰ ਦਿੱਤਾ ਹੈ। ਜੇਕਰ ਉਹ ਕਿਸੇ ਦੁਰਘਟਨਾ ਜਾਂ ਕਿਸੇ ਹੋਰ ਕਾਰਨ ਮਰਦਾ ਹੈ ਤਾਂ ਇਸ ਦਾ ਉਹ ਜ਼ਿੰਮੇਵਾਰ ਹੋਵੇਗਾ ਤੇ ਉਸ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਡੇਰੇ ਨੂੰ ਜ਼ਿੰਮੇਵਾਰ ਕਹਿਣ ਦਾ ਅਧਿਕਾਰ ਨਹੀਂ ਹੋਵੇਗਾ। ਇਹ ਖੁਲਾਸਾ ਕਰਨਾਲ ਤੇ ਅੰਬਾਲਾ ਤੋਂ ਗ੍ਰਿਫਤਾਰ ਕੀਤੇ ਡੇਰਾ ਪ੍ਰੇਮੀਆਂ ਨੇ ਕੀਤਾ ਹੈ ਜਿਨ੍ਹਾਂ ਦੇ ਘਰੋਂ ਪਿਸਤੌਲ ਤੇ ਪੈਟਰੋਲ ਨਾਲ ਭਰੇ ਡੱਬੇ ਵੀ ਬਰਾਮਦ ਹੋਏ।

## ਗੁੰਮਨਾਮ ਚਿੱਠੀ ਪਿੱਛੋਂ 24 ਸਾਧਵੀਆਂ ਨੇ ਛੱਡਿਆ ਸੀ ਡੇਰਾ

**ਮੋਗਾ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵੱਲੋਂ ਰਾਮ ਰਹੀਮ ਸਿੰਘ ਨੂੰ ਦੋਸ਼ੀ ਠਹਿਰਾਏ ਜਾਣ ਵਾਲੇ 167 ਸਫਿਆਂ ਦੇ ਫੈਸਲੇ ਵਿਚ ਕਈ ਅਹਿਮ ਖੁਲਾਸੇ ਹੋਏ ਹਨ। ਸੀ.ਬੀ.ਆਈ. ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਨਸੀ ਸ਼ੋਸ਼ਣ ਬਾਰੇ ਗੁੰਮਨਾਮ ਚਿੱਠੀ ਆਉਣ ਤੋਂ ਬਾਅਦ 24 ਸਾਧਵੀਆਂ ਨੇ ਡੇਰਾ ਛੱਡ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਸਾਧਵੀਆਂ ਨੇ ਵਿਆਹ ਕਰਵਾ ਲਏ। ਇਹ ਚੰਗੀਆਂ ਪੜ੍ਹੀਆਂ ਲਿਖੀਆਂ ਸਾਧਵੀਆਂ ਡੇਰੇ ਵੱਲੋਂ ਚਲਾਏ ਜਾ ਰਹੇ ਸਕੂਲਾਂ ਵਿਚ ਪੜ੍ਹਾਉਣ ਤੋਂ ਬਾਅਦ ਰਾਤ ਨੂੰ ਸੰਤਰੀ ਦੀ ਡਿਊਟੀ ਕਰਦੀਆਂ ਸਨ। ਇਹ ਸਾਧਵੀਆਂ ਪੁਰਾਣੇ ਡੇਰੇ ਦੇ ਹੋਸਟਲ ਵਿਚ ਰਹਿੰਦੀਆਂ ਸਨ। ਸੀ.ਬੀ.ਆਈ. ਨੇ ਜਾਂਚ ਦੌਰਾਨ ਡੇਰਾ ਛੱਡ ਕੇ ਗਈਆਂ 24 ਵਿਚੋਂ 18 ਸਾਧਵੀਆਂ ਨੂੰ ਲੱਭ ਲਿਆ ਸੀ ਪਰ ਉਨ੍ਹਾਂ ਬਦਨਾਮੀ, ਪਰਿਵਾਰ ਟੁੱਟਣ ਅਤੇ ਜਾਨ ਦੇ ਖਤਰੇ ਦੇ ਡਰੋਂ ਕੋਈ ਬਿਆਨ ਨਹੀਂ ਦਿੱਤਾ।

# ਡੇਰੇ ਅੰਦਰਲੇ ਰਾਜ਼ ਅਜੇ ਨਹੀਂ ਖੋਲ੍ਹਣਾ ਚਾਹੁੰਦੀ ਖੱਟਰ ਸਰਕਾਰ




**ਸਿਰਸਾ:** ਡੇਰਾ ਮੁਖੀ ਨੂੰ 20 ਸਾਲਾਂ ਦੀ ਸਜ਼ਾ ਹੋਣ ਮਗਰੋਂ ਬਣੇ ਤਣਾਅ 'ਤੇ ਕਾਬੂ ਪਾਉਣ ਲਈ ਭਾਵੇਂ ਸਰਕਾਰ ਨੇ ਫੌਜ ਬੁਲਾਈ ਹੈ, ਪਰ ਹਾਲੇ ਤੱਕ ਇਹ ਨਾ ਤਾਂ ਡੇਰੇ ਅੰਦਰ ਗਈ ਹੈ ਤੇ ਨਾ ਹੀ ਕੋਈ ਤਲਾਸ਼ੀ ਅਭਿਆਨ ਚਲਾਇਆ ਗਿਆ ਹੈ। ਫੌਜ ਦੇ ਡੇਰੇ ਅੰਦਰ ਨਾ ਜਾਣ ਉਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਹਰਿਆਣਾ ਦੀ ਖਟਰ ਸਰਕਾਰ ਉਤੇ ਡੇਰੇ ਨਾਲ ਮਿਲੀਭੁਗਤ ਦੇ ਦੋਸ਼ ਲਾਏ ਹਨ।

ਡੇਰਾ ਮੁਖੀ ਨੂੰ ਸਜ਼ਾ ਹੋਣ ਮਗਰੋਂ ਬਣੇ ਹਾਲਾਤ 'ਤੇ ਕਾਬੂ ਪਾਉਣ ਲਈ ਸਿਰਸਾ ਵਿਚ ਫੌਜ ਬੁਲਾਈ ਗਈ ਸੀ। ਫੌਜ ਨੇ ਮੌਕੇ 'ਤੇ ਪਹੁੰਚ ਕੇ ਪੁਰਾਣੇ ਡੇਰੇ ਦੀ ਘੇਰਾਬੰਦੀ ਕਰ ਲਈ ਸੀ। ਟੀ.ਵੀ. ਚੈਨਲਾਂ ਉਤੇ ਖਬਰਾਂ ਵੀ ਆਈਆਂ ਸਨ ਕਿ ਫੌਜ ਡੇਰੇ ਅੰਦਰ ਦਾਖਲ ਹੋ ਗਈ ਹੈ, ਪਰ ਅਜਿਹਾ ਹਾਲੇ ਤੱਕ ਨਹੀਂ ਹੋਇਆ। ਅਸਲੀਅਤ ਇਹ ਹੈ ਕਿ ਫੌਜ ਡੇਰੇ ਦੇ ਨੇੜੇ ਵੀ ਨਹੀਂ ਗਈ। ਪੁਰਾਣੇ ਅਤੇ ਨਵੇਂ ਡੇਰੇ ਵਿਚਕਾਰ ਲਗਭਗ 6 ਕਿਲੋਮੀਟਰ ਦਾ ਫਾਸਲਾ ਹੈ। ਇਨ੍ਹਾਂ ਦੋਵਾਂ ਡੇਰਿਆਂ ਵਿਚਕਾਰ ਕਰਫਿਊ ਵਾਲੀ ਗੱਲ ਵੀ ਨਹੀਂ ਲੱਗੀ ਕਿਉਂਕਿ ਲੋਕਾਂ ਦਾ ਇਕ ਤੋਂ ਦੂਜੇ ਡੇਰੇ ਤੱਕ ਜਾਣਾ ਲੱਗਿਆ ਰਹਿੰਦਾ ਹੈ।

ਅਸਲ ਵਿਚ ਸਥਿਤੀ ਇਹ ਹੈ ਕਿ ਡੇਰਾ ਸਿਰਸਾ ਦੇ ਨਵੇਂ ਡੇਰੇ ਨੇੜੇ ਹਾਲੇ ਤੱਕ ਫੌਜ ਗਈ ਹੀ ਨਹੀਂ। ਡੇਰਾ ਹੈੱਡਕੁਆਰਟਰ ਤੋਂ ਲਗਭਗ ਦੋ ਕਿਲੋਮੀਟਰ ਦੂਰ ਸੱਚ ਪੈਟਰੋ ਕੋਲ ਡੇਰੇ ਜਾਣ ਵਾਲੀ ਸੜਕ 'ਤੇ ਫੌਜ ਨੇ ਇਕ ਨਾਕਾ ਜ਼ਰੂਰ ਲਾਇਆ ਹੈ ਅਤੇ ਪਿੰਡ ਨੇਜਿਆ ਕੋਲ ਚੌਪਟਾ ਵਾਲੇ ਪਾਸੇ ਜਾਣ ਲਈ ਰਾਹ ਖੁੱਲ੍ਹਾ ਰੱਖਿਆ ਗਿਆ ਹੈ। ਹੁਣ ਤੱਕ ਡੇਰੇ ਵਿਚੋਂ ਲੋਕ ਆਰਾਮ ਨਾਲ ਨਿਕਲਦੇ ਰਹੇ ਹਨ, ਪਰ ਹੁਣ ਨੀਮ ਫੌਜੀ ਬਲਾਂ ਦਾ ਨਾਕਾ ਇਸ ਪਾਸੇ ਵੀ ਲਾ ਦਿੱਤਾ ਗਿਆ ਹੈ। ਇਹ ਨਾਕਾ ਵੀ ਡੇਰਾ ਸਿਰਸਾ ਤੋਂ ਅੱਧਾ ਕਿਲੋਮੀਟਰ ਦੂਰ ਹੈ। ਹਾਲੇ ਵੀ ਅਨੇਕ ਚੋਰ ਰਸਤੇ ਹਨ, ਜਿਨ੍ਹਾਂ ਰਾਹੀਂ ਡੇਰਾ ਸਿਰਸਾ ਵਿਚ ਆਇਆ-ਜਾਇਆ ਜਾ ਸਕਦਾ ਹੈ।

# ਰਾਮ ਰਹੀਮ ਦਾ ਨਾਂ ਤੇ ਜਨਮ ਤਰੀਕ ਵੀ ਫਰਜ਼ੀ

**ਡੱਬਵਾਲੀ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਜਨਮ ਤਰੀਕ, ਨਾਂ ਤੇ ਜਨਮ ਸਥਾਨ ਸਬੰਧੀ ਵੀ ਵਿਵਾਦ ਜੁੜਿਆ ਹੈ। ਅੱਜ ਤੱਕ ਡੇਰਾ ਮੁਖੀ ਦੀ ਜਨਮ ਤਰੀਕ 15 ਅਗਸਤ 1967 ਤੇ ਜਨਮ ਸਥਾਨ ਜੱਦੀ ਪਿੰਡ ਗੁਰੂਸਰ ਮੋਡੀਆ (ਰਾਜਸਥਾਨ) ਦੱਸਿਆ ਜਾਂਦਾ ਰਿਹਾ ਹੈ, ਜਿਸ ਤਹਿਤ ਗੁਰਮੀਤ ਰਾਮ ਰਹੀਮ ਦਾ ਜਨਮ ਦਿਨ ਆਜ਼ਾਦੀ ਦਿਵਸ 15 ਅਗਸਤ ਵਾਲੇ ਡੇਰਾ ਸੱਚਾ ਸੌਦਾ ਸਿਰਸਾ ਵਿਖੇ ਖ਼ੂਬ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਦੂਜੇ ਪਾਸੇ ਦਸਤਾਵੇਜ਼ੀ ਰਿਕਾਰਡ ਗੁਰਮੀਤ ਰਾਮ ਰਹੀਮ ਦੇ ਜਨਮ ਦੀ ਅਸਲ ਤਰੀਕ 10 ਜੁਲਾਈ 1967, ਜਨਮ ਅਸਥਾਨ ਪਿੰਡ ਕਿੱਕਰਖੇੜਾ (ਜ਼ਿਲ੍ਹਾ ਫਿਰੋਜ਼ਪੁਰ) ਦੱਸਦੇ ਹਨ, ਜਿਥੇ ਉਸ ਦੇ ਨਾਨਕੇ ਹਨ। ਉਸ ਦਾ ਨਾਂ ਵੀ ਹਰਪਾਲ ਸੀ। ਇਹ ਖੁਲਾਸਾ ਜ਼ਿਲ੍ਹਾ ਫਿਰੋਜ਼ਪੁਰ ਦੇ ਮੈਡੀਕਲ ਰਜਿਸਟਰਾਰ (ਜਨਮ ਤੇ ਮੌਤ) ਵੱਲੋਂ ਜਾਰੀ ਜਨਮ ਸਰਟੀਫਿਕੇਟ




ਨੰਬਰ 15845 'ਚ ਹੋਇਆ ਹੈ। ਬਾਬੇ ਨੇ ਸ਼ਰਧਾਲੂਆਂ 'ਤੇ ਪ੍ਰਭਾਵ ਪਾਉਣ ਲਈ ਆਪਣੀ ਜਨਮ ਤਰੀਕ ਨੂੰ ਭਾਰਤ ਦੇ ਆਜ਼ਾਦੀ ਦਿਵਸ (15 ਅਗਸਤ) ਵਾਲਾ ਦਿਨ ਦਰਸਾ ਦਿੱਤਾ।

## ਜੇਲ੍ਹ ਵਿਚ ਬਾਬੇ ਦਾ ਹੈ ਇਹ ਹਾਲ...

**ਚੰਡੀਗੜ੍ਹ:** ਜੇਲ੍ਹ ਵਿਚ ਬੰਦ ਰਾਮ ਰਹੀਮ ਬੁਰੀ ਤਰ੍ਹਾਂ ਟੁੱਟ ਗਿਆ ਹੈ। ਉਹ ਵਾਰ-ਵਾਰ ਜੇਲ੍ਹ ਮੁਲਾਜ਼ਮਾਂ ਅੱਗੇ ਹੱਥ ਜੋੜ ਰਿਹਾ ਹੈ। ਪਹਿਲੇ ਕੁਝ ਦਿਨ ਤਾਂ ਉਸ ਨੇ ਨਾ ਪਾਣੀ ਪੀਤਾ ਤੇ ਨਾ ਹੀ ਰੋਟੀ ਖਾਧੀ। ਉਹ ਰੱਬ ਨਾਲ ਗਿਲੇ ਕਰਦਿਆਂ ਆਖ ਰਿਹਾ ਸੀ ਕਿ 'ਹੇ ਰੱਬਾ ਇਹ ਕੀ ਕੀਤਾ ਮੇਰੇ ਨਾਲ'। ਆਮ ਕੈਦੀਆਂ ਦੀ ਤਰ੍ਹਾਂ ਹੀ ਉਸ ਨੂੰ ਦੋ ਕੰਬਲ ਅਤੇ ਇਕ ਚੱਟਾਈ ਦਿੱਤੀ ਗਈ ਤੇ ਜੇਲ੍ਹ ਦੇ ਨਿਯਮਾਂ ਮੁਤਾਬਕ ਚਾਹ ਤੇ ਸਾਦਾ ਖਾਣਾ ਦਿੱਤਾ ਜਾ ਰਿਹਾ ਹੈ। ਰਾਮ ਰਹੀਮ ਨਾਲ ਜੇਲ੍ਹ ਵਿਚ ਬੰਦ ਇਕ ਕੈਦੀ ਨੇ ਬਾਹਰ ਆ ਕੇ ਇਹ ਖੁਲਾਸੇ ਕੀਤੇ ਹਨ। ਉਸ ਨੇ ਦੱਸਿਆ ਕਿ ਹੋਰਨਾਂ ਕੈਦੀਆਂ ਦੇ ਮਨ 'ਚ ਪਹਿਲਾਂ ਤਾਂ ਰਾਮ ਰਹੀਮ ਪ੍ਰਤੀ ਥੋੜ੍ਹੀ ਨਰਮੀ ਸੀ ਪਰ ਜਦੋਂ ਉਸ ਨੂੰ ਸਜ਼ਾ

## ਪਦਮ ਪੁਰਸਕਾਰ ਲਈ ਵੀ ਦਾਅਵੇਦਾਰ ਸੀ ਡੇਰਾ ਮੁਖੀ

**ਬਠਿੰਡਾ:** ਡੇਰਾ ਸਿਰਸਾ ਦਾ ਮੁਖੀ ਐਤਕੀਂ ਪਦਮ ਪੁਰਸਕਾਰ ਲੈਣ ਦੇ ਚੱਕਰ ਵਿਚ ਸੀ ਪਰ ਸਜ਼ਾ ਨੇ ਰੰਗ ਵਿਚ ਭੰਗ ਪਾ ਦਿੱਤੀ। ਕੇਂਦਰੀ ਗ੍ਰਹਿ ਮੰਤਰਾਲੇ ਕੋਲ ਜੋ ਆਮ ਨਾਗਰਿਕਾਂ ਦੀ ਤਰਫੋਂ ਪਦਮ ਪੁਰਸਕਾਰ ਲਈ ਨਾਮਜ਼ਦਗੀਆਂ ਲਈਆਂ ਗਈਆਂ ਸਨ, ਉਨ੍ਹਾਂ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਨਾਂ ਸਭ ਤੋਂ ਉਪਰ ਉਭਰਿਆ ਹੈ।

ਸਭ ਤੋਂ ਵੱਧ 22 ਫੀਸਦੀ ਸਿਫਾਰਸ਼ਾਂ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਦੇ ਹੱਕ ਵਿਚ ਹੋਈਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੀ ਵੈਬਸਾਈਟ ਉਤੇ ਹੁਣ ਤੱਕ ਗ੍ਰਹਿ ਮੰਤਰਾਲੇ ਕੋਲ 18,768 ਸਿਫਾਰਸ਼ਾਂ ਪੁੱਜੀਆਂ ਹਨ ਜਿਨ੍ਹਾਂ 'ਚੋਂ ਡੇਰਾ ਮੁਖੀ ਦਾ ਨਾਂ ਸਭ ਤੋਂ ਉਪਰ ਹੈ ਅਤੇ 4208 ਸਿਫਾਰਸ਼ਾਂ ਡੇਰਾ ਮੁਖੀ ਦੀਆਂ ਹਨ।

# ਡੇਰਾ ਮੁਖੀ ਦੀ ਥਾਂ ਆਪਣੇ ਰੁਜ਼ਗਾਰ ਲਈ ਫਿਕਰਮੰਦ ਨੇ ਪ੍ਰੇਮੀ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਬਲਾਤਕਾਰ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਪਿੱਛੋਂ ਹਜ਼ਾਰਾਂ ਲੋਕਾਂ ਦਾ ਰੁਜ਼ਗਾਰ ਵੀ ਖੁੱਸ ਗਿਆ ਹੈ। ਇਹ ਲੋਕ ਡੇਰਾ ਮੁਖੀ ਨਾਲ ਹਮਦਰਦੀ ਦੀ ਥਾਂ ਆਪਣੇ ਰੁਜ਼ਗਾਰ ਲਈ ਫਿਕਰਮੰਦ ਹਨ। ਹਜ਼ਾਰਾਂ ਲੋਕ ਡੇਰੇ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਕੰਮ ਕਰ ਰਹੇ ਹਨ। ਡੇਰੇ ਵਿਚ ਕੰਮ ਕਰਨ ਵਾਲਿਆਂ ਦਾ ਕੋਈ ਪੱਕਾ ਅੰਕੜਾ ਤਾਂ ਨਹੀਂ ਪਰ ਇਥੇ ਤਕਰੀਬਨ 60 ਲੱਖ ਸ਼ਰਧਾਲੂ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਡੇਰੇ ਵਿਚ ਵੱਡੀ ਗਿਣਤੀ 'ਚ ਲੋਕ ਰੁਜ਼ਗਾਰ ਕਾਰਨ ਵੱਸੇ ਸਨ। ਹਜ਼ਾਰਾਂ ਲੋਕ ਡੇਰੇ ਵਿਚ ਸੇਵਾਦਾਰ, ਪਲੰਬਰ, ਕਾਰਪੇਂਟਰ, ਡਰਾਈਵਰ ਤੇ ਕੁੱਕ ਵਜੋਂ ਕੰਮ ਕਰਦੇ ਹਨ।

ਦੱਸ ਦਈਏ ਕਿ ਰਾਮ ਰਹੀਮ ਦੇ ਜੇਲ੍ਹ ਜਾਣ ਪਿੱਛੋਂ 700 ਏਕੜ 'ਚ ਫੈਲੇ ਡੇਰਾ ਸਿਰਸਾ ਉਪਰ ਕੇਂਦਰੀ ਖੁਫ਼ੀਆ ਏਜੰਸੀਆਂ ਦਾ ਸ਼ਿਕੰਜਾ ਹੈ। ਡੇਰਾ ਮੁਖੀ ਦਾ ਸਮੁੱਚਾ ਪਰਿਵਾਰ ਡੇਰਾ ਛੱਡ ਕੇ ਆਪਣੇ ਜੱਦੀ ਪਿੰਡ ਗੰਗਾਨਗਰ ਲਾਗੇ ਗੁਰੂਸਰ ਮੋਡੀਆਂ ਚਲਾ ਗਿਆ ਹੈ। ਸਿਰਸਾ ਡੇਰੇ ਅੰਦਰ ਇਸ ਵੇਲੇ




ਗੁਰਮੀਤ ਰਾਮ ਰਹੀਮ ਦੇ ਪਰਿਵਾਰ ਜਾਂ ਉਸ ਵੱਲੋਂ ਥਾਪਿਆ ਕੋਈ ਵੀ ਹੋਰ ਅਧਿਕਾਰੀ ਹਾਜ਼ਰ ਨਹੀਂ। ਡੇਰੇ ਅੰਦਰ ਸਾਰੇ ਪ੍ਰਬੰਧ ਸੰਭਾਲਣ ਵਾਲੀ ਚੇਅਰਮੈਨ ਥਾਪੀ ਵਿਪਾਸਨਾ ਵੀ ਹੋਰ ਪ੍ਰਬੰਧਕਾਂ ਨਾਲ ਡੇਰਾ ਛੱਡ ਚੁੱਕੀ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਡੇਰੇ ਦੀ ਮੁਕੰਮਲ ਨਿਗਰਾਨੀ ਇਸ ਵੇਲੇ ਕੇਂਦਰੀ ਏਜੰਸੀਆਂ ਦੇ ਕੰਟਰੋਲ ਵਿਚ ਹੈ। ਡੇਰਾ ਸੱਚਾ ਸੌਦਾ ਦੀ ਨੀਂਹ 1948 ਵਿਚ ਰੱਖੀ ਗਈ। ਡੇਰੇ ਨੇ ਪੰਜਾਬ ਤੇ ਹਰਿਆਣਾ ਵਿਚ ਸਮਾਜਿਕ ਸੁਧਾਰ ਤੇ ਮਨੁੱਖਤਾ ਦੀ ਭਲਾਈ ਲਈ ਕੰਮ ਕੀਤੇ।

ਡੇਰੇ ਦਾ ਸਾਮਰਾਜ ਵੱਡੇ ਪੱਧਰ ਉਤੇ ਫੈਲਿਆ ਹੋਇਆ ਹੈ ਜਿਸ ਵਿਚ ਮੌਜੂਦ ਫੈਕਟਰੀਆਂ, ਜਾਇਦਾਦ, ਫਾਰਮ, ਖੇਤੀ, ਦੁਕਾਨਾਂ ਤੇ ਫਾਰਮੇਸੀਆਂ ਹਨ। ਇਨ੍ਹਾਂ ਵਿਚ ਖਾਸ ਕਰ ਕੇ ਆਰਥਿਕ ਤੌਰ 'ਤੇ ਪੱਛੜੇ ਪਰਿਵਾਰਾਂ ਲਈ ਰੁਜ਼ਗਾਰ ਦੇ ਸਾਧਨ ਹਨ। ਡੇਰਾ ਮੁਖੀ ਨੂੰ ਸਜ਼ਾ ਤੇ ਉਸ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਬਾਅਦ ਪੁਲਿਸ ਨੇ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਵਿਚ ਜਾਇਦਾਦ ਸੀਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਕਾਰਨ ਗਰੀਬ ਸ਼ਰਧਾਲੂਆਂ ਦਾ ਭਵਿੱਖ ਦਾਅ 'ਤੇ ਲੱਗ ਗਿਆ ਹੈ।

ਡੇਰੇ ਦੇ ਹਰਿਆਣਾ, ਪੰਜਾਬ, ਦਿੱਲੀ ਤੇ ਰਾਜਸਥਾਨ ਵਿਚ ਐਮ.ਐਸ.ਜੀ. ਬਰਾਂਡ ਦੇ 200 ਤੋਂ ਵੱਧ ਸਟੋਰ ਹਨ। ਇਥੇ ਡੇਰੇ ਦਾ ਤਿਆਰ ਚਾਵਲ, ਆਟਾ, ਦਾਲਾ, ਅਚਾਰ, ਸ਼ਹਿਦ ਤੇ ਨਿਊਡਲ ਆਦਿ ਵਿਕਦਾ ਹੈ। ਇਸ ਦੇ ਨਾਲ ਡੇਰੇ ਦਾ ਸਾਮਾਨ ਲੈ ਕੇ ਲੋਕਾਂ ਨੇ ਆਪਣੇ-ਆਪਣੇ ਇਲਾਕਿਆਂ ਵਿਚ ਦੁਕਾਨਾਂ ਖੋਲ੍ਹੀਆਂ ਹਨ। ਜ਼ਿਆਦਾਤਰ ਦਲਿਤਾਂ ਦੀ ਆਰਥਿਕਤਾ ਡੇਰੇ 'ਤੇ ਨਿਰਭਰ ਹੈ। ਡੇਰੇ ਵਿਚ ਜਿਥੇ ਉਨ੍ਹਾਂ ਨੂੰ ਰੁਜ਼ਗਾਰ ਮਿਲਦਾ ਹੈ ਉਥੇ ਹੀ ਉਨ੍ਹਾਂ ਦੇ ਬੱਚੇ ਡੇਰੇ ਦੇ ਸਕੂਲਾਂ ਤੇ ਕਾਲਜਾ ਵਿਚ ਪੜ੍ਹਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਲਈ ਸਿਹਤ ਸਹੂਲਤਾਂ ਵੀ ਹਨ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਲੇ ਪਾਣੀ ਸਜ਼ਾ ਕੱਟਣ ਵਾਲੇ ਪੰਜਾਬੀਆਂ ਦੇ ਵੇਰਵੇ ਇਕੱਠੇ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਕਾਲਾ ਪਾਣੀ ਪੰਜਾਬੀ ਫਰੀਡਮ ਫਾਈਟਰ ਪ੍ਰੋਜੈਕਟ' ਤਹਿਤ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਕੱਟਣ ਵਾਲੇ ਪੰਜਾਬੀ ਆਜ਼ਾਦੀ ਘੁਲਾਟੀਆਂ ਦੇ ਵੇਰਵੇ ਇਕੱਤਰ ਕਰੇਗੀ। ਇਸ ਪ੍ਰੋਜੈਕਟ ਤਹਿਤ ਪੰਜ ਲੱਖ ਰੁਪਏ ਮੁਢਲੇ ਤੌਰ 'ਤੇ ਖਰਚੇ ਜਾਣਗੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਕਾਲੇ ਪਾਣੀ ਵਜੋਂ ਜਾਣੀ ਜਾਂਦੀ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ, ਜੋ ਹੁਣ ਅਜਾਇਬਘਰ ਵਿਚ ਤਬਦੀਲ ਕਰ ਦਿੱਤੀ ਗਈ ਹੈ, ਵਿਚ ਪੰਜਾਬੀਆਂ ਤੇ ਖਾਸਕਰ ਸਿੱਖਾਂ ਦੇ ਯੋਗਦਾਨ ਨੂੰ ਅਣਡਿੱਠ ਕੀਤਾ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਕ ਵਫਦ ਉਥੇ ਭੇਜਿਆ ਗਿਆ ਸੀ। ਵਫਦ ਵੱਲੋਂ ਦਿੱਤੀ ਰਿਪੋਰਟ ਵਿਚ ਪੁਸ਼ਟੀ ਹੋਈ ਹੈ ਕਿ ਉਥੇ ਬਣੇ ਅਜਾਇਬਘਰ ਵਿਚ ਚਲਾਏ ਜਾਂਦੇ ਰੌਸ਼ਨੀ ਤੇ ਆਵਾਜ਼ ਪ੍ਰੋਗਰਾਮ ਦੇ ਨਾਲ ਫੋਟੋ ਗੈਲਰੀ ਵਿਚੋਂ ਵੀ ਪੰਜਾਬ ਦੇ ਆਜ਼ਾਦੀ



ਪਰਵਾਨਿਆਂ ਦੇ ਇਤਿਹਾਸ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਇਸ ਵਫਦ ਨੇ ਉਥੋਂ ਦੇ ਰਾਜਪਾਲ ਲੈਫਟੀਨੈਂਟ ਜਗਦੀਸ਼ ਮੁਖੀ ਕੋਲ ਵੀ ਇਹ ਮਾਮਲਾ ਚੁੱਕਿਆ ਸੀ। ਇਸ ਲਈ ਕਾਲਾ ਪਾਣੀ ਵਿਚ ਸਜ਼ਾਵਾਂ ਭੁਗਤਣ ਵਾਲੇ ਪੰਜਾਬ ਦੇ ਯੋਧਿਆਂ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਸ਼੍ਰੋਮਣੀ ਕਮੇਟੀ 'ਕਾਲਾ ਪਾਣੀ ਪੰਜਾਬੀ ਫਰੀਡਮ ਫਾਈਟਰ ਪ੍ਰੋਜੈਕਟ' ਸ਼ੁਰੂ ਕਰ ਰਹੀ ਹੈ।

## ਭਾਰਤੀ ਮੂਲ ਦੇ ਪਿੱਲੇ ਸਿੰਗਾਪੁਰ ਦੇ ਕਾਰਜਕਾਰੀ ਰਾਸ਼ਟਰਪਤੀ ਬਣੇ

**ਸਿੰਗਾਪੁਰ:** ਭਾਰਤੀ ਮੂਲ ਦੇ ਜੇ.ਵੀ. ਪਿੱਲੇ ਨੂੰ ਸਿੰਗਾਪੁਰ ਦਾ ਕਾਰਜਕਾਰੀ ਰਾਸ਼ਟਰਪਤੀ ਨਿਯੁਕਤ ਕੀਤਾ ਗਿਆ ਹੈ। ਉਹ ਇਸ ਮਹੀਨੇ ਦੇ ਅੰਤ ਤੱਕ ਨਵੇਂ ਰਾਸ਼ਟਰਪਤੀ ਦੇ ਸਹੁੰ ਚੁੱਕਣ ਤੱਕ ਦੇਸ਼ ਦੇ ਕਾਰਜਕਾਰੀ ਰਾਸ਼ਟਰਪਤੀ ਬਣੇ ਰਹਿਣਗੇ।

ਸ੍ਰੀ ਪਿੱਲੇ (83) ਨੇ ਇਹ ਅਹੁਦਾ ਟੋਨੀ ਟਾਨ ਕੇਂਗ ਯਾਮ ਦੀ ਥਾਂ ਗ੍ਰਹਿਣ ਕੀਤਾ ਹੈ, ਜਿਨ੍ਹਾਂ ਆਪਣਾ 6 ਸਾਲ ਦਾ ਕਾਰਜਕਾਲ ਪੂਰਾ ਕਰ ਲਿਆ ਸੀ। ਨਵੇਂ ਰਾਸ਼ਟਰਪਤੀ ਦੀ ਚੋਣ ਤੇ ਸਹੁੰ ਚੁੱਕਣ ਵਿਚ ਅਜੇ ਕਈ ਦਿਨ ਬਾਕੀ ਹੋਣ ਕਰ ਕੇ ਰਾਸ਼ਟਰਪਤੀ ਦੇ ਸਲਾਹਕਾਰਾਂ ਦੀ ਕੌਂਸਲ (ਸੀ.ਪੀ.ਸੀ.) ਦੇ ਚੇਅਰਮੈਨ ਪਿੱਲੇ ਨੂੰ ਕਾਰਜਕਾਰੀ ਰਾਸ਼ਟਰਪਤੀ ਬਣਾਇਆ ਗਿਆ ਹੈ। ਦੱਸਣਯੋਗ ਹੈ ਕਿ ਨਵੇਂ ਰਾਸ਼ਟਰਪਤੀ ਦੀ ਚੋਣ ਲਈ 13 ਸਤੰਬਰ ਨੂੰ ਉਮੀਦਵਾਰੀ ਦੇ ਪੇਪਰ ਭਰੇ ਜਾਣੇ ਹਨ, ਜੇਕਰ ਰਾਸ਼ਟਰਪਤੀ ਦੀ ਚੋਣ ਬਿਨਾਂ ਮੁਕਾਬਲਾ ਨਾ ਹੋ ਸਕੀ ਤਾਂ 23 ਸਤੰਬਰ ਨੂੰ ਵੋਟਾਂ ਪੈਣ ਤੱਕ ਸ੍ਰੀ ਪਿੱਲੇ ਬਤੌਰ ਰਾਸ਼ਟਰਪਤੀ ਕਾਰਜ ਕਰਦੇ ਰਹਿਣਗੇ।

# ਸਿੱਖ ਸੰਸਥਾਵਾਂ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ

**(ਸਫਾ ਇਕ ਦੀ ਬਾਕੀ)**

ਲੋੜਵੰਦਾਂ ਦੀ ਮਦਦ ਦੀ ਥਾਂ ਸਿਆਸੀ ਪ੍ਰਸ਼ਤਪਨਾਹੀ ਵੱਧ ਕਰਦੀ ਆਈ ਹੈ। ਇਸ ਦੇ ਸਿੱਖਿਆ ਅਦਾਰਿਆਂ ਵਿਚ ਲੋੜਵੰਦਾਂ ਦੀ ਥਾਂ ਸਿਫਾਰਸ਼ੀਆਂ ਦੇ ਬੱਚੇ ਵੱਧ ਪੜ੍ਹਦੇ ਹਨ। ਇਥੋਂ ਤੱਕ ਕਿ ਗੁਰਦੁਆਰਾ ਕਮੇਟੀਆਂ ਵਿਚ ਵੀ ਪ੍ਰਧਾਨਗੀਆਂ ਇਸ ਅਹੁਦੇ ਹੱਕਦਾਰਾਂ ਦੀ ਥਾਂ ਰਸੂਖਦਾਰਾਂ ਹਿੱਸੇ ਆਉਂਦੀਆਂ ਹਨ। ਅਕਾਲ ਤਖਤ ਵੱਲੋਂ ਡੇਰਾ ਸਿਰਸਾ ਦੇ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ, ਪਰ ਜਥੇਦਾਰਾਂ 'ਤੇ ਇਹ ਕਦੇ ਲਾਗੂ ਨਹੀਂ ਹੋਇਆ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾਉਣ ਵਾਲੇ ਡੇਰਾ ਮੁਖੀ ਨੂੰ ਸਿਰਫ ਇਕ ਸਿਆਸੀ ਇਸ਼ਾਰੇ 'ਤੇ ਹੀ ਮੁਆਫ ਕਰ ਦਿੱਤਾ ਗਿਆ।

ਹੁਣ ਭਾਵੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੱਖ ਪਰਿਵਾਰਾਂ ਨੂੰ 'ਘਰ ਵਾਪਸੀ' ਦਾ ਸੱਦਾ ਦੇ ਰਹੇ ਹਨ, ਪਰ ਪੰਥਕ ਹਲਕਿਆਂ ਵਿਚ ਉਨ੍ਹਾਂ ਦੀ ਰੱਜ ਕੇ ਨੁਕਤਾਚੀਨੀ ਹੋ ਰਹੀ ਹੈ। ਪੰਥਕ ਤੇ ਸਿਆਸੀ ਗਲਿਆਰਿਆਂ ਤੋਂ ਇਲਾਵਾ ਸੋਸ਼ਲ ਮੀਡੀਆ 'ਤੇ ਡੇਰਾ ਵਿਵਾਦ ਸਬੰਧੀ ਅਕਾਲੀ ਦਲ ਤੇ ਖਾਸ ਕਰ ਕੇ ਜਥੇਦਾਰ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਪੰਥਕ ਧਿਰਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਜਥੇਦਾਰ ਨੂੰ ਅਹੁਦੇ ਤੋਂ ਹਟਾਏ ਜਾਣ ਦੀ ਮੰਗ ਫਿਰ ਜ਼ੋਰ ਫੜ ਰਹੀ ਹੈ। ਯੂਨਾਈਟਿਡ ਅਕਾਲੀ ਦਲ, ਬਰਖਾਸਤ ਕੀਤੇ ਗਏ ਪੰਜ ਪਿਆਰਿਆਂ ਅਤੇ ਦਲ ਖਾਲਸਾ ਤੋਂ ਇਲਾਵਾ ਕਈ ਗਰਮਖਿਆਲ ਧੜੇ ਡੇਰਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਜਥੇਦਾਰ ਖਿਲਾਫ ਤਿੱਖੀ ਬਿਆਨਬਾਜ਼ੀ ਕਰ ਰਹੇ ਹਨ। ਦਰਅਸਲ, ਡੇਰਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਮਗਰੋਂ ਜਥੇਦਾਰ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਹੁਣ ਆਪਣੀ 'ਘਰ ਵਾਪਸੀ' ਕਰਨ ਤੇ ਡੇਰੇ ਨੂੰ ਛੱਡ ਕੇ ਗੁਰੂ ਦੇ ਲੜ ਲੱਗ ਜਾਣ।

ਇਸ ਅਪੀਲ ਪਿੱਛੋਂ ਸਿੱਖ ਜਥੇਬੰਦੀਆਂ ਨੇ ਆਖਿਆ ਹੈ ਕਿ ਲੋਕਾਂ ਦੀ 'ਘਰ ਵਾਪਸੀ' ਕਰਵਾਉਣ ਤੋਂ ਪਹਿਲਾਂ ਜਥੇਦਾਰ ਖੁਦ ਆਪਣੀ ਘਰ ਵਾਪਸੀ ਕਰਨ ਤੇ ਲੋਕਾਂ ਨੂੰ ਜਵਾਬ ਦੇਣ ਕਿ ਡੇਰਾ ਮੁਖੀ ਵੱਲੋਂ ਭੇਜੀ ਚਿੱਠੀ ਤੋਂ ਬਾਅਦ ਉਸ ਨੂੰ ਮੁਆਫੀ ਦੇਣਾ ਉਨ੍ਹਾਂ ਦੀ ਕੀ ਮਜਬੂਰੀ ਸੀ। ਸਿੱਖ ਜਥੇਬੰਦੀਆਂ ਦਾ ਇਲਜ਼ਾਮ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਤੋਂ ਬਾਅਦ ਸਮੁੱਚਾ ਸਿੱਖ ਪੰਥ ਮੌਜੂਦਾ ਜਥੇਦਾਰਾਂ ਨੂੰ ਨਕਾਰ ਚੁੱਕਿਆ ਹੈ। ਇਸ ਲਈ ਹੁਣ ਸਮਾਂ ਹੈ ਕਿ ਜਥੇਦਾਰ ਖੁਦ ਡੇਰਾ ਮੁਖੀ ਦੇ ਮੁਆਫੀਨਾਮੇ ਦੀ ਸੱਚਾਈ ਲੋਕਾਂ ਤੱਕ ਲਿਆਉਣ ਤੇ ਸਿੱਖ ਪੰਥ ਕੋਲੋਂ ਮੁਆਫੀ ਮੰਗ ਕੇ ਜਥੇਦਾਰ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ ਨਹੀਂ ਤਾਂ ਲੋਕਾਂ ਵੱਲੋਂ ਕੀਤਾ ਜਾ ਰਿਹਾ ਵਿਰੋਧ ਹੁਣ ਹੋਰ ਵਧ ਸਕਦਾ ਹੈ।

# ਮੋਦੀ ਵੱਲੋਂ ਮਿਸ਼ਨ 2019 ਲਈ ਕਮਰਕੱਸੇ

**(ਸਫਾ ਇਕ ਦੀ ਬਾਕੀ)**

ਅਲਫੌਂਸ ਕਨਾਂਤਨਮ ਨੂੰ ਕੈਬਨਿਟ 'ਚ ਸ਼ਾਮਲ ਕਰ ਕੇ ਭਗਵਾ ਪਾਰਟੀ ਨੇ ਘੱਟ ਗਿਣਤੀ ਤੱਕ ਰਸਾਈ ਕੀਤੀ ਹੈ। ਅਲਫੌਂਸ ਨੂੰ ਕੈਬਨਿਟ 'ਚ ਦਾਖਲਾ ਦੇ ਕੇ ਪਾਰਟੀ ਨੇ ਬਹੁ ਗਿਣਤੀ ਮਸੀਹੀ ਭਾਈਚਾਰੇ ਵਾਲੇ ਕੇਰਲਾ 'ਚ ਪੈਰ ਲਾਉਣ ਦਾ ਯਤਨ ਕੀਤਾ ਹੈ। ਹੋਰ ਨੌਂ ਨਵੇਂ ਮੰਤਰੀਆਂ 'ਚ ਤਿੰਨ ਬ੍ਰਾਹਮਣ ਸ਼ਿਵ ਪ੍ਰਤਾਪ ਸ਼ੁਕਲਾ, ਅਸ਼ਵਨੀ ਕੁਮਾਰ ਚੌਬੇ ਤੇ ਅਨੰਤ ਕੁਮਾਰ ਹੇਗੜੇ, ਦੋ ਰਾਜਪੂਤ ਆਰ.ਕੇ.ਸਿੰਘ ਤੇ ਗਜੇਂਦਰ ਸਿੰਘ ਸ਼ੇਖਾਵਤ, ਇਕ ਜੱਟ (ਓ.ਬੀ.ਸੀ.) ਸਤਿਆਪਾਲ ਸਿੰਘ ਤੇ ਇਕ ਦਲਿਤ ਵਿਰੇਂਦਰ ਕੁਮਾਰ ਸ਼ਾਮਲ ਹਨ। ਘੱਟ ਗਿਣਤੀ ਭਾਈਚਾਰਿਆਂ ਵਿਚੋਂ ਹਰਦੀਪ ਪੁਰੀ ਤੇ ਅਲਫੌਂਸ ਸ਼ਾਮਲ ਹਨ। ਰਾਜ ਸਭਾ ਮੈਂਬਰ ਸ਼ੁਕਲਾ, ਜਿਸ ਦਾ ਯੂ.ਪੀ. ਦੇ ਮੁੱਖ ਮੰਤਰੀ ਨਾਲ ਛੱਤੀ ਦਾ ਅੰਕੜਾ ਹੈ, ਨੂੰ ਕੈਬਨਿਟ ਦਰਜਾ ਦੇਣ ਦਾ ਮੁੱਖ ਮੰਤਵ ਯੂ.ਪੀ. ਵਿਚ ਬਹੁ ਗਿਣਤੀ ਬ੍ਰਾਹਮਣ ਭਾਈਚਾਰੇ ਨੂੰ ਖੁਸ਼ ਕਰਨਾ ਹੈ। ਇਸੇ ਤਰ੍ਹਾਂ ਬਿਹਾਰ ਦੇ ਬਕਸਰ ਨਾਲ ਸਬੰਧਤ ਚੌਬੇ ਨੂੰ ਥਾਂ ਦੇ ਕੇ ਭਾਜਪਾ ਨੇ ਓ.ਬੀ.ਸੀ. ਤੱਕ ਪਹੁੰਚ ਦਾ ਯਤਨ ਕੀਤਾ ਹੈ। ਆਰ.ਕੇ. ਸਿੰਘ ਦੀ ਚੋਣ ਨਾਲ ਪਾਰਟੀ ਸਫਾਂ ਨੂੰ ਕੁਝ ਹੈਰਾਨੀ ਹੋਈ ਹੈ, ਕਿਉਂਕਿ 2015 ਦੀ ਬਿਹਾਰ ਚੋਣ ਵਿਚ ਮਿਲੀ ਨਮੋਸ਼ੀਜਨਕ ਹਾਰ ਮਗਰੋਂ ਸਿੰਘ ਦੀ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਖਾਸੀ ਖਿਚਾਈ ਹੋਈ ਸੀ।

# ਠੇਕੇਦਾਰ ਨੇ ਵਿਜੀਲੈਂਸ ਨੂੰ ਲਾਈ ਠਿੱਬੀ

**ਚੰਡੀਗੜ੍ਹ:** ਸਿੰਜਾਈ ਵਿਭਾਗ ਦੇ ਪ੍ਰੋਜੈਕਟਾਂ ਦੇ ਗੈਰਕਾਨੂੰਨੀ ਤਰੀਕਿਆਂ ਨਾਲ ਟੈਂਡਰ ਹਾਸਲ ਕਰਨ ਦੀ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾ ਰਹੀ ਜਾਂਚ ਦਾ ਮੁੱਖ ਮੁਲਜ਼ਮ ਗੁਰਿੰਦਰ ਸਿੰਘ ਫਰਾਰ ਹੈ। ਉਹਨੇ ਆਪਣੇ ਬੈਂਕ ਖਾਤਿਆਂ 'ਚੋਂ 100 ਕਰੋੜ ਰੁਪਏ ਤੋਂ ਵੱਧ ਰਕਮ ਵੀ ਕਢਾ ਲਈ ਹੈ।

ਵਿਜੀਲੈਂਸ ਸੂਤਰਾਂ ਅਨੁਸਾਰ ਕੇਸ ਦਰਜ ਹੋਣ ਤੋਂ ਇਕ ਦਿਨ ਪਹਿਲਾਂ 18 ਅਗਸਤ ਨੂੰ ਗੁਰਿੰਦਰ ਸਿੰਘ ਨੂੰ ਆਖਰੀ ਵਾਰ ਦੇਖਿਆ ਗਿਆ ਸੀ। ਮਾਮਲੇ ਦਾ ਦਿਲਚਸਪ ਪੱਖ ਇਹ ਹੈ ਕਿ ਮਈ ਵਿਚ ਜਾਂਚ ਦਾ ਜਨਤਕ ਤੌਰ 'ਤੇ ਖੁਲਾਸਾ ਹੋਣ ਮਗਰੋਂ ਗੁਰਿੰਦਰ ਸਿੰਘ ਦੇ ਐਚ.ਡੀ. ਐਫ.ਸੀ. ਤੇ ਪੰਜਾਬ ਐਂਡ ਸਿੰਧ ਬੈਂਕ ਵਿਚਲੇ ਖਾਤਿਆਂ ਵਿਚੋਂ 100 ਕਰੋੜ ਰੁਪਏ ਤੋਂ ਵੱਧ ਰਕਮ ਕਢਵਾਈ ਗਈ ਹੈ। ਵਿਜੀਲੈਂਸ ਬਿਊਰੋ ਨੇ ਇਸ ਸਬੰਧੀ ਠੇਕੇਦਾਰ ਗੁਰਿੰਦਰ ਸਿੰਘ, ਸਿੰਜਾਈ ਵਿਭਾਗ ਦੇ ਤਿੰਨ ਸੇਵਾ ਮੁਕਤ ਮੁੱਖ ਇੰਜੀਨੀਅਰਾਂ, ਦੋ ਮੌਜੂਦਾ ਕਾਰਜਕਾਰੀ ਇੰਜੀਨੀਅਰਾਂ ਅਤੇ ਇਕ ਐਸ.ਡੀ.ਓ. ਸਣੇ ਅੱਠ ਜਣਿਆਂ ਵਿਰੁੱਧ ਕੇਸ ਦਰਜ ਕੀਤਾ ਸੀ। ਉਨ੍ਹਾਂ ਉਤੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਦਾ ਰਗੜਾ ਲਾਉਣ ਦਾ ਦੋਸ਼ ਹੈ। ਵਿਜੀਲੈਂਸ ਨੇ ਗੁਰਿੰਦਰ ਸਿੰਘ ਦੀਆਂ ਪਿਛਲੇ 10 ਸਾਲਾਂ ਵਿਚ ਖਰੀਦੀਆਂ ਜਾਇਦਾਦਾਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਦੀ ਕੀਮਤ ਤਕਰੀਬਨ 100 ਕਰੋੜ ਰੁਪਏ ਤੋਂ ਵੱਧ ਬਣਦੀ ਹੈ।

# ਉਤਰੀ ਕੋਰੀਆ ਦੀਆਂ ਪਰਮਾਣੂ ਪਰਖਾਂ ਨੇ ਦੁਨੀਆਂ ਹਿਲਾਈ

**ਸਿਓਲ:** ਉਤਰੀ ਕੋਰੀਆ ਵੱਲੋਂ ਕੀਤੀਆਂ ਜਾ ਰਹੀਆਂ ਪਰਮਾਣੂ ਪਰਖਾਂ ਨੇ ਕੌਮਾਂਤਰੀ ਪੱਧਰ ਉਤੇ ਤਣਾਅ ਵਧਾ ਦਿੱਤਾ ਹੈ। ਉਤਰੀ ਕੋਰਿਆਈ ਨੇਤਾ ਕਿਮ ਜੌਂਗ-ਅਨ ਨੇ ਦਾਅਵਾ ਕੀਤਾ ਕਿ ਮੁਲਕ ਦੇ ਵਿਗਿਆਨੀਆਂ ਨੇ ਇਕ ਅਤਿ ਆਧੁਨਿਕ ਹਾਈਡਰੋਜਨ ਬੰਬ ਨੂੰ ਪਰਖਿਆ ਜੋ ਕਿ ਲੰਮੀ ਦੂਰੀ ਤੱਕ ਮਾਰ ਕਰਨ ਵਾਲੇ ਮਿਜ਼ਾਈਲ ਵਿਚ ਫਿੱਟ ਕੀਤਾ ਜਾ ਸਕਦਾ ਹੈ।

ਇਸ ਧਮਾਕੇ ਤੋਂ ਬਾਅਦ ਅਮਰੀਕਾ ਤੇ ਹੋਰ ਤਾਕਤਵਰ ਮੁਲਕਾਂ ਦਾ ਰੁਖ ਬਹੁਤ ਸਖਤ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਧਮਕੀ ਦਿੱਤੀ ਹੈ ਕਿ ਅਮਰੀਕਾ ਹਰ ਉਸ ਮੁਲਕ ਨਾਲ ਆਪਣੇ ਕਾਰੋਬਾਰੀ ਰਿਸ਼ਤੇ ਖਤਮ ਕਰ ਲਵੇਗਾ ਜਿਹੜਾ ਉਤਰੀ ਕੋਰੀਆ ਨਾਲ ਕਿਸੇ ਵੀ ਰੂਪ ਵਿਚ ਸਾਂਝ ਰੱਖਦਾ ਹੈ।

ਟਰੰਪ ਦਾ ਇਸ਼ਾਰਾ ਚੀਨ ਵੱਲ ਹੈ ਹਾਲਾਂਕਿ ਇਹ ਪਹਿਲੀ ਵਾਰ ਹੈ ਜਦੋਂ ਚੀਨ ਨੇ ਵੀ ਉਤਰੀ ਕੋਰੀਆ ਦੀ ਸਿੱਧੇ ਤੌਰ 'ਤੇ ਨਿੰਦਾ ਕੀਤੀ ਹੈ। ਜ਼ਿਕਰਯੋਗ ਹੈ ਕਿ ਉਤਰੀ ਕੋਰੀਆ ਪਰਮਾਣੂ ਅਪਸਾਰ ਬਾਰੇ ਕੌਮਾਂਤਰੀ ਸੰਧੀਆਂ ਤੇ ਸਮਝੌਤਿਆਂ ਦੀ ਲਗਾਤਾਰ ਉਲੰਘਣਾ ਕਰਦਾ ਆ ਰਿਹਾ ਹੈ ਅਤੇ ਸਲਾਮਤੀ ਕੌਂਸਲ ਵੱਲੋਂ ਉਸ ਉਪਰ ਲਾਈਆਂ ਆਰਥਿਕ ਬੰਦਸ਼ਾਂ ਵੀ ਉਸ ਨੂੰ ਇਸ ਰਾਹ ਤੋਂ ਹਟਾ ਨਹੀਂ ਸਕੀਆਂ। ਕਿਮ ਜੌਂਗ-ਅਨ ਧਮਕੀ ਦਿੰਦਾ ਆਇਆ ਹੈ ਕਿ ਜੇਕਰ ਉਸ ਦੇ ਮੁਲਕ ਉਤੇ ਹਮਲਾ ਕੀਤਾ ਗਿਆ ਤਾਂ ਉਹ ਜਪਾਨ ਜਾਂ ਦੱਖਣੀ ਕੋਰੀਆ ਨੂੰ ਜਵਾਬੀ ਪਰਮਾਣੂ ਹਮਲੇ ਦਾ ਨਿਸ਼ਾਨਾ ਬਣਾਉਣ ਤੋਂ ਨਹੀਂ ਝਿਜਕੇਗਾ। ਅਜੇ ਕੁਝ ਦਿਨ ਪਹਿਲਾਂ ਉਤਰੀ ਕੋਰੀਆ ਨੇ ਇਕ ਬਾਲਿਸਟਿਕ ਮਿਜ਼ਾਈਲ ਦੀ ਪਰਖ ਕੀਤੀ ਸੀ ਜੋ ਜਪਾਨ ਦੇ ਉਪਰੋਂ ਲੰਘਦਾ ਹੋਇਆ ਪ੍ਰਸ਼ਾਂਤ ਮਹਾਂਸਾਗਰ ਵਿਚ ਜਾ ਡਿੱਗਿਆ ਸੀ। ਇਸ ਰਾਹੀਂ ਉਸ ਨੇ ਦਰਸਾ ਦਿੱਤਾ ਸੀ ਕਿ ਉਸ ਦੀਆਂ ਧਮਕੀਆਂ ਫੋਕੀਆਂ ਨਹੀਂ ਬਲਕਿ ਉਹ ਇਨ੍ਹਾਂ ਨੂੰ ਕਾਰਗਰ ਰੂਪ ਦੇਣ ਦੇ ਸਮਰੱਥ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਤਰੀ ਕੋਰੀਆ ਨੇ 2500 ਕਿਲੋਮੀਟਰ ਦੀ ਦੂਰੀ ਤੱਕ ਮਾਰ ਕਰਨ ਵਾਲੇ ਮਿਜ਼ਾਈਲ ਤਿਆਰ ਕੀਤੇ ਹੋਏ ਹਨ ਅਤੇ ਉਹ ਪ੍ਰਸ਼ਾਂਤ ਖਿੱਤੇ ਵਿਚ ਅਮਰੀਕੀ ਠਿਕਾਣਿਆਂ ਨੂੰ ਸਹਿਜੇ ਹੀ ਨਿਸ਼ਾਨਾ ਬਣਾ ਸਕਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਕਿਸਾਨ ਆਗੂ ਕਾਮਰੇਡ ਸ਼ੰਗਾਰਾ ਸਿੰਘ ਬੋਪਾਰਾਏ ਦਾ ਦਿਹਾਂਤ

**ਸੈਕਰਾਮੈਂਟੋ (ਬਿਊਰੋ):** ਕਿਸਾਨ ਆਗੂ ਕਾਮਰੇਡ ਸ਼ੰਗਾਰਾ ਸਿੰਘ ਬੋਪਾਰਾਏ ਲੰਘੀ 30 ਅਗਸਤ ਨੂੰ ਅਕਾਲ ਚਲਾਣਾ ਕਰ ਗਏ। ਉਹ ਕਰੀਬ 67 ਵਰ੍ਹਿਆਂ ਦੇ ਸਨ ਅਤੇ ਆਪਣੇ ਜੱਦੀ ਪਿੰਡ ਬੋਪਾਰਾਏ, ਜਿਲ੍ਹਾ



ਜਲੰਧਰ ਵਿਖੇ ਰਹਿ ਰਹੇ ਸਨ।

ਸਵਰਗੀ ਸ਼ੰਗਾਰਾ ਸਿੰਘ ਇਥੇ ਰਹਿੰਦੇ ਪਤਵੰਤੇ ਸੱਜਣ ਸਰਪੰਚ ਜਗਜੀਤ ਸਿੰਘ ਕੰਦੋਲਾ ਦੇ ਸਾਲਾ ਸਾਹਿਬ ਸਨ। ਉਨ੍ਹਾਂ ਨਮਿੱਤ ਅਖੰਡ ਪਾਠ ਦਾ ਭੋਗ 11 ਸਤੰਬਰ ਨੂੰ ਪਰਿਵਾਰ ਵਲੋਂ ਪਾਇਆ ਜਾਵੇਗਾ। ਉਪਰੰਤ ਪਰਿਵਾਰ 21 ਸਤੰਬਰ ਨੂੰ ਸੈਕਰਾਮੈਂਟੋ ਪਰਤ ਆਵੇਗਾ। ਪਰਿਵਾਰ ਨਾਲ ਫੋਨ 916-968-0901 ਜਾਂ 916-760-7284 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਉਤਰ ਪ੍ਰਦੇਸ਼ 'ਚ ਰੁਕ ਨਹੀਂ ਰਿਹਾ ਬੱਚਿਆਂ ਦੀਆਂ ਮੌਤਾਂ ਦਾ ਸਿਲਸਲਾ

**ਫਾਰੂਖਾਬਾਦ/ਲਖਨਊ:** ਫਾਰੂਖਾਬਾਦ ਜ਼ਿਲ੍ਹਾ ਹਸਪਤਾਲ ਵਿਚ ਇਕ ਮਹੀਨੇ ਅੰਦਰ 49 ਬੱਚਿਆਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦੀ ਜਨਮ ਸਮੇਂ ਦਮ ਘੁੱਟਣ ਕਾਰਨ ਮੌਤ ਹੋਈ ਹੈ। ਇਹ ਗੋਰਖਪੁਰ ਤਰਾਸਦੀ ਦਾ ਹੀ ਦੁਹਰਾਅ ਹੈ, ਜਿਥੇ ਪਿਛਲੇ ਮਹੀਨੇ ਸਰਕਾਰੀ ਹਸਪਤਾਲ ਵਿਚ ਦੋ ਦਿਨਾਂ ਵਿਚ 30 ਬੱਚੇ ਮਰੇ ਸਨ। ਫਾਰੂਖਾਬਾਦ ਵਿਚ ਕਈ ਬੱਚਿਆਂ ਦੇ ਮਾਪਿਆਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਆਕਸੀਜਨ ਤੇ ਦਵਾਈਆਂ ਦੇਣ ਵਿਚ ਦੇਰ ਕੀਤੀ ਗਈ ਸੀ।

ਲਖਨਊ ਵਿਚ ਸਰਕਾਰੀ ਤਰਜਮਾਨ ਨੇ ਦੱਸਿਆ ਕਿ 20 ਜੁਲਾਈ ਅਤੇ 21 ਅਗਸਤ ਦਰਮਿਆਨ ਇਸ ਹਸਪਤਾਲ ਵਿਚ 30 ਬੱਚੇ ਨੀਓ-ਨੈਟਲ ਆਈ.ਸੀ.ਯੂ. ਅਤੇ 19 ਬੱਚੇ ਡਲਿਵਰੀ ਦੌਰਾਨ ਦਮ ਤੋੜ ਗਏ। ਸੂਬਾਈ ਸਰਕਾਰ ਨੇ ਫਾਰੂਖਾਬਾਦ ਜ਼ਿਲ੍ਹਾ ਮੈਜਿਸਟਰੇਟ ਰਵਿੰਦਰ ਕੁਮਾਰ ਤੋਂ ਇਲਾਵਾ ਚੀਫ ਮੈਡੀਕਲ ਅਫਸਰ (ਸੀ.ਐਮ.ਓ.) ਉਮਾਕਾਂਤ ਪਾਂਡੇ ਅਤੇ ਚੀਫ ਮੈਡੀਕਲ ਸੁਪਰਡੈਂਟ (ਸੀ.ਐਮ.ਐਸ.) ਅਖਿਲੇਸ਼ ਅਗਰਵਾਲ ਨੂੰ ਬਦਲ ਦਿੱਤਾ ਹੈ।

## ਜਦੋਂ ਮਰੀਜ਼ ਤੜਫਦਾ ਛੱਡ ਆਪਸ ਵਿਚ ਲੜਨ ਲੱਗ ਪਏ ਡਾਕਟਰ

**ਨਵੀਂ ਦਿੱਲੀ:** ਦੇਸ਼ ਵਿਚ ਡਾਕਟਰਾਂ ਦੀ ਲਾਪਰਵਾਹੀ ਦੇ ਕਿੱਸੇ ਆਮ ਹੀ ਸੁਣਨ ਨੂੰ ਮਿਲਦੇ ਰਹਿੰਦੇ ਹਨ। ਹੁਣ ਇਕ ਮਾਮਲਾ ਇਹ ਸਾਹਮਣੇ



ਆਇਆ ਹੈ ਕਿ ਇਕ ਮਰੀਜ਼ ਔਰਤ ਆਪ੍ਰੇਸ਼ਨ ਟੇਬਲ 'ਤੇ ਹੈ ਤੇ ਡਾਕਟਰ ਉਸ ਵੱਲ ਧਿਆਨ ਦੇਣ ਦੀ ਬਜਾਏ ਆਪਸ 'ਚ ਝਗੜ ਰਹੇ ਹਨ।

ਇਸੇ ਦੌਰਾਨ ਜਨਮ ਲੈਣ ਵਾਲੇ ਬੱਚੇ ਦੀ ਮੌਤ ਹੋ ਗਈ। ਇਹ ਘਟਨਾ ਰਾਜਸਥਾਨ ਦੇ ਜੋਧਪੁਰ ਵਿਚ ਸਥਿਤ ਉਮੇਦ ਹਸਪਤਾਲ ਦੀ ਹੈ। ਡਾਕਟਰਾਂ ਦੇ ਆਪਸੀ ਝਗੜੇ ਦੀ ਵੀਡੀਓ ਕਾਫੀ ਵਾਇਰਲ ਹੋ ਰਹੀ ਹੈ। ਜਾਣਕਾਰੀ ਅਨੁਸਾਰ ਇਹ ਔਰਤ ਬੇਹੋਸ਼ ਹੈ, ਜਿਸ ਦਾ ਜਲਦ ਆਪ੍ਰੇਸ਼ਨ ਕਰਨਾ ਜ਼ਰੂਰੀ ਸੀ, ਪਰ ਡਾ. ਅਸ਼ੋਕ ਨੈਨੀਵਾਲ ਤੇ ਐਮ.ਐਲ. ਟਾਕ ਦੋਵੇਂ ਆਪ੍ਰੇਸ਼ਨ ਥੀਏਟਰ 'ਚ ਕਰੀਬ ਅੱਧੇ ਘੰਟੇ ਤੱਕ ਝਗੜਦੇ ਰਹੇ। ਹਸਪਤਾਲ ਪ੍ਰਸ਼ਾਸਨ ਨੇ ਉਨ੍ਹਾਂ ਤੋਂ ਇਸ ਹਰਕਤ 'ਤੇ ਜਵਾਬ ਮੰਗਦਿਆਂ ਮੁਅੱਤਲ ਕਰ ਦਿੱਤਾ ਹੈ। ਡਾਕਟਰਾਂ ਦੀ ਇਸ ਲਾਪਰਵਾਹੀ ਤੋਂ ਨਾਰਾਜ਼ ਰਾਜਸਥਾਨ ਹਾਈ ਕੋਰਟ ਦੇ ਜਸਟਿਸ ਗੋਪਾਲ ਕ੍ਰਿਸ਼ਨ ਵਿਆਸ ਨੇ ਪੂਰੀ ਘਟਨਾ ਦੀ ਜਾਣਕਾਰੀ ਮੰਗੀ ਹੈ।

## ਹੁਣ ਜਲੰਧਰ ਤੋਂ ਉਡਣਗੇ ਯਾਤਰੀ ਜਹਾਜ਼

**ਜਲੰਧਰ:** ਆਦਮਪੁਰ ਹਵਾਈ ਅੱਡੇ ਤੋਂ ਪਹਿਲਾ ਯਾਤਰੀ ਜਹਾਜ਼ 25 ਸਤੰਬਰ ਨੂੰ ਉਤਰੇਗਾ। ਦਿੱਲੀ ਤੋਂ ਜਲੰਧਰ ਦੀ ਸਪਾਈਸਜੈੱਟ ਦੀ ਇਸ ਫਲਾਈਟ ਵਿਚ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਤੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦੇ ਨਾਲ ਕੇਂਦਰੀ ਨਾਗਰਿਕ ਉਡਾਣ ਮੰਤਰੀ ਅਸ਼ੋਕ ਗਜਪਤੀ ਰਾਜੂ ਤੇ ਰਾਜ ਮੰਤਰੀ ਜਯੰਤ ਸਿਨ੍ਹਾ ਵੀ ਹੋਣਗੇ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਮੇਸ਼ ਸ਼ਰਮਾ ਨੇ ਦੱਸਿਆ ਕਿ ਪੰਡਤ ਦੀਨਦਿਆਲ ਉਪਾਧਿਆਏ ਦਾ ਜਨਮ ਦਿਹਾੜਾ 25 ਸਤੰਬਰ ਨੂੰ ਹੈ।

ਇਸ ਲਈ ਇਸੇ ਦਿਨ ਫਲਾਈਟ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਭਾਜਪਾ 2016-17 ਨੂੰ ਪੰਡਤ ਜੀ ਦੀ ਜਨਮ ਸ਼ਤਾਬਦੀ ਵਜੋਂ ਵੀ ਮਨਾ ਰਹੀ ਹੈ। ਸੰਸਦ ਮੈਂਬਰ ਵਿਜੇ ਸਾਂਪਲਾ ਕੋਸ਼ਿਸ਼ਾਂ 'ਚ ਲੱਗੇ ਹਨ ਕਿ ਇਸ ਫਲਾਈਟ ਵਿਚ ਦੇਸ਼ ਦੇ ਵਿੱਤ ਮੰਤਰੀ ਅਰੁਣ ਜੇਟਲੀ ਨੂੰ ਵੀ ਜਲੰਧਰ ਲਿਆਂਦਾ ਜਾਵੇ। ਅਜੇ ਉਨ੍ਹਾਂ ਵੱਲੋਂ ਮਨਜ਼ੂਰੀ ਨਹੀਂ ਮਿਲੀ ਹੈ। 25 ਨੂੰ ਦਿੱਲੀ ਤੋਂ ਆਦਮਪੁਰ ਆਉਣ ਤੋਂ ਬਾਅਦ ਇਸੇ ਦਿਨ ਇਹ ਫਲਾਈਟ ਆਦਮਪੁਰ ਤੋਂ ਦਿੱਲੀ ਵੀ ਜਾਵੇਗੀ।

## ਦੋ ਲੱਖ ਤੋਂ ਵੱਧ ਕੰਪਨੀਆਂ ਦੀ ਰਜਿਸਟਰੇਸ਼ਨ ਸਮਾਪਤ

**ਨਵੀਂ ਦਿੱਲੀ:** ਕਾਲੇ ਧਨ ਖਿਲਾਫ਼ ਅਹਿਮ ਕਾਰਵਾਈ ਕਰਦਿਆਂ ਕੇਂਦਰ ਸਰਕਾਰ ਨੇ 2.09 ਲੱਖ ਤੋਂ ਵੱਧ ਕੰਪਨੀਆਂ, ਜਿਨ੍ਹਾਂ ਦੀ ਰਜਿਸਟਰੇਸ਼ਨ ਸਮਾਪਤ ਕੀਤੀ ਗਈ ਹੈ, ਦੇ ਬੈਂਕ ਖਾਤੇ ਸੀਲ ਕਰਨ ਦੇ ਹੁਕਮ ਦਿੱਤੇ। ਸਰਕਾਰ ਨੇ ਦੱਸਿਆ ਕਿ ਅਜਿਹੀਆਂ ਹੋਰ ਫਰਮਾਂ ਖਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ। ਵਿੱਤ ਮੰਤਰਾਲੇ ਨੇ ਦੱਸਿਆ ਕਿ ਬੈਂਕਾਂ ਨੂੰ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਕੰਪਨੀਆਂ, ਜੋ ਹੁਣ ਕਾਰੋਬਾਰੀ ਗਤੀਵਿਧੀਆਂ ਤੋਂ ਵੀ ਬਾਹਰ ਹਨ, ਖਿਲਾਫ਼ ਚੌਕਸੀ ਵਧਾਉਣ ਲਈ ਕਿਹਾ ਗਿਆ ਹੈ। ਦੱਸਣਯੋਗ ਹੈ ਕਿ ਫਰਜ਼ੀ ਕੰਪਨੀਆਂ ਦੀ ਗੈਰਕਾਨੂੰਨੀ ਫੰਡਾਂ ਦੇ ਪ੍ਰਵਾਹ ਅਤੇ ਕਰਾਂ ਤੋਂ ਬਚਣ ਲਈ ਵਰਤੋਂ ਕੀਤੀ ਜਾਂਦੀ ਹੈ। ਸਰਕਾਰ ਨੇ ਦੱਸਿਆ ਕਿ ਜਿਹੜੀਆਂ ਫਰਮਾਂ ਦੀ ਰਜਿਸਟਰੇਸ਼ਨ ਸਮਾਪਤ ਕੀਤੀ ਗਈ ਹੈ, ਉਨ੍ਹਾਂ ਦੇ ਡਾਇਰੈਕਟਰਜ਼ ਉਦੋਂ ਤੱਕ ਬੈਂਕ ਖਾਤੇ ਨਹੀਂ ਚਲਾ ਸਕਣਗੇ ਜਦੋਂ ਤੱਕ ਇਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਬਹਾਲ ਨਹੀਂ ਕੀਤਾ ਜਾਂਦਾ।

## Matrimonials

### ਲੜਕੀ ਦੀ ਲੋੜ ਹੈ

Beautiful Gursikh match only USA/Canada Citizen/H1B/PR visa for handsome Gursikh vegetarian boy, only son, 28, 5'-7", MS Degree from USA, Working in New York. Caste no bar. Respond with full details, photo. Email: TPSingh3302@gmail.com 36-37/39-40

Wanted citizen or green card holder Nai Sikh girl for a Nai Sikh boy 29 years, 5'-9", BBA on visitor visa. Family of the boy well settled in India. Only sister married in the USA. Simple and early marriage. Contact, Ph: 646-318-1589 35-38

ਆਦਿ ਧਰਮੀ ਉਮਰ 47 ਸਾਲ, ਕੱਦ 5'-6", ਚੰਗੇ ਬਿਜਨਸ ਦੇ ਮਾਲਕ ਵਿਅਕਤੀ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਜਾਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 859-287-6730

Wanted citizen or green card holder life partner for Aad Dharmi 47, 5'-6", good business owner, well settled man. Caste no bar. Widow or divorce can also be considered. Contact, Ph: 859-287-6730 35-38

### ਲੜਕੀ ਦੀ ਲੋੜ ਹੈ

Wanted green card or citizen Jatt Sikh girl for Jatt Sikh boy 27 yrs., 5'-10", Masters in Banking & Finance, working as Branch Manager in Bank of India. Maternal family well settled in USA. Non-drinker, non-smoker, No Demands. Contact, Ph: (219) 671-3442. 35-36

ਸੈਣੀ ਸਿੱਖ ਉਮਰ 31 ਸਾਲ, ਕੱਦ 5'8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ: 319-670-8892 33

### ਵਰ ਦੀ ਲੋੜ ਹੈ

Looking for a Jatt Sikh well-educated US Citizen boy from respected family for U.S. citizen Jatt Sikh girl 28, Height 5'4", CPA. Tax Manager, from SF Bay Area. Contact saabks500@gmail.com 34-37

33 ਸਾਲਾ ਤਲਾਕਸ਼ੁਦਾ ਲੜਕੀ ਐਮ.ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com 33-36


## ਸਾਹਨੇਵਾਲ-ਦਿੱਲੀ ਉਡਾਣਾਂ ਦਾ ਸਿਹਰਾ ਲੈਣ ਲਈ ਜ਼ੋਰ ਅਜ਼ਮਾਈ

**ਲੁਧਿਆਣਾ:** ਲੁਧਿਆਣਾ-ਦਿੱਲੀ ਵਿਚਾਲੇ ਦੋ ਸਤੰਬਰ ਤੋਂ ਸ਼ੁਰੂ ਹੋਈ ਹਵਾਈ ਉਡਾਣ ਦਾ ਸਿਹਰਾ ਲੈਣ ਲਈ ਕਾਂਗਰਸੀ ਅਤੇ ਅਕਾਲੀ ਆਗੂ ਮਿਹਣੋ-ਮਿਹਣੀ ਹੋ ਰਹੇ ਹਨ।

ਇਕ ਪਾਸੇ ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਉਡਾਣ ਸ਼ੁਰੂ ਕਰਵਾਉਣ ਦੇ ਸਿਰਤੋੜ ਯਤਨਾਂ ਦਾ ਦਾਅਵਾ ਕਰ ਰਹੇ ਹਨ, ਦੂਜੇ ਪਾਸੇ ਉਡਾਣ ਦੀ ਸਫਲਤਾ ਨੂੰ ਸੁਖਬੀਰ ਸਿੰਘ ਬਾਦਲ ਦੇ ਯਤਨਾਂ ਦਾ ਸਿੱਟਾ ਦੱਸਿਆ ਜਾ ਰਿਹਾ ਹੈ।

ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਪੰਜਾਬ ਕਾਂਗਰਸ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤੀ 'ਉਡਾਣ' ਸਕੀਮ ਕਰ ਕੇ ਹੀ ਅਜਿਹਾ ਸੰਭਵ ਹੋਇਆ ਹੈ। ਉਨ੍ਹਾਂ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਰਵਨੀਤ ਸਿੰਘ ਬਿੱਟੂ ਸਮੇਤ ਬਹੁਤੇ ਕਾਂਗਰਸੀ ਇਸ ਉਡਾਣ ਦਾ ਸਿਹਰਾ ਲੈਣ ਲਈ ਵੱਡੇ-ਵੱਡੇ ਹੋਰਡਿੰਗਜ਼ ਲਵਾ ਰਹੇ ਹਨ। ਸ੍ਰੀ ਗਰੇਵਾਲ ਨੇ ਦਾਅਵਾ ਕਿ ਇਸ ਉਡਾਣ ਦਾ ਵਿਚਾਰ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸੀ ਅਤੇ 13 ਮਾਰਚ 2008 ਨੂੰ ਅਲਾਇੰਸ ਏਅਰ ਨੇ ਲੁਧਿਆਣਾ ਤੋਂ ਉਡਾਣਾਂ ਸ਼ੁਰੂ ਕਰਨ ਬਾਰੇ ਸਿਧਾਂਤਕ ਫੈਸਲਾ ਲੈ ਕੇ ਇਸ ਵਿਚਾਰ ਨੂੰ ਹਕੀਕਤ ਦੇ ਰਾਹ ਤੋਰ ਦਿੱਤਾ ਸੀ।

ਦੂਜੇ ਪਾਸੇ ਰਵਨੀਤ ਸਿੰਘ ਬਿੱਟੂ ਨੇ ਸ੍ਰੀ ਗਰੇਵਾਲ ਦੇ ਬਿਆਨ ਨੂੰ ਅਕਾਲੀ ਦਲ ਦੀ ਬੌਖਲਾਹਟ ਦੱਸਦਿਆਂ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਇਸ ਸਬੰਧੀ ਲੋੜੀਂਦਾ ਸਮਝੌਤਾ ਕਰਨ ਵਿਚ ਦਿਲਚਸਪੀ ਨਹੀਂ ਦਿਖਾਈ ਸੀ, ਜਿਸ ਤਹਿਤ ਘਾਟੇ ਵਾਲੀਆਂ ਉਡਾਣਾਂ ਦੇ ਨੁਕਸਾਨ ਦੀ ਜ਼ਿੰਮੇਵਾਰੀ ਚੁੱਕੀ ਜਾਣੀ ਸੀ।

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

*Gurdip Singh Sandhu*
**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਤੰਦੂਰੀਏ ਅਤੇ ਕੁੱਕ ਦੀ ਲੋੜ ਹੈ
ਕੈਂਬਰਿਜ ਸਿਟੀ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਹੈਲਪਰ ਦੀ ਲੋੜ ਹੈ। ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ:
ਫੋਨ: 317-750-1900
33-36



# ਨੋਟਬੰਦੀ ਬਾਰੇ ਮੋਦੀ ਦੀਆਂ ਫੋਕੀਆਂ ਫੜ੍ਹਾਂ

ਭਾਰਤੀ ਰਿਜ਼ਰਵ ਬੈਂਕ ਮੁਤਾਬਕ ਨੋਟਬੰਦੀ ਤੋਂ ਪਹਿਲਾਂ 15.44 ਲੱਖ ਕਰੋੜ ਦੇ 1000 ਤੇ 500 ਰੁਪਏ ਦੇ ਪੁਰਾਣੇ ਨੋਟ ਚੱਲ ਰਹੇ ਸਨ। ਰੱਦ ਕੀਤੇ 15.28 ਲੱਖ ਕਰੋੜ ਰੁਪਏ ਦੇ ਨੋਟ ਬੈਂਕ ਕੋਲ ਵਾਪਸ ਆ ਗਏ ਹਨ। ਇਸ ਦਾ ਮਤਲਬ ਹੈ ਕਿ ਹੁਣ ਇਕ ਫੀਸਦੀ ਪੈਸਾ ਹੀ ਬਾਜ਼ਾਰ ਵਿਚ ਬਚਿਆ ਹੈ। ਮੋਦੀ ਸਰਕਾਰ ਨੇ ਨੋਟਬੰਦੀ ਨੂੰ ਕਾਲਾ ਧਨ ਬਾਹਰ ਕਢਵਾਉਣਾ ਵਜੋਂ ਪ੍ਰਚਾਰਿਆ ਸੀ। ਹੁਣ ਸਵਾਲ ਇਹ ਉਠ ਰਿਹਾ ਹੈ ਕਿ ਲੋਕਾਂ ਕੋਲ ਕਾਲਾ ਧਨ ਹੈ ਹੀ ਨਹੀਂ ਸੀ ਜਾਂ ਮੋਦੀ ਦੇ ਤਜਰਬੇ (ਨੋਟਬੰਦੀ) ਨੇ ਕਾਲੇ ਧਨ ਨੂੰ ਸਫੈਦ ਕਰਨ ਦਿੱਤਾ। ਨੋਟਬੰਦੀ ਦੀ ਆਮ ਲੋਕਾਂ ਨੂੰ ਵੱਡੀ ਕੀਮਤ ਤਾਰਨੀ ਪਈ। ਰਿਜ਼ਰਵ ਬੈਂਕ ਦਾ ਨਵੇਂ ਨੋਟ ਛਾਪਣ ਤੇ ਉਨ੍ਹਾਂ ਨੂੰ ਥਾਂ-ਥਾਂ ਪਹੁੰਚਾਉਣ 'ਤੇ 21000 ਕਰੋੜ ਰੁਪਏ ਦਾ ਖਰਚ ਆਇਆ ਤੇ ਉਸ ਨੂੰ ਕਾਲਾ ਧਨ ਸਿਰਫ 16000 ਕਰੋੜ ਦਾ ਹੀ ਲੱਭਿਆ। ਨੋਟਬੰਦੀ ਕਾਰਨ ਲੋਕਾਂ ਨੂੰ ਕਈ ਕਈ ਦਿਨ ਬੈਂਕਾਂ ਅੱਗੇ ਲੰਮੀਆਂ ਕਤਾਰਾਂ ਲਾਉਣੀਆਂ ਪਈਆਂ। ਇਸ ਪਰੇਸ਼ਾਨੀ ਕਾਰਨ ਨਵੰਬਰ ਤੇ ਦਸੰਬਰ ਵਿਚ 100 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ, ਕਈਆਂ ਦੀਆਂ ਨੌਕਰੀਆਂ ਚਲੀਆਂ ਗਈਆਂ। ਕਤਾਰ ਵਿਚ ਲੱਗੀ ਇਕ ਲੜਕੀ ਇੰਨੀ ਪ੍ਰੇਸ਼ਾਨ ਹੋ ਗਈ ਸੀ ਕਿ ਉਸ ਨੇ ਆਪਣੇ ਕੱਪੜੇ ਹੀ ਉਤਾਰ ਦਿੱਤੇ ਸਨ। ਆਪਣੀ ਨਾਕਾਮੀ 'ਤੇ ਮੋਦੀ ਸਰਕਾਰ ਹੁਣ ਘਿਰੀ ਹੋਈ ਹੈ।

**ਨਵੀਂ ਦਿੱਲੀ:** ਨੋਟਬੰਦੀ ਰਾਹੀਂ ਕਾਲਾ ਧਨ ਖਿੱਚਣ ਬਾਰੇ ਮੋਦੀ ਸਰਕਾਰ ਦੇ ਸਾਰੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਸਰਕਾਰ ਇਹ ਦਾਅਵੇ ਕਰ ਰਹੀ ਸੀ ਕਿ ਤਕਰੀਬਨ ਤਿੰਨ ਲੱਖ ਕਰੋੜ ਰੁਪਏ ਦਾ ਲੁਕਿਆ ਪੈਸਾ ਜਾਂ ਕਾਲਾ ਧਨ ਬਾਹਰ ਆਵੇਗਾ। ਰਿਜ਼ਰਵ ਬੈਂਕ ਆਫ ਇੰਡੀਆ ਦੇ ਦਾਅਵੇ ਨੇ ਸਾਫ ਕਰ ਦਿੱਤਾ ਹੈ ਕਿ ਇਹ ਮੋਦੀ ਦੀਆਂ ਫੋਕੀਆਂ ਫੜ੍ਹਾਂ ਹੀ ਸਾਬਤ ਹੋਈਆਂ। ਨੋਟਬੰਦੀ ਲਾਗੂ ਹੋਣ ਤੋਂ ਬਾਅਦ ਆਰ.ਬੀ.ਆਈ. ਨੇ ਦੱਸਿਆ ਸੀ ਕਿ ਅੱਠ ਨਵੰਬਰ 2016 ਤੋਂ ਪਹਿਲਾਂ 15.44 ਲੱਖ ਕਰੋੜ ਦੇ 1000 ਤੇ 500 ਰੁਪਏ ਦੇ ਪੁਰਾਣੇ ਨੋਟ ਚੱਲ ਰਹੇ ਸੀ। ਕੇਂਦਰੀ ਬੈਂਕ ਨੇ ਇਹ ਦੱਸਿਆ ਕਿ ਰੱਦ ਕੀਤੇ 15.28 ਲੱਖ ਕਰੋੜ ਰੁਪਏ ਦੇ ਨੋਟ ਤਾਂ ਬੈਂਕ ਕੋਲ ਵਾਪਸ ਆ ਗਏ ਹਨ। ਇਹ ਕਰੰਸੀ ਬਾਜ਼ਾਰ ਵਿਚ ਜਾਰੀ ਇਨ੍ਹਾਂ ਨੋਟਾਂ ਦੇ ਕੁੱਲ ਮੁੱਲ ਦਾ 99 ਫੀਸਦੀ ਬਣਦੀ ਹੈ।

ਇਸ ਦਾ ਮਤਲਬ ਕਿ ਨੋਟਬੰਦੀ ਨਾਲ ਇਹ ਸਾਬਤ ਹੋਇਆ ਹੈ ਕਿ ਭਾਰਤ ਵਿਚ 500 ਤੇ 1000 ਰੁਪਏ ਦੇ ਪੁਰਾਣੇ ਨੋਟਾਂ ਦੇ ਰੂਪ ਵਿਚ ਸਿਰਫ 1 ਫੀਸਦੀ ਕਾਲਾ ਧਨ ਹੈ। ਸਰਕਾਰ ਕੋਲ ਸਿਰਫ 16,000 ਕਰੋੜ ਰੁਪਏ ਦੇ ਪੁਰਾਣੇ ਨੋਟ ਨਹੀਂ ਜਮ੍ਹਾਂ ਕਰਵਾਏ ਗਏ, ਜਦਕਿ ਸਰਕਾਰ ਨੂੰ ਆਸ ਸੀ ਕਿ ਤਿੰਨ ਲੱਖ ਕਰੋੜ ਰੁਪਏ ਦੇ ਕਾਲੇ ਧਨ ਦਾ ਪਤਾ ਲੱਗੇਗਾ। ਨੋਟਬੰਦੀ ਉਤੇ ਵਿਸ਼ਾ ਮਾਹਰਾਂ ਦੀ ਵੱਖ-ਵੱਖ ਰਾਏ ਸੀ, ਪਰ ਜ਼ਿਆਦਾਤਰ ਇਸ ਦਾ ਕੋਈ ਖਾਸ ਫਾਇਦਾ ਨਾ ਹੋਣ ਬਾਰੇ ਹੀ ਕਹਿ ਰਹੇ ਸਨ। ਆਰ.ਬੀ.ਆਈ. ਵੱਲੋਂ ਜਾਰੀ ਅੰਕੜਿਆਂ ਤੋਂ ਬਾਅਦ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਨੋਟਬੰਦੀ ਬਾਰੇ ਕੁਝ ਤੱਥ ਸਾਹਮਣੇ ਰੱਖੇ। ਉਨ੍ਹਾਂ ਕਹਿਣਾ ਹੈ ਕਿ ਸਰਕਾਰ ਨੇ ਹੁਣ ਤੱਕ 500 ਤੇ 2,000 ਰੁਪਏ ਮੁੱਲ ਦੇ ਨਵੇਂ ਨੋਟ ਛਾਪਣ ਤੋਂ ਲੈ ਕੇ ਇਸ਼ਤਿਹਾਰਬਾਜ਼ੀ ਆਦਿ ਸਮੇਤ ਲੋਕਾਂ ਤੱਕ ਪਹੁੰਚਾਉਣ ਲਈ 21,000 ਕਰੋੜ ਰੁਪਏ ਖਰਚ ਕੀਤੇ ਹਨ। ਇੰਨਾ ਰੁਪਿਆ ਖਰਚ ਕਰਨ ਤੋਂ ਬਾਅਦ ਸਰਕਾਰ ਨੂੰ ਇਹ ਪਤਾ ਲੱਗਾ ਹੈ ਕਿ 16,000 ਕਰੋੜ ਦੇ ਪੁਰਾਣੇ ਨੋਟ ਵਾਪਸ ਨਹੀਂ ਆਏ।


ਉਨ੍ਹਾਂ ਟਵਿੱਟਰ ਰਾਹੀਂ ਵਿਅੰਗ ਕਰਦਿਆਂ ਕਿਹਾ ਕਿ ਨੋਟਬੰਦੀ ਲਾਗੂ ਕਰਨ ਵਾਲੇ ਅਰਥਸ਼ਾਸਤਰੀਆਂ ਨੂੰ ਨੋਬੇਲ ਪੁਰਸਕਾਰ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਿਤੇ ਨੋਟਬੰਦੀ ਕਾਲੇ ਧਨ ਨੂੰ ਕਾਨੂੰਨੀ ਰੂਪ ਵਿਚ ਸਫੈਦ ਬਣਾਉਣ ਦੀ ਪ੍ਰਕਿਰਿਆ ਤਾਂ ਨਹੀਂ ਸਾਬਤ ਹੋਈ। ਦੱਸਣਾ ਬਣਦਾ ਹੈ ਕਿ ਪ੍ਰਧਾਨ ਮੰਤਰੀ ਨੇ ਇਸ ਸਾਲ ਆਜ਼ਾਦੀ ਦਿਹਾੜੇ ਦੇ ਸਮਾਗਮ ਮੌਕੇ ਨੋਟਬੰਦੀ ਦੇ ਅਸਿੱਧੇ ਫਾਇਦਿਆਂ ਬਾਰੇ ਆਪਣੇ ਭਾਸ਼ਣ ਵਿਚ ਦਾਅਵਾ ਕੀਤਾ ਸੀ ਕਿ ਕਰੀਬ 2 ਲੱਖ ਕਰੋੜ ਰੁਪਏ ਦੀ ਅਣ-ਐਲਾਨੀ ਆਮਦਨ ਬੈਂਕਿੰਗ ਪ੍ਰਣਾਲੀ ਵਿਚ ਆਈ ਹੈ। ਇਸ ਨਾਲ ਆਮਦਨ ਕਰ ਰਿਟਰਨ ਭਰਨ ਵਾਲਿਆਂ ਦੀ ਗਿਣਤੀ ਵੀ ਦੁੱਗਣੀ ਹੋ ਗਈ ਹੈ।



## ਨੋਟਬੰਦੀ ਦੀ ਨਾਕਾਮੀ 'ਤੇ ਵਿਰੋਧੀ ਧਿਰ ਹੋਈ ਹਮਲਾਵਰ

**ਨਵੀਂ ਦਿੱਲੀ:** ਨੋਟਬੰਦੀ ਤੋਂ ਬਾਅਦ 99 ਫੀਸਦੀ ਨੋਟ ਵਾਪਸ ਆਉਣ ਦੇ ਅੰਕੜੇ ਜਾਰੀ ਹੋਣ ਤੋਂ ਬਾਅਦ ਕੇਂਦਰ ਸਰਕਾਰ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਹੈ। ਵਿਰੋਧੀ ਧਿਰ ਵੱਲੋਂ ਨੋਟਬੰਦੀ ਨੂੰ 'ਰਾਸ਼ਟਰ ਵਿਰੋਧੀ ਕਾਰਵਾਈ' ਅਤੇ 'ਅਰਥਚਾਰੇ ਦੀ ਤਬਾਹੀ' ਦਾ ਕਾਰਨ ਦੱਸਿਆ। ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਟਵਿੱਟਰ 'ਤੇ ਇਸ ਨੂੰ ਸਰਕਾਰ ਦੀ ਨਾਕਾਮੀ ਕਰਾਰ ਦਿੰਦਿਆਂ ਕਿਹਾ ਕਿ ਇਸ ਕਾਰਨ ਕਈ ਬੇਗੁਨਾਹ ਜ਼ਿੰਦਗੀਆਂ ਖਤਮ ਹੋ ਗਈਆਂ ਅਤੇ ਅਰਥਚਾਰਾ ਤਬਾਹ ਹੋ ਗਿਆ। ਸੀ.ਪੀ.ਆਈ. (ਐਮ.) ਦੇ ਨੇਤਾ ਸੀਤਾਰਾਮ ਯੇਚੁਰੀ ਨੇ ਨੋਟਬੰਦੀ ਨੂੰ ਭਾਰਤ ਵਿਰੋਧੀ ਕਾਰਵਾਈ ਦੱਸਦਿਆਂ ਕਿਹਾ ਕਿ ਦੇਸ਼ ਇਸ ਲਈ ਮੋਦੀ ਸਰਕਾਰ ਨੂੰ ਕਦੇ ਮੁਆਫ ਨਹੀਂ ਕਰੇਗਾ।

## ਸਰਕਾਰ ਆਪਣੇ ਉਦੇਸ਼ 'ਚ ਅੱਗੇ ਵਧ ਰਹੀ ਹੈ: ਜੇਤਲੀ



**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਦਾ ਦਾਅਵਾ ਹੈ ਕਿ ਨੋਟਬੰਦੀ ਜਿਸ ਉਦੇਸ਼ ਨਾਲ ਲਿਆਂਦੀ ਗਈ ਸੀ, ਉਸ ਵਿਚ ਸਰਕਾਰ ਅੱਗੇ ਵਧ ਰਹੀ ਹੈ ਤੇ ਇਸ ਦਾ ਉਦੇਸ਼ ਆਮ ਲੋਕਾਂ ਦਾ ਧਨ ਜ਼ਬਤ ਕਰਨਾ ਨਹੀਂ ਸੀ। ਨੋਟਬੰਦੀ ਦਾ ਉਦੇਸ਼ ਕਾਲੇ ਧਨ ਨੂੰ ਖਤਮ ਕਰਨਾ, ਡਿਜੀਟਲੀਕਰਨ ਨੂੰ ਅੱਗੇ ਵਧਾਉਣਾ ਤੇ ਅਰਥ ਵਿਵਸਥਾ ਨੂੰ ਕੈਸ਼ਲੈੱਸ ਬਣਾਉਣਾ ਸੀ ਤੇ ਇਸ ਦਿਸ਼ਾ 'ਚ ਸਰਕਾਰ ਹੌਲੀ-ਹੌਲੀ ਅੱਗੇ ਵਧ ਰਹੀ ਹੈ।

# ਮੋਦੀ ਸਰਕਾਰ ਦੇ ਅਰਥਚਾਰੇ ਨੂੰ ਲੀਹੇ ਪਾਉਣ ਦੇ ਸਭ ਤਜਰਬੇ ਪਏ ਪੁੱਠੇ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਵੱਲੋਂ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਤੇ ਅਰਥਚਾਰੇ ਨੂੰ ਲੀਹੇ ਪਾਉਣ ਲਈ ਕੀਤੇ ਤਜਰਬੇ ਪੁੱਠੇ ਪੈ ਰਹੇ ਹਨ। ਨੋਟਬੰਦੀ ਅਤੇ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਵਰਗੇ ਤਜਰਬਿਆਂ ਨੇ ਕੌਮੀ ਅਰਥਚਾਰੇ ਨੂੰ ਵੱਡੀ ਸੱਟ ਮਾਰੀ ਹੈ। ਇਸ ਸਾਲ ਦੀ ਪਹਿਲੀ ਤਿਮਾਹੀ ਅਪਰੈਲ ਤੋਂ ਜੂਨ ਦੌਰਾਨ ਦੇਸ਼ ਦੀ ਵਿਕਾਸ ਦਰ 5.7 ਫੀਸਦੀ ਤੱਕ ਹੇਠਾਂ ਆ ਗਈ ਹੈ।

ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਇਹ ਵਿਕਾਸ ਦਰ ਵਿਚ ਸਭ ਤੋਂ ਵੱਡੀ ਕਮੀ ਹੈ। 2016-17 ਦੀ ਪਿਛਲੀ ਤਿਮਾਹੀ ਵਿਚ ਵਿਕਾਸ ਦਰ 6.1 ਫੀਸਦੀ ਸੀ, ਜਦੋਂ ਕਿ ਇਸ ਤੋਂ ਪਹਿਲੀ ਤਿਮਾਹੀ ਵਿਚ ਵਿਕਾਸ ਦਰ 7.9 ਫੀਸਦੀ ਰਿਕਾਰਡ ਕੀਤੀ ਗਈ ਸੀ। ਇਸ ਵਾਰ ਵਿਕਾਸ ਦਰ ਵਿਚ ਜਿਹੜੀ ਕਮੀ ਆਈ ਹੈ, ਉਹ ਸਭ ਤੋਂ ਵੱਧ ਮੈਨੂਫੈਕਚਰਿੰਗ ਖੇਤਰ ਵਿਚ ਦਰਜ ਕੀਤੀ ਗਈ ਹੈ। ਇਸ ਵਿਚ ਸਿਰਫ 1.2 ਫੀਸਦੀ ਦੀ ਦਰ ਨਾਲ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਖਾਣਾਂ ਦੇ ਖੇਤਰ ਵਿਚ ਵੀ ਵਿਕਾਸ ਦਰ ਕਾਫੀ ਹੇਠਾਂ ਆ ਗਈ ਹੈ। ਬਹੁਤੇ ਆਰਥਿਕ ਮਾਹਿਰਾਂ ਦੀ ਰਾਇ ਹੈ ਕਿ ਵਿਕਾਸ ਦਰ ਵਿਚ ਇਹ ਜਿਹੜੀ ਕਮੀ ਦਰਜ ਕੀਤੀ ਗਈ ਹੈ, ਇਸ ਦੇ ਦੋ ਵੱਡੇ ਕਾਰਨ ਨੋਟਬੰਦੀ ਅਤੇ ਉਸ ਤੋਂ ਬਾਅਦ ਦੇਸ਼ ਭਰ ਵਿਚ ਲਾਗੂ ਕੀਤੀ ਗਈ ਨਵੀਂ ਕਰ ਪ੍ਰਣਾਲੀ ਜੀ.ਐਸ.ਟੀ. ਆਦਿ ਹਨ।




ਭਾਵੇਂ ਕੇਂਦਰੀ ਸਰਕਾਰ ਬੜੀ ਢੀਠਤਾਈ ਨਾਲ ਅਜੇ ਵੀ ਇਹ ਦਾਅਵੇ ਕਰੀ ਜਾ ਰਹੀ ਹੈ ਕਿ ਪਿਛਲੇ ਸਾਲ 8 ਨਵੰਬਰ ਨੂੰ ਲਾਗੂ ਕੀਤੀ ਗਈ ਨੋਟਬੰਦੀ ਨਾਲ ਦੇਸ਼ ਨੂੰ ਬਹੁਤ ਸਾਰੇ ਫਾਇਦੇ ਹੋਏ ਹਨ ਅਤੇ ਵਿਕਾਸ ਦਰ ਵਿਚ ਕਮੀ ਆਉਣ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ, ਪਰ ਹਕੀਕਤਾਂ ਇਹ ਬਿਆਨ ਕਰ ਰਹੀਆਂ ਹਨ ਕਿ ਪਹਿਲਾਂ ਨੋਟਬੰਦੀ ਨੇ ਦੇਸ਼ ਦੀ ਵਿਕਾਸ ਦਰ ਉਤੇ ਡੂੰਘਾ ਨਾਂਹ-ਪੱਖੀ ਅਸਰ ਪਾਇਆ ਅਤੇ ਬਾਅਦ 'ਚ ਇਸ ਝਟਕੇ ਤੋਂ ਵਿਕਾਸ ਦਰ ਕੁਝ ਸੰਭਲੀ ਤਾਂ ਜੀ.ਐਸ.ਟੀ. ਨੇ ਮੁੜ ਵਿਕਾਸ ਦਰ ਨੂੰ ਹੇਠਾਂ ਵੱਲ ਧੱਕ ਦਿੱਤਾ। ਇਹ ਪੂਰਾ ਦੇਸ਼ ਜਾਣਦਾ ਹੈ ਕਿ ਨੋਟਬੰਦੀ ਕਾਰਨ ਸਨਅਤਾਂ, ਸੇਵਾਵਾਂ, ਖੇਤੀਬਾੜੀ ਅਤੇ ਭਵਨ ਨਿਰਮਾਣ ਆਦਿ ਅਹਿਮ ਖੇਤਰਾਂ 'ਤੇ ਕਿੰਨਾ ਮਾੜਾ ਅਸਰ ਪਿਆ ਸੀ।

ਕਿਸਾਨ ਜਿਹੜੇ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਸਨ, ਨੂੰ ਆਪਣੀਆਂ ਫਸਲਾਂ ਦੀ ਵਿਕਰੀ ਅਤੇ ਉਸ ਤੋਂ ਬਾਅਦ ਨਵੀਆਂ ਫਸਲਾਂ ਦੀ ਬਿਜਾਈ ਵਿਚ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। ਕਰੋੜਾਂ ਲੋਕਾਂ ਦੀਆਂ ਨੌਕਰੀਆਂ ਚਲੇ ਗਈਆਂ ਸਨ। ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਮਜ਼ਦੂਰ ਸੰਗਠਨ ਦੇ ਉਸ ਸਮੇਂ ਦੇ ਆਗੂਆਂ ਨੇ ਵੀ ਨੋਟਬੰਦੀ ਦੀ ਆਲੋਚਨਾ ਕਰਦਿਆਂ ਇਹ ਕਿਹਾ ਸੀ ਕਿ ਨਿਰਮਾਣ ਕਾਰਜਾਂ ਵਿਚ ਲੱਗੇ 5 ਕਰੋੜ ਦੇ ਲਗਭਗ ਮਜ਼ਦੂਰਾਂ 'ਤੇ ਨੋਟਬੰਦੀ ਦਾ ਉਲਟ ਅਸਰ ਪਿਆ ਹੈ। ਇਸੇ ਤਰ੍ਹਾਂ ਸਨਅਤਾਂ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਸਨ। ਬਹੁਤ ਸਾਰੀਆਂ ਛੋਟੀਆਂ ਇਕਾਈਆਂ ਦਾ ਕੰਮ ਤਾਂ ਠੱਪ ਹੋ ਕੇ ਰਹਿ ਗਿਆ ਸੀ।

# ਫੋਰਬਸ ਸੂਚੀ ਵਿਚ ਭਾਰਤ ਏਸ਼ੀਆ ਦਾ ਸਭ ਤੋਂ ਭ੍ਰਿਸ਼ਟ ਦੇਸ਼

**ਨਵੀਂ ਦਿੱਲੀ:** ਭਾਰਤ ਸਰਕਾਰ ਵੱਲੋਂ ਬੇਸ਼ੱਕ ਕਈ ਤਰ੍ਹਾਂ ਦੇ ਦਾਅਵੇ ਤੇ ਨੋਟਬੰਦੀ ਵਰਗੇ ਅਜੀਬੋ-ਗਰੀਬ ਤਜਰਬੇ ਕਰ ਕੇ ਦੇਸ਼ ਦੇ ਭ੍ਰਿਸ਼ਟਾਚਾਰ ਮੁਕਤ ਹੋਣ ਬਾਰੇ ਹੋਕਾ ਦਿੱਤਾ ਜਾ ਰਿਹਾ ਹੈ ਪਰ ਅਸਲੀਅਤ ਕੁਝ ਹੋਰ ਹੀ ਹੈ। ਸਿਆਸਤਦਾਨਾਂ ਦੇ ਹਵਾਈ ਕਿਲ੍ਹਿਆਂ ਦੇ ਉਲਟ ਤੱਥ ਦੱਸਦੇ ਹਨ ਕਿ ਇਸ ਵੇਲੇ ਭਾਰਤ ਏਸ਼ੀਆ ਦਾ ਸਭ ਤੋਂ ਭ੍ਰਿਸ਼ਟ ਦੇਸ਼ ਬਣ ਗਿਆ ਹੈ।

ਫੋਰਬਸ ਦੀ ਸੂਚੀ ਵਿਚ ਭਾਰਤ ਵਿਚ ਰਿਸ਼ਵਤਖੋਰੀ ਦਰ 69 ਫੀਸਦੀ ਹੋਣ ਕਾਰਨ ਇਸ ਨੂੰ ਏਸ਼ੀਆ ਦਾ ਸਭ ਤੋਂ ਭ੍ਰਿਸ਼ਟ ਮੁਲਕ ਦੱਸਿਆ ਗਿਆ ਹੈ। ਇਕ ਸਰਵੇਖਣ ਮੁਤਾਬਕ ਜਨਤਕ ਸੇਵਾਵਾਂ ਜਿਵੇਂ ਕਿ ਸਕੂਲ, ਹਸਪਤਾਲ, ਦਸਤਾਵੇਜ਼ਾਂ ਤੇ ਪੁਲਿਸ ਆਦਿ ਸਬੰਧਤ ਕੰਮ ਕਰਵਾਉਣ ਲਈ ਅੱਧ ਤੋਂ ਜ਼ਿਆਦਾ ਲੋਕਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਹਾਲਾਂਕਿ ਫੋਰਬਸ ਵਿਚ ਛਪੇ ਲੇਖ ਵਿਚ ਪ੍ਰਧਾਨ ਮੰਤਰੀ ਦੇ ਸੋਹਲੇ ਗਾਏ ਗਏ ਹਨ ਪਰ ਉਨ੍ਹਾਂ ਦਾ ਆਧਾਰ ਯਕੀਨੀ ਤੌਰ 'ਤੇ ਇਹ ਅੰਕੜੇ ਨਹੀਂ ਹੋ ਸਕਦੇ। ਭਾਰਤ ਦੇ ਗੁਆਂਢੀ ਮੁਲਕ ਪਾਕਿਸਤਾਨ ਵਿਚ ਰਿਸ਼ਵਤ ਦਰ 40 ਫੀਸਦੀ ਦਰਜ ਕੀਤੀ ਗਈ ਹੈ। ਸਰਵੇਖਣ ਵਿਚ ਸ਼ਾਮਲ 75 ਫੀਸਦੀ ਲੋਕਾਂ ਦਾ ਇਹ ਕਹਿਣਾ ਹੈ ਕਿ ਪਾਕਿਸਤਾਨ ਦੀ ਪੁਲਿਸ ਭ੍ਰਿਸ਼ਟ ਹੈ। ਬਰਲਿਨ ਵਿਚ ਸਥਾਪਤ ਭ੍ਰਿਸ਼ਟਾਚਾਰ ਮਾਪਣ ਵਾਲੀ ਇਕ ਸੰਸਥਾ ਟ੍ਰਾਂਸਪੇਰੈਂਸੀ ਇੰਟਰਨੈਸ਼ਨਲ (ਟੀ.ਆਈ.) ਵੱਲੋਂ 18 ਮਹੀਨਿਆਂ ਦੇ ਲੰਮੇ ਸਮੇਂ ਦੌਰਾਨ ਇਕ ਸਰਵੇਖਣ ਕਰਵਾਇਆ ਗਿਆ।



ਇਸ ਦੇ ਨਤੀਜਿਆਂ ਵਿਚ ਟੀ.ਆਈ. ਨੇ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ 168 ਦੇਸ਼ਾਂ ਵਿਚੋਂ 76ਵਾਂ ਸਥਾਨ ਦਿੱਤਾ ਹੈ। ਸਰਵੇਖਣ ਤੋਂ ਇਹ ਵੀ ਪਤਾ ਲੱਗਾ ਹੈ ਕਿ ਭਾਰਤੀਆਂ ਨੂੰ ਆਪਣੇ ਬੱਚੇ ਸਕੂਲਾਂ ਵਿਚ ਦਾਖਲ ਕਰਵਾਉਣ ਲਈ ਤੇ ਆਪਣੇ ਇਲਾਜ ਲਈ ਪੂਰੀ ਦੁਨੀਆਂ ਵਿਚੋਂ ਸਭ ਤੋਂ ਵੱਧ ਰਿਸ਼ਵਤ ਦੇਣੀ ਪੈਂਦੀ ਹੈ। ਅੰਕੜਿਆਂ ਦੇ ਨਾਲ ਹੀ ਇਹ ਵੀ ਕਿਹਾ ਹੈ ਭਾਰਤ ਦੀ ਮੌਜੂਦਾ ਸਰਕਾਰ ਨੂੰ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਵਾਲੇ ਉਦੇਸ਼ ਦੀ ਪੂਰਤੀ ਲਈ ਬਹੁਤ ਕੰਮ ਕਰਨਾ ਪੈਣਾ ਹੈ।

## ਏ.ਐਸ.ਆਈ. ਨੂੰ ਗੋਲੀ ਮਾਰ ਕੇ ਕੈਦੀ ਛੁਡਵਾਇਆ

**ਰਈਆ:** ਇਥੋਂ ਦੇ ਨਹਿਰੀ ਬੱਸ ਸਟੈਂਡ ਉਤੇ ਏ.ਐਸ.ਆਈ. ਸੁਖਵਿੰਦਰ ਸਿੰਘ ਨੂੰ ਗੋਲੀ ਮਾਰ ਕੇ ਜ਼ਖਮੀ ਕਰਨ ਮਗਰੋਂ ਕੁਝ ਗੈਂਗਸਟਰ ਇਕ ਕੈਦੀ ਨੂੰ ਪੁਲਿਸ ਹਿਰਾਸਤ ਵਿਚੋਂ ਛੁਡਾ ਕੇ ਫਰਾਰ ਹੋ ਗਏ। ਇਸ ਕੈਦੀ ਨੂੰ ਕਪੂਰਥਲਾ ਜੇਲ੍ਹ ਤੋਂ ਅੰਮ੍ਰਿਤਸਰ ਪੇਸ਼ੀ ਭੁਗਤਾਉਣ ਲਈ ਸਰਕਾਰੀ ਬੱਸ ਵਿਚ ਲਿਜਾਇਆ ਜਾ ਰਿਹਾ ਸੀ। ਬੱਸ ਜਦੋਂ ਰਈਆ ਬੱਸ ਅੱਡੇ ਉਤੇ ਪੁੱਜੀ ਤਾਂ ਉਸ ਵਿਚ ਸਵਾਰ ਅਤੇ ਪਿਛੋਂ ਆ ਰਹੇ ਕੁਝ ਨੌਜਵਾਨਾਂ ਨੇ ਪੁਲਿਸ ਮੁਲਾਜ਼ਮਾਂ 'ਤੇ ਹਥਿਆਰ ਤਾਣ ਲਏ ਅਤੇ ਕੈਦੀ ਸ਼ੁਭਮ ਸਮੇਤ ਉਨ੍ਹਾਂ ਨੂੰ ਹੇਠਾਂ ਉਤਾਰ ਲਿਆ।

ਇਸ ਦੌਰਾਨ ਹੱਥੋਪਾਈ ਵਿਚ ਏ.ਐਸ.ਆਈ. ਸੁਖਵਿੰਦਰ ਸਿੰਘ ਨੂੰ ਗੈਂਗਸਟਰਾਂ ਨੇ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਅਤੇ ਆਪਣੇ ਸਾਥੀ ਨੂੰ ਛੁਡਾ ਕੇ ਫਰਾਰ ਹੋ ਗਏ।

# ਵਿਦੇਸ਼ੀ ਸੈਲਾਨੀ ਖਿੱਚਣ ਵਿਚ ਸਫਲ ਰਿਹਾ ਪੰਜਾਬ



**ਅੰਮ੍ਰਿਤਸਰ:** ਪੰਜਾਬ ਵਿਦੇਸ਼ੀ ਸੈਲਾਨੀਆਂ ਵੱਲੋਂ ਪਸੰਦ ਕੀਤਾ ਜਾਣ ਵਾਲਾ ਭਾਰਤ ਦਾ 10ਵਾਂ ਸੂਬਾ ਬਣ ਗਿਆ ਹੈ। ਸੂਬਾ ਸਰਕਾਰ ਵੱਲੋਂ ਸੈਰ ਸਪਾਟੇ ਨੂੰ ਹੁਲਾਰਾ ਦੇਣ ਲਈ ਕੋਈ ਠੋਸ ਕਦਮ ਨਾ ਚੁੱਕੇ ਜਾਣ ਦੇ ਬਾਵਜੂਦ ਲੋਕ ਵੱਡੀ ਗਿਣਤੀ ਵਿਚ ਹਰਿਮੰਦਰ ਸਾਹਿਬ ਮੱਥਾ ਟੇਕਣ ਪਹੁੰਚ ਰਹੇ ਹਨ। ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸੈਲਾਨੀਆਂ ਦੀ ਬਦੌਲਤ ਹੀ ਪੰਜਾਬ ਨੇ ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਮੱਧ ਪ੍ਰਦੇਸ਼, ਗੁਜਰਾਤ, ਅੰਡੇਮਾਨ ਨਿਕੋਬਾਰ ਤੇ ਆਸਾਮ ਵਰਗੇ ਸੂਬਿਆਂ ਨੂੰ ਪਿੱਛੇ ਛੱਡ ਦਿੱਤਾ ਹੈ।

ਦੇਸ਼ ਦੇ ਸੈਰ ਸਪਾਟਾ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2016 ਵਿਚ ਪੰਜਾਬ ਵਿਚ ਕੁੱਲ 6,59,736 ਵਿਦੇਸ਼ ਸੈਲਾਨੀ ਘੁੰਮਣ ਲਈ ਆਏ ਸਨ। ਸੂਚੀ ਮੁਤਾਬਕ ਤਾਮਿਲਨਾਡੂ ਦੇਸ਼ ਦਾ ਪਹਿਲਾ ਸੂਬਾ ਹੈ ਜਿਥੇ ਪਿਛਲੇ ਸਾਲ 47,21,978 ਵਿਦੇਸ਼ ਸੈਲਾਨੀ ਆਏ ਸਨ। ਇਸੇ ਤਰ੍ਹਾਂ 46,70,049 ਸੈਲਾਨੀਆਂ ਦੀ ਆਮਦ ਨਾਲ ਮਹਾਰਾਸ਼ਟਰ ਦੂਜੇ, 31,56,812 ਸੈਲਾਨੀਆਂ ਨਾਲ ਉਤਰ ਪ੍ਰਦੇਸ਼ ਤੀਜੇ, ਦਿੱਲੀ ਚੌਥੇ, ਪੱਛਮੀ ਬੰਗਾਲ ਪੰਜਵੇਂ, ਰਾਜਸਥਾਨ ਛੇਵੇਂ, ਕੇਰਲ ਸੱਤਵੇਂ, ਬਿਹਾਰ ਅੱਠਵੇਂ ਤੇ ਗੋਆ ਨੌਵੇਂ ਨੰਬਰ ਉਤੇ ਪੁੱਜਾ ਹੈ। ਇਸ ਲਿਸਟ ਮੁਤਾਬਕ ਸਿਟੀ ਬਿਊਟੀਫੁੱਲ ਚੰਡੀਗੜ੍ਹ 25ਵੇਂ ਸਥਾਨ ਉਤੇ ਆਇਆ ਹੈ। ਜੰਮੂ-ਕਸ਼ਮੀਰ ਵਿਚ ਹਾਲਾਤ ਠੀਕ ਨਾ ਹੋਣ ਕਰ ਕੇ ਜ਼ਿਆਦਾ ਵਿਦੇਸ਼ੀ ਸੈਲਾਨੀ ਉਥੇ ਜਾਣ ਲਈ ਤਿਆਰ ਨਹੀਂ ਹਨ। ਇਸ ਦੇ ਨਾਲ ਹੀ ਆਪਣੀ ਸੁੰਦਰਤਾ ਲਈ ਜਾਣਿਆ ਜਾਂਦਾ ਹਿਮਾਚਲ ਪ੍ਰਦੇਸ਼ 12ਵੇਂ ਨੰਬਰ 'ਤੇ ਹੈ। ਹਰਿਮੰਦਰ ਸਾਹਿਬ ਤੋਂ ਮਿਲੀ ਜਾਣਕਾਰੀ ਮੁਤਾਬਕ ਹਰ ਰੋਜ਼ ਇਕ ਲੱਖ ਤੋਂ ਵੱਧ ਸ਼ਰਧਾਲੂ ਦਰਸ਼ਨਾਂ ਲਈ ਆਉਂਦੇ ਹਨ ਤੇ ਉਨ੍ਹਾਂ ਵਿਚੋਂ 2000 ਵਿਦੇਸ਼ੀ ਸੈਲਾਨੀ ਹੁੰਦੇ ਹਨ।

# ਭਾਰਤ ਦੇ 51 ਸੰਸਦ ਮੈਂਬਰਾਂ ਤੇ ਵਿਧਾਇਕਾਂ 'ਤੇ ਔਰਤਾਂ ਨਾਲ ਵਧੀਕੀਆਂ ਦੇ ਕੇਸ ਦਰਜ

**ਨਵੀਂ ਦਿੱਲੀ:** ਭਾਰਤ ਵਿਚ ਇਸ ਸਮੇਂ 51 ਸੰਸਦ ਮੈਂਬਰਾਂ ਅਤੇ ਵਿਧਾਇਕਾਂ 'ਤੇ ਔਰਤਾਂ ਖਿਲਾਫ਼ ਅਪਰਾਧ ਦੇ ਮਾਮਲੇ ਹਨ। ਇਨ੍ਹਾਂ ਵਿਚ ਜਬਰ ਜਨਾਹ ਅਤੇ ਅਗਵਾ ਕਰਨ ਦੇ ਅਪਰਾਧ ਵੀ ਸ਼ਾਮਲ ਹਨ। ਇਕ ਗੈਰ-ਸਰਕਾਰੀ ਸੰਗਠਨ ਏ.ਡੀ.ਆਰ. (ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫੋਰਮਸ) ਜੋ ਚੋਣ ਸੁਧਾਰ ਲਈ ਕੰਮ ਕਰਦਾ ਹੈ, ਵੱਲੋਂ ਜਾਰੀ ਰਿਪੋਰਟ 'ਚ ਦੱਸਿਆ ਗਿਆ ਕਿ 51 ਵਿਚੋਂ 48 ਵਿਧਾਇਕ ਹਨ ਜਦਕਿ 3 ਸੰਸਦ ਮੈਂਬਰ ਹਨ।

ਇਸ ਸੂਚੀ ਵਿਚ ਭਾਜਪਾ ਦੇ ਸਭ ਤੋਂ ਵੱਧ 14, ਸ਼ਿਵ ਸੈਨਾ ਦੇ 7 ਅਤੇ ਤ੍ਰਿਣਮੂਲ ਕਾਂਗਰਸ ਦੇ 6 ਸੰਸਦ ਮੈਂਬਰ ਤੇ ਵਿਧਾਇਕ ਹਨ, ਜਿਨ੍ਹਾਂ ਖਿਲਾਫ਼ ਔਰਤਾਂ ਵਿਰੁੱਧ ਅਪਰਾਧ ਦੇ ਮਾਮਲੇ ਹਨ। ਏ.ਡੀ.ਆਰ. ਨੇ ਮੌਜੂਦਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵੱਲੋਂ ਦਿੱਤੇ ਗਏ 4896 ਹਲਫਨਾਮਿਆਂ ਵਿਚੋਂ 4852 ਦਾ ਮੁਲਾਂਕਣ ਕੀਤਾ, ਜਿਨ੍ਹਾਂ ਵਿਚ 774 ਹਲਫਨਾਮੇ ਸੰਸਦ ਮੈਂਬਰਾਂ ਤੇ 4078 ਹਲਫਨਾਮੇ ਵਿਧਾਇਕਾਂ ਦੇ ਸਨ। ਸਰਵੇਖਣ ਵਿਚ 1581 (33 ਫੀਸਦੀ) ਸੰਸਦ



ਮੈਂਬਰਾਂ ਅਤੇ ਵਿਧਾਇਕਾਂ 'ਤੇ ਅਪਰਾਧਿਕ ਮਾਮਲੇ ਸੀ ਅਤੇ 51 ਜਣਿਆਂ 'ਤੇ ਔਰਤਾਂ ਖਿਲਾਫ਼ ਅਪਰਾਧ ਦੇ ਮਾਮਲੇ ਹਨ।

ਇਸ ਤੋਂ ਇਲਾਵਾ ਨਾਮੀ ਸਿਆਸੀ ਪਾਰਟੀਆਂ ਵੱਲੋਂ ਅਜਿਹੇ 334 ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ, ਜਿਨ੍ਹਾਂ 'ਤੇ ਔਰਤਾਂ ਖਿਲਾਫ਼ ਅਪਰਾਧ ਦੇ ਮਾਮਲੇ ਦਰਜ ਸਨ। ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ 'ਚ ਭਾਜਪਾ ਨੇ ਅਜਿਹੇ 48 ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਜਿਨ੍ਹਾਂ 'ਤੇ ਔਰਤਾਂ ਖਿਲਾਫ਼ ਅਪਰਾਧ ਕਰਨ ਦੇ ਮਾਮਲੇ ਸਨ। ਇਸ ਤੋਂ ਬਾਅਦ ਬਸਪਾ (36) ਅਤੇ ਕਾਂਗਰਸ (27) ਦਾ ਨੰਬਰ ਆਉਂਦਾ ਹੈ।

## ਜਿਨਸੀ ਹਮਲੇ ਦੇ ਦੋਸ਼ 'ਚ ਵਲੈਤੀਆ ਗ੍ਰਿਫਤਾਰ

**ਨਵੀਂ ਦਿੱਲੀ:** ਦੱਖਣੀ ਦਿੱਲੀ ਦੇ ਆਰ.ਕੇ. ਪੁਰਮ ਵਿਚ ਨੈਸ਼ਨਲ ਐਸੋਸੀਏਸ਼ਨ ਫਾਰ ਬਲਾਈਂਡ (ਐਨ.ਏ.ਬੀ.) ਵਿਚ ਰਹਿੰਦੇ ਤਿੰਨ ਨੇਤਰਹੀਣ ਬੱਚਿਆਂ 'ਤੇ ਜਿਨਸੀ ਹਮਲਾ ਕਰਨ ਦੇ ਦੋਸ਼ ਵਿਚ 54 ਸਾਲਾ ਬਰਤਾਨਵੀ ਨਾਗਰਿਕ ਨੂੰ ਗ੍ਰਿਫਤਾਰ ਕੀਤਾ ਗਿਆ।

ਜਾਂਚ ਦੌਰਾਨ ਬਰਤਾਨਵੀ ਨਾਗਰਿਕ ਅਤੇ ਅਕਸਰ ਸੰਸਥਾ 'ਚ ਆਉਣ ਵਾਲਾ ਮੁਰੇ ਡੇਨਿਸ ਵਾਰਡ ਦੀ ਘਟਨਾ ਵਿਚ ਸ਼ਮੂਲੀਅਤ ਸਾਹਮਣੇ ਆਈ ਹੈ। ਵਾਰਡ ਦਾਨੀ ਦੇ ਤੌਰ 'ਤੇ ਪਿਛਲੇ ਕਰੀਬ 9 ਸਾਲਾਂ ਤੋਂ ਐਨ.ਏ.ਬੀ. ਨਾਲ ਜੁੜਿਆ ਹੋਇਆ ਹੈ।

## ਮੁੰਬਈ 'ਚ ਇਮਾਰਤ ਡਿੱਗੀ, 24 ਮੌਤਾਂ

**ਮੁੰਬਈ:** ਦੱਖਣੀ ਮੁੰਬਈ ਦੇ ਭਿੰਡੀ ਬਾਜ਼ਾਰ ਦੇ ਭੀੜ ਭੜੱਕੇ ਵਾਲੇ ਇਲਾਕੇ ਵਿਚ ਇਕ ਇਮਾਰਤ ਦੇ ਡਿੱਗਣ ਕਾਰਨ 24 ਲੋਕ ਮਾਰੇ ਗਏ। ਇਹ ਪੰਜ ਮੰਜ਼ਲੀ ਇਮਾਰਤ ਸੌ ਸਾਲ ਤੋਂ ਵੀ ਪੁਰਾਣੀ ਦੱਸੀ ਜਾਂਦੀ ਹੈ। 'ਹੁਸੈਨੀ ਬਿਲਡਿੰਗ' ਵਿਚ ਤਕਰੀਬਨ 9 ਪਰਿਵਾਰ ਰਹਿੰਦੇ ਸਨ। ਇਸ ਇਮਾਰਤ ਵਿਚ ਇਕ ਪਲੇਅ ਸਕੂਲ ਵੀ ਚੱਲਦਾ ਸੀ ਪਰ ਸਕੂਲ ਲੱਗਣ ਤੋਂ ਪਹਿਲਾਂ ਹੀ ਇਮਾਰਤ ਡਿੱਗ ਗਈ। ਇਹ ਮੁਸਲਿਮ ਵਸੋਂ ਵਾਲਾ ਇਲਾਕਾ ਹੈ। ਇਸ ਇਮਾਰਤ ਦੇ ਹੇਠਾਂ ਸਟੋਰ ਬਣੇ ਹੋਏ ਸਨ। ਪਿਛਲੇ ਦਿਨਾਂ ਤੋਂ ਪੈ ਰਹੀ ਭਾਰੀ ਬਾਰਸ਼ ਵੀ ਇਮਾਰਤ ਡਿੱਗਣ ਪਿੱਛੇ ਇਕ ਕਾਰਨ ਹੋ ਸਕਦੀ ਹੈ। ਹੁਣ 117 ਸਾਲ ਪੁਰਾਣੀ ਇਸ ਇਮਾਰਤ ਦੇ ਡਿੱਗਣ ਕਾਰਨ ਆਲੇ ਦੁਆਲੇ ਲਗਦੀਆਂ ਦੂਜੀਆਂ ਇਮਾਰਤਾਂ ਲਈ ਵੀ ਖਤਰਾ ਵਧ ਗਿਆ ਹੈ। ਮੁਲਕ ਦੇ ਕਈ ਹੋਰ ਸ਼ਹਿਰਾਂ ਵਿਚ ਵੀ ਅਜਿਹੀਆਂ ਇਮਾਰਤਾਂ ਡਿੱਗਣ ਦੀਆਂ ਖਬਰਾਂ ਆਈਆਂ ਹਨ।

## ਮੀਸਾ ਦਾ ਫਾਰਮ ਹਾਊਸ ਕੁਰਕ

**ਨਵੀਂ ਦਿੱਲੀ:** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਵਿਚ ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਯਾਦਵ ਦੀ ਸੰਸਦ ਮੈਂਬਰ ਧੀ ਮੀਸਾ ਭਾਰਤੀ ਅਤੇ ਉਸ ਦੇ ਪਤੀ ਦਾ ਦਿੱਲੀ ਵਿਚਲਾ ਫਾਰਮ ਹਾਊਸ ਜ਼ਬਤ ਕਰ ਲਿਆ। ਦੱਖਣੀ ਦਿੱਲੀ ਦੇ ਬਿਜਵਾਸਨ ਇਲਾਕੇ ਵਿਚ ਸਥਿਤ 26 ਪਾਲਮ ਫਾਰਮਜ਼ ਨੂੰ 'ਕਾਲੇ ਧਨ ਨੂੰ ਸਫੈਦ ਕਰਨ ਦੀ ਰੋਕਥਾਮ ਐਕਟ' ਅਧੀਨ ਆਰਜ਼ੀ ਤੌਰ 'ਤੇ ਜ਼ਬਤ ਕੀਤਾ ਗਿਆ ਹੈ।

ਇਸ ਕੇਂਦਰੀ ਜਾਂਚ ਏਜੰਸੀ ਨੇ ਕਿਹਾ ਕਿ ਇਹ ਫਾਰਮ ਹਾਊਸ ਮੀਸਾ ਤੇ ਉਸ ਦੇ ਪਤੀ ਸ਼ੈਲੇਸ਼ ਕੁਮਾਰ ਨਾਲ ਸਬੰਧਤ ਹੈ ਅਤੇ ਇਹ 'ਮੈਸਰਜ਼ ਮਿਸ਼ੈਲ ਪੈਕਰਜ਼ ਤੇ ਪ੍ਰਿੰਟਰਜ਼ ਪ੍ਰਾਈਵੇਟ ਲਿਮੀਟਿਡ' ਦੇ ਨਾਂ ਉਤੇ ਹੈ। ਏਜੰਸੀ ਨੇ ਦੋ ਭਰਾਵਾਂ ਸੁਰਿੰਦਰ ਕੁਮਾਰ ਜੈਨ ਤੇ ਵਿਰੇਂਦਰ ਜੈਨ ਵਿਰੁਧ ਆਪਣੀ ਜਾਂਚ ਸਬੰਧੀ ਜੁਲਾਈ ਵਿਚ ਇਸ ਫਾਰਮ ਹਾਊਸ ਤੇ ਹੋਰ ਕਈ ਥਾਵਾਂ ਉਤੇ ਛਾਪੇ ਮਾਰੇ ਸਨ।

## ਝੀਲ ਵਿਚ ਨਹਾਉਂਦੇ ਮਾਮਾ-ਭਾਣਜਾ ਡੁੱਬੇ


**ਵੈਨਕੂਵਰ:** ਬੀ.ਸੀ. ਦੀ ਫਰੇਜ਼ਰ ਵੈਲੀ ਸਥਿਤ ਸੈਰ ਸਪਾਟਾ ਸਥਾਨ ਹੈਰੀਸਨ ਹੌਟ ਸਪਰਿੰਗ ਲੇਕ ਵਿਚ ਮਾਮਾ-ਭਾਣਜਾ ਡੁੱਬ ਗਏ। ਉਨ੍ਹਾਂ ਦੇ ਇਕ ਸਾਥੀ ਨੂੰ ਗੋਰੀ ਕੁੜੀ ਨੇ ਬਚਾਅ ਲਿਆ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਰੁਪਾਣਾ ਦਾ ਹਰਕੀਰਤ ਸਿੰਘ ਬਰਾੜ (24) ਕੁਝ ਸਾਲ ਪਹਿਲਾਂ ਵਿਦਿਆਰਥੀ ਵੀਜ਼ੇ ਉਤੇ ਇਥੇ ਆਇਆ ਸੀ। ਪੱਕੇ ਹੋਣ ਬਾਅਦ ਉਸ ਨੇ ਕੁਝ ਦਿਨ ਪਹਿਲਾਂ ਪੰਜਾਬ ਤੋਂ ਆਪਣੀ ਮਾਂ ਅਤੇ ਭੈਣ ਨੂੰ ਬੁਲਾਇਆ ਸੀ। ਉਹ ਆਪਣੀ ਮਾਂ, ਭੈਣ ਤੇ ਪਹਿਲਾਂ ਤੋਂ ਸਰੀ ਰਹਿੰਦੀ ਵੱਡੀ ਭੈਣ ਦੇ 16 ਸਾਲਾ ਪੁੱਤਰ ਗੁਰਵਿੰਦਰ ਨਾਲ ਘੁੰਮਣ ਫਿਰਨ ਲਈ ਹੈਰੀਸਨ ਝੀਲ 'ਤੇ ਗਿਆ ਸੀ। ਕੁਝ ਦੇਰ ਘੁੰਮਣ ਬਾਅਦ ਮਾਮਾ ਭਾਣਜਾ (ਹਰਕੀਰਤ ਤੇ ਗੁਰਵਿੰਦਰ) ਅਤੇ ਉਨ੍ਹਾਂ ਦਾ ਇਕ ਸਾਥੀ ਝੀਲ ਵਿਚ ਨਹਾਉਣ ਲੱਗੇ। ਜਿਵੇਂ ਹੀ ਉਹ ਥੋੜ੍ਹਾ ਅਗਾਂਹ ਹੋਏ ਤਾਂ ਡੂੰਘੇ ਪਾਣੀ ਕਾਰਨ ਤਿੰਨਾਂ ਦੇ ਪੈਰ ਉਖੜ ਗਏ। ਇਨ੍ਹਾਂ ਨੇੜੇ ਹੀ ਗੋਰੀ ਕੁੜੀ ਤਾਰੀਆਂ ਲਾ ਰਹੀ ਸੀ। ਉਸ ਨੇ ਤੁਰੰਤ ਇਕ ਜਣੇ ਨੂੰ ਬਚਾ ਲਿਆ, ਪਰ ਮਾਮਾ ਭਾਣਜਾ ਡੁੱਬ ਗਏ।


**Prince's Barber Shop**

37477 Fremont Blvd, suite C, Fremont, CA 94536

*Men & Children's Hair Cut*

*Threading *Custom Text
*Men's Facials *Hair Coler
*Custom Designing *Shave &
*Line-ups *Head Massage



ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਹੁਣ ਕੈਪਟਨ ਸਰਕਾਰ ਵੀ ਬਾਦਲਾਂ ਵਾਲੇ ਰਾਹ ਤੁਰੀ

**ਚੰਡੀਗੜ੍ਹ:** ਕਾਂਗਰਸ ਵੱਲੋਂ ਵਿਰੋਧੀ ਧਿਰ ਵਜੋਂ ਪਿਛਲੀ ਬਾਦਲ ਸਰਕਾਰ ਨੂੰ ਸਭ ਤੋਂ ਵੱਧ ਤਨਖਾਹਾਂ ਰੋਕਣ ਵਾਲੇ ਮੁੱਦੇ 'ਤੇ ਭੰਡਿਆ ਜਾਂਦਾ ਸੀ। ਦੋਸ਼ ਲਾਇਆ ਜਾਂਦਾ ਸੀ ਕਿ ਸਰਕਾਰ ਨੇ ਖ਼ਜ਼ਾਨਾ ਦਫ਼ਤਰਾਂ ਉਤੇ ਅਣਐਲਾਨੀ ਰੋਕ ਲਾਈ ਹੈ ਜਦੋਂ ਕਿ ਹੁਣ ਕੈਪਟਨ ਸਰਕਾਰ ਖੁਦ ਇਸ ਰਾਹ ਪੈ ਗਈ ਹੈ। ਪੰਜਾਬ ਸਰਕਾਰ ਲੱਖਾਂ ਮੁਲਾਜ਼ਮਾਂ ਨੂੰ ਅਗਸਤ ਮਹੀਨੇ ਦੀ ਤਨਖਾਹ ਨਹੀਂ ਦੇ ਸਕੀ। ਸਰਕਾਰ ਨੇ ਕਾਨੂੰਨੀ ਡੰਡੇ ਤੋਂ ਡਰਦਿਆਂ ਸਿਰਫ ਅਦਾਲਤੀ ਸਟਾਫ ਨੂੰ ਹੀ ਤਨਖਾਹਾਂ ਦੇਣ ਦੇ ਹੁਕਮ ਦਿੱਤੇ ਹਨ।

ਸੂਤਰਾਂ ਅਨੁਸਾਰ ਵਿੱਤ ਵਿਭਾਗ ਨੇ ਪਿਛਲੀ ਬਾਦਲ ਸਰਕਾਰ ਦੀ ਤਰਜ਼ 'ਤੇ ਸਾਰੇ ਖ਼ਜ਼ਾਨਾ ਅਫਸਰਾਂ ਨੂੰ ਟੈਲੀਫੋਨ ਰਾਹੀਂ ਸਮੂਹ ਮੁਲਾਜ਼ਮਾਂ ਦੀਆਂ ਤਨਖਾਹਾਂ ਰੋਕਣ ਦੇ ਆਦੇਸ਼ ਦਿੱਤੇ ਸਨ। ਸਰਕਾਰ ਨੇ ਨਵੇਂ ਆਦੇਸ਼ ਜਾਰੀ ਕਰ ਕੇ ਸੂਬੇ ਦੀਆਂ ਅਦਾਲਤਾਂ ਦੇ ਸਟਾਫ ਨੂੰ ਤਨਖਾਹਾਂ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਦੱਸਣਯੋਗ ਹੈ ਕਿ ਸਰਕਾਰ ਦੇ ਅਜਿਹੇ ਜ਼ਬਾਨੀ ਹੁਕਮਾਂ ਕਾਰਨ ਪਹਿਲਾਂ ਹੀ ਮੁਲਾਜ਼ਮਾਂ ਦੀਆਂ ਕਰੋੜਾਂ ਰੁਪਏ ਦੀਆਂ ਅਦਾਇਗੀਆਂ ਕਈ ਮਹੀਨਿਆਂ ਤੋਂ ਰੁਕੀਆਂ ਪਈਆਂ ਹਨ, ਜਿਸ ਕਾਰਨ ਰੋਜ਼ਾਨਾ ਖ਼ਜ਼ਾਨਾ ਅਫਸਰਾਂ ਨੂੰ ਆਮ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਚੰਡੀਗੜ੍ਹ ਤੋਂ ਖੜਕੇ ਟੈਲੀਫੋਨਾਂ ਬਾਅਦ ਤਨਖਾਹਾਂ ਰਿਲੀਜ਼ ਕਰਨ ਦੀ ਪ੍ਰਕਿਰਿਆ ਰੋਕ ਦਿੱਤੀ ਗਈ। ਇਥੋਂ ਤੱਕ ਕਿ ਖ਼ਜ਼ਾਨਾ ਦਫਤਰਾਂ ਦੇ ਮੁਲਾਜ਼ਮ ਵੀ ਆਪਣੀਆਂ ਤਨਖਾਹਾਂ ਜਾਰੀ ਕਰਾਉਣ ਤੋਂ ਅਸਮਰਥ ਰਹੇ ਸਨ।



ਸੇਵਾ ਮੁਕਤ ਮੁਲਾਜ਼ਮਾਂ ਦੀਆਂ ਵੱਖ-ਵੱਖ ਅਦਾਇਗੀਆਂ ਦੇ ਬਿੱਲ ਵੀ ਪਿਛਲੇ ਸਾਢੇ ਤਿੰਨ ਮਹੀਨਿਆਂ ਤੋਂ ਖ਼ਜ਼ਾਨਾ ਦਫਤਰਾਂ ਵਿਚ ਅਣਐਲਾਨੀ ਰੋਕ ਲਾ ਕੇ ਪੈਂਡਿੰਗ ਰੱਖੇ ਗਏ ਹਨ। ਜੀ.ਪੀ. ਫੰਡ ਦੇ ਫਾਈਨਲ ਭੁਗਤਾਨ ਦੇ ਬਿੱਲ ਵੀ ਤਿੰਨ ਮਹੀਨਿਆਂ ਤੋਂ ਖ਼ਜ਼ਾਨਾ ਦਫਤਰਾਂ 'ਚ ਰੁਕੇ ਪਏ ਹਨ। ਇਸੇ ਤਰ੍ਹਾਂ ਮੁਲਾਜ਼ਮਾਂ ਦੇ ਵੱਖ ਵੱਖ ਤਰ੍ਹਾਂ ਦੇ ਬਕਾਇਆਂ ਦੇ ਬਿੱਲ ਪਿਛਲੇ 10 ਮਹੀਨਿਆਂ ਤੋਂ ਠੰਢੇ ਬਸਤੇ ਵਿਚ ਪਏ ਹਨ।

ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਅਧਿਕਾਰੀਆਂ ਦੇ ਆਪਣੇ ਹੀ ਜੀ.ਪੀ.ਐਫ. ਖਾਤਿਆਂ ਵਿਚੋਂ ਐਡਵਾਂਸ ਲੈਣ ਦੇ ਬਿੱਲ ਪਿਛਲੇ ਤਿੰਨ ਮਹੀਨਿਆਂ ਤੋਂ ਪੈਂਡਿੰਗ ਹਨ। ਇਸ ਕਾਰਨ ਮੁਲਾਜ਼ਮਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੇ ਪਿਛਲੇ ਡੇਢ ਮਹੀਨੇ ਤੋਂ ਮੁਲਾਜ਼ਮਾਂ ਦੇ ਮੈਡੀਕਲ ਬਿੱਲਾਂ ਉਤੇ ਵੀ ਰੋਕ ਲਾਈ ਹੋਈ ਹੈ। ਸਟਾਫ ਦੇ ਟੀ.ਏ., ਦਫਤਰੀ ਖਰਚਿਆਂ ਆਦਿ ਦੇ ਬਿੱਲ ਵੀ ਖ਼ਜ਼ਾਨਾ ਦਫ਼ਤਰਾਂ ਵਿਚ ਰੁਲ ਰਹੇ ਹਨ।

## ਨੌਕਰੀ ਬਾਰੇ ਵਾਅਦਾ ਪੂਰਾ ਕਰਨ ਤੋਂ ਭੱਜਿਆ ਕੈਪਟਨ: ਚੰਦੂਮਾਜਰਾ

**ਚਮਕੌਰ ਸਾਹਿਬ:** ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਸਰਕਾਰ ਦੇ ਪਹਿਲੇ ਪੜਾਅ ਦੌਰਾਨ ਹੀ 'ਹਰ ਘਰ ਇੱਕ ਨੌਕਰੀ' ਦੇਣ ਦਾ ਆਪਣਾ ਚੋਣ ਵਾਅਦਾ ਪੂਰਾ ਕਰਨ ਵਿਚ ਨਾਕਾਮ ਰਹੇ ਹਨ, ਪਰ ਰੁਜ਼ਗਾਰ ਮੇਲਿਆਂ ਦੇ ਨਾਂ ਉਤੇ ਨਿੱਜੀ ਸੰਸਥਾਵਾਂ ਦੇ ਪ੍ਰੋਗਰਾਮਾਂ ਨੂੰ ਹਾਈਜੈਕ ਕਰ ਕੇ ਪੱਕੀ ਪਕਾਈ ਰੋਟੀ ਹਾਸਲ ਕਰਨ ਦੇ ਯਤਨ ਕਰ ਰਹੇ ਹਨ। ਚੰਦੂਮਾਜਰਾ ਨੇ ਕਿਹਾ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਪੰਜਾਬ ਦੀ ਕਿਸਾਨੀ ਅਤੇ ਨੌਜਵਾਨੀ ਨੂੰ ਲੈ ਕੇ ਚਿੰਤਤ ਹੈ ਤਾਂ ਉਹ ਸਾਰੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰੇ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਰੁਜ਼ਗਾਰ ਮੁਹੱਈਆ ਕਰਵਾਏ।

## ਬਲਾਤਕਾਰ ਦੇ ਦੋਸ਼ 'ਚ 105 ਸਾਲ ਕੈਦ

**ਵਾਸ਼ਿੰਗਟਨ:** ਅਮਰੀਕਾ ਵਿਚ ਸਕੂਲ ਕੋਚ ਨੂੰ ਸੱਤ ਨਾਬਾਲਗ ਵਿਦਿਆਰਥਣਾਂ ਦੇ ਜਿਨਸੀ ਸ਼ੋਸ਼ਣ ਦੇ ਜੁਰਮ ਵਿਚ 105 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਲਾਸ ਏਂਜਲਸ ਕਾਊਂਟੀ ਸੁਪੀਰੀਅਰ ਕੋਰਟ ਨੇ ਕੈਲੀਫੋਰਨੀਆ ਦੇ ਦੋ ਜੂਨੀਅਰ ਸਕੂਲਾਂ ਵਿਚ ਕੋਚ ਰਹੇ ਰੋਨੀ ਲੀ ਰੋਮਨ (44) ਨੂੰ ਇਸ ਅਪਰਾਧ ਲਈ ਤੈਅ ਵੱਧ ਤੋਂ ਵੱਧ ਸਜ਼ਾ ਸੁਣਾਈ। ਅਦਾਲਤ ਨੇ ਸੱਤ ਜੂਨ ਨੂੰ ਰੋਨੀ ਨੂੰ ਸੱਤ ਨਾਬਾਲਗ ਲੜਕੀਆਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ੀ ਕਰਾਰ ਦਿੱਤਾ ਸੀ।

ਪੀੜਤ ਲੜਕੀਆਂ ਦੀ ਉਮਰ ਅੱਠ ਤੋਂ 11 ਸਾਲ ਸੀ। ਸਰਕਾਰੀ ਵਕੀਲ ਮੁਤਾਬਕ, ਰੋਨੀ ਸਾਲ 2002 ਤੋਂ ਹੀ ਇਸ ਸ਼ਰਮ ਵਾਲੇ ਕਾਰੇ ਵਿਚ ਸ਼ਾਮਲ ਸੀ। ਉਸ ਨੇ ਛੇ ਵਿਦਿਆਰਥਣਾਂ ਦਾ ਸਕੂਲ ਦੇ ਮੈਦਾਨ 'ਤੇ ਜਦਕਿ ਇਕ ਦਾ ਉਸ ਦੇ ਘਰ ਜਾ ਕੇ ਜਿਨਸੀ ਸ਼ੋਸ਼ਣ ਕੀਤਾ ਸੀ।

## ਤਕਨੀਕੀ ਸਿੱਖਿਆ ਮੰਤਰੀ ਪੀ.ਐਚ.ਡੀ ਟੈਸਟ ਵਿਚੋਂ ਫੇਲ੍ਹ

**ਚੰਡੀਗੜ੍ਹ:** ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਦਾ 'ਡਾਕਟਰ' ਬਣਨ ਦਾ ਸੁਪਨਾ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਉਹ ਪੀ.ਐਚ. ਡੀ ਵਿਚ ਦਾਖਲੇ ਦੇ ਸਾਂਝੇ ਟੈਸਟ ਵਿਚੋਂ ਪਾਸ ਨਹੀਂ ਹੋ ਸਕੇ। ਪੰਜਾਬ ਯੂਨੀਵਰਸਿਟੀ ਵੱਲੋਂ ਪੀ.ਐਚ. ਡੀ ਅਤੇ ਐਮ. ਫਿਲ. ਵਿਚ ਦਾਖਲੇ ਵਾਸਤੇ ਨੌਂ ਜੁਲਾਈ ਨੂੰ ਟੈਸਟ ਲਿਆ ਗਿਆ ਸੀ ਜਿਸ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਗਿਆ ਹੈ।



ਉਨ੍ਹਾਂ ਰਾਜਨੀਤੀ ਵਿਗਿਆਨ ਦੀ ਡਾਕਟਰ ਆਫ ਫਿਲਾਸਫੀ ਦੀ ਡਿਗਰੀ ਵਿਚ ਦਾਖਲਾ ਲੈਣ ਲਈ ਇਹ ਟੈਸਟ ਦਿੱਤਾ ਸੀ। ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਯੋਗਦਾਨ 'ਤੇ ਰਿਸਰਚ ਕਰਨ ਦੇ ਚਾਹਵਾਨ ਹਨ। ਟੈਸਟ ਵਿਚੋਂ 55 ਫ਼ੀਸਦੀ ਪਾਸ ਅੰਕਾਂ ਦੀ ਸ਼ਰਤ ਰੱਖੀ ਜਾਂਦੀ ਹੈ ਜਦੋਂ ਕਿ ਰਾਖਵੇਂ ਵਰਗ ਵਾਸਤੇ 50 ਫੀਸਦੀ ਅੰਕ ਰੱਖੇ ਜਾਂਦੇ ਹਨ ਅਤੇ ਸ੍ਰੀ ਚੰਨੀ ਪਾਸ ਅੰਕ ਪ੍ਰਾਪਤ ਨਹੀਂ ਕਰ ਸਕੇ ਹਨ।

## ਕਾਰ ਨੂੰ ਅੱਗ ਲੱਗਣ ਕਾਰਨ 3 ਨੌਜਵਾਨ ਜਿਉਂਦੇ ਸੜੇ

**ਨਵੀਂ ਦਿੱਲੀ:** ਦਿੱਲੀ ਨਾਲ ਲੱਗਦੇ ਹਰਿਆਣਾ ਦੇ ਸਨਅਤੀ ਤੇ ਕਾਰੋਬਾਰੀ ਸ਼ਹਿਰ ਗੁਰੂਗ੍ਰਾਮ (ਗੁੜਗਾਉਂ) ਵਿਚ ਤਿੰਨ ਨੌਜਵਾਨ ਕਾਰ ਨੂੰ ਅੱਗ ਲੱਗਣ ਕਾਰਨ ਜਿਉਂਦੇ ਸੜ ਗਏ। ਇਹ ਨੌਜਵਾਨ ਕਾਰ ਵਿਚ ਸ਼ਰਾਬ ਪੀ ਰਹੇ ਸਨ ਜਦੋਂ ਕਾਰ ਨੂੰ ਅਚਾਨਕ ਅੱਗ ਲੱਗ ਗਈ। ਸੈਕਟਰ-71 ਵਿਚ ਵਾਪਰੀ ਇਸ ਘਟਨਾ ਦਾ ਕਾਰਨ ਕਾਰ ਵਿਚੋਂ ਸੀ.ਐਨ.ਜੀ. ਦਾ ਰਿਸਣਾ ਦੱਸਿਆ ਜਾ ਰਿਹਾ ਹੈ। ਪੁਲਿਸ ਮੁਤਾਬਕ ਗਜਿੰਦਰ, ਦਵਿੰਦਰ ਅਤੇ ਨਰਿੰਦਰ ਕਾਰ ਵਿਚ ਬੈਠ ਕੇ ਸ਼ਰਾਬ ਪੀ ਰਹੇ ਸਨ ਤਾਂ ਉਨ੍ਹਾਂ ਨੂੰ ਕਾਰ ਵਿਚੋਂ ਧੂੰਆਂ ਨਿਕਲਦਾ ਦਿੱਸਿਆ। ਜਿਵੇਂ ਹੀ ਉਨ੍ਹਾਂ ਕਾਰ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਕਾਰ ਦੇ ਦਰਵਾਜ਼ੇ ਆਟੋਮੈਟਿਕ ਲਾਕ ਕਾਰਨ ਬੰਦ ਹੋ ਗਏ। ਇਸ ਕਾਰਨ ਤਿੰਨੋਂ ਹੀ ਬਾਹਰ ਨਾ ਨਿਕਲ ਸਕੇ ਅਤੇ ਅੰਦਰ ਹੀ ਜ਼ਿੰਦਾ ਸੜ ਗਏ।

## ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਗਨਭੇਟ

**ਨਾਹਰ ਮਾਜਰਾ (ਕੁਰੂਕਸ਼ੇਤਰ):** ਸ਼ਾਹਬਾਦ ਮਾਰਕੰਡਾ ਨੇੜਲੇ ਪਿੰਡ ਨਾਹਰ ਮਾਜਰਾ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਬੀੜਾਂ ਨੂੰ ਅਗਨ ਭੇਟ ਕਰ ਦਿੱਤਾ ਗਿਆ। ਅੱਗ ਲੱਗਣ ਦੀ ਘਟਨਾ ਦਾ ਸਭ ਤੋਂ ਪਹਿਲਾਂ ਗੁਰਦੁਆਰੇ ਦੇ ਗ੍ਰੰਥੀ ਜਸਵੰਤ ਸਿੰਘ ਨੂੰ ਪਤਾ ਲੱਗਾ ਅਤੇ ਉਸ ਨੇ ਘਟਨਾ ਦੀ ਸੂਚਨਾ ਪਿੰਡ ਵਾਸੀਆਂ ਨੂੰ ਦਿੱਤੀ। ਪਿਛਲੇ ਦਿਨਾਂ ਵਿਚ ਪਿੰਡ ਵਿਚ ਕਿਸੇ ਪ੍ਰਕਾਰ ਦੀ ਸ਼ੱਕੀ ਘਟਨਾ ਤੋਂ ਪਿੰਡ ਵਾਸੀਆਂ ਨੇ ਇਨਕਾਰ ਕੀਤਾ ਹੈ।

ਪਿੰਡ ਵਾਸੀ ਗੁਰਮੀਤ ਸਿੰਘ ਨੇ ਕਿਹਾ ਕਿ ਕਿਸੇ ਦੇ ਵੱਲ ਉਂਗਲ ਕਰਨੀ ਅਜੇ ਮੁਸ਼ਕਲ ਹੈ। ਇਕ ਹੋਰ ਪਿੰਡ ਵਾਸੀ ਸੁਖਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਆ ਕੇ ਉਨ੍ਹਾਂ ਦੇਖਿਆ ਤਾਂ ਬੀੜਾਂ ਅਤੇ ਹੋਰ ਕਾਫੀ ਸਾਮਾਨ ਸੜ ਰਿਹਾ ਸੀ। ਗੁਰਦੁਆਰੇ ਵਿਚ ਕਿਸੇ ਵੀ ਬਾਹਰੀ ਵਿਅਕਤੀ ਦੇ ਦਾਖਲ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਪਤਾ ਲੱਗਣ ਉਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਕੁਰੂਕਸ਼ੇਤਰ ਤੋਂ ਵੀ ਪ੍ਰਬੰਧਕਾਂ ਦੇ ਵਫਦ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੇ ਘਟਨਾ ਸਥਾਨ ਦਾ ਦੌਰਾ ਕੀਤਾ।

## ਸਾਹਨੇਵਾਲ-ਦਿੱਲੀ ਹਵਾਈ ਸੇਵਾ ਮੁੜ ਸ਼ੁਰੂ

**ਲੁਧਿਆਣਾ:** ਸਾਹਨੇਵਾਲ ਤੋਂ ਤਿੰਨ ਸਾਲਾਂ ਬਾਅਦ ਮੁੜ ਦੇਸ਼ ਦੀ ਰਾਜਧਾਨੀ ਦਿੱਲੀ ਲਈ ਹਵਾਈ ਸੇਵਾ ਸ਼ੁਰੂ ਹੋ ਗਈ। 70 ਸੀਟਾਂ ਵਾਲੇ ਅਲਾਇੰਸ ਏਅਰ ਦੇ ਜਹਾਜ਼ ਵਿਚ ਪਹਿਲੇ ਦਿਨ 41 ਸਵਾਰੀਆਂ ਦਿੱਲੀ ਤੋਂ ਸਾਹਨੇਵਾਲ ਹਵਾਈ ਅੱਡੇ 'ਤੇ ਪੁੱਜੀਆਂ।

ਵਾਪਸ ਦਿੱਲੀ ਜਾਣ ਲਈ 48 ਯਾਤਰੀਆਂ ਨੇ ਸਾਹਨੇਵਾਲ ਹਵਾਈ ਅੱਡੇ ਤੋਂ ਜਹਾਜ਼ ਫੜਿਆ। ਸਾਹਨੇਵਾਲ ਤੋਂ ਦਿੱਲੀ ਦੀ ਉਡਾਣ ਦੇ ਪਹਿਲੇ ਦਿਨ ਹਵਾਈ ਅੱਡੇ 'ਤੇ ਲੋਕਾਂ ਦਾ ਸਵਾਗਤ ਕਰਨ ਲਈ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਪੁੱਜੇ। ਉਨ੍ਹਾਂ ਕਿਹਾ ਕਿ 'ਉਡਾਨ' ਯੋਜਨਾ ਤਹਿਤ ਸ਼ੁਰੂ ਹੋਈ ਇਸ ਹਵਾਈ ਸੇਵਾ ਲਈ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਭਰੋਸਾ ਦਿੱਤਾ ਹੈ ਕਿ ਇਸ ਰੂਟ ਨੂੰ ਸ਼ੁਰੂ ਕਰਨ ਨਾਲ ਜੇਕਰ ਹਵਾਈ ਕੰਪਨੀਆਂ ਨੂੰ ਸਵਾਰੀਆਂ ਦੀ ਕਮੀ ਕਾਰਨ ਘਾਟਾ ਪਵੇਗਾ ਤਾਂ ਸਰਕਾਰ ਵੱਲੋਂ ਉਸ ਨੂੰ ਬਣਦਾ ਹਿੱਸਾ ਪਾ ਕੇ ਪੂਰਾ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਸਾਹਨੇਵਾਲ ਤੋਂ ਸ਼ੁਰੂ ਹੋਈ ਇਸ ਘਰੇਲੂ ਹਵਾਈ ਸੇਵਾ ਨੂੰ ਹੁਣ ਬੰਦ ਨਹੀਂ ਹੋਣ ਦਿੱਤਾ ਜਾਵੇਗਾ। ਜੇਕਰ ਪੰਜਾਬ ਵਾਸੀਆਂ ਵੱਲੋਂ ਇਸ ਹਵਾਈ ਸੇਵਾ ਦਾ ਪੂਰਾ ਲਾਭ ਲਿਆ ਗਿਆ ਤਾਂ ਜਲਦ ਹੀ ਏਅਰ ਡੈਕਨ ਕੰਪਨੀ ਵੱਲੋਂ ਵੀ ਸਾਹਨੇਵਾਲ ਹਵਾਈ ਅੱਡੇ ਤੋਂ ਆਪਣੇ ਜਹਾਜ਼ ਚਲਾਏ ਜਾਣਗੇ। ਫਿਲਹਾਲ ਇਹ ਹਵਾਈ ਸੇਵਾ ਹਫਤੇ ਵਿਚ ਚਾਰ ਦਿਨਾਂ ਸੋਮਵਾਰ, ਮੰਗਲਵਾਰ, ਵੀਰਵਾਰ ਤੇ ਸ਼ਨਿਚਰਵਾਰ ਨੂੰ ਹੀ ਸ਼ੁਰੂ ਕੀਤੀ ਗਈ ਹੈ। ਯਾਤਰੀਆਂ ਦੀ ਮੰਗ 'ਤੇ ਇਸ ਨੂੰ ਵਧਾਇਆ ਜਾਵੇਗਾ।

# ਰਾਮ ਰਹੀਮ ਕਾਂਡ ਅਤੇ ਆਪਾ ਚੀਨਣ ਦਾ ਵੇਲਾ

**ਕੇਕੀ ਦਾਰੂਵਾਲਾ**

ਆਪਣੀ ਕਿਤਾਬ 'ਇੰਡੀਆ ਡਾਈਸੈਕਟਸ' ਵਿਚ ਸ਼ਾਮਲ ਇਕ ਲੇਖ ਵਿਚ ਮੈਂ ਲਿਖਿਆ ਸੀ, "ਕਿਸੇ ਨੁਕਸਾਨ ਰਹਿਤ ਕਾਮੇਡੀਅਨ ਕੀਕੂ ਸ਼ਾਰਦਾ (ਕਮੇਡੀਅਨ ਆਮ ਤੌਰ 'ਤੇ ਨੁਕਸਾਨ ਰਹਿਤ ਹੀ ਹੁੰਦੇ ਹਨ) ਨੇ ਗੁਰਮੀਤ ਰਾਮ ਰਹੀਮ ਦਾ ਸਵਾਂਗ ਬੜੇ ਤਿੱਖੇ ਰੂਪ ਵਿਚ ਕੀਤਾ। ਕੈਥਲ (ਹਰਿਆਣਾ) ਦੀ ਜ਼ਿਲ੍ਹਾ ਪੁਲਿਸ ਨੇ ਰਾਮ ਰਹੀਮ ਦਾ ਸਵਾਂਗ ਉਤਾਰਨ ਦੇ ਦੋਸ਼ ਵਿਚ ਉਸ ਨੂੰ ਫੜਨ ਲਈ ਆਪਣੇ ਇੰਸਪੈਕਟਰ ਮੁੰਬਈ ਭੇਜੇ। ਉਸ ਨੂੰ ਬਾਕਾਇਦਾ ਹਰਿਆਣਾ ਲਿਆਂਦਾ ਗਿਆ। ਖੈਰ, ਅਦਾਲਤ ਦੇ ਹੁਕਮਾਂ ਤੋਂ ਬਾਅਦ ਉਹ ਜ਼ਮਾਨਤ 'ਤੇ ਰਿਹਾ ਹੋ ਗਿਆ, ਪਰ ਜਦੋਂ ਉਹ ਵਾਪਸ ਦਿੱਲੀ ਪਰਤ ਰਿਹਾ ਸੀ ਤਾਂ ਫਤਿਹਾਬਾਦ (ਇਹ ਹਰਿਆਣਾ ਵਿਚ ਹੀ ਪੈਂਦਾ ਹੈ) ਪੁਲਿਸ ਨੇ ਤੁਰੰਤ ਸਰਗਰਮੀ ਦਿਖਾਈ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ।" ਕੀ ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਇੱਛਾ ਤੋਂ ਬਗੈਰ ਪੁਲਿਸ ਵਾਲੇ ਕੀਕੂ ਸ਼ਾਰਦਾ ਨੂੰ ਲੈਣ ਜਾ ਸਕਦੇ ਸਨ ਅਤੇ ਇਹ ਅਜਿਹੀ ਨਿਆਂਇਕ ਕਾਮੇਡੀ ਇੰਦਾਂ ਵਾਪਰ ਸਕਦੀ ਸੀ? ਇਹ ਕਿੰਡਾ ਕੁ ਮਸਲਾ ਹੈ-ਜੇ ਕੋਈ ਕਲਾਕਾਰ ਬਲਾਤਕਾਰ ਦੇ ਦੋਸ਼ੀ, ਪਰ ਰਸੂਖ ਵਾਲੇ ਡੇਰੇ ਦੇ ਮੁਖੀ ਦਾ ਮਜ਼ਾਕ ਉਡਾਉਂਦਾ ਹੈ? ਇਸ ਦਾ ਕਾਨੂੰਨ ਵਿਵਸਥਾ ਉਤੇ ਭਲਾ ਕੀ ਅਤੇ ਕਿੰਨਾ ਕੁ ਅਸਰ ਪੈਂਦਾ ਹੈ? ਦਰਅਸਲ, ਭਾਰਤੀ ਜਨਤਾ ਪਾਰਟੀ ਡੇਰਾ ਪ੍ਰੇਮੀਆਂ ਦੀਆਂ 'ਭਾਵਨਾਵਾਂ ਨੂੰ ਲੱਗੀ ਠੇਸ' ਨੂੰ ਹੀ ਹੱਲਾਸ਼ੇਰੀ ਦੇ ਰਹੀ ਸੀ! ਇਸ ਤੋਂ ਪਹਿਲਾਂ ਵੀ ਮੈਂ ਲਿਖਿਆ ਸੀ ਕਿ ਹਰਿਆਣਾ ਦਾ ਖੇਡ ਮੰਤਰੀ ਖੁਦ ਡੇਰੇ ਜਾ ਕੇ 50 ਲੱਖ ਰੁਪਏ ਦੇ ਕੇ ਆਇਆ ਹੈ।

ਹਰਿਆਣਾ ਪੁਲਿਸ ਬਾਰੇ ਤਾਂ ਜਿੰਨਾ ਕਹੋ, ਉਨਾ ਹੀ ਥੋੜ੍ਹਾ ਹੈ। ਕੀ ਇਹ ਦੇਖਣਾ ਇਸ ਦੀ ਜ਼ਿੰਮੇਵਾਰੀ ਨਹੀਂ ਸੀ ਕਿ ਪੰਚਕੂਲਾ ਵਿਚ ਇੰਨੀ ਭੀੜ ਕਿੰਦਾਂ ਜਮ੍ਹਾਂ ਹੋ ਗਈ? ਕੀ ਇਹ ਪੁਲਿਸ ਮੁਖੀ ਦੀ ਡਿਊਟੀ ਨਹੀਂ ਸੀ? ਫਿਰ ਹੁਣ ਤੱਕ ਉਸ ਨੂੰ ਮੁਅੱਤਲ ਕਿਉਂ ਨਹੀਂ ਕੀਤਾ ਗਿਆ? ਮੁੱਖ ਮੰਤਰੀ ਨੇ ਅਜੇ ਤੱਕ ਉਸ ਨੂੰ ਬਰਤਰਫ ਕਿਉਂ ਨਹੀਂ ਕੀਤਾ? ਇਸ ਮੁਲਕ ਵਿਚ ਕੀ ਕਿਸੇ ਦੀ ਕੋਈ ਜਵਾਬਦੇਹੀ ਨਹੀਂ ਹੈ? ਕੀ ਹਰ ਕੋਈ ਖੁੱਲ੍ਹੇਆਮ ਕੁਝ ਵੀ ਕਰ ਸਕਦਾ ਹੈ? ਇਹ ਸਵਾਲ ਗੋਲੀ ਨਾਲ ਹੋਈਆਂ ਮੌਤਾਂ ਤੋਂ ਬਾਅਦ ਦਾ ਹੈ।

ਕੀ ਅਸੀਂ ਇਸ ਤਰ੍ਹਾਂ ਦਾ ਤਮਾਸ਼ਾ ਮਥੁਰਾ ਵਿਚ ਨਹੀਂ ਸੀ ਦੇਖਿਆ, ਜਦੋਂ ਇਕ ਜਾਅਲੀ ਧਾਰਮਿਕ ਸ਼ਖਸ ਦੇ 20 ਬੰਦੇ ਮਾਰੇ ਗਏ ਸਨ ਅਤੇ ਇਸ ਝੜਪ ਵਿਚ ਬਦਮਾਸ਼ਾਂ ਨੇ ਬਹਾਦਰ ਐਸ.ਪੀ. ਨੂੰ ਮਾਰ ਮੁਕਾਇਆ ਸੀ? ਮੈਨੂੰ ਹਰਿਆਣਾ ਦੇ ਉਸ ਠੱਗ ਦਾ ਵੀ ਚੇਤਾ ਆ ਰਿਹਾ ਹੈ ਜੋ ਦੁੱਧ ਨਾਲ ਨਹਾਉਂਦਾ ਸੀ ਅਤੇ ਉਸ ਦੇ ਸ਼ਰਧਾਲੂ ਇਸੇ ਦੁੱਧ ਨੂੰ ਪ੍ਰਸਾਦ ਵਜੋਂ ਲੈਂਦੇ ਸਨ।

ਅਸੀਂ ਭਾਰਤੀ ਅਜੇ ਮਸਖਰਿਆਂ ਦੀ ਇਉਂ ਪੂਜਾ ਕਿਉਂ ਕਰਦੇ ਹਾਂ? 'ਅਸੀਂ ਭਾਰਤੀਆਂ' ਨੂੰ ਤੁਸੀਂ 'ਅਸੀਂ ਉਤਰੀ ਭਾਰਤੀ' ਪੜ੍ਹਨਾ ਹੈ। ਇਹ ਲੋਕ ਗੁੰਡਿਆਂ ਦੀ ਪੂਜਾ ਭਲਾ ਕਿਉਂ ਕਰਦੇ ਹਨ? ਮੁਆਫ ਕਰਨਾ, ਦਿਹਾਤੀ ਖੇਤਰਾਂ ਦੇ ਬਹੁਤੇ ਹਿੰਦੂ ਅਤੇ ਸਿੱਖ ਹੀ ਅਜਿਹੇ ਲੋਕਾਂ ਕੋਲ ਕਿਉਂ ਜਾਂਦੇ ਹਨ? ਹੋਰ ਭਾਈਚਾਰਿਆਂ-ਮੁਸਲਮਾਨਾਂ, ਈਸਾਈਆਂ, ਜੈਨੀਆਂ, ਬੋਧੀਆਂ ਦੇ ਤਾਂ ਅਜਿਹੇ ਭਗਵਾਨ ਨਹੀਂ ਹਨ। ਉਤਰੀ ਭਾਰਤ ਦੇ ਬਹੁਤੇ ਭਾਈਚਾਰਿਆਂ ਨੂੰ ਹੁਣ ਆਪਾ ਚੀਨਣ ਦੀ ਲੋੜ ਹੈ। ਧਾਰਮਿਕਤਾ ਕਿਸੇ ਭਾਈਚਾਰੇ ਦਾ ਨੁਕਸਾਨ ਨਹੀਂ ਕਰਦੀ ਅਤੇ ਬਜ਼ੁਰਗਾਂ ਨੂੰ ਹੁਣ ਸਿਰ ਜੋੜ ਕੇ ਅਜਿਹੇ ਮਨਹੂਸ ਮਨੁੱਖੀ ਪੈਗੰਬਰਾਂ 'ਤੇ ਰੋਕ ਲਗਵਾਉਣੀ ਚਾਹੀਦੀ ਹੈ; ਹਾਲਾਂਕਿ ਮਸਲਾ ਵਿਚੋਂ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਅਜਿਹੀ ਨਕਲੀ ਧਾਰਮਿਕਤਾ ਨੂੰ ਲਗਾਤਾਰ ਹੱਲਾਸ਼ੇਰੀ ਦੇ ਰਹੀ ਹੈ। ਤੁਸੀਂ ਜਮੁਨਾ ਦੇ ਕਿਨਾਰੇ ਕੀਤੇ ਵਾਤਾਵਰਨ ਨਾਲ ਖਿਲਵਾੜ ਅਤੇ ਸ੍ਰੀ ਸ੍ਰੀ...ਨੂੰ ਦਿੱਤੇ ਮਾਣ-ਸਨਮਾਨ ਵੱਲ ਹੀ ਦੇਖੋ, ਜਿਥੇ ਬੇਹੂਦਾ ਨਾਚ-ਗਾਣਾ ਕੀਤਾ ਵੀ ਗਿਆ। ਇਹ ਭਾਜਪਾ ਸਰਕਾਰ ਨੇ ਦੇਖਣਾ ਸੀ ਕਿ ਉਹ ਤਿੰਨ ਲੱਖ ਰੁਪਏ ਜੁਰਮਾਨਾ ਭਰਦਾ।

ਚਸਕੇਬਾਜ਼ ਆਸਾਰਾਮ ਨੂੰ ਕੌਣ ਭੁੱਲ ਸਕਦਾ ਹੈ, ਤੇ ਹਕੀਕਤ ਇਹ ਹੈ ਕਿ ਉਸ ਦੇ ਬਦਮਾਸ਼ਾਂ 'ਤੇ ਹੁਣ ਤੱਕ ਸੱਤ ਗਵਾਹਾਂ ਦੇ ਕਤਲ ਦਾ ਦੋਸ਼ ਲਗ ਚੁਕਾ ਹੈ। ਇਕ ਵਾਰ ਵਲਸਾਦ (ਗੁਜਰਾਤ) ਵਿਚ ਜਦੋਂ ਆਸਾਰਾਮ ਆਇਆ ਸੀ ਤਾਂ ਮੈਂ ਇਤਫਾਕ ਵਸ ਉਥੇ ਹੀ ਸਾਂ। ਪ੍ਰਚਾਰ-ਪ੍ਰਸਾਰ ਇਸ ਤਰ੍ਹਾਂ ਦਾ ਸੀ ਕਿ ਮੈਨੂੰ ਲੱਗਿਆ, ਜਿਵੇਂ ਸਾਰਾ ਸ਼ਹਿਰ ਹੀ ਉਸ ਦਾ ਪੈਰੋਕਾਰ ਬਣਿਆ ਪਿਆ ਹੈ। ਉਸ ਦਾ ਰਾਸ਼ਟਰਪਤੀ ਦੀ ਤਰਜ਼ 'ਤੇ ਮਾਣ-ਸਨਮਾਨ ਕੀਤਾ ਗਿਆ।

ਪੂਣੇ ਦੀ ਸਨਾਤਨ ਸੰਸਥਾ, ਜਿਸ ਉਤੇ ਤਿੰਨ ਤਰਕਸ਼ੀਲਾਂ-ਨਰਿੰਦਰ ਦਾਭੋਲਕਰ, ਗੋਬਿੰਦ ਪਨਸਾਰੇ ਅਤੇ ਐਮ.ਐਮ. ਕਲਬੁਰਗੀ ਨੂੰ ਮਾਰਨ ਦੇ ਦੋਸ਼ ਹਨ, ਉਤੇ ਅਜੇ ਤੱਕ ਵੀ ਸ਼ਿਕੰਜਾ ਨਹੀਂ ਕੱਸਿਆ ਜਾ ਰਿਹਾ।

19ਵੀਂ ਸਦੀ ਵਿਚ ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਵਰਗੇ ਧਾਰਮਿਕ ਸੁਧਾਰ ਅੰਦੋਲਨ ਛੇੜੇ ਗਏ। ਕੀ ਇਨ੍ਹਾਂ ਅੰਦੋਲਨਾਂ ਅਤੇ ਇਨ੍ਹਾਂ ਦੇ ਫਲਸਫੇ ਵਿਚ ਨਿਘਾਰ ਆ ਗਿਆ ਹੈ ਕਿ ਅੰਧ ਵਿਸ਼ਵਾਸੀ ਇਨ੍ਹਾਂ 'ਤੇ ਭਾਰੀ ਪੈ ਗਏ ਹਨ? ਕੀ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਹੁਣ ਇਹ ਦੱਸਣਾ ਪਵੇਗਾ ਕਿ ਉਹ ਤਰਕਸ਼ੀਲ ਬਣਨ ਅਤੇ ਅੰਧ ਵਿਸ਼ਵਾਸ ਛੱਡ ਦੇਣ? ਯਾਦ ਕਰੋ, ਦੋ ਸਾਲ ਪਹਿਲਾਂ ਕੁਝ ਸੰਸਥਾਵਾਂ ਨੇ ਮੇਰਠ ਦੇ ਇਕ ਮੰਦਿਰ ਵਿਚ ਨਾਥੂ ਰਾਮ ਗੋਡਸੇ ਦਾ ਬੁੱਤ ਲਾਉਣ ਦੀ ਮੁਹਿੰਮ ਚਲਾ ਲਈ ਸੀ। ਹਿੰਦੂ ਮਹਾਂਸਭਾ ਉਸ ਨੂੰ ਸਨਮਾਨਤ ਕਰਨਾ ਚਾਹੁੰਦੀ ਹੈ। ਇਸ ਲਈ ਜੇ ਹੁਣ ਬੁੱਤ ਸਥਾਪਤੀ 'ਤੇ ਘੱਟੋ ਘੱਟ ਦਸ ਸਾਲ ਦੀ ਰੋਕ ਲਾ ਦਿੱਤੀ ਜਾਵੇ ਤਾਂ ਕਿੰਜ ਰਹੇਗਾ? ਕੀ ਸਮਾਜ ਵਿਚ ਰਹਿ ਰਹੇ ਤਰਕਸ਼ੀਲਾਂ ਨੂੰ ਲੋਕਾਂ ਨੂੰ ਜਾਗਰੂਕ ਨਹੀਂ ਕਰਨਾ ਚਾਹੀਦਾ ਕਿ ਗੰਗਾ ਵੀ ਹੋਰ ਦਰਿਆਵਾਂ ਵਾਂਗ ਦਰਿਆ ਹੀ ਹੈ ਅਤੇ ਇਹ ਸਵਰਗ ਜਾਂ ਸ਼ਿਵ ਦੀਆਂ ਜਟਾਵਾਂ ਵਿਚੋਂ ਨਹੀਂ ਨਿਕਲਦਾ?

ਦਰਅਸਲ, ਮਿਥਿਹਾਸ ਅਤੇ ਹਕੀਕਤ ਵਿਚਕਾਰਲਾ ਖੱਪਾ ਖਤਮ ਕਰ ਦਿੱਤਾ ਗਿਆ ਹੈ। ਪੱਛਮ ਵਿਚ ਲੋਕ ਆਪਣੇ ਬੱਚਿਆਂ ਨੂੰ ਇਹ ਨਹੀਂ ਸਿਖਾਉਂਦੇ ਕਿ ਰੱਬ ਨੇ ਛੇ ਦਿਨਾਂ ਵਿਚ ਇਹ ਦੁਨੀਆਂ ਸਾਜ ਦਿੱਤੀ ਅਤੇ ਫਿਰ ਸਤਵੇਂ ਦਿਨ ਉਹ ਸੌਂ ਗਿਆ। ਜਦੋਂ ਤੱਕ ਅਸੀਂ ਮਿਥਿਹਾਸ ਨੂੰ ਮਿਸਾਲ ਜਾਂ ਰੂਪਕ ਵਜੋਂ ਵਰਤਦੇ ਹਾਂ, ਉਦੋਂ ਤੱਕ ਤਾਂ ਠੀਕ ਹੈ, ਪਰ ਜਦੋਂ ਮਿਥਿਹਾਸ ਹਕੀਕਤ 'ਤੇ ਭਾਰੂ ਹੋਣ ਲਗਦਾ ਹੈ ਤਾਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਇਸ ਲਈ ਲੋਕਾਂ ਨੂੰ ਇਨ੍ਹਾਂ ਮਾਮਲਿਆਂ 'ਤੇ ਖੁਦ ਨੂੰ ਹੀ ਸਵਾਲ ਕਰਨੇ ਚਾਹੀਦੇ ਹਨ। ਕੁੰਭ ਮੇਲੇ 'ਤੇ ਵਹੀਰਾਂ ਘੱਤ ਕੇ ਲੱਖਾਂ ਦੀ ਗਿਣਤੀ ਵਿਚ ਜਾਣ ਵਾਲਿਆਂ ਨੂੰ ਕਿਸ ਤਰ੍ਹਾਂ ਸਮਝਾਇਆ ਜਾਵੇਗਾ ਕਿ ਉਥੇ ਇਉਂ ਨਹਾਉਣ ਨਾਲ ਮਨ ਦੀ ਮੈਲ ਨਹੀਂ ਧੋਤੀ ਜਾਂਦੀ? ਤਰਕਸ਼ੀਲਾਂ ਨੂੰ ਅਜਿਹੇ ਮੇਲਿਆਂ ਬਾਰੇ ਪੈਂਤੜੇ ਮੱਲਣੇ ਚਾਹੀਦੇ ਹਨ। ਅਸੀਂ ਰਾਹੂ-ਕੇਤੂ ਉਤੇ ਵਿਸ਼ਵਾਸ ਕਿਉਂ ਕਰਦੇ ਹਾਂ? ਸਾਨੂੰ ਕਦੇ ਤਾਂ ਇਹ ਸਭ ਕੁਝ ਬੰਦ ਕਰਨਾ ਪਵੇਗਾ ਅਤੇ ਸੋਚਣਾ ਪਵੇਗਾ!

# ਜੀ.ਐਸ.ਟੀ. ਰਿਟਰਨ ਭਰਨ ਵਿਚ ਪੰਜਾਬ ਦੇ ਕਾਰੋਬਾਰੀਆਂ ਦੀ ਝੰਡੀ




**ਚੰਡੀਗੜ੍ਹ:** ਪੰਜਾਬ ਜੀ.ਐਸ.ਟੀ. ਰਿਟਰਨ ਦਾਖਲ ਕਰਨ ਦੇ ਮਾਮਲੇ ਵਿਚ ਦੇਸ਼ ਭਰ ਵਿਚੋਂ ਮੋਹਰੀ ਸੂਬਾ ਬਣ ਗਿਆ ਹੈ। ਸੂਬੇ ਦੇ ਕਾਰੋਬਾਰੀਆਂ ਨੇ 89.83 ਫੀਸਦੀ ਰਿਟਰਨਾਂ ਦਾਖਲ ਕਰ ਕੇ ਰਿਕਾਰਡ ਕਾਇਮ ਕਰ ਦਿੱਤਾ ਹੈ। ਸੂਬੇ ਨੇ ਦੇਸ਼ ਦੀ ਕੁੱਲ ਔਸਤ 73 ਫੀਸਦੀ ਨਾਲੋਂ 16.83 ਫੀਸਦੀ ਵੱਧ ਰਿਟਰਨਾਂ ਦਾਖਲ ਕੀਤੀਆਂ ਹਨ।

ਸੂਬੇ ਦੇ ਅਧਿਕਾਰੀਆਂ ਨੂੰ ਆਸ ਹੈ ਕਿ ਐਤਕੀਂ ਪਿਛਲੇ ਸਾਲ ਨਾਲੋਂ ਵੱਧ ਮਾਲੀਆ ਆਵੇਗਾ ਤੇ ਸੂਬੇ ਦੀ ਵਿੱਤੀ ਹਾਲਤ ਸੁਧਰੇਗੀ। ਜਾਣਕਾਰੀ ਅਨੁਸਾਰ ਰਿਟਰਨਾਂ ਦਾਖਲ ਕਰਨ ਵਿਚ ਛੋਟਾ ਲਕਸ਼ਦੀਪ ਸੂਬਾ ਫਾਡੀ ਹੈ ਤੇ ਇਸ ਨੇ ਸਿਰਫ 28 ਫੀਸਦੀ ਹੀ ਰਿਟਰਨਾਂ ਦਾਖਲ ਕੀਤੀਆਂ ਹਨ। ਪੰਜਾਬ ਤੋਂ ਬਾਅਦ 82 ਫੀਸਦੀ ਰਿਟਰਨਾਂ ਦਾਖਲ ਕਰ ਕੇ ਸੁੰਦਰ ਸ਼ਹਿਰ ਚੰਡੀਗੜ੍ਹ ਦੂਜੇ ਨੰਬਰ ਉਤੇ ਹੈ।

ਗੁਆਂਢੀ ਸੂਬੇ ਹਰਿਆਣਾ ਵਿਚ ਸਿਰਫ 77 ਫੀਸਦੀ ਨੇ ਹੀ ਰਿਟਰਨਾਂ ਦਾਖਲ ਕੀਤੀਆਂ ਹਨ। ਸੂਬਾ ਸਰਕਾਰ ਨੂੰ ਆਬਕਾਰੀ ਟੈਕਸ ਤੋਂ ਅਜੇ ਤੱਕ 1100 ਕਰੋੜ ਰੁਪਏ ਮਿਲੇ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ ਡੇਢ ਸੌ ਕਰੋੜ ਰੁਪਏ ਘੱਟ ਹੈ। ਸੂਬਾ ਸਰਕਾਰ ਦਾ ਇਕਜੁੱਟ ਜੀ.ਐਸ.ਟੀ. ਵਿਚੋਂ ਬਣਦਾ ਹਿੱਸਾ ਅਜੇ ਬਕਾਇਆ ਹੈ ਅਤੇ ਉਹ ਹਿੱਸਾ ਮਿਲਣ ਨਾਲ ਸੂਬਾ ਸਰਕਾਰ ਦੀ ਆਮਦਨ ਵਿਚ ਪੱਚੀ ਤੋਂ ਤੀਹ ਫੀਸਦੀ ਵਾਧਾ ਹੋਣ ਦੇ ਆਸਾਰ ਹਨ। ਪਿਛਲੇ ਸਾਲ ਆਬਕਾਰੀ ਵਿਭਾਗ ਦੀ ਆਮਦਨ ਵਿਚ 7 ਤੋਂ 8 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ।

ਤਿੰਨ ਸਤੰਬਰ ਤੱਕ ਦੀ ਜਾਣਕਾਰੀ ਅਨੁਸਾਰ ਸਟੇਟ ਜੀ.ਐਸ.ਟੀ. 23000 ਕਰੋੜ ਰੁਪਏ ਸੀ, ਸੈਂਟਰਲ ਜੀ.ਐਸ.ਟੀ. 18000 ਕਰੋੜ ਰੁਪਏ ਅਤੇ ਇੰਟੈਗਰੇਟਿਡ ਜੀ.ਐਸ.ਟੀ. 47000 ਕਰੋੜ ਰੁਪਏ ਸੀ ਤੇ ਇਸ ਵਿਚੋਂ ਅੱਧਾ ਹਿੱਸਾ ਸੂਬਿਆਂ ਨੂੰ ਮਿਲਣਾ ਹੈ, ਜਿਸ ਵਿਚ ਕੁਝ ਸਮਾਂ ਲੱਗ ਸਕਦਾ ਹੈ। ਇਸ ਤੋਂ ਇਲਾਵਾ ਇਨਕਮ ਟੈਕਸ ਅਤੇ ਕੁਝ ਹੋਰਨਾਂ ਟੈਕਸਾਂ ਵਿਚੋਂ ਵੀ ਸੂਬਿਆਂ ਨੂੰ ਹਿੱਸਾ ਮਿਲਣਾ ਹੈ।

# ਬਾਦਲਾਂ ਨੇ ਵੋਟਾਂ ਲਈ ਬਣਾਏ ਸਨ ਨੀਲੇ ਕਾਰਡ

**ਬਠਿੰਡਾ:** ਵਿਜੀਲੈਂਸ ਬਠਿੰਡਾ ਨੇ ਇਕੱਲੇ ਬਾਦਲਾਂ ਦੇ ਹਲਕੇ ਵਿਚ ਆਟਾ ਦਾਲ ਸਕੀਮ ਦੀ ਗੁਪਤ ਪੜਤਾਲ ਸ਼ੁਰੂ ਕਰ ਦਿੱਤੀ ਹੈ ਹਾਲਾਂਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਡਿਪਟੀ ਕਮਿਸ਼ਨਰਾਂ ਤੋਂ ਇਸ ਸਕੀਮ ਦੀ ਪੜਤਾਲ ਕਰਾਈ ਜਾ ਰਹੀ ਹੈ। ਵਿਜੀਲੈਂਸ ਨੇ ਬਠਿੰਡਾ (ਸ਼ਹਿਰੀ) ਹਲਕੇ ਤੋਂ ਜਾਂਚ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਬਠਿੰਡਾ-ਮਾਨਸਾ ਨੂੰ ਇਸ ਜਾਂਚ ਦੇ ਘੇਰੇ ਵਿਚ ਲਿਆ ਜਾਣਾ ਹੈ। ਖੁਰਾਕ ਤੇ ਸਪਲਾਈ ਵਿਭਾਗ ਬਠਿੰਡਾ ਤੋਂ ਆਟਾ ਦਾਲ ਸਕੀਮ ਦਾ ਸਾਰਾ ਰਿਕਾਰਡ ਤਲਬ ਕਰ ਲਿਆ ਗਿਆ ਹੈ।

ਪੰਜਾਬ ਭਰ ਵਿਚ ਕਰੀਬ 36.08 ਲੱਖ ਨੀਲੇ ਕਾਰਡ ਬਣੇ ਹੋਏ ਹਨ ਜਦੋਂਕਿ ਬਠਿੰਡਾ ਜ਼ਿਲ੍ਹੇ ਵਿਚ ਕੁੱਲ 2.23 ਲੱਖ ਨੀਲੇ ਕਾਰਡ ਹਨ। ਪੰਜਾਬ ਚੋਣਾਂ ਤੋਂ ਐਨ ਪਹਿਲਾਂ ਰਾਤੋ-ਰਾਤ ਬਠਿੰਡਾ ਜ਼ਿਲ੍ਹੇ ਵਿਚ 29,734 ਨੀਲੇ ਕਾਰਡ ਬਣਾਏ ਗਏ ਸਨ। ਇਕੱਲੇ ਬਠਿੰਡਾ ਸ਼ਹਿਰ ਵਿਚ ਕਰੀਬ 34 ਹਜ਼ਾਰ ਨੀਲੇ ਕਾਰਡ ਬਣੇ ਹੋਏ ਹਨ।

ਡਿਪਟੀ ਕਮਿਸ਼ਨਰ ਵੱਲੋਂ ਕਰਾਈ ਪੜਤਾਲ 'ਚ 16 ਹਜ਼ਾਰ ਦੇ ਕਰੀਬ ਨੀਲੇ ਕਾਰਡ ਅਯੋਗ ਨਿਕਲੇ ਹਨ। ਵਿਜੀਲੈਂਸ ਨੂੰ ਖਦਸ਼ਾ ਹੈ ਕਿ ਬਾਦਲਾਂ ਦੇ ਹਲਕੇ 'ਚ ਵੱਡੀ ਪੱਧਰ ਉਤੇ ਨੀਲੇ ਕਾਰਡਾਂ ਵਿਚ ਧਾਂਦਲੀ ਹੋਈ ਹੈ। ਸੂਤਰ ਦੱਸਦੇ ਹਨ ਕਿ ਪੰਜਾਬ ਵਿਚ ਹੋਰ ਕਿਤੇ ਵੀ ਆਟਾ ਦਾਲ ਸਕੀਮ ਦੀ ਵਿਜੀਲੈਂਸ ਪੜਤਾਲ ਨਹੀਂ ਹੋ ਰਹੀ ਹੈ।

ਸੂਤਰਾਂ ਅਨੁਸਾਰ ਵਿਜੀਲੈਂਸ ਵੱਲੋਂ ਆਪਣੀ ਗੁਪਤ ਪੜਤਾਲ ਨੂੰ ਦੋ ਨੁਕਤਿਆਂ ਤੱਕ ਮੁੱਢਲੇ ਪੜਾਅ ਉਤੇ ਸੀਮਤ ਰੱਖਿਆ ਗਿਆ ਹੈ। ਵਿਜੀਲੈਂਸ ਅਜਿਹੇ ਨੀਲੇ ਕਾਰਡਾਂ ਦੀ ਤਲਾਸ਼ ਵਿਚ ਹੈ, ਜਿਨ੍ਹਾਂ ਦਾ ਕੋਈ ਪਤਾ ਟਿਕਾਣਾ ਨਹੀਂ ਲੱਭ ਰਿਹਾ ਹੈ ਅਤੇ ਦੂਜਾ ਅਜਿਹੇ ਲੋਕਾਂ ਦੀ ਪੜਤਾਲ ਕਰ ਰਹੀ ਹੈ ਜਿਨ੍ਹਾਂ ਨੇ ਦੋ-ਦੋ ਨੀਲੇ ਕਾਰਡ ਬਣਾਏ ਹੋਏ ਹਨ।

ਮੁਢਲੀ ਪੜਤਾਲ 'ਚ ਨਜ਼ਰ ਆਇਆ ਹੈ ਕਿ ਨਗਰ ਕੌਂਸਲਰਾਂ ਦੀ ਸਿਫਾਰਸ਼ ਤੋਂ ਬਿਨਾਂ ਵੀ ਨੀਲੇ ਕਾਰਡ ਬਠਿੰਡਾ ਵਿਚ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਦੀ ਪੜਤਾਲ ਵਿਚੋਂ ਬਹੁਤੇ ਲਾਭਪਾਤਰੀ ਗੈਰਹਾਜ਼ਰ ਹੀ ਹੋ ਗਏ ਹਨ ਜਾਂ ਫਿਰ ਦਿੱਤੇ ਹੋਏ ਪਤੇ ਉਤੇ ਰਹਿ ਨਹੀਂ ਰਹੇ ਹਨ।

# ਮੁਸਲਮਾਨਾਂ ਨੇ ਈਦ ਮੌਕੇ ਗੁਰਦੁਆਰੇ ਵਿਚ ਅਦਾ ਕੀਤੀ ਨਮਾਜ਼



**ਗੋਪੇਸ਼ਵਰ, (ਉੱਤਰਾਖੰਡ):** ਈਦ ਦੇ ਤਿਉਹਾਰ ਮੌਕੇ ਭਾਈਚਾਰੇ ਦੀ ਵਿਲੱਖਣ ਮਿਸਾਲ ਪੈਦਾ ਕਰਦਿਆਂ ਜੋਸ਼ੀਮੱਠ ਵਿਚ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਮੁਸਲਮਾਨ ਭਰਾਵਾਂ ਨੂੰ ਗੁਰਦੁਆਰੇ ਵਿਚ ਨਮਾਜ਼ ਅਦਾ ਕਰਨ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਇਕ ਹਜ਼ਾਰ ਮੁਸਲਮਾਨਾਂ ਨੇ ਗੁਰਦੁਆਰੇ ਵਿਚ ਨਮਾਜ਼ ਅਦਾ ਕੀਤੀ।

ਹੇਮਕੁੰਟ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਸੇਵਾ ਸਿੰਘ ਨੇ ਦੱਸਿਆ ਕਿ ਉਸ ਸਮੇਂ ਮੀਂਹ ਪੈ ਰਿਹਾ ਸੀ ਤੇ ਇਸ ਕਰ ਕੇ ਮੁਸਲਮਾਨ ਭਰਾਵਾਂ ਲਈ ਖੁੱਲ੍ਹੇ ਵਿਚ ਨਮਾਜ਼ ਅਦਾ ਕਰਨੀ ਮੁਸ਼ਕਲ ਸੀ, ਇਸ ਲਈ ਈਦ ਮੌਕੇ ਅਸੀਂ ਉਨ੍ਹਾਂ ਨੂੰ ਗੁਰਦੁਆਰੇ ਵਿਚ ਨਮਾਜ਼ ਕਰਨ ਲਈ ਥਾਂ ਦਿੱਤੀ। ਸਵੇਰੇ 9 ਵਜੇ ਤੋਂ 10 ਵਜੇ ਤੱਕ ਗੁਰਦੁਆਰੇ ਵਿਚ ਕਰੀਬ ਇਕ ਹਜ਼ਾਰ ਮੁਸਲਮਾਨਾਂ ਨੇ ਨਮਾਜ਼ ਅਦਾ ਕੀਤੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਤੋਹਫੇ ਵਜੋਂ ਸਨੈਕਸ ਵੀ ਭੇਟ ਕੀਤੇ।

# ਨਗਰ ਨਿਗਮ ਚੋਣਾਂ ਤੋਂ ਪਹਿਲਾਂ ਸ਼ਹਿਰੀਆਂ ਨੂੰ ਸਹੂਲਤਾਂ ਦੇ ਗੱਫੇ

**ਚੰਡੀਗੜ੍ਹ:** ਨਿਗਮ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਸ਼ਹਿਰੀਆਂ ਨੂੰ ਸਹੂਲਤਾਂ ਦੇ ਗੱਫੇ ਦੇਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸ਼ਹਿਰੀਆਂ ਨੂੰ ਘਰ ਬੈਠਿਆਂ ਪ੍ਰਸ਼ਾਸਕੀ ਸੇਵਾਵਾਂ ਦੇਣ ਵੱਲ ਕਦਮ ਪੁੱਟਦਿਆਂ ਇਮਾਰਤਾਂ ਦੇ ਨਕਸ਼ੇ ਆਨਲਾਈਨ ਪਾਸ ਕਰਨ ਦੀ ਯੋਜਨਾ ਐਲਾਨੀ ਹੈ। ਸ੍ਰੀ ਸਿੱਧੂ ਨੇ ਦੱਸਿਆ ਕਿ ਇਸ ਯੋਜਨਾ ਦੇ ਪਹਿਲੇ ਪੜਾਅ ਵਿਚ ਸੂਬੇ ਦੇ ਅੱਠ ਵੱਡੇ ਨਗਰ ਨਿਗਮ ਸ਼ਹਿਰਾਂ ਵਿਚ ਇਹ ਯੋਜਨਾ ਇਸੇ ਮਹੀਨੇ ਲਾਗੂ ਹੋਵੇਗੀ। ਮੰਤਰੀ ਨੇ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਨਾਲ ਲੈ ਕੇ 8 ਨਗਰ ਨਿਗਮ ਸ਼ਹਿਰਾਂ ਦੇ ਕਮਿਸ਼ਨਰਾਂ, ਇਸ ਪ੍ਰੋਜੈਕਟ ਨੂੰ ਚਲਾਉਣ ਵਾਲੀਆਂ ਚਾਰ ਕੰਸਲਟੈਂਟ ਕੰਪਨੀਆਂ ਦੇ ਨੁਮਾਇੰਦਿਆਂ, ਟਾਊਨ ਪਲਾਨਰਾਂ ਤੇ ਆਰਕੀਟੈਕਟਾਂ ਨਾਲ ਮੀਟਿੰਗ ਕੀਤੀ।

ਇਸ ਮੌਕੇ ਸ੍ਰੀ ਸਿੱਧੂ ਨੇ ਕਿਹਾ ਕਿ ਭ੍ਰਿਸ਼ਟਾਚਾਰ ਮੁਕਤ ਅਤੇ ਸੁਖਾਲੀਆ ਸੇਵਾਵਾਂ ਦੇਣ ਲਈ ਈ-ਗਵਰਨੈਂਸ ਸਭ ਤੋਂ ਵਧੀਆ ਸਾਧਨ ਹੈ। ਵਿਭਾਗ ਵੱਲੋਂ ਪਹਿਲੇ ਪੜਾਅ ਵਿਚ ਅੱਠ ਵੱਡੇ ਨਗਰ ਨਿਗਮ ਸ਼ਹਿਰਾਂ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ, ਬਠਿੰਡਾ, ਮੋਗਾ, ਫਗਵਾੜਾ ਤੇ ਪਠਾਨਕੋਟ ਵਿਚ ਇਸੇ ਮਹੀਨੇ ਤੋਂ ਇਮਾਰਤਾਂ ਦੇ ਨਕਸ਼ੇ ਆਨਲਾਈਨ ਪਾਸ ਹੋਣਗੇ।

# ਅਕਾਲੀਆਂ ਦੀ ਸਿਫਾਰਸ਼ ਵਾਲੇ ਹਥਿਆਰਾਂ ਉਤੇ ਅੱਖ

**ਚੰਡੀਗੜ੍ਹ**: ਕੈਪਟਨ ਸਰਕਾਰ ਵੱਲੋਂ ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਜਾਰੀ ਕੀਤੇ ਹਥਿਆਰਾਂ ਦੇ ਲਾਇਸੰਸਾਂ ਦੀ ਦੁਬਾਰਾ ਪੜਤਾਲ ਕਰਨ ਦੀ ਤਜਵੀਜ਼ ਹੈ। ਇਸ ਰਾਹੀਂ ਪਤਾ ਲਾਇਆ ਜਾਵੇਗਾ ਕਿ ਇਨ੍ਹਾਂ ਹਥਿਆਰਾਂ ਦੇ ਲਾਇਸੰਸ ਅਣਅਧਿਕਾਰਤ ਵਿਅਕਤੀਆਂ ਨੂੰ ਤਾਂ ਨਹੀਂ ਦਿੱਤੇ ਗਏ ਅਤੇ ਸਿਆਸੀ ਦਬਾਅ ਹੇਠ ਇਹ ਲਾਇਸੰਸ ਜਾਰੀ ਕਰਨ ਲੱਗਿਆਂ ਨਿਯਮਾਂ ਨੂੰ ਅੱਖੋਂ ਪਰੋਖੇ ਤਾਂ ਨਹੀਂ ਕੀਤਾ ਗਿਆ।



ਸੂਚਨਾ ਅਨੁਸਾਰ ਰਾਜ ਦੇ ਪੁਲਿਸ ਮੁਖੀ ਵੱਲੋਂ ਗ੍ਰਹਿ ਵਿਭਾਗ ਨੂੰ ਭੇਜੇ ਗਏ ਨੋਟ ਵਿਚ ਕਿਹਾ ਗਿਆ ਹੈ ਕਿ ਇਸ 10 ਸਾਲ ਦੇ ਸਮੇਂ ਦੌਰਾਨ ਜਾਰੀ ਲਾਇਸੰਸਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ, ਜੋ ਕਿ ਕੋਈ ਇਕ ਲੱਖ ਦੇ ਕਰੀਬ ਦੱਸੀ ਜਾ ਰਹੀ ਹੈ, ਜਦੋਂਕਿ ਰਾਜ ਵਿਚ ਕੁੱਲ ਕੋਈ ਸਵਾ ਤਿੰਨ ਲੱਖ ਤੋਂ ਕੁਝ ਵੱਧ ਲਾਇਸੰਸੀ ਹਥਿਆਰ ਹਨ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਮਗਰਲੇ 10 ਸਾਲਾਂ ਦੌਰਾਨ ਹਲਕਾ ਵਿਧਾਨਕਾਰਾਂ ਅਤੇ ਹਲਕਾ ਇੰਚਾਰਜਾਂ ਦੀ ਸਿਫਾਰਸ਼ 'ਤੇ ਹਥਿਆਰਾਂ ਦੇ ਲਾਇਸੰਸ ਜਾਰੀ ਹੁੰਦੇ ਰਹੇ ਅਤੇ ਹੁਣ ਸਾਹਮਣੇ ਆਇਆ ਹੈ ਕਿ ਮਗਰਲੇ ਸਮੇਂ ਦੌਰਾਨ ਪਨਪੇ ਵੱਡੀ ਪੱਧਰ 'ਤੇ ਮਾਫੀਆ ਅਤੇ ਗੈਂਗਜ਼ ਨਾਲ ਸਬੰਧਤ ਬਹੁਤ ਸਾਰੇ ਵਿਅਕਤੀ ਵੀ ਸਿਆਸੀ ਦਖਲ ਕਾਰਨ ਹਥਿਆਰਾਂ ਦੇ ਲਾਇਸੰਸ ਲੈ ਗਏ।

ਪੁਲਿਸ ਵਿਭਾਗ ਵੱਲੋਂ ਇਨ੍ਹਾਂ ਮਗਰਲੇ 10 ਸਾਲਾਂ ਦੌਰਾਨ ਜਾਰੀ ਹੋਏ ਲਾਇਸੰਸਾਂ ਦੀ ਜਾਂਚ ਲਈ ਗ੍ਰਹਿ ਵਿਭਾਗ ਨੂੰ ਵਿਸ਼ੇਸ਼ ਨੋਟੀਫਿਕੇਸ਼ਨ ਜਾਰੀ ਕਰਨ ਲਈ ਕਿਹਾ ਗਿਆ ਹੈ। ਵਰਨਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਵੀ ਰਾਜ ਵਿਚ ਕੋਈ 3 ਲੱਖ ਦੇ ਕਰੀਬ ਜੋ ਹਥਿਆਰ ਜਮ੍ਹਾਂ ਕਰਵਾਏ ਗਏ ਸਨ, ਅਜੇ ਉਨ੍ਹਾਂ ਵਿਚੋਂ ਬਹੁਤ ਹਥਿਆਰ ਕਈ ਥਾਵਾਂ 'ਤੇ ਥਾਣਿਆਂ ਵਿਚ ਜਮ੍ਹਾਂ ਹਨ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 9 ਸਤੰਬਰ 2017*

## ਡੇਰਿਆਂ ਦਾ ਪੁੱਠਾ ਗੇੜਾ

ਡੇਰਾ ਸੱਚਾ ਸੌਦਾ ਬਾਰੇ ਰੌਲਾ ਜਿੰਨੀ ਪ੍ਰਚੰਡਤਾ ਨਾਲ ਪਿਆ ਸੀ, ਉਨੀ ਹੀ ਤੇਜ਼ੀ ਨਾਲ ਇਹ ਰੌਲਾ ਦੋ ਹਫਤਿਆਂ ਵਿਚ ਹੀ ਬੈਠ ਗਿਆ ਜਾਪਦਾ ਹੈ। ਤਕਰੀਬਨ ਸਭ ਨੂੰ ਤਸੱਲੀ ਹੋ ਗਈ ਜਾਪਦੀ ਹੈ ਕਿ ਡੇਰਾ ਮੁਖੀ ਨੂੰ ਸਜ਼ਾ ਮਿਲ ਗਈ ਹੈ। ਦਰਅਸਲ, ਇਸ ਭਿਅੰਕਰ ਕਾਂਡ ਤੋਂ ਬਾਅਦ ਇਸ ਮਸਲੇ ਦੀਆਂ ਜੜ੍ਹਾਂ ਨਹੀਂ ਫਰੋਲੀਆਂ ਗਈਆਂ। ਸਿਆਸੀ ਪਾਰਟੀਆਂ ਅਤੇ ਸਰਕਾਰਾਂ ਤੋਂ ਤਾਂ ਇਸ ਸਬੰਧੀ ਆਸ ਹੀ ਕੋਈ ਨਹੀਂ ਸੀ, ਪਰ ਜੁਝਾਰੂ ਜਥੇਬੰਦੀਆਂ ਵੀ ਇਸ ਮਾਮਲੇ ਦਾ ਕੋਈ ਲਾਹਾ ਲੈਣ ਵਿਚ ਅਸਫਲ ਰਹੀਆਂ ਹਨ। ਸਿੱਟੇ ਵਜੋਂ, ਇਹ ਮਸਲਾ ਸਿਰਫ ਇਕ ਡੇਰੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ ਅਤੇ ਡੇਰਾਵਾਦ ਦੇ ਖਿਲਾਫ ਜਿਹੜੀ ਮੁਹਿੰਮ ਵੱਡੇ ਪੱਧਰ 'ਤੇ ਚੜ੍ਹਨ ਦਾ ਇਕ ਵਧੀਆ ਮੌਕਾ ਮਿਲਿਆ ਸੀ, ਉਹ ਸਭ ਧਿਰਾਂ ਨੇ ਫਿਲਹਾਲ ਗੁਆ ਲਿਆ ਹੈ। ਕੇਂਦਰ ਅਤੇ ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ। ਇਹ ਪਾਰਟੀ ਡੇਰਾਵਾਦ ਦੇ ਖਿਲਾਫ ਨਹੀਂ ਹੈ, ਬਲਕਿ ਇਹ ਤਾਂ ਡੇਰਾਵਾਦ ਨੂੰ ਵਰਤ ਕੇ ਆਪਣੀ ਸਿਆਸਤ ਵਧਾਉਣ ਦੇ ਰਾਹ ਪਈ ਹੋਈ ਹੈ। ਇਹ ਵੀ ਕਨਸੋਅ ਮਿਲੀ ਹੈ ਕਿ ਡੇਰਾ ਸਿਰਸਾ ਉਤੇ ਇਸ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਦੀ ਚਿਰਾਂ ਤੋਂ ਨਿਗ੍ਹਾ ਸੀ। ਇਸ ਡੇਰੇ 'ਤੇ ਕਾਠੀ ਪਾਉਣ ਨਾਲ ਇਸ ਦੇ ਦੋ ਮਕਸਦ ਸਿੱਧੇ ਹੀ ਹੱਲ ਹੁੰਦੇ ਸਨ: ਇਕ ਤਾਂ ਸਿਆਸੀ ਲਾਹਾ ਮਿਲਣਾ ਸੀ; ਦੂਜੇ, ਇਸ ਡੇਰੇ ਨਾਲ ਕਿਉਂਕਿ ਦਲਿਤ ਸਮਾਜ ਦਾ ਵੱਡਾ ਹਿੱਸਾ ਜੁੜਿਆ ਹੋਇਆ ਹੈ, ਇਸ ਲਈ ਇਹ ਦਲਿਤ ਸਿਆਸਤ ਕਰਨ ਦੇ ਰੌਂਅ ਵਿਚ ਵੀ ਸੀ। ਦੱਸਣਾ ਬਣਦਾ ਹੈ ਕਿ 2014 ਵਿਚ ਲੋਕ ਸਭਾ ਚੋਣਾਂ ਦੌਰਾਨ ਡੇਰੇ ਨੇ ਡਟ ਕੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕੀਤੀ ਸੀ। ਸਿਆਸੀ ਪੁਣਛਾਣ ਦੱਸਦੀ ਹੈ ਕਿ ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਵਿਚ ਡੇਰੇ ਦੀ ਹਮਾਇਤ ਨੇ ਅਹਿਮ ਰੋਲ ਨਿਭਾਇਆ ਸੀ। ਇਸੇ ਕਰ ਕੇ ਹੀ ਤਾਂ ਖੱਟਰ ਸਰਕਾਰ ਨੇ ਡੇਰਾ ਮੁਖੀ ਪ੍ਰਤੀ ਨਰਮੀ ਵਰਤੀ। ਹੋਰ ਤਾਂ ਹੋਰ, ਅਦਾਲਤੀ ਫੈਸਲੇ ਤੋਂ ਐਨ ਪਹਿਲਾਂ ਸੂਬੇ ਦਾ ਕੈਬਨਿਟ ਮੰਤਰੀ ਖੁਦ ਡੇਰੇ ਜਾ ਕੇ 50 ਲੱਖ ਰੁਪਏ ਭੇਟ ਕਰ ਕੇ ਆਇਆ। ਇਸੇ ਸਰਕਾਰ ਨੇ ਪੰਚਕੂਲਾ ਵਿਚ ਨਾਮਨਿਹਾਦ ਧਾਰਾ 144 ਲਗਾਈ, ਪਰ ਡੇਰਾ ਸ਼ਰਧਾਲੂਆਂ ਨੂੰ ਸ਼ਹਿਰ ਅੰਦਰ ਵੜਨ ਤੋਂ ਰੋਕਣ ਦਾ ਕੋਈ ਹੀਲਾ ਨਹੀਂ ਕੀਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਾਅਦ ਵਿਚ ਹਾਈਕੋਰਟ ਦੀਆਂ ਹਦਾਇਤਾਂ 'ਤੇ ਸੁਰੱਖਿਆ ਬਲਾਂ ਨੇ ਸ਼ਿਸ਼ਤ ਬੰਨ੍ਹ ਕੇ ਸ਼ਰਧਾਲੂਆਂ 'ਤੇ ਗੋਲੀ ਚਲਾਈ ਅਤੇ ਪੰਚਕੂਲਾ ਤੇ ਸਿਰਸਾ ਵਿਚ 38 ਸ਼ਰਧਾਲੂ ਹਲਾਕ ਹੋ ਗਏ। ਸਰਕਾਰ ਨੂੰ ਪਤਾ ਸੀ ਕਿ ਇੰਨੇ ਸ਼ਰਧਾਲੂਆਂ ਦਾ ਇਕ ਥਾਂ ਇਕੱਠੇ ਹੋਣਾ ਖਤਰੇ ਤੋਂ ਖਾਲੀ ਨਹੀਂ, ਪਰ ਇਸ ਨੂੰ ਇਹ ਆਸ ਨਹੀਂ ਸੀ ਕਿ ਅਦਾਲਤ ਇੰਨੇ ਸ਼ਰਧਾਲੂ ਇਕੱਠੇ ਹੋਣ ਦੇ ਦਬਾਅ ਹੇਠ ਨਹੀਂ ਆਵੇਗੀ। ਡੇਰਾ ਸਿਰਸਾ ਅਤੇ ਸਰਕਾਰ ਦੀ ਇਹ ਸਕੀਮ ਸੀ ਕਿ ਦਬਾਅ ਵਧਾ ਕੇ ਅਦਾਲਤੀ ਫੈਸਲਾ ਟਾਲ ਦਿੱਤਾ ਜਾਵੇ। ਇਹ ਗੱਲ ਵੱਖਰੀ ਹੈ ਕਿ ਡੇਰਾ ਸਿਰਸਾ ਤੇ ਹਰਿਆਣਾ ਸਰਕਾਰ ਦੀ ਗਿਣਤੀ-ਮਿਣਤੀ ਪੁੱਠੀ ਪੈ ਗਈ ਅਤੇ ਅਦਾਲਤ ਨੇ ਦਬਾਅ ਹੇਠ ਆ ਕੇ ਫੈਸਲਾ ਟਾਲਣ ਦੀ ਥਾਂ, ਡੇਰਾ ਮੁਖੀ ਨੂੰ ਸਾਧਵੀ ਬਲਾਤਕਾਰ ਕੇਸ ਵਿਚ ਦੋਸ਼ੀ ਠਹਿਰਾ ਦਿੱਤਾ।

ਖੈਰ! ਡੇਰਾ ਮੁਖੀ ਦੇ ਜੇਲ੍ਹ ਪੁੱਜਣ ਤੋਂ ਬਾਅਦ ਮੀਡੀਆ ਵਿਚ ਇਹੀ ਪ੍ਰਚਾਰ ਤੇ ਪ੍ਰਸਾਰ ਹੋਇਆ ਕਿ ਹੁਣ ਇਸ ਡੇਰੇ ਦਾ ਪ੍ਰਤਾਪ ਖਤਮ ਹੋ ਗਿਆ ਹੈ। ਇਹ ਗੱਲ ਗੌਲਣ ਵਾਲੀ ਹੈ ਕਿ ਅਜੇ ਤੱਕ ਸਰਕਾਰ ਨੇ ਇਸ ਡੇਰੇ ਦੀ ਤਲਾਸ਼ੀ ਤੱਕ ਨਹੀਂ ਲਈ ਹੈ ਅਤੇ ਹੁਣ ਇਕ ਵਾਰ ਫਿਰ, ਅਦਾਲਤ ਦੇ ਦਖਲ ਪਿਛੋਂ ਹੀ ਤਲਾਸ਼ੀ ਲਈ ਨਿਗਰਾਨ ਨਿਯੁਕਤ ਕੀਤਾ ਗਿਆ ਹੈ। ਇਹੀ ਨਹੀਂ, ਸਰਕਾਰ ਨੇ ਡੇਰਾ ਢੰਗ ਨਾਲ ਸੀਲ ਵੀ ਨਹੀਂ ਕੀਤਾ। ਇਸ ਤੋਂ ਵੀ ਵੱਡੀ ਗੱਲ, ਭਾਰਤੀ ਜਨਤਾ ਪਾਰਟੀ ਨੇ ਸੂਬਾਈ ਸਿਆਸਤ ਵਿਚ ਕੋਈ ਵੀ ਤਬਦੀਲੀ ਨਾ ਕਰ ਕੇ ਇਹੀ ਸੁਨੇਹਾ ਦਿੱਤਾ ਹੈ ਕਿ ਇਹ ਡੇਰਾਵਾਦ ਦੇ ਖਿਲਾਫ ਕੋਈ ਕਦਮ ਨਹੀਂ ਉਠਾਵੇਗੀ। ਇਸ ਪਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਤਾਂ ਸਗੋਂ ਇਸ ਮਾਮਲੇ ਵਿਚ ਖੱਟਰ ਸਰਕਾਰ ਨੂੰ ਸਾਫ ਬਰੀ ਕਰਦਿਆਂ ਇਹ ਵੀ ਕਹਿ ਦਿੱਤਾ ਕਿ ਮਾਹੌਲ ਮੁਤਾਬਕ ਜੋ ਕੀਤਾ ਜਾ ਸਕਦਾ ਸੀ, ਸਰਕਾਰ ਨੇ ਉਹ ਕੀਤਾ ਹੈ। ਜ਼ਾਹਰ ਹੈ ਕਿ ਡੇਰਾਵਾਦ ਖਿਲਾਫ ਮੁਹਿੰਮ ਜੁਝਾਰੂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਹੀ ਅਰੰਭ ਕਰਨੀ ਸੀ, ਪਰ ਇਸ ਮਾਮਲੇ 'ਤੇ ਅਜਿਹਾ ਬਹੁਤਾ ਕੁਝ ਸਾਹਮਣੇ ਨਹੀਂ ਆਇਆ ਹੈ। ਹਾਂ, ਮੁੱਖ ਧਾਰਾ ਸਿਆਸਤ ਵੱਲੋਂ ਡੇਰਾ ਪ੍ਰੇਮੀਆਂ ਦੀ ਘਰ ਵਾਪਸੀ ਦੀ ਮੁਹਿੰਮ ਵਾਰੇ ਚਰਚਾ ਜ਼ਰੂਰ ਸਾਹਮਣੇ ਆਈ ਹੈ। ਕਿਸੇ ਨੇ ਅਜੇ ਤੱਕ ਇਹ ਸਵਾਲ ਨਹੀਂ ਉਠਾਇਆ ਕਿ ਦਲਿਤ ਪਰਿਵਾਰ ਨਾਲ ਜੁੜੇ ਡੇਰਾ ਪ੍ਰੇਮੀਆਂ ਨੂੰ ਡੇਰੇ ਵੱਲ ਜਾਣ ਦਾ ਸਬੱਬ ਕਿਸ ਨੇ ਤਿਆਰ ਕੀਤਾ ਅਤੇ ਕਿਉਂ? ਸਵਾਲ ਇਹ ਵੀ ਹੈ ਕਿ ਇੰਨੇ ਟਕਰਾਅ ਦੇ ਬਾਵਜੂਦ ਇਸ ਮਸਲੇ 'ਤੇ ਕੋਈ ਨੀਤੀ ਜਾਂ ਰਣਨੀਤੀ ਕਿਉਂ ਨਾ ਤਿਆਰ ਕੀਤੀ ਗਈ? ਇਸ ਨਾਲ ਸਭ ਤੋਂ ਵੱਡਾ ਸਵਾਲ ਸਿੱਖ ਸੰਸਥਾਵਾਂ ਅਤੇ ਸਿੱਖ ਸਿਆਸਤ ਉਤੇ ਆਉਂਦਾ ਹੈ। ਇਨ੍ਹਾਂ ਸੰਸਥਾਵਾਂ 'ਤੇ ਅੱਜ ਕੱਲ੍ਹ ਜਿਹੜੇ ਲੋਕ ਕਾਬਜ਼ ਹਨ, ਉਨ੍ਹਾਂ ਨੇ ਦਲਿਤ ਸਮਾਜ ਦੀ ਭਲਾਈ ਲਈ ਕਿਤੇ ਕੋਈ ਮੁਹਿੰਮ ਨਹੀਂ ਛੇੜੀ। ਇਨ੍ਹਾਂ ਲੀਡਰਾਂ ਨੇ ਇਸ ਸਮਾਜ ਨੂੰ ਡੇਰਾ ਸਿਰਸਾ ਵਰਗੇ ਡੇਰਿਆਂ ਦਾ ਖਾਜਾ ਬਣਨ ਲਈ ਛੱਡ ਦਿੱਤਾ ਗਿਆ। ਅਸਲ ਵਿਚ ਇਹ ਸਿੱਖ ਗੁਰੂ ਸਾਹਿਬਾਨ ਵੱਲੋਂ ਦਿੱਤੀ ਸਿਖਿਆ ਨੂੰ ਹੀ ਉਲਟਾ ਗੇੜਾ ਦੇਣ ਦੇ ਬਰਾਬਰ ਸੀ। ਗੁਰੂ ਸਾਹਿਬਾਨ ਨੇ ਹੋਰ ਸਮਾਜਿਕ ਬੁਰਾਈਆਂ ਦੇ ਨਾਲ ਨਾਲ ਜਾਤਪਾਤ ਦੀ ਪ੍ਰਥਾ ਖਿਲਾਫ ਵੀ ਝੰਡਾ ਬੁਲੰਦ ਕੀਤਾ ਸੀ। ਇਸ ਦਾ ਹੀ ਨਤੀਜਾ ਹੈ ਕਿ ਮੁਲਕ ਦੇ ਹੋਰ ਹਿੱਸਿਆਂ ਦੇ ਮੁਕਾਬਲੇ ਪੰਜਾਬ ਵਿਚ ਜਾਤਪਾਤ ਦਾ ਕਹਿਰ ਇੰਨਾ ਪ੍ਰਚੰਡ ਨਹੀਂ। ਇਸ ਲਈ ਹੁਣ ਇਸ ਸਿਖਿਆ ਦੇ ਆਧਾਰ 'ਤੇ ਉਸ ਡੇਰਾਵਾਦ ਖਿਲਾਫ ਮੁਹਿੰਮ ਛਿੜਨੀ ਚਾਹੀਦੀ ਹੈ ਜਿਸ ਨੇ ਸਿੱਖੀ ਦੀਆਂ ਰਵਾਇਤਾਂ ਨੂੰ ਪੁੱਠਾ ਗੇੜਾ ਦਿੱਤਾ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਛੱਜਾ, ਹਨੀ ਤੇ ਮੱਖੀਆਂ!*

ਧੀਆਂ-ਪੁੱਤ ਤੇ ਇਸਤਰੀ ਹੁੰਦਿਆਂ ਵੀ, 'ਮੂੰਹ ਬੋਲੀਆਂ' ਫੇਰ ਵੀ ਰੱਖੀਆਂ ਜੀ।
ਦਿਨਾਂ ਵਿਚ ਹੀ ਅਰਸ਼ ਤੋਂ ਫਰਸ਼ ਦਿਸਿਆ, ਰਹਿ ਗਈਆਂ ਨੇ ਅੱਡੀਆਂ ਅੱਖੀਆਂ ਜੀ।
ਰੋਟੀ ਜੇਲ੍ਹ ਦੀ ਉਨ੍ਹਾਂ ਦੇ ਕਿਵੇਂ ਲੰਘੇ, ਮਨ-ਭਾਉਂਦੀਆਂ ਜਿਨ੍ਹਾਂ ਨੇ ਚੱਖੀਆਂ ਜੀ।
ਏ.ਸੀ. ਰੂਮ ਵਿਚ ਬੈਠਣ ਵਾਲਿਆਂ ਲਈ, ਬਹੁਤ ਔਖੀਆਂ ਝੱਲਣੀਆਂ ਪੱਖੀਆਂ ਜੀ।
'ਰਾਣੀ ਮੱਖੀ' ਦਾ ਸਾਥ ਵੀ ਛੁੱਟਿਆ ਏ, ਬਾਕੀ ਭੱਜੀਆਂ ਫਿਰਦੀਆਂ ਸਖੀਆਂ ਜੀ।
ਰੋੜਾ ਛੱਜੇ 'ਤੇ ਕੋਰਟ ਨੇ ਮਾਰਿਆ ਕੀ, 'ਹਨੀ' ਚੋ ਗਿਆ, ਉਡ ਗਈਆਂ ਮੱਖੀਆਂ ਜੀ!

# ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

## ਡੇਰਾ ਸਿਰਸਾ, ਸ਼ਰਧਾਲੂ ਅਤੇ ਦਲਿਤ

*ਡੇਰਾ ਸਿਰਸਾ ਦੇ ਮੁਖੀ ਨੂੰ ਸਜ਼ਾ ਮਿਲਣ ਤੋਂ ਬਾਅਦ ਵੱਖ ਵੱਖ ਪੱਖ ਉਘੜ ਕੇ ਸਾਹਮਣੇ ਆ ਰਹੇ ਹਨ। ਨੌਜਵਾਨ ਫੋਟੋਗ੍ਰਾਫਰ ਤੇ ਫਿਲਮਸਾਜ਼ ਰਣਦੀਪ ਮੱਦੋਕੇ ਨੇ ਆਪਣੇ ਇਸ ਲੇਖ ਵਿਚ ਡੇਰਾ ਸ਼ਰਧਾਲੂਆਂ ਦੇ ਪ੍ਰਸੰਗ ਵਿਚ ਜਾਤ-ਪਾਤ ਵਾਲਾ ਅਹਿਮ ਸਵਾਲ ਉਠਾਇਆ ਹੈ ਜਿਸ ਨੂੰ ਸਭ ਧਿਰਾਂ ਅਕਸਰ ਅਣਗੌਲਿਆਂ ਕਰ ਦਿੰਦੀਆਂ ਹਨ। ਦਰਅਸਲ ਇਹ ਲੇਖ ਸੁੱਤਿਆਂ ਨੂੰ ਜਗਾਉਣ ਲਈ ਮਾਰਿਆ ਹੰਭਲਾ ਹੈ। ਇਸ ਵਿਚ ਗਿਲੇ-ਸ਼ਿਕਵੇ ਵੀ ਹਨ, ਪਰ ਗੱਲ ਤੱਥਾਂ ਨੂੰ ਆਧਾਰ ਬਣਾ ਕੇ ਤੋਰੀ ਗਈ ਹੈ। -ਸੰਪਾਦਕ*

ਡੇਰੇ ਵਾਲੇ ਸਾਧ ਦੇ ਮਸਲੇ ਨੂੰ ਲੈ ਕੇ ਹੋ ਰਹੇ ਹੋ-ਹੱਲੇ ਵਿਚ ਢੇਰ ਸਾਰੀਆਂ ਬਹਿਸ-ਮੁਬਾਹਿਸੇ ਚੱਲ ਰਹੇ ਹਨ। ਮੀਡੀਆ, ਰਾਜਨੀਤੀ, ਸਭਿਆ ਸਮਾਜ, ਵਿਰੋਧੀਆਂ ਅਤੇ ਹਮਾਇਤੀਆਂ ਦੀ ਆਪੋ-ਆਪਣੀ ਰਾਏ ਹੈ। ਮਸਲੇ ਦੀ ਅਸਲ ਜੜ੍ਹ ਤੱਕ ਪਹੁੰਚਣ ਦੀ ਖੇਚਲ ਕੋਈ ਨਹੀਂ ਕਰ ਰਿਹਾ, ਨਾ ਕਰਨਾ ਚਾਹੁੰਦਾ ਹੈ। ਜ਼ਿਆਦਾਤਰ, ਆਪਣੀ ਸਹੂਲੀਅਤ ਮੁਤਾਬਕ ਪਰਿਭਾਸ਼ਾਵਾਂ ਘੜੀਆਂ ਜਾ ਰਹੀਆਂ ਹਨ। ਬਿਨਾਂ ਸ਼ੱਕ, ਕਿਸੇ ਵੀ ਗੁਨਾਹਗਾਰ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਡੇਰੇਦਾਰ ਨੂੰ ਅਖੀਰ ਮਿਲ ਵੀ ਗਈ ਹੈ, ਪਰ ਹੁਣ ਸਵਾਲ ਇਹ ਹੈ ਕਿ ਅਗਾਂਹ ਤੋਂ ਇਹ



**ਰਣਦੀਪ ਮੱਦੋਕੇ**
ਫੋਨ: +91-98146-93368

ਸਿਲਸਿਲਾ ਪੂਰਨ ਰੂਪ ਵਿਚ ਠੱਲ੍ਹਿਆ ਗਿਆ ਹੈ ਜਾਂ ਡੇਰਾਵਾਦ ਦੀ ਮਿਆਦ ਪੁੱਗ ਗਈ ਹੈ, ਜਾਂ ਕੀ ਸਮਾਜ ਵੱਲੋਂ ਪ੍ਰਵਾਨਿਤ ਸਨਮਾਨਿਤ ਬਾਕੀ ਧਾਰਮਿਕ ਅਦਾਰਿਆਂ ਦਾ ਕਿਰਦਾਰ ਸ਼ਤ-ਪ੍ਰਤੀਸ਼ਤ ਦੁੱਧ ਧੋਤਾ ਹੈ? ਕੀ ਹਰ ਆਸਥਾ ਨਾਲ ਜੁੜੇ ਅਦਾਰਿਆਂ ਦੀ ਵੀ ਮੁੜ ਵਿਆਖਿਆ ਹੋਵੇਗੀ? ਉਨ੍ਹਾਂ ਹਜ਼ਾਰਾਂ ਭੋਲ਼ੇਭਾਲੇ ਲੋਕਾਂ ਦੀ ਹੋਣੀ ਜੋ ਡੇਰੇ ਦੇ ਸ਼ਰਧਾਲੂ ਹਨ/ਸਨ, ਕੀ ਸਮਾਜ ਵਿਚ ਰਹਿੰਦਿਆਂ ਉਨ੍ਹਾਂ ਨੂੰ ਸ਼ਰਮਸਾਰ ਅਤੇ ਸਭਿਆ ਸਮਾਜ ਦੇ ਮਖੌਲ ਦੇ ਪਾਤਰ ਬਣ ਕੇ ਅਲਗਾਓ ਵਿਚ ਰਹਿਣਾ ਪਵੇਗਾ?

ਕੀ ਡੇਰੇਦਾਰ ਦੇ ਚੁੰਗਲ ਵਿਚ ਜਾ ਫਸਣ ਦੇ ਉਹ ਇਕੱਲੇ ਜ਼ਿੰਮੇਵਾਰ ਹਨ, ਜਾਂ ਉਨ੍ਹਾਂ ਸਮਾਜਿਕ ਆਰਥਿਕ ਹਾਲਾਤ ਦੀ ਵੀ ਪੁਣਛਾਣ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਅੰਧ ਸ਼ਰਧਾਲੂ ਬਣਾਇਆ? ਕੀ ਹੁਣ ਸਭਿਆ ਸਮਾਜ ਵੱਲੋਂ ਉਨ੍ਹਾਂ ਨੂੰ ਆਰ.ਐਸ.ਐਸ. ਵਰਗੇ ਦੰਗਈ/ਕਾਤਲ ਗਰੋਹਾਂ ਦੇ ਕੱਚੇ ਮਾਲ ਵਜੋਂ ਛੱਡ ਦਿੱਤਾ ਜਾਵੇਗਾ? ਕੀ ਸਭਿਆ ਸਮਾਜ ਨੂੰ ਆਪਣੇ ਹਿੱਸੇ ਦੀ ਸ਼ਰਮ ਵੀ ਮਹਿਸੂਸ ਕਰਨੀ ਨਹੀਂ ਬਣਦੀ? ਕੀ ਰਾਮ ਰਹੀਮ ਕਿਤੋਂ ਅਚਾਨਕ ਅਸਮਾਨੋਂ ਟਪਕਿਆ ਸੀ? ਕੀ ਉਹ ਇਕੱਲਾ ਹੀ ਜ਼ਿੰਮੇਵਾਰ ਹੈ, ਜਾਂ ਫਿਰ ਆਪਣੇ ਸੌੜੇ ਮੁਫਾਦਾਂ ਲਈ ਗੁਰਮੀਤ ਸਿੰਘ ਸਿੱਧੂ ਨੂੰ ਗੁਰਮੀਤ ਰਾਮ ਰਹੀਮ ਬਣਾ ਕੇ ਡੇਰਾ ਸੱਚਾ ਸੌਦਾ ਦੇ ਮੁਖੀ ਵਜੋਂ ਧੋਖੇ ਨਾਲ ਸਥਾਪਿਤ ਕਰਨ ਵਾਲੀ ਧਿਰ ਵੀ ਉਸ ਦੇ ਗੁਨਾਹਾਂ ਦੀ ਬਰਾਬਰ ਦੀ ਭਾਈਵਾਲ ਹੈ? ਕਿਉਂਕਿ ਇਸੇ ਧਿਰ ਦੇ ਸਮਰਥਕ ਅੱਜ ਸਾਧ ਦੀ ਬਰਬਾਦੀ 'ਤੇ ਵੱਧ ਬਾਘੀਆਂ ਪਾ ਰਹੇ ਹਨ, ਇਸ ਗੱਲ ਦੀ ਸ਼ਰਮ ਮੰਨੇ ਬਗੈਰ, ਕਿ ਉਨ੍ਹਾਂ ਵੱਲੋਂ 'ਮਾਨੁਸ ਕੀ ਜਾਤ ਸਭਿ ਏਕਿ ਪਹਿਚਾਨਬੋ' ਦੇ ਸਿਧਾਂਤ ਨੂੰ ਤਿਲਾਂਜਲੀ ਦੇਣ ਦਾ ਨਤੀਜਾ ਹੈ ਇਹ ਸਭ।

ਇਨ੍ਹਾਂ ਡੇਰਿਆਂ ਦੇ ਸ਼ਰਧਾਲੂਆਂ ਦੀ ਬਹੁ ਗਿਣਤੀ ਸਮਾਜ ਦੇ ਹਾਸ਼ੀਅਗ੍ਰਸ਼ਤ ਵਰਗਾਂ ਵਿਚੋਂ ਆਉਂਦੀ ਹੈ, ਜੋ ਕਿਸੇ ਡੇਰੇ ਦੇ ਚੇਲੇ ਨਾ ਹੋਣ ਤੋਂ ਇਲਾਵਾ ਵੀ ਸਮਾਜ ਵਿਚ ਕਈ ਕਿਸਮ ਦੀ ਜਲਾਲਤ ਝੱਲਦੇ ਹਨ। ਨਾਮਨਿਹਾਦ ਸਭਿਆ ਸਮਾਜ ਇਨ੍ਹਾਂ ਦੀ ਹੋਣੀ ਨਾਲ ਕਿਸੇ ਡੇਰੇਦਾਰ ਨਾਲੋਂ ਵੀ ਕਿਤੇ ਵੱਧ ਖਿਲਵਾੜ ਕਰਦਾ ਹੈ। ਇਨ੍ਹਾਂ ਸ਼ਰਧਾਲੂਆਂ ਦੀ ਬਹੁ ਗਿਣਤੀ ਪੰਜਾਬ ਦੇ ਮਾਲਵੇ ਖਿੱਤੇ ਦੀ ਵਾਸੀ ਹੈ ਅਤੇ ਇਹ ਸਮਾਜ ਦੇ ਜਿਸ ਹਿੱਸੇ ਵਿਚੋਂ ਆਉਂਦੇ ਹਨ, ਉਥੇ ਇਸ ਵਰਗ ਦੇ ਲੋਕਾਂ ਦੀ ਦੁਰਦਸ਼ਾ ਸਮਾਜਿਕ, ਆਰਥਿਕ ਅਤੇ ਸੱਤਾ ਵਿਚ ਪ੍ਰਭਾਵਸ਼ਾਲੀ ਵਰਗ ਵੱਲੋਂ ਸਿਰਫ ਡੇਰੇ ਦੇ ਸ਼ਰਧਾਲੂ ਹੋਣ ਕਰ ਕੇ ਹੀ ਨਹੀਂ ਹੁੰਦੀ, ਸਗੋਂ ਇਹ ਜਦੋਂ ਕਿਤੇ ਆਪਣੇ ਸਮਾਜਿਕ ਮਾਣ-ਸਨਮਾਨ ਨੂੰ ਹਾਸਲ ਕਰਨ ਲਈ ਇਕਜੁਟ ਹੁੰਦੇ ਹਨ, ਤਾਂ ਵੀ ਪ੍ਰਭਾਵਸ਼ਾਲੀ ਵਰਗ ਦੇ ਹੱਥ-ਪੈਰ ਫੁੱਲ ਜਾਂਦੇ ਹਨ ਅਤੇ ਇਨ੍ਹਾਂ ਨੂੰ ਸਮਾਜਿਕ ਬਾਈਕਾਟ ਵਰਗੇ ਸਮੂਹਿਕ ਸੰਤਾਪ ਝੱਲਣੇ ਪੈਂਦੇ ਹਨ।

ਮਾਲਵਾ ਖਿੱਤੇ ਵਿਚ ਹੀ ਹਾਸ਼ੀਆਗ੍ਰਸਤ (ਦਲਿਤ) ਵਰਗ ਦੇ ਲੋਕ ਜ਼ਮੀਨ ਪ੍ਰਾਪਤੀ ਦਾ ਸੰਘਰਸ਼ ਵੀ ਕਰ ਰਹੇ ਹਨ। ਜ਼ਮੀਨ ਮਾਲਕ ਪ੍ਰਭਾਵਸ਼ਾਲੀ ਵਰਗ ਅਕਸਰ ਇਨ੍ਹਾਂ ਦੇ ਸਮਾਜਿਕ ਮਾਣ-ਸਨਮਾਨ ਦੀ ਲੜਾਈ ਖਿਲਾਫ ਉਠ ਖੜ੍ਹਾ ਹੁੰਦਾ ਹੈ, ਪ੍ਰਸ਼ਾਸਨ ਤੇ ਸਰਕਾਰਾਂ ਵੀ ਇਨ੍ਹਾਂ ਦੇ ਖਿਲਾਫ ਭੁਗਤਦੀਆਂ ਹਨ ਅਤੇ ਪ੍ਰਭਾਵਸ਼ਾਲੀ ਵਰਗ ਵੀ ਇਨ੍ਹਾਂ ਦੀ ਪਿੱਠ ਪੂਰਦਾ ਹੈ। ਸਮਾਜਿਕ ਬਾਈਕਾਟ ਅਤੇ ਸਮੂਹਕ ਹਮਲਿਆਂ ਦੀ ਮਾਰ ਝੱਲਦਾ ਇਹ ਵਰਗ ਆਪਣੀ ਹੋਣੀ ਬਦਲਣ ਲਈ ਸੌ ਥਾਈਂ ਅੱਕੀਂ-ਪਲਾਹੀਂ ਹੱਥ ਮਾਰਦਾ ਹੈ।

ਉਚ ਜਾਤੀ ਪ੍ਰਭਾਵਸ਼ਾਲੀ ਵਰਗ ਦੀ ਨੀਤੀ ਅਸਲ ਵਿਚ ਇਨ੍ਹਾਂ ਨੂੰ ਹਰ ਪਾਸਿਓਂ ਜੁੱਤੀ ਥੱਲੇ ਰੱਖਣ ਦੀ ਰਹਿੰਦੀ ਹੈ। ਡੇਰੇ ਵਿਚ ਛੁਟਪੁਟ ਉਚ ਜਾਤੀ ਪ੍ਰਭਾਵਸ਼ਾਲੀ ਵਰਗ ਦੀ ਸ਼ਮੂਲੀਅਤ ਵੀ ਹੁੰਦੀ ਹੈ, ਪਰ ਇਹ ਵਰਗ ਇਥੇ ਵੀ ਕਿਸੇ ਹੱਦ ਤੱਕ ਮੁਨਾਫ਼ੇ ਵਿਚ ਰਹਿੰਦਾ ਹੈ; ਉਹ ਭਾਵੇਂ ਸਤਸੰਗ 'ਤੇ ਜਾਣ ਵੇਲੇ ਟਰਾਂਸਪੋਰਟ ਦੇ ਸਾਧਨ ਹੋਣ ਜਾਂ ਡੇਰੇ ਦੇ ਮਾਰਕੇ ਵਾਲੀਆਂ ਵਸਤਾਂ ਵੇਚਣ ਵਾਲੇ ਏਜੰਟ, ਜਾਂ ਦੁਕਾਨਦਾਰ ਹੋਣ; ਉਨ੍ਹਾਂ ਨੂੰ ਆਮ ਸ਼ਰਧਾਲੂਆਂ ਨਾਲੋਂ ਡੇਰੇ ਵੱਲੋਂ ਵੱਧ 'ਸੱਚੇ ਸੌਦੇ' ਕਰਨ ਦੇ ਮੌਕੇ ਹਾਸਲ ਹੁੰਦੇ ਹਨ।

ਕਹਿਣ ਨੂੰ ਤਾਂ ਵੱਡੀ ਗਿਣਤੀ ਵਰਗ ਇਹ ਕਹਿੰਦਾ ਹੈ ਕਿ ਡੇਰਿਆਂ ਵਿਚ ਹੀ ਅੰਧ ਸ਼ਰਧਾ ਹੁੰਦੀ ਹੈ, ਪਰ ਅੰਧ ਸ਼ਰਧਾ ਨਾਮਨਿਹਾਦ ਅਗਾਂਹਵਧੂ ਆਸਥਾ ਦੇ ਸਥਾਨਾਂ 'ਤੇ ਉਸੇ ਤਰ੍ਹਾਂ ਵਿਆਪਕ ਰੂਪ ਵਿਚ ਵਿਦਮਾਨ ਹੈ। ਬੱਸ ਇਹ 'ਥੋਡਾ ਕੁੱਤਾ, ਕੁੱਤਾ!... ਤੇ ਸਾਡਾ ਕੁੱਤਾ ਡੱਬੂ' ਵਾਲੀ ਗੱਲ ਹੀ ਹੈ। ਆਪਣੇ ਅੰਦਰ ਕੋਈ ਵੀ ਝਾਕਣਾ ਨਹੀਂ ਚਾਹੁੰਦਾ। ਦੂਜਿਆਂ ਦੀ ਬੁਰਾਈ ਹੀ ਬੁਰਾਈ ਮੰਨੀ ਜਾਂਦੀ, ਆਪਣੀਆਂ ਬੁਰਾਈਆਂ ਨੂੰ ਅਗਾਂਹਵਧੂ ਦੇ ਲਬਾਦੇ ਹੇਠ ਚਲਾਕੀ ਨਾਲ ਲੁਕੋ ਲਿਆ ਜਾਂਦਾ ਹੈ।

ਮੈਂ ਪਿਛਲੇ ਸੱਤ ਸਾਲਾਂ ਤੋਂ ਪੰਜਾਬ ਦੇ ਇਸ ਵਾਂਝੇ ਵਰਗ ਬਾਰੇ ਦਸਤਾਵੇਜ਼ੀ ਫਿਲਮ ਤੇ ਫੋਟੋਗਰਾਫੀ ਪ੍ਰੋਜੈਕਟ 'ਲੈਂਡਲੈੱਸ' ਉਤੇ ਕੰਮ ਕਰ ਰਿਹਾ ਹਾਂ ਅਤੇ ਇਨ੍ਹਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਭਾਗੀਦਾਰੀ ਨੂੰ ਸਮਝਣ ਲਈ ਇਨ੍ਹਾਂ ਦੀ ਸ਼ਮੂਲੀਅਤ ਵਾਲੀਆਂ ਥਾਂਵਾਂ 'ਤੇ ਵੀ ਗਿਆ ਹਾਂ, ਭਾਵੇਂ ਇਹ ਸਭ ਕੁਝ ਮੇਰੇ ਪ੍ਰੋਜੈਕਟ ਦਾ ਸਿੱਧਾ ਹਿੱਸਾ ਨਹੀਂ ਸੀ, ਪਰ ਮੈਂ ਇੰਨਾ ਕੁਝ ਹਾਸਿਲ ਕਰਨ ਦੀ ਭਟਕਣ ਨੂੰ ਸਮਝਣਾ ਚਾਹੁੰਦਾ ਸੀ। ਜਿਥੇ ਬਹੁਤ ਸਾਰੇ ਡੇਰਿਆਂ ਵਾਲਿਆਂ ਨੂੰ ਮੈਂ ਸਿੱਧੇ ਤੌਰ 'ਤੇ ਮਿਲਿਆ ਅਤੇ ਜਾਣਿਆ ਕਿ ਕਿਸ ਵਰਗ ਦੇ ਲੋਕ ਇਥੇ ਜ਼ਿਆਦਾ ਆਉਂਦੇ ਹਨ, ਸ਼ਰਧਾਲੂਆਂ ਨੂੰ ਵੀ ਪੁੱਛਿਆ ਕਿ ਤੁਹਾਨੂੰ ਇਥੇ ਆ ਕੇ ਕੀ ਮਹਿਸੂਸ/ਹਾਸਿਲ ਹੁੰਦਾ ਹੈ। ਸੱਚੇ ਸੌਦੇ ਵਾਲਿਆਂ ਦੀ ਪ੍ਰਬੰਧਕ ਕਮੇਟੀ ਭਾਵੇਂ ਬਹੁਤ ਤੇਜ਼-ਤਰਾਰ ਹੋਣ ਕਰ ਕੇ ਬਹੁਤ ਕੁਝ ਦੀ ਵਿਆਖਿਆ ਸੱਚ ਨਾਲੋਂ ਅਲੱਗ ਕਰਦੀ ਹੈ ਅਤੇ ਇਹ ਕਹਿੰਦੀ ਹੈ ਕਿ ਉਨ੍ਹਾਂ ਦੇ ਡੇਰੇ ਵਿਚ ਤਾਂ ਸਭ ਧਰਮਾਂ/ਜਾਤਾਂ ਦੇ ਲੋਕ ਬਰਾਬਰ ਆਉਂਦੇ ਹਨ, ਪਰ ਅਸਲ ਵਿਚ ਇੰਜ ਨਹੀਂ ਹੈ। ਮੈਂ ਕਿਸੇ ਦਲਿਤ ਦੇ ਘਰ ਵਿਚ ਹੁੰਦੀ ਡੇਰੇ ਵਾਲਿਆਂ ਦੀ ਨਾਮ ਚਰਚਾ ਵਿਚ ਵੀ ਗਿਆ, ਉਥੇ ਕਿਸੇ ਕਿਸਮ ਦੀ ਰੂਹਾਨੀਅਤ ਨਾਲੋਂ ਵੱਧ ਸਮਾਜਿਕ ਬਰਾਬਰੀ ਅਤੇ ਮਾਣ-ਸਨਮਾਨ ਦੀ ਭਾਵਨਾ ਮੈਂ ਉਭਰਵੇਂ ਰੂਪ ਵਿਚ ਦੇਖੀ। ਗਰੀਬ ਦਲਿਤਾਂ ਵਿਚ ਕੁਝ ਉਚ ਜਾਤੀ ਪ੍ਰੇਮੀ, ਇਕ ਭੰਗੀਦਾਸ (ਕਿਸੇ ਪਿੰਡ ਦੀ ਸੰਗਤ ਦਾ ਮੁਖੀ) ਵੀ ਕਿਸੇ ਵਿਤਕਰੇ ਤੋਂ ਬਿਨਾਂ ਹਰ ਕੰਮ ਵਿਚ ਸ਼ਾਮਿਲ ਸੀ। ਸਾਰੇ ਲੋਕ ਖਾਦ ਵਾਲੇ ਗੱਟਿਆਂ ਦੀ ਵੱਡੀ ਪੱਲੀ ਉਪਰ ਕਿਸੇ ਵੱਖਰੀ ਲਾਈਨ ਜਾਂ ਬਿਨਾਂ ਵਖਰੇਵੇਂ ਤੋਂ ਬੈਠੇ ਸਨ।

ਸੁਆਲ ਉਠਦਾ ਹੈ ਕਿ ਅਜਿਹਾ ਸਭ ਕੁਝ ਬਾਕੀ ਅਗਾਂਹਵਧੂ ਆਸਥਾ ਦੇ ਸਥਾਨਾਂ 'ਤੇ ਜਾਂ ਆਸਥਾ ਵਿਚ ਵਿਸ਼ਵਾਸ ਰੱਖਣ ਵਾਲਿਆਂ ਵਿਚ ਵੀ ਮੌਜੂਦ ਹੈ? ਹਾਸ਼ੀਆਗ੍ਰਸਤ ਵਰਗ ਨੂੰ ਜਨਗਣਨਾ ਵਿਚ ਆਪਣੇ ਧਰਮ ਦੀ ਗਿਣਤੀ ਨੂੰ ਵਧਾਉਣ ਲਈ ਬਹਾਨੇ ਬਣਾ ਕੇ ਨਾਲ ਰੱਖਣ ਨਾਲੋਂ ਕਿਤੇ ਅਗਾਂਹ ਦੇ ਸੁਆਲਾਂ ਨੂੰ ਵੀ ਸੰਬੋਧਨ ਹੋਣਾ ਪਵੇਗਾ ਅਤੇ ਰਾਜਨੀਤੀ ਵਿਚ ਆਪਣੇ ਆਪ ਨੂੰ ਅਗਾਂਹਵਧੂ ਧਿਰ ਕਹਾਉਣ ਵਾਲੀ ਧਿਰ ਨੂੰ ਵੀ ਆਪਣੀ ਪੀੜ੍ਹੀ ਹੇਠ ਸੋਟਾ ਮਾਰਨ ਦੀ ਲੋੜ ਹੈ; ਨਹੀਂ ਤਾਂ ਨਾ ਇਹ ਵਰਤਾਰੇ ਰੁਕਣੇ ਹਨ ਅਤੇ ਨਾ ਹੀ ਸੁਘੜ-ਸਿਆਣੇ ਸਮਾਜ ਦੇ ਨਕਸ਼ ਘੜੇ ਜਾ ਸਕਦੇ ਹਨ। ਬਾਬਾ ਫ਼ਰੀਦ ਜੀ ਦੇ ਕਹਿਣ ਅਨੁਸਾਰ, ਕਿੱਕਰਾਂ ਬੀਜ ਕੇ ਦਾਖਾਂ ਖਾਣ ਦੀ ਆਸ ਨਹੀਂ ਰੱਖੀ ਜਾ ਸਕਦੀ।



*ਪੰਚਕੂਲਾ 'ਚ ਪੁੱਜੇ ਸ਼ਰਧਾਲੂ ਜਿਨ੍ਹਾਂ ਨੂੰ ਗੋਲੀਆਂ ਦਾ ਮੀਂਹ ਵਰ੍ਹਾ ਕੇ ਖਦੇੜਿਆ ਗਿਆ।*

***ਸਵਾਲ ਹੈ ਕਿ ਅਗਾਂਹ ਤੋਂ ਇਹ ਸਿਲਸਿਲਾ ਪੂਰਨ ਰੂਪ ਵਿਚ ਠੱਲ੍ਹਿਆ ਗਿਆ ਹੈ ਜਾਂ ਡੇਰਾਵਾਦ ਦੀ ਮਿਆਦ ਪੁੱਗ ਗਈ ਹੈ, ਜਾਂ ਕੀ ਸਮਾਜ ਵੱਲੋਂ ਪ੍ਰਵਾਨਿਤ ਸਨਮਾਨਿਤ ਬਾਕੀ ਧਾਰਮਿਕ ਅਦਾਰਿਆਂ ਦਾ ਕਿਰਦਾਰ ਸ਼ਤ-ਪ੍ਰਤੀਸ਼ਤ ਦੁੱਧ ਧੋਤਾ ਹੈ? ਕੀ ਹਰ ਆਸਥਾ ਨਾਲ ਜੁੜੇ ਅਦਾਰਿਆਂ ਦੀ ਵੀ ਮੁੜ ਵਿਆਖਿਆ ਹੋਵੇਗੀ? ਕੀ ਹੁਣ ਸਭਿਆ ਸਮਾਜ ਵੱਲੋਂ ਉਨ੍ਹਾਂ ਨੂੰ ਆਰ.ਐਸ.ਐਸ. ਵਰਗੇ ਦੰਗਈ/ਕਾਤਲ ਗਰੋਹਾਂ ਦੇ ਕੱਚੇ ਮਾਲ ਵਜੋਂ ਛੱਡ ਦਿੱਤਾ ਜਾਵੇਗਾ? ਕੀ ਸਭਿਆ ਸਮਾਜ ਨੂੰ ਆਪਣੇ ਹਿੱਸੇ ਦੀ ਸ਼ਰਮ ਵੀ ਮਹਿਸੂਸ ਕਰਨੀ ਨਹੀਂ ਬਣਦੀ?***

# ਡੇਰੇ ਨਾਲ ਜੁੜੇ ਕੁਝ ਸਵਾਲ

ਡੇਰਾ 'ਸੱਚਾ ਸੌਦਾ' ਮੁਖੀ ਨੂੰ ਅਦਾਲਤ ਵਲੋਂ ਜਬਰ ਜਨਾਹ ਦਾ ਕਸੂਰਵਾਰ ਕਰਾਰ ਦਿੱਤੇ ਜਾਣ ਪਿੱਛੋਂ ਵਾਹੇ ਗਏ ਜਬਰ ਦੇ ਵਰਤਾਰੇ ਨੂੰ ਪੰਜਾਬੀ ਸਮਾਜ ਦੇ ਜ਼ਿਆਦਾਤਰ ਹਿੱਸਿਆਂ ਨੇ ਜਿਸ ਤਰੀਕੇ ਨਾਲ ਲਿਆ ਹੈ, ਉਹ ਫ਼ਿਕਰਮੰਦੀ ਵਾਲਾ ਹੈ। ਸਮਾਜੀ-ਆਰਥਿਕ ਧੱਕੇਸ਼ਾਹੀਆਂ ਦੇ ਸਤਾਏ ਮਾਯੂਸ ਆਮ ਲੋਕ ਡੇਰਿਆਂ ਦੀ ਸ਼ਰਨ ਲੈਂਦੇ ਹਨ। ਸਮਾਜ ਵਿਚ ਇਸ ਦੇ ਕਾਰਨਾਂ ਬਾਰੇ ਸਪਸ਼ਟਤਾ ਦੀ ਵੱਡੀ ਘਾਟ ਵੀ ਹੈ ਅਤੇ ਇਸ ਕਾਂਡ ਵਿਚ ਮਾਰੇ ਗਏ ਇਨਸਾਨਾਂ ਦੇ ਬੇਰਹਿਮੀ ਨਾਲ ਕਤਲਾਂ ਪ੍ਰਤੀ ਸੰਵੇਦਨਹੀਣਤਾ ਵੀ ਹੈ। ਪੰਚਕੂਲਾ ਅਤੇ ਸਿਰਸਾ ਵਿਚ ਡੇਰਾ ਸਿਰਸਾ ਨਾਲ ਸਬੰਧਤ ਜੋ ਲੋਕ ਮਾਰੇ ਗਏ, ਉਨ੍ਹਾਂ ਵਿਚੋਂ ਕੁਝ ਇਕ ਹੀ ਕੱਟੜ 'ਮਾਸਟਰਮਾਈਂਡ' ਹੋਣਗੇ, ਜਦਕਿ ਜ਼ਿਆਦਾਤਰ ਆਮ ਲੋਕ ਸਨ। ਉਨ੍ਹਾਂ ਦੀਆਂ ਨਹੱਕ ਮੌਤਾਂ ਨੂੰ ਇਨਸਾਨਾਂ ਦੇ ਕਤਲਾਂ ਦੇ ਤੌਰ 'ਤੇ ਲੈਣ ਦੀ ਬਜਾਏ 'ਡੇਰਾ ਪ੍ਰੇਮੀ' ਵਜੋਂ ਹੀ ਦੇਖਿਆ ਜਾ ਰਿਹਾ ਹੈ। ਜਿਵੇਂ ਇਸ ਖਾਸ ਡੇਰੇ ਦੇ ਸ਼ਰਧਾਲੂ ਹੋਣਾ ਆਪਣੇ ਆਪ ਵਿਚ ਕੋਈ ਜੁਰਮ ਹੋਵੇ, ਜੋ ਰਹਿਮ ਦੇ ਹੱਕਦਾਰ ਨਹੀਂ।

ਬੂਟਾ ਸਿੰਘ
ਫੋਨ: +91-94634-74342

ਹਰਿਆਣਾ ਪ੍ਰਸ਼ਾਸਨ ਦੇ ਬਿਆਨਾਂ ਮੁਤਾਬਕ ਵੀ ਮਰਨ ਵਾਲੇ ਡੇਰਾ ਪ੍ਰੇਮੀ ਹਨ, ਮਨੁੱਖ ਨਹੀਂ। ਇਹ ਉਸੇ ਧੱਕੜ ਦਲੀਲ ਦਾ ਨਵਾਂ ਰੂਪ ਹੈ ਜਿਸ ਵਲੋਂ ਹਰ ਸਿੱਖ ਜਾਂ ਮੁਸਲਮਾਨ ਦਾ ਅਕਸ ਦਹਿਸ਼ਤਗਰਦ ਦਾ ਬਣਾ ਕੇ ਲੋਕ ਦੁਸ਼ਮਣ ਰਾਜ ਦੀ ਉਮਰ ਵਧਾਉਣ ਲਈ ਇਸਤੇਮਾਲ ਕੀਤਾ ਗਿਆ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਇਨ੍ਹਾਂ ਕਤਲਾਂ ਉਪਰ ਇਹ ਕਹਿ ਕੇ ਅਦਾਲਤੀ ਮੋਹਰ ਲਾ ਦਿੱਤੀ ਕਿ ਅਮਨ ਕਾਨੂੰਨ ਅਤੇ ਜਨਤਕ ਤੇ ਨਿੱਜੀ ਜਾਇਦਾਦ ਦੇ ਸੰਭਾਵੀ ਨੁਕਸਾਨ ਨੂੰ ਰੋਕਣ ਲਈ ਇੰਦਾਂ ਦੀ ਸਖਤੀ ਵਰਤਣੀ ਹੀ ਚਾਹੀਦੀ ਹੈ। ਡੇਰਾ ਪ੍ਰੇਮੀਆਂ ਦੇ ਕਤਲੇਆਮ ਬਾਰੇ ਸਿੱਖ ਹਿੱਸਿਆਂ ਦੀ ਸ਼ਾਇਦ ਇਸ ਕਾਰਨ ਖਾਮੋਸ਼ ਸਹਿਮਤੀ ਹੈ ਕਿ ਇਸ ਪਾਖੰਡੀ ਸਾਧ ਦੀਆਂ ਘਿਨਾਉਣੀਆਂ ਹਰਕਤਾਂ ਨੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਪੰਜਾਬੀ ਸਮਾਜ ਅੰਦਰੋਂ ਸਵਾਲ ਨਹੀਂ ਉਠੇ ਕਿ ਸਾਧ ਦੇ ਕੁਕਰਮਾਂ ਦੀ ਸਜ਼ਾ ਉਸ ਦੇ ਬਹਿਕਾਵੇ ਵਿਚ ਆਏ ਸ਼ਰਧਾਲੂਆਂ ਨੂੰ ਕਿਉਂ? ਬਸ ਇਸੇ ਨੂੰ ਲੈ ਕੇ ਤਸੱਲੀ ਦਾ ਆਲਮ ਹੈ ਕਿ ਡੇਰੇ ਨੂੰ ਸਬਕ ਸਿਖਾ ਦਿੱਤਾ ਗਿਆ ਹੈ! ਇਹ ਰਵੱਈਆ ਕੀ ਇਹ ਨਹੀਂ ਦਰਸਾਉਂਦਾ ਕਿ ਚਾਹੇ ਇਹ ਵੱਖ-ਵੱਖ ਕਾਰਨਾਂ ਕਰ ਕੇ ਹੈ, ਪਰ ਸਰਬੱਤ ਦਾ ਭਲਾ, ਤਰਕਸ਼ੀਲਤਾ, ਅਗਾਂਹਵਧੂ ਵਿਚਾਰਾਂ ਦੀਆਂ ਦਾਅਵੇਦਾਰ ਧਿਰਾਂ ਆਮ ਡੇਰਾ ਪ੍ਰੇਮੀਆਂ ਦਾ ਵਹਿਸ਼ੀ ਦਮਨ ਕੀਤੇ ਜਾਣ ਨਾਲ ਸਹਿਮਤ ਹਨ? ਇਹ ਤਰਕ ਗਾਇਬ ਹੈ ਕਿ ਮਸਲੇ ਦਾ ਹੱਲ ਕਿਸੇ ਡੇਰੇ ਨੂੰ ਕੁਚਲਣ ਵਿਚ ਹੈ, ਜਾਂ ਡੇਰਾਵਾਦ ਲਈ ਜ਼ਿੰਮੇਵਾਰ ਕਾਰਨਾਂ ਨੂੰ ਖਤਮ ਕੀਤੇ ਜਾਣ ਵਿਚ? ਜੇ ਸਿਧਾਂਤ ਵਿਚ ਮਗਰਲੀ ਗੱਲ ਸਹੀ ਹੈ ਤਾਂ ਵਿਹਾਰ ਵਿਚ ਪਹਿਲੀ ਭਾਰੂ ਕਿਉਂ ਹੈ?

ਬਦਕਾਰ ਸਾਧ ਨੂੰ ਉਸ ਦੇ ਪਾਪਾਂ ਦੀ ਸਜ਼ਾ ਮਿਲ ਗਈ। ਵਿਆਪਕ ਵਸੀਲਿਆਂ ਅਤੇ ਸੱਤਾ ਦੇ ਗਲਿਆਰਿਆਂ ਵਿਚ ਵੱਡੇ ਰਸੂਖ ਵਾਲੇ ਇਸ ਸਾਧ ਕੋਲ ਅਜੇ ਉਚੇਰੀ ਅਦਾਲਤ ਵਿਚ ਇਸ ਫ਼ੈਸਲੇ ਨੂੰ ਚੁਣੌਤੀ ਦੇਣ ਦਾ ਰਾਹ ਖੁੱਲ੍ਹਾ ਹੈ। ਉਥੇ ਇਸ ਸਜ਼ਾ ਵਿਚ ਕੀ ਫੇਰਬਦਲ ਹੁੰਦਾ ਹੈ, ਇਹ ਦੇਖਣਾ ਅਜੇ ਬਾਕੀ ਹੈ; ਫਿਰ ਵੀ ਉਸ ਨੂੰ ਗੁਨਾਹਗਾਰ ਠਹਿਰਾਇਆ ਜਾਣਾ ਅਤੇ ਜੇਲ੍ਹ ਭੇਜੇ ਜਾਣਾ ਹੀ ਬਹੁਤ ਵੱਡਾ ਹਾਸਲ ਹੈ। ਉਂਜ, ਚੌਦਾਂ ਸਾਲ ਦੇ ਬੱਚੇ ਸਮੇਤ ਜਿਹੜੇ ਇਕਤਾਲੀ ਬੰਦਿਆਂ ਦੀ ਜਾਨ ਪੰਚਕੂਲਾ ਅਤੇ ਸਿਰਸਾ ਵਿਚ ਸਰਕਾਰੀ ਹਥਿਆਰਬੰਦ ਤਾਕਤਾਂ ਦੀ ਬੇਤਹਾਸ਼ਾ ਗੋਲੀਬਾਰੀ ਨੇ ਲੈ ਲਈ, ਉਨ੍ਹਾਂ ਨੂੰ ਕਿਸ ਗੁਨਾਹ ਬਦਲੇ ਮੌਤ ਦੀ ਸਜ਼ਾ ਦਿੱਤੀ ਗਈ? ਦਿੱਲੀ (1984) ਅਤੇ ਗੁਜਰਾਤ (2002) ਦੇ ਕਤਲੇਆਮਾਂ ਵਿਚ ਪੰਚਕੂਲਾ ਦੀ ਤਿੰਨ ਘੰਟੇ ਦੀ ਹਿੰਸਾ ਦੇ ਮੁਕਾਬਲੇ ਕ੍ਰਮਵਾਰ ਤਿੰਨ ਦਿਨ ਅਤੇ ਤਿੰਨ ਮਹੀਨੇ ਤਕ ਲਗਾਤਾਰ ਹਜ਼ਾਰਾਂ ਮਜ਼ਲੂਮਾਂ ਦੇ ਸੱਥਰ ਵਿਛਾਉਣ ਦੀ ਸ਼ਕਲ ਵਿਚ ਬੇਮਿਸਾਲ ਹਿੰਸਾ ਕੀਤੀ ਗਈ ਸੀ। ਕੀ ਉਥੇ ਵੀ ਰਾਜ ਮਸ਼ੀਨਰੀ ਨੇ ਇਸੇ ਫੁਰਤੀ ਨਾਲ 'ਫਸਾਦੀਆਂ' ਖਿਲਾਫ ਕਾਰਵਾਈ ਕੀਤੀ ਸੀ? ਆਮ ਸ਼ਰਧਾਲੂਆਂ ਨੂੰ ਸਿੱਧੀਆਂ ਗੋਲੀਆਂ ਮਾਰੇ ਜਾਣ ਦੇ ਦ੍ਰਿਸ਼ ਮੀਡੀਆ ਦੇ ਕੈਮਰਿਆਂ ਨੇ ਨਹੀਂ ਫਿਲਮਾਏ, ਜਾਂ ਫਿਲਮਾ ਕੇ ਦੱਬ ਲਏ! ਸਿਰਫ਼ ਡੇਰੇ ਵਾਲਿਆਂ ਦੀ ਹਿੰਸਾ ਹੀ ਦਿਖਾਈ ਗਈ। ਜੋ ਦ੍ਰਿਸ਼ ਕੁਝ ਬੰਦਿਆਂ ਵਲੋਂ ਵਿਅਕਤੀਗਤ ਤੌਰ 'ਤੇ ਆਪਣੇ ਮੋਬਾਈਲ ਫ਼ੋਨਾਂ ਨਾਲ ਫਿਲਮਾ ਲਏ, ਉਨ੍ਹਾਂ ਤੋਂ ਅਦਾਲਤੀ ਆਦੇਸ਼ 'ਤੇ ਆਮ ਸ਼ਰਧਾਲੂਆਂ ਨੂੰ ਬੇਤਹਾਸ਼ਾ ਗੋਲੀਆਂ ਮਾਰਨ ਦੀ ਤਸਦੀਕ ਹੁੰਦੀ ਹੈ। ਕਾਰਪੋਰੇਟ ਮੀਡੀਆ ਨੇ ਡੇਰਾ ਸ਼ਰਧਾਲੂਆਂ ਦੇ ਹਿੰਸਕ ਪ੍ਰਤੀਕਰਮ ਨੂੰ ਇਸ ਤਰ੍ਹਾਂ ਪੇਸ਼ ਕੀਤਾ, ਜਿਵੇਂ ਕਿਸੇ ਮਹਾਂ ਧਾੜਵੀ ਵਿਦੇਸ਼ੀ ਤਾਕਤ ਨੇ ਹਮਲਾ ਕਰ ਦਿੱਤਾ ਹੋਵੇ ਅਤੇ ਇਸ ਨਾਲ ਸਟੇਟ ਦੀ ਸਲਾਮਤੀ ਹੀ ਖਤਰੇ ਵਿਚ ਪੈ ਗਈ ਹੋਵੇ! ਮੀਡੀਆ ਵਲੋਂ ਇਸ ਤਰ੍ਹਾਂ ਦੀ ਤੁਅੱਸਬੀ ਪੇਸ਼ਕਾਰੀ ਕਿਉਂ? ਮਹਿਜ਼ ਡੇਰਾ ਸ਼ਰਧਾਲੂਆਂ ਵਲੋਂ ਮੀਡੀਆ ਉਪਰ ਹਮਲਿਆਂ ਕਾਰਨ? ਕੀ ਅੰਧਾਧੁੰਦ ਗੋਲੀਬਾਰੀ ਦੇ ਇਨ੍ਹਾਂ ਦ੍ਰਿਸ਼ਾਂ ਨੂੰ ਨਾ ਫਿਲਮਾਉਣ ਜਾਂ ਫਿਲਮਾਉਣ ਤੋਂ ਬਾਅਦ ਦਬਾ ਲੈਣ ਦੇ ਰਾਜ਼ ਨੂੰ ਸਮਝਣ ਦੀ ਕੋਈ ਕੋਸ਼ਿਸ਼ ਹੋ ਰਹੀ ਹੈ?

ਪੰਜਾਬ ਤੇ ਹਰਿਆਣਾ ਵਿਚ ਵੱਡੇ ਪੱਧਰ 'ਤੇ ਡੇਰਾ ਪ੍ਰੇਮੀਆਂ ਦੇ ਘਰਾਂ ਵਿਚ ਛਾਪੇ ਮਾਰੇ ਜਾ ਰਹੇ ਹਨ, ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ। ਡੇਰੇ ਦੇ ਬਹੁਤ ਸਾਰੇ ਸ਼ਰਧਾਲੂਆਂ ਨੂੰ ਗ੍ਰਿਫਤਾਰ ਕਰ ਕੇ ਪੁਲਿਸ/ਨਿਆਂਇਕ ਹਿਰਾਸਤ ਵਿਚ ਭੇਜਿਆ ਗਿਆ ਹੈ। ਕੁਝ ਨੌਜਵਾਨ ਕੁੜੀਆਂ ਸਮੇਤ ਕਈਆਂ ਉਪਰ ਦੇਸ਼ਧ੍ਰੋਹ ਦੀਆਂ ਧਾਰਾਵਾਂ ਲਾ ਕੇ ਪਰਚੇ ਦਰਜ ਕੀਤੇ ਗਏ ਹਨ। ਦੇਸ਼ਧ੍ਰੋਹ ਦੀਆਂ ਧਾਰਾਵਾਂ ਇਸ ਲਈ ਕਿ ਉਹ ਹਿੰਸਾ ਵਿਚ ਸ਼ਾਮਲ ਸਨ, ਜਾਂ ਉਨ੍ਹਾਂ ਨੇ ਹਿੰਸਾ ਭੜਕਾਉਣ ਵਾਲੇ ਬਿਆਨ ਮੀਡੀਆ ਕੈਮਰਿਆਂ ਅੱਗੇ ਦਿੱਤੇ। ਮੀਡੀਆ ਅੰਦਰ ਸਾਧ ਨੂੰ ਸਜ਼ਾ ਦੇ ਜਸ਼ਨੀ ਪ੍ਰਸਾਰਨਾਂ ਵਿਚ ਇਸ ਸੱਚ ਉਪਰ ਬੇਸ਼ਰਮੀ ਨਾਲ ਪਰਦਾ ਪਾਇਆ ਜਾ ਰਿਹਾ ਹੈ ਕਿ ਪੰਚਕੂਲਾ ਹਿੰਸਾ ਦੌਰਾਨ ਮੌਜੂਦ ਦਹਿ-ਹਜ਼ਾਰਾਂ ਸ਼ਰਧਾਲੂ ਖ਼ਤਰਨਾਕ ਮੁਜਰਮ ਨਹੀਂ, ਬਲਕਿ ਆਮ ਲੋਕ ਸਨ ਜਿਨ੍ਹਾਂ ਨੂੰ ਡੇਰਾ ਦੇ ਤਾਣੇ-ਬਾਣੇ ਵਲੋਂ ਬਾਕਾਇਦਾ ਸਾਜ਼ਿਸ਼ ਤਹਿਤ ਗੁੰਮਰਾਹ ਅਤੇ ਲਾਮਬੰਦ ਕਰ ਕੇ ਉਥੇ ਲਿਆਂਦਾ ਗਿਆ ਸੀ। ਜ਼ਿਆਦਾਤਰ ਨੂੰ ਨਾ ਡੇਰੇ ਦੀ ਹਾਈ ਕਮਾਨ ਵਲੋਂ ਕੀਤੀ ਜਾਣ ਵਾਲੀ ਯੋਜਨਾਬੱਧ ਹਿੰਸਾ ਦੀ ਖ਼ਬਰ ਸੀ ਅਤੇ ਨਾ ਇਸ ਦੇ ਪ੍ਰਤੀਕਰਮ ਵਿਚ ਰਾਜ ਮਸ਼ੀਨਰੀ ਦੇ ਐਨੇ ਵਿਆਪਕ ਹਮਲੇ ਦਾ ਅੰਦਾਜ਼ਾ ਸੀ। ਉਹ ਭਗਦੜ ਮੱਚਣ ਦੌਰਾਨ ਸਰਕਾਰੀ ਗੋਲੀਆਂ ਦੀ ਲਪੇਟ ਵਿਚ ਆ ਕੇ ਮਾਰੇ ਗਏ। ਜ਼ਿਆਦਾਤਰ ਦੇ ਲੱਕ ਤੋਂ ਉਪਰ ਗੋਲੀਆਂ ਲੱਗੀਆਂ ਹੋਈਆਂ ਸਨ। ਗੋਲੀਆਂ ਦੀ ਵਾਛੜ ਹਜੂਮ ਨੂੰ ਖਿੰਡਾਉਣ ਲਈ ਨਹੀਂ ਸੀ। ਇਸ ਤਰ੍ਹਾਂ ਦੀ ਅੰਨ੍ਹੇਵਾਹ ਗੋਲੀਬਾਰੀ ਦੀ ਕਿਸੇ ਵੀ ਸੂਰਤ ਵਿਚ ਕੋਈ ਵਾਜਬੀਅਤ ਨਹੀਂ ਹੋ ਸਕਦੀ, ਪਰ ਇਸ ਨੂੰ ਲੈ ਕੇ ਕੋਈ ਸਵਾਲ ਨਹੀਂ ਉਠ ਰਹੇ।

**ਖੱਟਰ ਸਰਕਾਰ ਦੇ ਰਵੱਈਏ ਅਤੇ ਅਮਿਤ ਸ਼ਾਹ ਦੇ ਬਿਆਨ ਸਾਫ਼ ਸੰਕੇਤ ਹਨ ਕਿ ਕੇਂਦਰ ਤੋਂ ਲੈ ਕੇ ਹਰਿਆਣਾ ਸਰਕਾਰ ਤਕ ਭਾਜਪਾ ਲੀਡਰਸ਼ਿਪ ਸੋਚੀ-ਸਮਝੀ ਰਣਨੀਤੀ ਤਹਿਤ ਕੰਮ ਕਰ ਰਹੀ ਸੀ; ਉਹ ਇਹ ਕਿ ਉਥੇ ਭਾਰੀ ਇਕੱਠ ਹੋਣ ਦਿੱਤਾ ਜਾਵੇ।**

ਦਲੀਲ ਦਿੱਤੀ ਜਾ ਰਹੀ ਹੈ ਕਿ ਜਦੋਂ ਉਥੇ ਪ੍ਰਸ਼ਾਸਨ ਵਲੋਂ ਇਕੱਠੇ ਹੋਣ ਦੀ ਮਨਾਹੀ ਸੀ, ਫਿਰ ਡੇਰੇ ਦੇ ਸ਼ਰਧਾਲੂ ਪੰਚਕੂਲਾ ਕਿਉਂ ਗਏ? ਪਰ ਇਹ ਸਵਾਲ ਕੋਈ ਨਹੀਂ ਕਰ ਰਿਹਾ ਕਿ ਉਨ੍ਹਾਂ ਵਿਚੋਂ ਕਿੰਨਿਆਂ ਕੁ ਨੂੰ ਪਾਬੰਦੀ ਲਾਉਣ ਦੀ ਜਾਣਕਾਰੀ ਸੀ? ਇਹ ਤੱਥ ਜੱਗ ਜ਼ਾਹਿਰ ਹੈ ਕਿ ਦਫ਼ਾ 144 ਨਾਮਨਿਹਾਦ ਸੀ ਅਤੇ ਨਾਕਿਆਂ ਉਪਰ ਤਾਇਨਾਤ ਪੁਲਿਸ ਵਲੋਂ ਫ਼ੈਸਲੇ ਦੇ ਦਿਨ ਦੁਪਹਿਰ ਤਕ ਉਨ੍ਹਾਂ ਨੂੰ ਪੰਚਕੂਲਾ ਅਦਾਲਤ ਨੇੜੇ ਪਹੁੰਚਣ ਦੀ ਬਾਕਾਇਦਾ ਇਜਾਜ਼ਤ ਦਿੱਤੀ ਗਈ। ਹਰਿਆਣਾ ਸਰਕਾਰ ਦੇ ਬਿਆਨ ਇਸ ਦੀ ਤਸਦੀਕ ਕਰਦੇ ਹਨ। ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਆਪਣੇ ਹਾਲੀਆ ਬਿਆਨ ਵਿਚ ਸਪਸ਼ਟ ਕਿਹਾ ਹੈ ਕਿ ਜੱਜ ਨੂੰ ਪ੍ਰੇਮੀਆਂ ਦੇ ਇਕੱਠ ਦੇ ਮੱਦੇਨਜ਼ਰ ਸਾਧ ਦੇ ਮਾਮਲੇ ਦਾ ਫ਼ੈਸਲਾ ਅੱਗੇ ਪਾ ਦੇਣਾ ਚਾਹੀਦਾ ਸੀ। ਖੱਟਰ ਸਰਕਾਰ ਦੇ ਰਵੱਈਏ ਅਤੇ ਅਮਿਤ ਸ਼ਾਹ ਦੇ ਬਿਆਨ ਸਾਫ਼ ਸੰਕੇਤ ਹਨ ਕਿ ਕੇਂਦਰ ਤੋਂ ਲੈ ਕੇ ਹਰਿਆਣਾ ਸਰਕਾਰ ਤਕ ਭਾਜਪਾ ਲੀਡਰਸ਼ਿਪ ਸੋਚੀ-ਸਮਝੀ ਰਣਨੀਤੀ ਤਹਿਤ ਕੰਮ ਕਰ ਰਹੀ ਸੀ; ਉਹ ਇਹ ਕਿ ਉਥੇ ਭਾਰੀ ਇਕੱਠ ਹੋਣ ਦਿੱਤਾ ਜਾਵੇ। ਇਹ ਇਕੱਠ ਜੱਜ ਨੂੰ ਫ਼ੈਸਲਾ ਅੱਗੇ ਪਾਉਣ ਲਈ ਮਜਬੂਰ ਕਰ ਦੇਵੇਗਾ ਅਤੇ ਖੱਟਰ ਸਰਕਾਰ ਦਾ ਅਕਸ ਡੇਰਾ ਸ਼ਰਧਾਲੂਆਂ ਵਿਚ ਬਣਿਆ ਰਹੇਗਾ। ਕੀ ਇਸ ਮਾਮਲੇ ਨੂੰ ਸਨਸਨੀਖ਼ੇਜ਼ ਬਣਾ ਕੇ ਪੇਸ਼ ਕਰਨ ਵਾਲੇ ਮੀਡੀਆ ਵਿਚ ਸੱਤਾਧਾਰੀ ਧਿਰ ਉਪਰ ਇਹ ਸਵਾਲ ਉਠਾਉਣ ਦੀ ਹਿੰਮਤ ਹੈ ਕਿ ਦੇਸ਼ਧ੍ਰੋਹੀ ਆਮ ਸ਼ਰਧਾਲੂ ਨਹੀਂ, ਸਗੋਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ, ਹਰਿਆਣਾ ਦੀ ਖੱਟਰ ਸਰਕਾਰ ਅਤੇ ਸੂਬੇ ਦਾ ਪ੍ਰਸ਼ਾਸਨ ਹੈ ਜਿਨ੍ਹਾਂ ਨੇ ਖ਼ੁਦ ਹਿੰਸਾ ਦੇ ਹਾਲਾਤ ਤਿਆਰ ਕੀਤੇ। ਖੱਟਰ ਸਰਕਾਰ ਦੇ ਉਹ ਮੰਤਰੀ ਡੇਰੇ ਦੇ ਹਿੰਸਕ ਸ਼ਰਧਾਲੂਆਂ ਦੇ ਮੁਕਾਬਲੇ ਖ਼ਤਰਨਾਕ ਦੇਸ਼ਧ੍ਰੋਹੀ ਨਹੀਂ ਜਿਨ੍ਹਾਂ ਨੇ ਅਦਾਲਤੀ ਫ਼ੈਸਲੇ ਤੋਂ ਮਹਿਜ਼ 10 ਦਿਨ ਪਹਿਲਾਂ ਡੇਰਾ ਸਿਰਸਾ ਵਿਚ ਜਾ ਕੇ ਆਪਣੇ ਅਖ਼ਤਿਆਰੀ ਕੋਟੇ ਵਿਚੋਂ 51 ਲੱਖ ਰੁਪਏ ਅਤੇ 11 ਲੱਖ ਰੁਪਏ ਦੀਆਂ ਗਰਾਂਟਾਂ ਡੇਰੇ ਨੂੰ ਉਦੋਂ ਦਿੱਤੀਆਂ, ਜਦੋਂ ਡੇਰਾ ਮੁਖੀ ਖ਼ਿਲਾਫ਼ ਜਬਰ ਜਨਾਹਾਂ ਦੇ ਮੁਕੱਦਮੇ ਦੀ ਸੁਣਵਾਈ ਮੁਕੰਮਲ ਹੋ ਚੁੱਕੀ ਸੀ ਅਤੇ ਅਦਾਲਤ ਵਲੋਂ ਉਸ ਬਾਰੇ ਫ਼ੈਸਲਾ ਸੁਣਾਉਣਾ ਹੀ ਬਾਕੀ ਸੀ। ਜਿੰਨੀ ਬੇਸ਼ਰਮੀ ਨਾਲ ਵਿਜ਼ੂਅਲ ਤੇ ਪ੍ਰਿੰਟ ਮੀਡੀਆ ਪਹਿਲਾਂ ਸਾਧ ਦੇ ਗੁਣ ਗਾ ਰਿਹਾ ਸੀ, ਹੁਣ ਉਸੇ ਬੇਸ਼ਰਮੀ ਨਾਲ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ, ਜਿਵੇਂ ਹਰਿਆਣਾ ਤੇ ਪੰਜਾਬ ਦੀ ਪੁਲਿਸ, ਅਦਾਲਤੀ ਪ੍ਰਬੰਧ, ਹਰਿਆਣਾ ਸਰਕਾਰ ਸਮੇਤ ਮੁਲਕ ਦੇ ਸਮੁੱਚੇ ਰਾਜ ਢਾਂਚੇ ਦੇ ਪਾਏ ਦਾ ਅਮਨ-ਕਾਨੂੰਨ ਦਾ ਰਖਵਾਲਾ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ ਜਿਸ ਨੇ ਮੁਲਕ ਨੂੰ ਦੇਸ਼ਧ੍ਰੋਹੀ ਡੇਰੇ ਦੇ ਖ਼ੌਫ਼ ਤੋਂ ਮੁਕਤ ਕਰਵਾ ਕੇ ਮਾਅਰਕਾ ਮਾਰਿਆ ਹੋਵੇ।

ਇਸ ਮਾਮਲੇ ਦਾ ਇਕ ਪਹਿਲੂ ਨਿਆਂ ਪ੍ਰਬੰਧ ਅਤੇ ਸੀ.ਬੀ.ਆਈ. ਦਾ ਅੰਨ੍ਹਾ ਗੁਣਗਾਣ ਹੈ। ਬੇਸ਼ੱਕ ਹਿੰਦੁਸਤਾਨ ਵਿਚ ਕੁਝ ਐਸੇ ਜੱਜ ਹਨ ਜਿਨ੍ਹਾਂ ਦੀ ਜ਼ਮੀਰ ਜਾਗਦੀ ਹੈ ਤੇ ਉਹ ਬਾਰਸੂਖ਼ ਮੁਜਰਿਮਾਂ ਤੇ ਰਾਜ ਸੱਤਾ ਦੇ ਦਬਾਓ ਹੇਠ ਨਾ ਆ ਕੇ ਆਪਣੀ ਨਿਆਂਇਕ ਸੂਝ ਨਾਲ ਫ਼ੈਸਲੇ ਦਿੰਦੇ ਹਨ; ਪਰ ਐਸੇ ਜੱਜ ਕਿੰਨੇ ਕੁ ਹਨ? ਆਟੇ ਵਿਚ ਲੂਣ ਬਰਾਬਰ ਵੀ ਨਹੀਂ! ਇਕ ਜੱਜ ਜਗਦੀਪ ਸਿੰਘ ਦੇ ਫ਼ੈਸਲੇ ਨਾਲ ਨਾ ਤਾਂ ਸੀ.ਬੀ.ਆਈ. ਦੁੱਧ ਧੋਤੀ ਏਜੰਸੀ ਬਣ ਸਕਦੀ ਹੈ ਜਿਸ ਉਪਰ ਨਰਿੰਦਰ ਮੋਦੀ, ਅਮਿਤ ਸ਼ਾਹ ਤੋਂ ਲੈ ਕੇ ਬੇਸ਼ੁਮਾਰ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਬਰੀ ਕਰਨ ਦੇ ਸ਼ਰੇਆਮ ਇਲਜ਼ਾਮ ਹਨ ਅਤੇ ਨਾ ਹੀ ਇਕ ਫ਼ੈਸਲੇ ਨਾਲ ਅਦਾਲਤੀ ਪ੍ਰਬੰਧ ਦਾ ਮਜ਼ਲੂਮ ਧਿਰਾਂ ਪ੍ਰਤੀ ਤੁਅੱਸਬੀ ਵਤੀਰਾ ਨਿਆਂਕਾਰੀ ਬਣ ਜਾਣਾ ਹੈ ਜੋ 1984 ਵਿਚ ਸਿੱਖਾਂ ਦੇ ਕਤਲੇਆਮ, 2002 ਵਿਚ ਮੁਸਲਮਾਨਾਂ ਦੇ ਕਤਲੇਆਮ ਅਤੇ ਹੋਰ ਬਹੁਤ ਸਾਰੇ ਕਾਂਡਾਂ ਵਿਚ ਸਾਹਮਣੇ ਆ ਚੁੱਕਾ ਹੈ ਜਿਥੇ ਇਨਸਾਫ਼ ਦੀ ਇੰਤਜ਼ਾਰ ਵਿਚ ਅਜੇ ਵੀ ਹਜ਼ਾਰਾਂ ਲੋਕ ਜਾਂਚਾਂ ਅਤੇ ਅਦਾਲਤੀ ਅਮਲ ਦੇ ਚੱਕਰਾਂ ਵਿਚ ਬੁਰੀ ਤਰ੍ਹਾਂ ਖੱਜਲ-ਖੁਆਰ ਹੋ ਰਹੇ ਹਨ।

ਡੇਰਾ ਸੱਚਾ ਸੌਦਾ ਤੋਂ ਵਿਸ਼ਵਾਸ ਉਠਣ ਨਾਲ ਜਾਤਗ੍ਰਸਤ ਸਮਾਜ ਦੇ ਦੁਰਕਾਰੇ ਆਰਥਿਕ ਵਸੀਲਿਆਂ ਤੋਂ ਵਾਂਝੇ ਇਹ ਲੋਕ 'ਘਰ ਵਾਪਸੀ' ਕਰਨਗੇ, ਜਿਨ੍ਹਾਂ ਦੇ ਸਵਾਗਤ ਲਈ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਬਿਆਨ ਦੇ ਰਹੇ ਹਨ ਜਾਂ ਕਿਸੇ ਹੋਰ ਡੇਰੇ ਦੀ ਤਲਾਸ਼ ਕਰਨਗੇ? ਨਿਸ਼ਚੇ ਹੀ ਉਨ੍ਹਾਂ ਵਿਚੋਂ ਕੁਝ ਹਾਲਾਤ ਦੇ ਦਬਾਓ ਹੇਠ ਜਥੇਦਾਰਾਂ ਦੀ ਤਸੱਲੀ ਲਈ 'ਘਰ ਵਾਪਸੀ' ਦੀਆਂ ਨੁਮਾਇਸ਼ੀ ਤਸਵੀਰਾਂ ਤਾਂ ਖਿਚਵਾ ਸਕਦੇ ਹਨ, ਪਰ ਮਲਕ ਭਾਗੋਆਂ ਦੇ ਕਬਜ਼ੇ ਵਾਲੀਆਂ ਸਿੱਖ ਸੰਸਥਾਵਾਂ ਨੂੰ ਮਨੋਂ ਕਦੇ ਸਵੀਕਾਰ ਨਹੀਂ ਕਰਨ ਲੱਗੇ।

ਸਟੇਟ ਵਲੋਂ ਡੇਰਾ ਪ੍ਰੇਮੀਆਂ ਦੇ ਦਮਨ ਨੂੰ ਜਾਇਜ਼ ਸਮਝਣ ਵਾਲੇ ਹਿੱਸੇ ਇਹ ਭੁੱਲ ਰਹੇ ਹਨ ਕਿ ਇਹ ਸੋਚ ਹਮੇਸ਼ਾ ਜ਼ਾਲਮ ਸਟੇਟ ਦੇ ਹੱਥ ਮਜ਼ਬੂਤ ਕਰਦੀ ਹੈ। ਇਹ ਵੱਖਰੀ ਗੱਲ ਹੈ ਕਿ ਜਬਰ ਦਾ ਸ਼ਿਕਾਰ ਕਦੇ ਕੋਈ ਹਿੱਸਾ ਬਣਦਾ ਹੈ ਅਤੇ ਕਦੇ ਕੋਈ ਹੋਰ। ਜਿਹੜੇ ਲੋਕ ਸਰਬੱਤ ਦਾ ਭਲਾ ਅਤੇ ਸਮਾਜ ਅੰਦਰੋਂ ਅਨਿਆਂ ਨੂੰ ਖ਼ਤਮ ਕਰਨ ਦੇ ਹਾਮੀ ਹਨ, ਉਹ ਚਾਹੇ ਸਿੱਖੀ ਦੇ ਪੈਰੋਕਾਰ ਹਨ ਜਾਂ ਖੱਬੇਪੱਖੀ, ਉਨ੍ਹਾਂ ਨੂੰ ਆਮ ਡੇਰਾ ਸ਼ਰਧਾਲੂਆਂ ਦੇ ਦਮਨ ਪ੍ਰਤੀ ਆਪਣੇ ਇਸ ਰਵੱਈਏ ਬਾਰੇ ਮੁੜ ਵਿਚਾਰ ਜ਼ਰੂਰ ਕਰਨੀ ਚਾਹੀਦੀ ਹੈ।

# ਸਾਧ ਖਿਲਾਫ ਘੋਲ ਦੇ ਗੁੰਮਨਾਮ ਨਾਇਕ

ਡੇਰਾ ਸਿਰਸਾ ਦੇ ਮੁਖੀ ਨੂੰ ਸਜ਼ਾ ਦੇ ਘੜਮੱਸ ਵਿਚ ਇਹ ਹਕੀਕਤ ਸ਼ਾਇਦ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਕਿ ਇਸ ਕਾਂਡ ਦੀ ਜਾਂਚ ਅਤੇ ਇਸ ਦੀ ਪੰਦਰਾਂ ਸਾਲ ਲੰਮੀ ਸੁਣਵਾਈ ਐਵੇਂ ਨਹੀਂ ਹੋ ਗਈ। ਇਸ ਬਾਰਸੂਖ਼ ਡੇਰੇ ਵਿਚ ਹੋ ਰਹੇ ਕੁਕਰਮਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕਰਨ ਵਾਲਿਆਂ ਨੇ ਕਈ ਮਹੀਨੇ ਆਪਣੀਆਂ ਜਾਨਾਂ ਨੂੰ ਖ਼ਤਰੇ ਵਿਚ ਪਾ ਕੇ ਲੰਮਾ ਸੰਘਰਸ਼ ਲੜਿਆ ਤਾਂ ਕਿਤੇ ਜਾ ਕੇ ਹਾਈਕੋਰਟ ਵਲੋਂ ਸੀ.ਬੀ.ਆਈ. ਨੂੰ ਜਾਂਚ ਕਰਨ ਦੇ ਆਦੇਸ਼ ਦਿੱਤੇ ਗਏ। ਸਾਧਵੀਆਂ, ਰਾਮਚੰਦਰ ਛਤਰਪਤੀ, ਰਣਜੀਤ ਸਿੰਘ ਵਗੈਰਾ ਦੀ ਚਰਚਾ ਤਾਂ ਖ਼ੂਬ ਹੋਈ ਹੈ, ਤੇ ਹੋਣੀ ਵੀ ਚਾਹੀਦੀ ਸੀ, ਪਰ ਉਨ੍ਹਾਂ ਕਾਰਕੁਨਾਂ ਦੇ ਸੰਘਰਸ਼ ਦਾ ਬਹੁਤ ਘੱਟ ਜ਼ਿਕਰ ਹੋਇਆ ਜਿਨ੍ਹਾਂ ਦਾ ਪੀੜਤ ਸਾਧਵੀਆਂ ਨੂੰ ਨਿਆਂ ਦਿਵਾਉਣ ਵਿਚ ਵੱਡਾ ਯੋਗਦਾਨ ਸੀ।

'ਪੂਰਾ ਸੱਚ' ਦੇ ਸੰਪਾਦਕ ਰਾਮਚੰਦਰ ਛਤਰਪਤੀ ਨੇ ਸਾਧਵੀ ਦੀ ਚਿੱਠੀ ਛਾਪ ਕੇ ਜਨਤਕ ਕੀਤੀ ਅਤੇ ਇਸ ਦਾ ਮੁੱਲ ਉਸ ਨੂੰ ਆਪਣੀ ਜਾਨ ਦੇ ਕੇ ਚੁਕਾਉਣਾ ਪਿਆ। ਡੇਰੇ ਦੇ ਸਾਬਕਾ ਕਰਿੰਦੇ ਰਣਜੀਤ ਸਿੰਘ ਦੇ ਪਰਿਵਾਰ (ਉਸ ਦੇ ਕਤਲ ਦਾ ਮੁਕੱਦਮਾ ਵੀ ਡੇਰਾ ਮੁਖੀ ਉਪਰ ਚਲ ਰਿਹਾ ਹੈ) ਅਤੇ ਛਤਰਪਤੀ ਦੇ ਪਰਿਵਾਰ ਦੇ ਨਾਲ-ਨਾਲ ਨਿਆਂ ਲਈ ਇਸ ਜੱਦੋਜਹਿਦ ਵਿਚ ਐਸੇ ਨਿਆਂਪਸੰਦ ਕਾਰਕੁਨਾਂ ਦੀ ਜੁਝਾਰੂ ਟੋਲੀ ਨੇ ਬਹੁਤ ਅਹਿਮ ਭੂਮਿਕਾ ਨਿਭਾਈ ਜਿਨ੍ਹਾਂ ਦੀ ਲੜਾਈ ਤੋਂ ਬਿਨਾਂ ਇਸ ਮਾਮਲੇ ਦੀ ਜਾਂਚ ਸੰਭਵ ਨਹੀਂ ਸੀ। ਪ੍ਰਧਾਨ ਮੰਤਰੀ ਅਤੇ ਹਾਈਕੋਰਟ ਦੇ ਚੀਫ਼ ਜਸਟਿਸ ਨੂੰ ਚਿੱਠੀ ਲਿਖੇ ਜਾਣਾ ਅਤੇ ਉਸ ਨੂੰ ਛਪਵਾਉਣ ਦੇ ਯਤਨ ਕਰਨਾ ਉਹ ਮੁੱਢਲਾ ਕੰਮ ਸੀ ਜਿਥੋਂ ਨਿਆਂ ਲਈ ਜੱਦੋਜਹਿਦ ਸ਼ੁਰੂ ਹੋਈ। ਮੀਡੀਆ, ਸਿਆਸੀ ਪਾਰਟੀਆਂ ਕੋਈ ਵੀ ਸਾਧ ਖਿਲਾਫ ਲੜਨ ਵਾਲਿਆਂ ਦਾ ਸਾਥ ਦੇਣ ਲਈ ਅੱਗੇ ਨਹੀਂ ਆਇਆ। ਹਰਿਆਣਾ ਵਿਚ ਕੰਮ ਕਰਦੇ ਕਾਰਕੁਨਾਂ ਦੇ ਸਮੂਹ ਨੇ ਪੀੜਤ ਪਰਿਵਾਰਾਂ ਨੂੰ ਮਿਲ ਕੇ ਹੌਸਲਾ ਦਿੱਤਾ ਅਤੇ ਉਨ੍ਹਾਂ ਨੂੰ ਕਾਨੂੰਨੀ ਲੜਾਈ ਲੜਨ ਲਈ ਉਤਸ਼ਾਹਤ ਕੀਤਾ। ਅੱਜ ਜੋ ਕਾਰਪੋਰੇਟ ਮੀਡੀਆ ਗੁਰਮੀਤ ਰਾਮ ਰਹੀਮ ਸਿੰਘ ਦੀ ਖ਼ੌਫ਼ਨਾਕ ਸਲਤਨਤ ਦੀ ਪੋਲ ਹੁੱਬ-ਹੁੱਬ ਕੇ ਖੋਲ੍ਹ ਰਿਹਾ ਹੈ, ਉਸ ਵਲੋਂ ਇਹ ਚਿੱਠੀ ਛਾਪਣ ਤੋਂ ਹੀ ਨਾਂਹ ਕਰ ਦਿੱਤੀ ਗਈ ਸੀ। ਚਿੱਠੀ ਛਾਪਣ ਵਾਲੇ ਸਿਰਫ਼ ਸਥਾਨਕ ਛੋਟੇ ਅਖ਼ਬਾਰ ਸਨ। ਪਹਿਲਾਂ ਇਹ ਚਿੱਠੀ 'ਪੂਰਾ ਸੱਚ' ਨੇ ਛਾਪੀ ਅਤੇ ਇਸ ਪਿੱਛੋਂ ਫ਼ਤਿਹਾਬਾਦ ਤੋਂ ਛਪਦੇ ਈਵਨਿੰਗ ਅਖ਼ਬਾਰ 'ਲੇਖਾਜੋਖਾ' ਨੇ। ਛਤਰਪਤੀ ਨੂੰ ਕਤਲ ਕਰ ਦਿੱਤਾ ਗਿਆ ਅਤੇ 'ਲੇਖਾਜੋਖਾ' ਦਾ ਦਫ਼ਤਰ ਤੇ ਪ੍ਰੈਸ ਡੇਰੇ ਵਾਲਿਆਂ ਨੇ ਤਬਾਹ ਕਰ ਦਿੱਤੇ। ਤਰਕਸ਼ੀਲ ਆਗੂ ਮਾਸਟਰ ਬਲਵੰਤ ਸਿੰਘ ਨੂੰ ਕਤਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਤਰਕਸ਼ੀਲ ਆਗੂ ਰਾਜਾ ਰਾਮ ਹੰਢਿਆਇਆ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਇਹ ਵਿਆਪਕ ਦਹਿਸ਼ਤ ਸੀ ਜਿਸ ਦੀ ਪ੍ਰਵਾਹ ਨਾ ਕਰਦਿਆਂ ਹਰਿਆਣਾ ਵਿਚ ਸਰਗਰਮ ਕਾਰਕੁਨ ਡਟੇ ਰਹੇ ਅਤੇ ਜਨ ਸੰਘਰਸ਼ ਮੰਚ ਹਰਿਆਣਾ ਵਲੋਂ ਡੇਰੇ ਦੀ ਹਕੀਕਤ ਲੋਕਾਂ ਵਿਚ ਲੈ ਕੇ ਜਾਣ ਲਈ ਬਹੁਤ ਹੀ ਹੌਸਲੇ ਨਾਲ ਮੁਹਿੰਮ ਚਲਾਈ ਗਈ ਜਿਸ ਤਹਿਤ ਲੱਖਾਂ ਲੋਕਾਂ ਤਕ ਪਹੁੰਚ ਕਰ ਕੇ ਲੋਕਰਾਏ ਖੜ੍ਹੀ ਕੀਤੀ ਗਈ।

ਇਹ ਸੰਘਰਸ਼ ਲੜਨ ਵਾਲਿਆਂ ਵਿਚ ਇਕ ਸਿਰਕੱਢ ਨਾਂ ਮੰਚ ਦੀ ਤਤਕਾਲੀ ਕਨਵੀਨਰ ਐਡਵੋਕੇਟ ਸੁਦੇਸ਼ ਕੁਮਾਰੀ ਦਾ ਹੈ ਜਿਸ ਵਲੋਂ ਜਬਰ ਜਨਾਹ ਪੀੜਤ ਲੜਕੀਆਂ ਨੂੰ ਮਿਲ ਕੇ ਹੌਸਲਾ ਦਿੱਤਾ ਗਿਆ। ਰਣਜੀਤ ਸਿੰਘ ਦੇ ਕਤਲ ਤੋਂ ਬਾਅਦ ਉਸ ਦੀ ਸਾਧਵੀ ਭੈਣ ਦੀ ਜਾਨ ਨੂੰ ਵੀ


ਐਡਵੋਕੇਟ ਸੁਦੇਸ਼ ਕੁਮਾਰੀ

ਖ਼ਤਰਾ ਸੀ। ਦੂਜੀ ਸਾਧਵੀ ਨੂੰ ਵੀ ਡਰ ਸੀ ਕਿ ਰਣਜੀਤ ਸਿੰਘ ਵਾਂਗ ਉਸ ਅਤੇ ਉਨ੍ਹਾਂ ਦੇ ਪਰਿਵਾਰ ਮੈਂਬਰਾਂ ਦਾ ਵੀ ਕਤਲ ਕਰ ਦਿੱਤਾ ਜਾਵੇਗਾ। ਪੁਲਿਸ ਡੇਰੇ ਨਾਲ ਮਿਲੀ ਹੋਈ ਸੀ। ਕੋਈ ਉਸ ਦੀ ਸ਼ਿਕਾਇਤ ਨਹੀਂ ਲਿਖ ਰਿਹਾ ਸੀ। ਮੰਚ ਨੇ ਉਸ ਨੂੰ ਭਰੋਸੇ ਵਿਚ ਲੈ ਕੇ ਸੀ.ਬੀ.ਆਈ ਦੀ ਜਾਂਚ ਦੀ ਮੰਗ ਦਾ ਅੰਦੋਲਨ ਸ਼ੁਰੂ ਕੀਤਾ। ਦਸੰਬਰ 2002 ਵਿਚ ਕੁਰੂਕਸ਼ੇਤਰ ਵਿਚ ਗੀਤਾ ਮੇਲਾ ਲੱਗਦਾ ਹੈ ਜਿਸ ਵਿਚ ਲੱਖਾਂ ਲੋਕ ਜੁੜਦੇ ਹਨ ਅਤੇ ਵੱਡੇ ਵੱਡੇ ਸਿਆਸੀ ਆਗੂ ਪਹੁੰਚਦੇ ਹਨ। ਮੰਚ ਵਲੋਂ ਉਥੇ ਪੈਂਫਲੈਟ ਵੰਡਣ ਅਤੇ ਉਥੇ ਆ ਰਹੇ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ ਨੂੰ ਮਿਲ ਕੇ ਸੀ.ਬੀ.ਆਈ. ਜਾਂਚ ਕਰਾਉਣ ਦੀ ਮੰਗ ਕਰਨ ਦਾ ਫ਼ੈਸਲਾ ਕੀਤਾ ਗਿਆ, ਪਰ ਪੁਲਿਸ ਨੇ ਮੰਚ ਦੀ ਟੀਮ ਨੂੰ ਗ੍ਰਿਫ਼ਤਾਰ ਕਰ ਕੇ ਇਹ ਯੋਜਨਾ ਅਸਫ਼ਲ ਬਣਾ ਦਿੱਤੀ। ਉਨ੍ਹਾਂ ਨੂੰ ਉਦੋਂ ਹੀ ਰਿਹਾਅ ਕੀਤਾ ਗਿਆ ਜਦੋਂ ਉਪ ਰਾਸ਼ਟਰਪਤੀ ਉਥੋਂ ਜਾ ਚੁੱਕਾ ਸੀ।

ਇਸ ਤੋਂ ਬਾਅਦ ਮੰਚ ਦੇ ਆਗੂਆਂ ਨੇ ਸੀ.ਬੀ.ਆਈ. ਦੀ ਜਾਂਚ ਦੀ ਮੰਗ ਨੂੰ ਲੈ ਕੇ ਵਿਆਪਕ ਲੋਕ ਰਾਏ ਖੜ੍ਹੀ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਤਿੰਨ ਕੰਮ ਹੱਥ ਲਏ: ਸਿਰਸਾ ਨੂੰ ਛੱਡ ਕੇ ਬਾਕੀ ਸ਼ਹਿਰਾਂ, ਕਸਬਿਆਂ ਅੰਦਰ ਜਨਤਕ ਪੱਧਰ 'ਤੇ ਦਸਤਖ਼ਤੀ ਮੁਹਿੰਮ ਚਲਾਉਣ ਲਈ ਜਨਤਕ ਥਾਂਵਾਂ ਉਪਰ ਕੈਂਪ ਲਾਉਣੇ; ਬੱਸਾਂ ਤੇ ਜਨਤਕ ਥਾਂਵਾਂ ਉਪਰ ਡੇਰੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕਰਦੇ ਇਸ਼ਤਿਹਾਰ ਲਾ ਕੇ ਦੂਰ-ਦੂਰ ਤਕ ਆਮ ਲੋਕਾਂ ਨੂੰ ਇਸ ਬਾਰੇ ਜਾਣੂ ਕਰਾਉਣਾ; ਡੇਰੇ ਅੰਦਰ ਹੋ ਰਹੇ ਜਿਨਸੀ ਸ਼ੋਸ਼ਣ ਦੀ ਵਿਸਤਾਰਤ ਜਾਣਕਾਰੀ ਦਿੰਦੇ ਪੈਂਫਲੈਟ ਵੰਡਣੇ ਤੇ ਵਿਰੋਧ ਪ੍ਰਦਰਸ਼ਨ ਜਥੇਬੰਦ ਕਰਨੇ। ਇਸ ਤੋਂ ਬੌਖਲਾਏ ਡੇਰਾ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਉਪਰ ਹਮਲੇ ਹੁੰਦੇ ਰਹੇ। ਇਸ ਦਾ ਨਮੂਨਾ 5 ਫਰਵਰੀ 2003 ਨੂੰ ਫ਼ਤਿਹਾਬਾਦ ਵਿਚ ਕੈਂਪ ਲਾ ਕੇ ਚਲਾਈ ਦਸਤਖ਼ਤੀ ਮੁਹਿੰਮ ਸੀ। ਸੱਤ ਸੌ ਦੇ ਕਰੀਬ ਡੇਰਾ ਪ੍ਰੇਮੀਆਂ ਦੇ ਹਜੂਮ ਨੇ ਉਨ੍ਹਾਂ ਉਪਰ ਹਮਲਾ ਕਰ ਕੇ ਔਰਤਾਂ ਅਤੇ ਹੋਰ ਕਾਰਕੁਨਾਂ ਦੇ ਕੱਪੜੇ ਪਾੜ ਦਿੱਤੇ। ਉਨ੍ਹਾਂ ਦਾ ਸਾਰਾ ਸਮਾਨ, ਪੈਸੇ ਅਤੇ ਕਾਗਜ਼ਾਤ ਖੋਹ ਲਏ। ਪੁਲਿਸ ਉਲਟਾ ਨੌਂ ਔਰਤਾਂ ਅਤੇ ਪੰਜ ਹੋਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਕੇ ਥਾਣੇ ਲੈ ਗਈ ਅਤੇ ਉਨ੍ਹਾਂ ਉਪਰ ਇਰਾਦਾ ਕਤਲ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਫਰਜ਼ੀ ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਹਿਸਾਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਇਲਜ਼ਾਮ ਇਹ ਲਾਇਆ ਕਿ ਉਨ੍ਹਾਂ ਨੇ ਡੇਰਾ ਪ੍ਰੇਮੀਆਂ ਉਪਰ ਜਾਨਲੇਵਾ ਹਮਲਾ ਕੀਤਾ ਸੀ। ਹਮਲੇ ਦੀਆਂ ਸੱਟਾਂ ਦੀ ਤਸਦੀਕ ਸਰਕਾਰੀ ਡਾਕਟਰ ਵਲੋਂ ਕੀਤੀ ਗਈ। ਹਮਲੇ ਦੇ ਸਬੂਤ ਵਜੋਂ ਮੰਚ ਦੇ ਉਸ ਪੈਂਫਲੈਟ ਦੀ ਬਰਾਮਦਗੀ ਦਿਖਾਈ ਗਈ ਜਿਸ ਵਿਚ ਡੇਰੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਏ ਜਾਣ ਦੀ ਮੰਗ ਕੀਤੀ ਗਈ ਸੀ। ਸਥਾਨਕ ਵਕੀਲਾਂ ਦੀ ਮਦਦ ਨਾਲ ਡੇਢ ਮਹੀਨੇ ਬਾਅਦ ਇਨ੍ਹਾਂ ਕਾਰਕੁਨਾਂ ਦੀ ਜ਼ਮਾਨਤ ਹੋਈ ਅਤੇ ਛੇ ਸਾਲ ਬਾਅਦ 10 ਜੂਨ 2009 ਨੂੰ ਉਹ ਇਸ ਝੂਠੇ ਕੇਸ ਵਿਚੋਂ ਮੁਕਤ ਹੋਏ। ਕੁਰੂਕਸ਼ੇਤਰ ਅਤੇ ਫ਼ਤਿਹਾਬਾਦ ਦੀਆਂ ਬਾਰ ਐਸੋਸੀਏਸ਼ਨਾਂ ਨੇ ਇਨ੍ਹਾਂ ਕਾਰਕੁਨਾਂ ਦੇ ਹੱਕ ਵਿਚ ਮਤੇ ਪਾ ਕੇ ਸਾਥ ਦਿੱਤਾ। ਐਡਵੋਕੇਟ ਹਰਜੀਤ ਸਿੰਘ ਸੰਧੂ ਅਤੇ ਕੁਝ ਹੋਰ ਵਕੀਲਾਂ ਵਲੋਂ ਇਨ੍ਹਾਂ ਕਾਰਕੁਨਾਂ ਦੇ ਮੁਕੱਦਮੇ ਮੁਫ਼ਤ ਲੜੇ ਗਏ।

ਗ਼ੌਰਤਲਬ ਹੈ ਕਿ ਮੰਚ ਵਲੋਂ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਵਿਚ ਉਪਰੋਕਤ ਤੋਂ ਬਿਨਾਂ ਕੋਈ ਸਿਆਸੀ ਪਾਰਟੀ ਅਤੇ ਸੰਸਥਾ ਅੱਗੇ ਨਹੀਂ ਆਈ। ਇਹ ਹੈ ਸਾਧ ਖਿਲਾਫ ਅਵਾਮੀ ਸੰਘਰਸ਼ ਦਾ ਸ਼ਾਨਦਾਰ ਕਾਂਡ ਜਿਸ ਦੇ ਦਬਾਓ ਹੇਠ ਸੀ.ਬੀ.ਆਈ. ਦੀ ਜਾਂਚ ਸੰਭਵ ਹੋਈ ਅਤੇ ਓੜਕ ਇਸ ਮੁਜਰਿਮ ਨੂੰ ਜੇਲ੍ਹ ਦੀ ਹਵਾ ਖੁਆਉਣ ਵਾਲੇ ਮਾਮਲੇ ਉਪਰ ਜਾਂਚ ਅਤੇ ਅਦਾਲਤੀ ਕਾਰਵਾਈ ਦਾ ਰਾਹ ਪੱਧਰਾ ਹੋਇਆ।

-ਬੂਟਾ ਸਿੰਘ

# ਸਿਆਸਤ ਅਤੇ ਡੇਰਾਵਾਦ ਹੱਥੋਂ ਲੋਕਾਂ ਦੀ ਲੁੱਟ ਦਾ ਸਿਲਸਿਲਾ ਜਾਰੀ

15 ਸਾਲ ਬਾਅਦ ਕਥਿਤ ਦੋਸ਼ੀ ਪਾਏ ਗਏ ਸਿਰਸੇ ਵਾਲੇ ਬਾਬੇ ਦੇ ਫੈਸਲੇ ਵਿਚ ਜਿਸ ਢੰਗ-ਤਰੀਕੇ ਇਸ ਨਾਲ ਨਜਿਠਿਆ ਗਿਆ ਹੈ, ਇਸ ਨੇ ਜਿਥੇ ਸਿਆਸਤ ਅਤੇ ਸਿਆਸਤਦਾਨਾਂ ਦਾ ਕਰੂਪ ਚਿਹਰਾ ਲੋਕਾਂ ਸਾਹਮਣੇ ਨੰਗਾ ਕਰ ਦਿੱਤਾ ਹੈ, ਉਥੇ ਅਮਨ ਕਾਨੂੰਨ ਦੀ ਸਮੁੱਚੀ ਪ੍ਰਕ੍ਰਿਆ ਉਤੇ ਵੀ ਪ੍ਰਸ਼ਨ ਚਿੰਨ ਲਾ ਦਿੱਤਾ ਹੈ। ਲੋਕਤੰਤਰੀ ਕਦਰਾਂ ਕੀਮਤਾ ਦਾ ਜੋ ਘਾਣ ਹੋਇਆ ਹੈ, ਉਸ ਲਈ ਨਾ ਸਰਕਾਰਾਂ ਤੇ ਨਾ ਧਰਮ ਦੇ ਨਾਂ 'ਤੇ ਵਰਗਲਾਈ ਗਈ ਇਹ ਜਨਤਾ ਜਿੰਮੇਵਾਰ ਹੈ। ਸਰਕਾਰਾਂ ਦਾ ਹੱਥਠੋਕਾ ਬਣੇ ਇਹ ਨਾਮ ਨਿਹਾਦ ਧਾਰਮਿਕ ਗੁਰੂ ਕਦੇ ਸਿਰਸਾ, ਰਾਮਪਾਲ,



ਸੁਕੰਨਿਆ ਭਾਰਦਵਾਜ ਨਾਭਾ
ਫੋਨ: 815-307-3112

ਨੂਰਮਹਿਲੀਏ, ਨਿਰੰਕਾਰੀ, ਨਿਰਮਲ, ਭਨਿਆਰਾ, ਢੱਕੀ ਵਾਲਾ, ਰਾਧੇ ਮਾਂ, ਵਾਧੇ ਮਾਂ, ਕਦੇ ਊਸ਼ਾ, ਕਦੇ ਆਸਾ ਮਾਂ ਬਣ ਕੇ ਲੋਕਾਂ ਦੇ ਜਜ਼ਬਾਤ ਨਾਲ ਖਿਲਵਾੜ ਕਰਦੇ ਰਹਿਣਗੇ। ਭੋਲੇ ਭਾਲੇ ਲੋਕ ਧਰਮ ਦੀ ਆਜ਼ਾਦੀ, ਬੋਲਣ, ਲਿਖਣ, ਰੋਸ ਪ੍ਰਦਰਸ਼ਨ ਦੀ ਆਜ਼ਾਦੀ ਦਾ ਕਾਰਜ ਇਸ ਤਰ੍ਹਾਂ ਆਪਣੀਆਂ ਕੀਮਤੀ ਜਾਨਾਂ ਦੇ ਕੇ ਕਰਦੇ ਰਹਿਣਗੇ। ਗੁਰੂਆਂ ਪੀਰਾਂ ਦੀ ਧਰਤੀ ਜਿਥੇ ਵੇਦਾਂ, ਪੁਰਾਣਾਂ, ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ, ਉਥੋਂ ਦੀ ਜਨਤਾ ਆਪਣੀਆਂ ਸਮੱਸਿਆਵਾਂ ਦਾ ਹੱਲ ਇਨ੍ਹਾਂ ਅਖੌਤੀ ਦੇਹਧਾਰੀ ਗੁਰੂਆਂ ਤੋਂ ਭਾਲਦੀ ਹੈ, ਬਜਾਏ ਇਨ੍ਹਾਂ ਮਹਾਨ ਗ੍ਰੰਥਾਂ ਤੋਂ ਸੇਧ ਲੈਣ ਦੇ।

ਸਵਾਲ ਹੈ ਕਿ ਪੰਜਾਬ, ਹਰਿਆਣਾ, ਰਾਜਸਥਾਨ, ਚੰਡੀਗੜ੍ਹ ਸਮੇਤ ਸਮੁੱਚੇ ਦੇਸ਼ ਨੂੰ ਪਤਾ ਸੀ ਕਿ ਜਿਹੜਾ ਬਾਬਾ ਅੱਜ ਤਕ ਸਿੱਧੇ ਤੌਰ 'ਤੇ ਪੇਸ਼ੀ ਭੁਗਤਣ ਨਹੀਂ ਆਇਆ, ਉਹ ਫੈਸਲੇ ਦੀ ਘੜੀ ਕੀ ਕਰ ਗੁਜਰੇਗਾ? ਜਦੋਂ ਵੀ ਪੇਸ਼ੀ ਹੁੰਦੀ, ਬਾਬੇ ਤੋਂ ਪਹਿਲਾਂ ਇਹ ਅਖੌਤੀ ਸ਼ਰਧਾਲੂ ਆ ਪੰਚਕੂਲਾ ਸੀ.ਬੀ.ਆਈ. ਅਦਾਲਤ ਵਿਚ ਜਮਾਵੜਾ ਬਣਾ ਲੈਂਦੇ। ਬਾਬਾ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤ ਜਾਂਦਾ ਰਿਹਾ। ਹੋਰ ਤਾਂ ਹੋਰ, ਉਸ ਵੇਲੇ ਦੀ ਹਰਿਆਣਾ ਦੀ ਚੌਟਾਲਾ ਸਰਕਾਰ ਨੇ ਤਾਂ ਸੁਪਰੀਮ ਕੋਰਟ ਵਿਚ ਪਟੀਸ਼ਨ ਤਕ ਪਾ ਦਿੱਤੀ ਕਿ ਬਾਬੇ ਦਾ ਕੇਸ ਸੀ.ਬੀ.ਆਈ. ਨੂੰ ਨਾ ਦਿੱਤਾ ਜਾਵੇ। ਹੁਣ ਇਸ ਹੁਕਮ ਦੇ ਫੈਸਲੇ ਸਮੇਂ ਚਾਰੇ ਸਟੇਟਾਂ ਦੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ-ਕਾਂਗਰਸ, ਭਾਜਪਾ, ਅਕਾਲੀ ਦਲ, ਇਨੈਲੋ, ਖਾਸ ਕਰਕੇ ਮੌਜੂਦਾ ਹਰਿਆਣਾ ਸਰਕਾਰ ਇਸ ਸਾਰੇ ਕਾਸੇ ਤੋਂ ਮੁਨਕਰ ਨਹੀਂ ਹੋ ਸਕਦੀਆਂ।

ਜਦੋਂ 25 ਅਗਸਤ ਨੂੰ ਬਾਬੇ ਨੂੰ ਦੋਸ਼ੀ ਕਰਾਰ ਦੇਣ ਦਾ ਫੈਸਲਾ ਆਇਆ ਤਾਂ ਹਰਿਆਣਾ ਸਰਕਾਰ ਦੇ ਨੇਤਾ ਤਾਂ ਦੜ ਵੱਟ ਗਏ ਪਰ ਕੇਂਦਰ ਸਰਕਾਰ ਦਾ ਇੱਕ ਸੰਸਦ ਮੈਂਬਰ ਸਾਕਸ਼ੀ ਮਹਾਰਾਜ, ਜਿਸ ਉਤੇ ਵਿਭਚਾਰ ਤੇ ਹੱਤਿਆ ਦੇ ਮੁਕੱਦਮੇ ਚੱਲ ਰਹੇ ਹਨ, ਨੇ ਬਾਬੇ ਨੂੰ ਕਲੀਨ ਚਿੱਟ ਦਿੰਦਿਆਂ ਨਿਆਂ ਪਾਲਿਕਾ ਨੂੰ ਹੀ ਕਟਹਿਰੇ ਵਿਚ ਲਿਆ ਖੜਾਇਆ। ਕਿਸੇ ਨੇ ਵੀ ਔਰਤ ਦੇ ਸਨਮਾਨ, ਔਰਤਾਂ ਨਾਲ ਵਿਭਚਾਰ ਦੀ ਹੱਦ ਤਕ ਹੋਈ ਬੇਇਨਸਾਫੀ ਦੀ ਨਿੰਦਾ ਤੇ ਕੋਰਟ ਦੇ ਫੈਸਲੇ ਦਾ ਸੁਆਗਤ ਨਹੀਂ ਕੀਤਾ।

ਸਰਕਾਰਾਂ ਨੇ ਇਕ ਦੂਜੇ ਨੂੰ ਲਿੰਕ ਕਰਦੀਆਂ ਰੇਲ ਗੱਡੀਆਂ ਤੇ ਬਸਾਂ ਆਦਿ ਬੰਦ ਕਰ ਦਿੱਤੀਆਂ। ਇੰਟਰਨੈਟ, ਵੱਟਸ ਐਪ ਤੇ ਹੋਰ ਸੋਸ਼ਲ ਸੇਵਾਵਾਂ ਬੰਦ ਕਰਕੇ ਆਮ ਲੋਕਾਂ ਤੋਂ ਜਾਣਕਾਰੀ ਹਾਸਲ ਕਰਨ ਦਾ ਹੱਕ ਖੋਹ ਲਿਆ ਗਿਆ। ਪੰਚਕੂਲਾ ਵਿਚ ਜਿਥੇ ਪਹਿਲਾਂ ਹੀ 18 ਅਗਸਤ ਨੂੰ ਦਫਾ 144 ਲਾ ਦਿੱਤੀ ਸੀ ਤੇ ਸੈਨਿਕ, ਅਰਧ ਸੈਨਿਕ ਬਲ, ਪੁਲਿਸ ਤਾਇਨਾਤ ਸੀ, ਫਿਰ ਉਸ ਦੇ ਮੁਢਲੇ ਨਿਯਮ ਪੰਜ ਤੋਂ ਵੱਧ ਬੰਦੇ ਇਕੱਠੇ ਹੋਣ 'ਤੇ ਕਿਉਂ ਅਮਲ ਨਹੀਂ ਕੀਤਾ ਗਿਆ ਜਾਂ ਅਜਿਹਾ ਕਰਨ ਦੀ ਇੱਛਾ ਸ਼ਕਤੀ ਹੀ ਨਹੀਂ ਸੀ? ਸਰਕਾਰੀ ਛਤਰ ਛਾਇਆ ਹੇਠ ਲੋਕਾਂ ਦਾ ਹਜੂਮ ਇਕੱਠਾ ਹੁੰਦਾ ਗਿਆ। ਤਾਊ ਦੇਵੀ ਲਾਲ ਸਟੇਡੀਅਮ ਵਿਚ ਲੋਕਾਂ ਨੂੰ ਹਿਰਾਸਤ ਵਿਚ ਲੈ ਕੇ ਰੱਖਣ ਦੇ ਪ੍ਰਬੰਧ ਅਗਾਊਂ ਕਰ ਲਏ ਗਏ ਪਰ ਉਨ੍ਹਾਂ ਨੂੰ ਪੰਚਕੂਲੇ ਇਕੱਠੇ ਹੋਣ ਤੋਂ ਨਹੀ ਰੋਕਿਆ ਗਿਆ। ਡੇਰਾ ਮੁਖੀ ਨੇ ਵੀ ਡੇਰਾ ਪ੍ਰੇਮੀਆਂ ਨੂੰ ਢਾਲ ਦੇ ਰੂਪ ਵਿਚ ਵਰਤਣ ਲਈ ਉਨ੍ਹਾਂ ਨੂੰ ਡੇਰੇ ਤੇ ਤਿੰਨ ਰੋਜਾ ਸਤਸੰਗ ਦਾ ਸੰਦੇਸ਼ ਭੇਜ ਕੇ ਅਨਪੜ੍ਹ ਜਨਤਾ ਨੂੰ ਬਲੈਕਮੇਲ ਕੀਤਾ। ਜ਼ਿਕਰਯੋਗ ਹੈ ਕਿ ਇਸ ਡੇਰੇ ਦੇ ਸ਼ਰਧਾਲੂ ਜ਼ਿਆਦਾਤਰ ਦੱਬੇ ਕੁਚਲੇ ਅਨਪੜ੍ਹ ਲੋਕ ਹਨ ਜਿਨ੍ਹਾਂ ਨੂੰ ਬਹੁਤੀ ਵਾਰੀ ਆਰਥਿਕ ਮਦਦ, ਗਰੀਬ ਤੇ ਵਿਧਵਾ ਔਰਤਾਂ ਨੂੰ ਘਰ ਬਣਾ ਕੇ ਦੇਣ ਆਦਿ ਨਾਲ ਵਰਗਲਾਇਆ ਗਿਆ।

ਇਸ ਦਾ ਜੇ ਧਾਰਮਿਕ ਪੱਖ ਦੇਖਿਆ ਜਾਵੇ ਤਾਂ ਹਿੰਦੂ, ਸਿੱਖ, ਬੁਧ, ਜੈਨ ਧਰਮਾਂ ਦਾ ਸਮਾਜ ਵੀ ਜਿੰਮੇਵਾਰ ਹੈ ਜਿਨ੍ਹਾਂ ਦਲਿਤ ਵਰਗ ਨੂੰ ਕਦੇ ਬਰਾਬਰੀ ਦਾ ਦਰਜਾ ਨਹੀਂ ਦਿੱਤਾ। ਪਰ ਡੇਰਾ ਸਿਰਸਾ ਵਿਚ ਵੱਡੇ ਤੋਂ ਵੱਡੇ ਜਥੇਦਾਰ ਨੂੰ ਵੀ 'ਭੰਗੀਦਾਸ' ਦਾ ਅਹੁਦਾ ਦੇ ਕੇ ਸਨਮਾਨਿਆ ਗਿਆ। ਰੋਟੀ ਰੋਜੀ ਤੋਂ ਬਾਅਦ ਹਰ ਕੋਈ ਸਮਾਜ ਵਿਚ ਮਾਣ-ਸਨਮਾਨ ਜਰੂਰ ਭਾਲਦਾ ਹੈ। ਆਰਥਿਕ ਮੰਦਹਾਲੀ, ਨਸ਼ੇ, ਭ੍ਰਿਸ਼ਟਾਚਾਰ ਨੇ ਜਿਵੇਂ ਪੰਜਾਬ ਦਾ ਕਣ ਹੀ ਮਾਰ ਦਿੱਤਾ ਹੈ। ਲੋਕ ਇਨ੍ਹਾਂ ਅਲਾਮਤਾਂ ਦੇ ਭਜਾਏ ਕਿਤੋਂ ਆਪਣੀਆਂ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ ਤੇ ਉਹ ਡੇਰਿਆਂ ਵਲ ਭੱਜਦੇ ਹਨ। ਇਹ ਅਖੌਤੀ ਧਾਰਮਿਕ ਗੁਰੂ ਉਨ੍ਹਾਂ ਦੇ ਹੱਥਾਂ ਵਿਚ ਧਰਮ, ਮੋਕਸ਼ ਦਾ ਛੁਣਛੁਣਾ ਦੇ ਕੇ ਆਪਣੇ ਪਿਛੇ ਲਾਉਂਦੇ ਨੇ। ਲੋਕਾਂ ਦੀ ਇਸ ਮਾਨਸਿਕਤਾ ਦਾ ਭਰਪੂਰ ਫਾਇਦਾ ਉਠਾਇਆ ਗਿਆ, ਇਸ ਸਾਰੇ ਡੇਰਾ ਪ੍ਰਚਲਨ ਵਿਚ।

ਸਿਆਸੀ ਪੁਸ਼ਤਪਨਾਹੀ ਇਸ ਦੀ ਕੀ, ਕਿਸੇ ਵੀ ਡੇਰੇ ਦੀ ਲੁਕੀ ਛਿਪੀ ਨਹੀਂ। ਪਰ ਸਿਆਸੀ ਪਾਰਟੀਆਂ ਤੇ ਸਮੇਂ ਦੀਆਂ ਸਰਕਾਰਾਂ ਵੋਟਾਂ ਹੀ ਸਭ ਕੁਝ ਜਾਣ ਕੇ ਇਨ੍ਹਾਂ ਡੇਰਿਆਂ ਦੀ ਭਰਪੂਰ ਵਰਤੋਂ ਕਰਦੀਆਂ ਹਨ। ਇਸ ਦਾ ਸਬੂਤ ਡੇਰੇ ਵਲੋਂ ਆਏ ਪ੍ਰੈਸ ਬਿਆਨ ਤੋਂ ਮਿਲਦਾ ਹੈ ਕਿ ਭਾਜਪਾ ਨਾਲ ਉਨ੍ਹਾਂ ਦੀ ਕੇਸ ਖਤਮ ਕਰਾਉਣ ਦੀ 'ਡੀਲ' ਹੋਈ ਸੀ। ਇਸ ਕਰਕੇ ਪੁਲਿਸ ਗੋਲੀ ਜਾਂ ਭਗਦੜ ਵਿਚ ਮਾਰੇ ਗਏ ਲੋਕਾਂ ਦਾ ਡੇਰਾ ਮੁਖੀ/ਸਰਕਾਰ ਨੂੰ ਕੋਈ ਗਮ ਨਹੀਂ। ਇਹ ਤਾਂ ਉਹੀ ਜਾਣਦੇ ਹਨ ਜਿਨ੍ਹਾਂ ਦੇ ਘਰਾਂ ਦੇ ਜੀਅ ਇਸ ਦੋਗਲੀ ਪ੍ਰਕ੍ਰਿਆ ਦੇ ਲੇਖੇ ਲਗ ਗਏ ਹਨ।



ਕਥਿਤ ਬਾਬਾ ਪੇਸ਼ੀ ਭੁਗਤਣ ਲਈ ਸਿਰਸਾ ਤੋਂ ਪੰਚਕੂਲਾ ਇਸ ਤਰ੍ਹਾਂ ਆਇਆ ਜਿਵੇਂ ਕੋਈ ਰਾਸ਼ਟਰਪਤੀ, ਪ੍ਰਧਾਨ ਮੰਤਰੀ ਦਾ ਕਾਫਲਾ ਜਾ ਰਿਹਾ ਹੋਵੇ। ਦੋਸ਼ੀ ਵਾਲੀ ਕੋਈ ਗੱਲ ਨਹੀਂ ਸੀ ਵਿਖਾਈ ਦੇ ਰਹੀ। ਫਿਰ ਰੋਹਤਕ ਜੇਲ੍ਹ ਲਈ ਉਸ ਨੂੰ ਹੈਲੀਕਾਪਟਰ ਵਿਚ ਉਸ ਦੀ 'ਮੂੰਹ ਬੋਲੀ ਬੇਟੀ ਹਨੀਪ੍ਰੀਤ ਕੌਰ' ਸਮੇਤ ਲਿਜਾਇਆ ਗਿਆ। ਬਾਬੇ ਦੇ ਹਨੀਪ੍ਰੀਤ ਨਾਲ ਨਾਜਾਇਜ਼ ਸਬੰਧ ਹਨ, ਇਹ ਖੁਲਾਸਾ ਹਨੀਪ੍ਰੀਤ ਦੇ ਸਹੁਰੇ ਪਰਿਵਾਰ ਨੇ ਕੀਤਾ ਹੈ ਜੋ ਬਾਬੇ ਦਾ ਸਭ ਤੋਂ ਪਹਿਲਾ ਸੇਵਕ ਤੇ ਬਿਜਨਸ ਪਾਰਟਨਰ ਸੀ। ਉਨ੍ਹਾਂ ਕੁਝ ਦੇਰ ਕੇਸ ਵੀ ਲੜਿਆ ਫਿਰ ਕੁਝ ਸਮੇਂ ਬਾਅਦ ਉਹ ਲੜਕੀ ਨੂੰ ਡੇਰੇ 'ਤੇ ਹੀ ਛੱਡ ਕੇ ਕੇਸ ਖਤਮ ਕਰ ਗਏ। ਲੜਕੀ ਦਾ ਸਹੁਰਾ ਹਰਿਆਣਾ ਤੋਂ ਦੋ ਵਾਰੀ ਵਿਧਾਇਕ ਰਹਿ ਚੁਕਾ ਹੈ।

ਉਕਤ ਕੇਸ ਤੋਂ ਇਲਾਵਾ ਸਿਰਸਾ ਤੋਂ ਨਿਕਲਦੇ ਰੋਜ਼ਾਨਾ ਅਖਬਾਰ 'ਪੂਰਾ ਸੱਚ' ਦੇ ਪੱਤਰਕਾਰ/ਮਾਲਕ ਰਾਮਚੰਦ ਛਤਰਪਤੀ ਦਾ ਕਤਲ, ਮੈਨੇਜਰ ਰਣਜੀਤ ਸਿੰਘ ਦਾ ਕਤਲ ਅਤੇ ਡੇਰੇ ਦੇ ਸਾਧਾਂ/ਸ਼ਰਧਾਲੂਆਂ ਨੂੰ ਆਪ੍ਰੇਸ਼ਨ ਰਾਹੀਂ ਨਪੁੰਸਕ ਬਣਾਏ ਜਾਣ ਦੇ ਕੇਸ ਵੀ ਬਾਬੇ ਖਿਲਾਫ ਚਲ ਰਹੇ ਹਨ। ਇਸ ਕੇਸ ਦਾ ਫੈਸਲਾ ਪੂਰੇ 15 ਸਾਲ ਬਾਅਦ ਆਇਆ ਹੈ।

ਪੱਤਰਕਾਰ ਰਾਮਚੰਦ੍ਰ ਛਤਰਪਤੀ ਡੇਰੇ ਵਿਚ ਚਲ ਰਹੀਆਂ ਬੇਨਿਯਮੀਆਂ ਨੂੰ ਲਗਾਤਾਰ ਛਾਪ ਰਹੇ ਸਨ। ਉਨ੍ਹਾਂ ਨੂੰ ਡੇਰੇ ਵਲੋਂ ਡਰਾਇਆ ਧਮਕਾਇਆ ਜਾਂਦਾ ਸੀ, ਇਸ ਨੂੰ ਵੀ ਉਹ ਆਪਣੇ ਅਖਬਾਰ ਵਿਚ ਛਾਪਦੇ ਤੇ ਇਕੱਠਾਂ ਵਿਚ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਜਾਨ-ਮਾਲ ਨੂੰ ਖਤਰੇ ਬਾਰੇ ਦਸਦੇ ਰਹਿੰਦੇ, ਪਰ ਕਿਸੇ ਨੇ ਮਦਦ ਨਾ ਕੀਤੀ। 24 ਅਕਤੂਬਰ 2002 ਨੂੰ ਉਸ ਨੂੰ ਗੋਲੀ ਮਾਰ ਦਿੱਤੀ ਗਈ। ਸਿਤਮਜ਼ਰੀਫੀ ਇਹ ਕਿ ਗੋਲੀ ਲਗਣ ਤੋਂ ਬਾਅਦ ਉਹ ਹਸਪਤਾਲ ਵਿਚ ਪਿਆ ਪੁਲਿਸ ਨੂੰ ਆਪਣਾ ਬਿਆਨ ਦੇਣ ਲਈ ਕਹਿੰਦਾ ਰਿਹਾ ਪਰ ਪੁਲਿਸ ਨੇ ਐਫ.ਆਈ.ਆਰ. ਵਿਚ ਡੇਰਾ ਮੁਖੀ ਦਾ ਨਾਂ ਵੀ ਸ਼ਾਮਲ ਨਾ ਕੀਤਾ ਜਦਕਿ ਛਤਰਪਤੀ ਪੁਕਾਰ ਪੁਕਾਰ ਕੇ ਕਹਿ ਰਿਹਾ ਸੀ ਕਿ ਇਹ ਕਾਤਲਾਨਾ ਹਮਲਾ ਉਸ ਉਤੇ ਡੇਰਾ ਮੁਖੀ ਨੇ ਕਰਵਾਇਆ ਹੈ। ਮਰਹੂਮ ਪੱਤਰਕਾਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਮੁਤਾਬਕ ਉਸ ਨੇ ਇਨਸਾਫ ਲਈ ਸੀ.ਬੀ.ਆਈ. ਕੋਰਟ ਵਿਚ ਗੁਹਾਰ ਲਾਈ ਤੇ ਉਸ ਤੋਂ ਬਾਅਦ ਹੀ 2007 ਵਿਚ ਉਸ ਦੀ ਐਫ.ਆਈ.ਆਰ. ਦਰਜ ਕੀਤੀ ਗਈ। ਅੰਸ਼ੁਲ ਅਨੁਸਾਰ ਵਕੀਲ ਰਾਜਿੰਦਰ ਸੱਚਰ, ਰਣਜੀਤ ਸਿੰਘ ਚੀਮਾ ਸਮੇਤ ਹੋਰ ਪੰਜ ਵਕੀਲਾਂ ਨੇ ਉਸ ਦਾ ਕੇਸ ਬਿਨਾ ਫੀਸ ਤੋਂ ਲੜਿਆ। ਡੇਰੇ ਵਲੋਂ ਇਨ੍ਹਾਂ ਵਕੀਲਾਂ ਉਤੇ ਕਈ ਵਾਰੀ ਹਮਲੇ ਵੀ ਹੋਏ।

ਇਸ ਤੋਂ ਪਹਿਲਾਂ ਸਾਧਵੀਆਂ ਨਾਲ ਵਿਭਚਾਰ ਦੀ ਗੁੰਮਨਾਮ ਚਿੱਠੀ ਦਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਨੇ ਗੰਭੀਰ ਨੋਟਿਸ ਲੈਂਦਿਆਂ ਉਸ ਵੇਲੇ ਦੀ ਹਰਿਆਣਾ ਸਰਕਾਰ ਨੂੰ ਇਸ ਦੀ ਪੜਤਾਲ ਕਰਨ ਲਈ ਕਿਹਾ ਪਰ ਉਨ੍ਹਾਂ ਲੰਮੇ ਸਮੇਂ ਤਕ ਕੁਝ ਨਾ ਕੀਤਾ, ਜਿਸ 'ਤੇ ਕੇਸ ਸੀ.ਬੀ.ਆਈ. ਨੂੰ ਸੌਂਪਿਆ ਗਿਆ। ਸੀ.ਬੀ.ਆਈ. ਦੇ ਡਿਟੈਕਟਿਵ ਡੀ.ਐਸ.ਪੀ. ਡਾਬਰਾ ਦੀ ਭੂਮਿਕਾ ਵੀ ਬੜੀ ਸ਼ਲਾਘਾਯੋਗ ਰਹੀ ਜਿਸ ਨੇ ਡੇਰੇ ਦੇ ਦਬਾਅ ਵਿਚ ਨਾ ਆ ਕੇ 15 ਸਾਲ ਤੱਕ ਲੜਾਈ ਲੜੀ ਤੇ ਦੋਹਾਂ ਸਾਧਵੀਆਂ ਨੂੰ ਭਰੋਸਾ ਦੇ ਕੇ ਅਖੀਰ ਤਕ ਉਨ੍ਹਾਂ ਦਾ ਮਨੋਬਲ ਬਣਾਈ ਰੱਖਿਆ ਪਰ ਬਾਕੀ ਪੰਜ ਫਰਿਆਦੀ ਲੜਕੀਆਂ ਇਸ ਕੇਸ ਤੋਂ ਪਿਛੇ ਹਟ ਗਈਆਂ।

ਦੋਸ਼ ਆਇਦ ਕਰਨ ਦੀ ਤਰੀਕ ਸਮੇਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਭੂਮਿਕਾ ਵੀ ਬੜੀ ਅਹਿਮ ਰਹੀ ਜਿਸ ਨਾਲ ਲੋਕਾਂ ਦਾ ਦੇਸ਼ ਦੀ ਨਿਆਂ ਪਾਲਿਕਾ 'ਤੇ ਭਰੋਸਾ ਵਧਿਆ ਹੈ। ਹਾਈ ਕੋਰਟ ਨੇ ਹਰਿਆਣਾ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਖਿਚਾਈ ਕੀਤੀ, ਪੁਲਿਸ ਡੀ.ਜੀ. ਖਿਲਾਫ ਕਾਰਵਾਈ ਕਰਨ, ਐਡੀਸ਼ਨਲ ਐਡਵੋਕੇਟ ਜਨਰਲ ਨੂੰ ਬਾਬੇ ਦਾ ਬੈਗ ਚੁੱਕ ਕੇ ਹੈਲੀਕਾਪਟਰ ਤਕ ਲੈ ਜਾਣ ਦੇ ਦੋਸ਼ ਹੇਠ ਉਸ ਨੂੰ ਬਰਖਾਸਤ ਕਰਨ ਅਤੇ ਧਾਰਾ 144 'ਤੇ ਕਾਨੂੰਨ ਮੁਤਾਬਕ ਕੰਮ ਨਾ ਕਰਨ, ਡੇਰਾ ਪ੍ਰੇਮੀਆਂ ਵਲੋਂ ਕੀਤੇ ਨੁਕਸਾਨ ਦੀ ਭਰਪਾਈ ਲਈ ਡੇਰੇ ਦੀ ਜਾਇਦਾਦ ਜ਼ਬਤ ਕਰਨ ਆਦਿ ਪੂਰੇ ਘਟਨਾਕ੍ਰਮ ਲਈ ਬਾਬੇ ਦੇ ਨਾਲ ਨਾਲ ਹਰਿਆਣਾ ਸਰਕਾਰ ਨੂੰ ਵੀ ਕਟਹਿਰੇ ਵਿਚ ਖੜਾ ਕੀਤਾ ਹੈ।

ਜਿਉਂ ਜਿਉਂ ਡੇਰੇ ਦੀ ਕਾਰਗੁਜ਼ਾਰੀ ਤੋਂ ਪਰਦਾ ਉਠ ਰਿਹਾ ਹੈ, ਬਹੁਤ ਸਾਰੇ ਭਿਅੰਕਰ ਰਾਜ ਲੋਕਾਂ ਸਾਹਮਣੇ ਆ ਰਹੇ ਹਨ। ਡੇਰੇ ਦੀ ਗੱਦੀ ਰਾਮ ਰਹੀਮ ਨੂੰ ਮਿਲਣ ਬਾਰੇ ਵੀ ਕਈ ਤਰ੍ਹਾਂ ਦੀਆਂ ਕਹਾਣੀਆਂ ਪ੍ਰਚਲਿਤ ਹਨ। ਡੇਰੇ ਵਿਚ ਗੁਫਾਵਾਂ ਬਾਰੇ ਵੀ ਸਨਸਨੀਖੇਜ਼ ਖੁਲਾਸੇ ਹੋ ਰਹੇ ਹਨ ਕਿ ਇਹ ਵਿਭਚਾਰ ਤੇ ਸਾਰੇ ਜੁਰਮਾਂ ਦੀ ਪਨਾਹਗਾਹ ਸਨ। 'ਨੰਬਰ 209' ਬਾਰੇ ਵੀ ਕਈ ਤਰ੍ਹਾਂ ਦੇ ਭੇਦ ਉਜਾਗਰ ਹੋ ਰਹੇ ਹਨ ਕਿ ਇਹ ਗੁਫਾ ਵਿਚ ਸਾਧਵੀਆਂ ਦੀ ਗਿਣਤੀ ਬਾਰੇ ਕੋਡ ਸੀ।

ਸੂਬੇ ਦੀ ਆਰਥਿਕਤਾ ਇਨ੍ਹਾਂ ਬਾਬਿਆਂ ਤੇ ਸਿਆਸਤਦਾਨਾਂ ਦੇ ਕੁਰਸੀ ਮੋਹ ਦੇ ਕਲਿਕ ਨੇ ਬਰਬਾਦ ਕਰਕੇ ਰੱਖ ਦਿੱਤੀ ਹੈ। ਸ਼ਹਿਰਾਂ-ਪਿੰਡਾਂ ਵਿਚ ਇਨ੍ਹਾਂ ਡੇਰਿਆਂ ਦੀ ਭਰਮਾਰ ਹੈ। ਕਦੇ ਕੋਈ ਮਰਦ ਦਾ ਚੇਲਾ ਹੀ ਦੇਸ਼ ਦੀ ਭੋਲੀ ਭਾਲੀ ਜਨਤਾ ਨੂੰ ਇਸ ਡੇਰਾਵਾਦ ਤੋਂ ਮੁਕਤ ਕਰਾ ਸਕੇਗਾ, ਨਹੀਂ ਤਾਂ ਅੱਜ ਇਸ ਸਿਰਸੇ ਵਾਲੇ ਡੇਰੇ ਦਾ ਅੰਤ ਹੋਇਆ ਹੈ ਤੇ ਕੱਲ ਨੂੰ ਕੋਈ ਹੋਰ ਇਸ ਦੀ ਥਾਂ ਲੈ ਲਵੇਗਾ। ਇਹ ਪ੍ਰਚਲਨ ਰੁਕੇਗਾ ਨਹੀਂ, ਜਦੋਂ ਤਕ ਲੋਕਾਂ ਦੇ ਮਾਨਸਿਕ, ਸਮਾਜਕ, ਆਰਥਿਕ ਬਰਾਬਰੀ ਦਾ ਕੋਈ ਹੱਲ ਨਹੀਂ ਹੋਵੇਗਾ।

ਮੇਰਾ ਖਿਆਲ ਹੈ ਕਿ ਡੇਰਾਵਾਦ ਨੂੰ ਜੰਮਾਉਣ ਵਿਚ ਪਰਵਾਸੀ ਵੀ ਘੱਟ ਪਿਛੇ ਨਹੀਂ। ਉਹ ਡੇਰੇਦਾਰਾਂ ਦੇ ਪ੍ਰੋਗਰਾਮ ਵਿਦੇਸ਼ੀ ਧਰਤੀ 'ਤੇ ਕਰਵਾ ਕੇ ਡਾਲਰਾਂ-ਪੌਂਡਾਂ ਨਾਲ ਮਾਲੋਮਾਲ ਕਰ ਦਿੰਦੇ ਹਨ। ਜੇ ਭਾਰਤ-ਪੰਜਾਬ ਲਈ ਕੁਝ ਕਰਨਾ ਚਾਹੁੰਦੇ ਹੋ ਤਾਂ ਲੋੜ ਹੈ ਆਪਣੇ ਗੁਰੂਆਂ ਪੀਰਾਂ ਪੈਗੰਬਰਾਂ ਵਲੋਂ ਰਚੇ ਪੁਰਾਤਨ ਧਾਰਮਿਕ ਸਾਹਿਤ ਨੂੰ ਪ੍ਰਫੁਲਿਤ ਕਰਨ, ਉਨ੍ਹਾਂ 'ਤੇ ਵਿਚਾਰ ਗੋਸ਼ਟੀਆਂ ਤੇ ਵਿਸ਼ੇਸ਼ ਸਕੂਲਾਂ ਰਾਹੀਂ ਉਨ੍ਹਾਂ ਨਾਲ ਜੋੜਨ ਦੀ ਅਤੇ ਸਾਰੀਆਂ ਜਿੰਮੇਵਾਰ ਧਿਰਾਂ ਨੂੰ ਭਾਰਤ-ਪੰਜਾਬ ਨੂੰ ਡੇਰਾ ਮੁਕਤ ਕਰਨ ਲਈ ਰਲ ਕੇ ਹੰਭਲਾ ਮਾਰਨ ਦੀ। ਨਹੀਂ ਤਾਂ ਇਸੇ ਤਰ੍ਹਾਂ ਸਮਾਨੰਤਰ ਗੁਰੂਡੰਮ ਤੇ ਅਖੌਤੀ ਧਾਰਮਿਕ ਗ੍ਰੰਥ ਛਾਪ ਕੇ ਦੇਸ਼ ਦੀ ਜਨਤਾ ਨੂੰ ਮੂਰਖ ਬਣਾਇਆ ਜਾਂਦਾ ਰਹੇਗਾ ਤੇ ਵੱਖੋ ਵੱਖਰੇ ਭੇਖਧਾਰੀਆਂ ਵਲੋਂ ਇਸੇ ਤਰ੍ਹਾਂ ਠੱਗੇ ਜਾਣ ਦਾ ਸਿਲਸਿਲਾ ਜਾਰੀ ਰਹੇਗਾ!

# ਡੇਰਾਵਾਦ ਤੇ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਬਚਪਨ ਸਮੇਂ ਮਾਲਵੇ ਵਿਚ ਇਹ ਟੱਪਾ ਬੜਾ ਚਲਦਾ ਸੀ, 'ਕੀਹਦੇ-ਕੀਹਦੇ ਪੈਰੀਂ ਹੱਥ ਲਾਈਏ, ਸੰਤਾਂ ਦੇ ਵੱਗ ਫਿਰਦੇ।'

ਗੁਰਮੀਤ ਰਾਮ ਰਹੀਮ ਸਿੰਘ ਦੇ ਕੇਸ ਪਿੱਛੋਂ ਸੰਤਾਂ ਦੀ ਥਾਂ ਡੇਰਿਆਂ ਨੇ ਧਿਆਨ ਖਿੱਚਿਆ ਹੈ ਜਿੱਥੇ ਸੰਤ ਡੇਰੇ ਤੋਂ ਬਾਹਰ ਨਹੀਂ ਜਾਂਦੇ, ਉਨ੍ਹਾਂ ਦੇ ਭਗਤ ਉਰਫ ਪ੍ਰੇਮੀ ਡੇਰੇ ਜਾ ਕੇ ਉਨ੍ਹਾਂ ਦੇ ਪੈਰੀਂ ਹੱਥ ਲਾਉਂਦੇ ਹਨ। ਪ੍ਰੇਮਣਾਂ ਉਰਫ ਸਾਧਵੀਆਂ ਡੇਰਾ ਮੁਖੀਆਂ ਦੀਆਂ ਗੁਫਾਵਾਂ ਵਿਚ ਸ਼ਰਨ ਲੈਂਦੀਆਂ ਤੇ 'ਪੈਰੀਂ ਹੱਥ' ਲਾਉਂਦੀਆਂ ਹਨ। ਡੇਰਾਵਾਦ ਇਕੱਲੇ ਪੰਜਾਬ ਤੇ ਹਰਿਆਣਾ ਨੂੰ ਹੀ ਨਹੀਂ, ਪੂਰੇ ਭਾਰਤ ਨੂੰ ਘੁਣ ਵਾਂਗ ਲਗ ਚੁਕਾ ਹੈ। ਹਰ ਸੂਬੇ ਵਿਚ ਅਣਗਿਣਤ ਡੇਰੇ ਹਨ। ਜਿੰਨਾ ਵੱਡਾ ਡੇਰਾ, ਉਨਾ ਹੀ ਸਿਆਸੀ ਪ੍ਰਭਾਵ ਤੇ ਉਸ ਤੋਂ ਵੱਧ ਕਰਤੂਤਾਂ। ਭਗਤਾਂ ਦੇ ਰਹਿਣ ਲਈ ਬੰਗਲੇ, ਯਾਤਰਾ ਲਈ ਮਹਿੰਗੀਆਂ ਮੋਟਰ ਗੱਡੀਆਂ ਤੇ ਹੈਲੀਪੈਡ। ਮੁਖੀ ਸਿਰਹਾਣੇ ਪਿਸਤੌਲ ਰੱਖ ਕੇ ਸੌਂਦੇ ਹਨ, ਤੇ ਸਾਧਵੀਆਂ ਨਾਲ ਜਿਨਸੀ ਸਬੰਧ ਕਾਇਮ ਕਰਦੇ ਹਨ।

ਭਾਰਤ ਅਜਿਹਾ ਦੇਸ਼ ਹੈ ਜਿੱਥੇ ਧਰਮ ਦੇ ਨਾਂ 'ਤੇ ਵੱਡੇ ਤੋਂ ਵੱਡਾ ਪਖੰਡ ਹੁੰਦਾ ਹੈ। ਸ਼ਰਧਾਵਾਨ ਵਿਚ ਕੇਵਲ ਅਨਪੜ੍ਹ ਹੀ ਨਹੀਂ, ਪੜ੍ਹੇ ਲਿਖੇ ਤੇ ਪੀਐਚ.ਡੀ. ਵਿਦਵਾਨ ਵੀ ਸ਼ਾਮਲ ਹਨ। ਸਿਆਸੀ ਪਾਰਟੀਆਂ ਡੇਰਾ ਮੁਖੀਆਂ ਦਾ ਪਾਣੀ ਭਰਦੀਆਂ ਹਨ। ਕਰਤਾ ਧਰਤਾ ਹਰ ਸਿਆਸੀ ਪਾਰਟੀ ਨੂੰ ਸਮਝਾ ਦਿੰਦੇ ਹਨ ਕਿ ਉਨ੍ਹਾਂ ਤੋਂ ਹਰ ਤਰ੍ਹਾਂ ਦੀ ਸਹਾਇਤਾ ਲੈਣਾ ਉਨ੍ਹਾਂ ਦਾ ਜਮਾਂਦਰੂ ਹੱਕ ਹੈ। ਇਨਕਮ ਟੈਕਸ ਦੀ ਮੁਆਫੀ ਤਾਂ ਮਾਮੂਲੀ ਗੱਲ ਹੈ।

ਡੇਰਾ ਸੱਚਾ ਸੌਦਾ ਆਜ਼ਾਦੀ ਦੇ ਅਗਲੇ ਸਾਲ ਬਾਬਾ ਮਸਤਾਨਾ ਬਲੋਚਸਤਾਨੀ ਨੇ ਅਰੰਭ ਕੀਤਾ ਸੀ। ਉਸ ਨੇ ਆਪਣੀ ਗੱਦੀ ਸ਼ਾਹ ਸਤਨਾਮ ਨੂੰ ਦਿੱਤੀ ਤੇ ਸਤਨਾਮ ਨੇ 1990 ਵਿਚ ਗੁਰਮੀਤ ਸਿੰਘ ਨੂੰ। ਗੁਰਮੀਤ ਸਿੰਘ ਨੇ ਗੱਦੀ ਸੰਭਾਲਦਿਆਂ ਹੀ ਆਪਣਾ ਨਾਂ ਗੁਰਮੀਤ ਰਾਮ ਰਹੀਮ ਸਿੰਘ ਰੱਖ ਲਿਆ। ਸ੍ਰੀ ਗੰਗਾਨਗਰ (ਰਾਜਸਥਾਨ) ਦੇ ਪਿੰਡ ਸ੍ਰੀ ਗੁਰੂਸਰ ਮੋਦੀਆਂ ਦੇ ਜੱਟ ਸਿੱਖ ਪਰਿਵਾਰ ਦਾ ਇਹ ਪੁੱਤਰ ਇਕ ਸਰਵੇਖਣ ਅਨੁਸਾਰ ਭਾਰਤ ਦੀ ਇੱਕ ਸੌ ਅਤਿਅੰਤ ਸ਼ਕਤੀਸ਼ਾਲੀ ਹਸਤੀਆਂ ਵਿਚ ਗਿਣਿਆ ਗਿਆ ਜਿਸ ਨੂੰ ਸਰਕਾਰ ਵੱਲੋਂ ਜ਼ੈਡ ਸੁਰੱਖਿਆ ਮਿਲੀ ਹੋਈ ਸੀ। ਇਸ ਪੱਖੋਂ ਵੀ ਉਹ ਸੁਰੱਖਿਆ ਛਤਰੀ ਵਾਲੇ 36 ਵਿਅਕਤੀਆਂ ਵਿਚੋਂ ਇਕ ਹੈ। ਕੱਲ ਤੱਕ ਉਹਦੇ ਕੋਲ 16 ਕਾਲੀਆਂ ਫੋਰਡ ਐਨਡੀਵਰਜ਼ ਸਮੇਤ ਸੌ ਕਾਰਾਂ ਤੇ ਐਸ.ਯੂ.ਵੀ. ਗੱਡੀਆਂ ਸਨ ਅਤੇ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ, ਉਤਰ ਪ੍ਰਦੇਸ਼ ਤੇ ਉਤਰਾਖੰਡ ਵਿਚ ਰਾਜਨੀਤਕ ਗਾਂਢੇ ਸਾਂਢੇ। ਉਸ ਨੂੰ ਰਾਜਨੀਤਕ ਪੌਣਾਂ ਸੁੰਘਣ ਦਾ ਵੱਲ ਆਉਂਦਾ ਹੈ, ਉਸ ਜਾਨਵਰ ਵਾਂਗ ਜਿਹੜਾ ਸੁੰਘਣ ਸ਼ਕਤੀ ਦੇ ਬਾਵਜੂਦ ਆਪਣੀ ਮੌਤ ਤੋਂ ਉੱਕਾ ਬੇਖਬਰ ਹੁੰਦਾ ਹੈ। ਡੇਰੇ ਦੀ ਕੁੱਲ ਜਾਇਦਾਦ ਦਾ ਅਨੁਮਾਨ ਇਸ ਤੱਥ ਤੋਂ ਲਗ ਸਕਦਾ ਹੈ ਕਿ 2012-13 ਵਿਚ ਸਿਰਸਾ ਵਾਲੇ ਡੇਰੇ ਦੀ ਆਮਦਨ 60 ਕਰੋੜ ਸੀ। ਜੇ ਇਸ ਵਿਚ ਸਿਰਸਾ ਦੀਆਂ ਤਿੰਨ ਦੂਜੀਆਂ ਸ਼ਾਖਾਵਾਂ ਦੀ ਆਮਦਨ ਵੀ ਸ਼ਾਮਲ ਕਰ ਲਈਏ ਤਾਂ 97.50 ਕਰੋੜ ਬਣਦੀ ਹੈ। ਇਸ ਵਿਚ ਦੇਸ਼ ਤੋਂ ਬਾਹਰਲੇ ਸੈਂਕੜੇ ਡੇਰਿਆਂ ਦੀ ਆਮਦਨ ਸ਼ਾਮਲ ਨਹੀਂ। ਖੂਬੀ ਇਹ ਕਿ ਰਾਜ ਸਰਕਾਰਾਂ ਇਸ ਆਮਦਨ ਉਤੇ ਇਨਕਮ ਟੈਕਸ ਮੁਆਫ ਕਰਵਾਉਂਦੀਆਂ ਰਹੀਆਂ ਹਨ।

ਡੇਰਾ ਸੱਚਾ ਸੌਦਾ ਦੇ ਮੁਖੀ ਉਤੇ ਦੋ ਸਾਧਵੀਆਂ ਨੇ ਬਲਾਤਕਾਰ ਦਾ ਦੋਸ਼ ਲਾਇਆ ਸੀ ਜਿਸ ਉਤੇ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਨੇ 25 ਅਗਸਤ 2017 ਨੂੰ ਪੇਸ਼ ਹੋਣ ਦੇ ਆਦੇਸ਼ ਦਿੱਤੇ ਸਨ। ਉਸ ਦਿਨ ਡੇਰਾ ਮੁਖੀ ਦੇ ਨਾਲ 179 ਕਾਰਾਂ ਦਾ ਕਾਫਲਾ ਸੀ। ਪਤਾ ਲੱਗਿਆ ਹੈ ਕਿ ਕਾਫਲੇ ਕੋਲ ਏ.ਕੇ. 47 ਤੇ ਮਾਊਜ਼ਰ, ਰਫਲਾਂ ਤੇ ਪਸਤੌਲ ਹੀ ਨਹੀਂ, ਅੱਗ ਲਾਉਣ ਲਈ ਪੈਟਰੋਲ ਦੀਆਂ ਕੇਨੀਆਂ ਤੇ ਮਾਚਸਾਂ ਵੀ ਸਨ। ਇਸ ਦੀ ਸੂਹ ਮਿਲਣ 'ਤੇ ਸਰਕਾਰ ਨੂੰ ਸੁਰੱਖਿਆ ਹਿੱਤ 101 ਨੀਮ ਫੌਜੀ ਕੰਪਨੀਆਂ ਤੇ ਭਾਰਤੀ ਫੌਜ ਦੇ ਦਸ ਕਾਲਮ (ਜਿਨ੍ਹਾਂ ਦੀ 15000 ਸਿਪਾਹੀ ਬਣਦੀ ਹੈ) ਤਾਇਨਾਤ ਕਰਨੇ ਪਏ। ਫੇਰ ਵੀ ਦੋਸ਼ੀ ਠਹਿਰਾਏ ਜਾਣ 'ਤੇ ਡੇਰਾ ਪ੍ਰੇਮੀਆਂ ਨੇ ਜਿਹੜੀ ਹੁਲੜਬਾਜ਼ੀ ਕੀਤੀ, ਸਭ ਜਾਣਦੇ ਹਨ। ਫੇਰ 28 ਅਗਸਤ ਵਾਲੇ ਦਿਨ ਸਿਰਸਾ ਦੀ ਜੇਲ੍ਹ ਨੂੰ ਆਰਜ਼ੀ ਕਚਹਿਰੀ ਬਣਾ ਕੇ 20 ਸਾਲ ਕੈਦ ਤੇ 30 ਲਖ ਜੁਰਮਾਨੇ ਦੀ ਸਜ਼ਾ ਸੁਣਾ ਕੇ ਜੱਜ ਨੇ ਜੱਸ ਖੱਟਿਆ ਹੈ। ਸਜ਼ਾ ਸੁਣਾਏ ਜਾਣ ਤੋਂ ਪਿੱਛੋਂ ਪੰਚਕੂਲਾ ਦੇ ਦੂਰ ਦੁਰਾਡੇ ਸਥਾਨਾਂ ਵਿਚ ਪ੍ਰੇਮੀਆਂ ਦੀ ਹੁਲੜਬਾਜੀ ਕਾਰਨ ਹੋਈ ਅਰਾਜਕੀ ਤੇ ਭੰਨ ਤੋੜ ਦਾ ਹਰਜਾਨਾ ਭਰਨ ਦੇ ਆਦੇਸ਼ ਵੀ ਦੇਣੇ ਪਏ। ਚੰਡੀਗੜ੍ਹ, ਸੁਰੱਖਿਅਤ ਰਹਿਣ ਦਾ ਸਿਹਰਾ ਸ਼ਹਿਰ ਦੇ ਪੁਲਿਸ ਮੁਖੀ ਤਜਿੰਦਰ ਸਿੰਘ ਦੇ ਸਿਰ ਬੱਝਦਾ ਹੈ ਜਿਸ ਦੀ ਕਾਵਿਕ ਸੂਝ (ਉਹ ਹਿੰਦੀ ਦਾ ਕਵੀ ਹੈ) ਨੇ ਉਸ ਨੂੰ ਚੇਤਨ ਕੀਤਾ ਤੇ ਉਸ ਨੇ ਪੰਚਕੂਲਾ ਵੱਲੋਂ ਰੋਕੇ ਕਾਫਲੇ ਚੰਡੀਗੜ੍ਹ ਵਿਚੋਂ ਲੰਘਣ ਦੀ ਆਗਿਆ ਨਹੀਂ ਦਿੱਤੀ।

ਸਜ਼ਾ ਦੇਣ ਵਾਲੇ ਜੱਜ ਹੀ ਸ਼ਲਾਘਾ ਦੇ ਹੱਕਦਾਰ ਨਹੀਂ, ਇਸ ਤੋਂ ਪਹਿਲਾਂ ਪੁੱਛ ਪੜਤਾਲ ਜਾਰੀ ਰੱਖਣ ਵਾਲੇ ਅਧਿਕਾਰੀਆਂ ਨੂੰ ਵੀ ਸ਼ਾਬਾਸ਼ ਦੇਣੀ ਬਣਦੀ ਹੈ ਜਿਹੜੇ ਡੇਰੇ ਦੀਆਂ ਧਮਕੀਆਂ ਦੇ ਬਾਵਜੂਦ ਨਹੀਂ ਡੋਲੇ।


ਮੇਰੇ ਨਿੱਜ ਨੂੰ ਖੁਸ਼ੀ ਹੈ ਕਿ ਪੀੜਤ ਸਾਧਵੀ ਦੀ ਚਿੱਠੀ ਮੀਡੀਆ ਵਿਚ ਲਿਆਉਣ ਵਾਲਾ ਮੇਰਾ ਵਿਦਿਆਰਥੀ ਸ਼ਮੀਲ (ਅਸਲ ਨਾਂ ਜਸਵੀਰ ਸਿੰਘ) ਹੈ। ਮੈਂ 'ਦੇਸ ਸੇਵਕ' ਦਾ ਸੰਪਾਦਕ ਹੁੰਦਿਆਂ ਉਸ ਨੂੰ ਆਪਣੇ ਸੰਪਾਦਕੀ ਅਮਲੇ ਵਿਚ ਸ਼ਾਮਲ ਕੀਤਾ ਸੀ। ਉਸ ਨੇ ਇਹ ਚਿੱਠੀ 2002 ਵਿਚ ਆਪਣੇ ਸੰਪਾਦਕ ਦੇ ਵਿਦੇਸ਼ ਦੌਰੇ ਸਮੇਂ ਛਾਪਣ ਦੀ ਜੁਰਅਤ ਕੀਤੀ ਸੀ। ਲੋਕਾਂ ਦਾ ਦਿਲ ਦਿਮਾਗ ਡੇਰੇ ਦੀਆਂ ਉਜਾਗਰ ਹੋਣ ਵਾਲੀਆਂ ਬਦਫੈਲੀਆਂ ਵੱਲ ਲੱਗਾ ਹੋਇਆ ਹੈ।

**ਅੰਤਿਕਾ:** (ਨਾ ਮਾਲੂਮ ਕਵੀ)

ਸ਼ੁਹਰਤ ਕੀ ਬੁਲੰਦੀ ਭੀ
ਪਲ ਭਰ ਕਾ ਤਮਾਸ਼ਾ ਹੈ,
ਜਿਸ ਸ਼ਾਖ ਪੇ ਬੈਠੇ ਹੋ,
ਵੁਹ ਟੂਟ ਭੀ ਸਕਤੀ ਹੈ।

# ਪਾਕਿਸਤਾਨ ਵੱਲ ਅਮਰੀਕਾ ਦੀ ਕੌੜੀ ਅੱਖ ਦਾ ਸਿਆਸੀ ਦਾਅ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਭਾਰਤੀ ਲੋਕ ਖੁਸ਼ ਹਾਂ ਕਿ ਅਮਰੀਕਾ ਨੇ ਅੱਜ ਕੱਲ ਪਾਕਿਸਤਾਨ ਦੀ ਬਾਂਹ ਨੂੰ ਕਾਫੀ ਜ਼ੋਰਦਾਰ ਮਰੋੜਾ ਚਾੜ੍ਹ ਰੱਖਿਆ ਹੈ। ਸਾਨੂੰ ਇਸ ਨਾਲ ਖੁਸ਼ ਹੋਣ ਦਾ ਹੱਕ ਵੀ ਹੈ। ਪਾਕਿਸਤਾਨ ਦੀ ਹੋਂਦ ਕਾਇਮ ਹੋਣ ਦੇ ਦਿਨ ਤੋਂ ਹੁਣ ਤੱਕ ਕੋਈ ਮੌਕਾ ਅਜਿਹਾ ਨਹੀਂ ਰਿਹਾ, ਜਦੋਂ ਉਸ ਨੇ ਭਾਰਤ ਵਿਰੁਧ ਸਿੱਧੀ ਜਾਂ ਲੁਕਵੀਂ ਜੰਗਬਾਜ਼ੀ ਦੀ ਕੋਈ ਨਾ ਕੋਈ ਸਾਜ਼ਿਸ਼ੀ ਚਾਲ ਨਾ ਚੱਲੀ ਹੋਵੇ। ਭਾਰਤ ਭੁਗਤਦਾ ਰਿਹਾ ਸੀ। ਹਾਲੇ ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੀ ਕਾਇਮੀ ਨੂੰ ਮਸਾਂ ਪੰਜ ਹਫਤੇ ਹੋਏ ਸਨ, ਜਦੋਂ ਉਸ ਨੇ ਕਬਾਇਲੀ ਲੋਕਾਂ ਦੇ ਭੇਸ ਵਿਚ ਆਪਣੀ ਫੌਜ ਕਸ਼ਮੀਰ ਦੀ ਰਿਆਸਤ ਵਿਚ ਵਾੜ ਕੇ ਉਸ ਉਤੇ ਕਬਜ਼ਾ ਕਰਨ ਦਾ ਯਤਨ ਕੀਤਾ ਸੀ। ਮੌਕੇ ਦੇ ਫੌਜੀ ਤੇ ਸਿਵਲ ਅੰਗਰੇਜ਼ ਅਫਸਰਾਂ ਨੇ ਪਾਕਿਸਤਾਨ ਦੀ ਹਕੂਮਤ ਦਾ ਸਾਥ ਦਿੱਤਾ ਸੀ ਤੇ ਦਿੱਲੀ ਵਿਚ ਗਵਰਨਰ ਜਨਰਲ ਬਣਿਆ ਬੈਠਾ ਬ੍ਰਿਟੇਨ ਦਾ ਲਾਰਡ ਮਾਊਂਟਬੈਟਨ ਭਾਰਤ ਵੱਲੋਂ ਮੋੜਵੀਂ ਕਾਰਵਾਈ ਅੱਗੇ ਅੜਿੱਕੇ ਡਾਹੀ ਜਾਂਦਾ ਸੀ। ਫਿਰ ਅਠਾਰਾਂ ਸਾਲ ਬਾਅਦ ਦੋਵਾਂ ਦੇਸ਼ਾਂ ਦੀ ਜਦੋਂ ਪਹਿਲੀ ਜੰਗ ਹੋਈ, ਉਸ ਵੇਲੇ ਅਖਨੂਰ ਸੈਕਟਰ ਵਿਚ ਪਾਕਿਸਤਾਨ ਨੇ ਆਪਣੀ ਫੌਜ ਇਹ ਸੋਚ ਕੇ ਚਾੜ੍ਹ ਦਿੱਤੀ ਕਿ ਉਥੋਂ ਜ਼ੋਰਦਾਰ ਹਮਲਾ ਕਰ ਕੇ ਮਾਧੋਪੁਰ ਤੋਂ ਜੰਮੂ-ਕਸ਼ਮੀਰ ਦਾ ਲਾਂਘਾ ਕੱਟ ਦਿੱਤਾ ਜਾਵੇ ਤੇ ਉਸ ਦੇ ਪਿੱਛੋਂ ਉਸ ਖੇਤਰ ਵਿਚ ਭਾਰਤ ਦੇ ਪੈਰ ਨਹੀਂ ਟਿਕਣ ਦਿੱਤੇ ਜਾਣਗੇ। ਅਜਿਹੇ ਹਾਲਾਤ ਸਨ, ਜਿਨ੍ਹਾਂ ਨੇ ਬੰਗਲਾ ਦੇਸ਼ ਦੀ ਜੰਗ ਵਿਚ ਭਾਰਤ ਨੂੰ ਸਿੱਧੇ ਦਖਲ ਦੇਣ ਨੂੰ ਮਜਬੂਰ ਕੀਤਾ ਸੀ, ਪਰ ਖਿੱਚੋਤਾਣ ਫਿਰ ਵੀ ਚੱਲਦੀ ਰਹੀ। ਆਖਰ ਨੂੰ ਇੱਕ ਕਾਰਗਿਲ ਦੀ ਜੰਗ ਲੜਨੀ ਪਈ ਸੀ, ਜਿਸ ਵਿਚ ਪਾਕਿਸਤਾਨੀ ਫੌਜ ਨੇ ਇੱਕ ਵਾਰ ਫਿਰ ਫੌਜੀ ਜਵਾਨਾਂ ਨੂੰ ਕਸ਼ਮੀਰੀ ਲੋਕਾਂ ਦੇ ਕੱਪੜੇ ਪਵਾ ਕੇ ਜੱਹਾਦੀ ਬਣਾ ਕੇ ਲੜਾਇਆ ਸੀ। ਜਿੰਨਾ ਚਿਰ ਜੰਗ ਹੁੰਦੀ ਰਹੀ, ਲੜਾਕਿਆਂ ਨੂੰ ਗੈਰ-ਫੌਜੀ ਕਿਹਾ ਗਿਆ ਤੇ ਲਾਸ਼ਾਂ ਲੈਣ ਤੋਂ ਵੀ ਨਾਂਹ ਕਰਦੇ ਰਹੇ, ਪਰ ਜੰਗ ਬੰਦ ਹੁੰਦੇ ਸਾਰ ਉਨ੍ਹਾਂ ਨੂੰ 'ਕਾਰਗਿਲ ਦੇ ਸ਼ਹੀਦ' ਕਹਿ ਕੇ ਮਰਨ-ਉਪਰੰਤ ਐਵਾਰਡ ਦੇ ਦਿੱਤੇ ਸਨ।

ਸੱਤਰ ਸਾਲ ਲੰਮੇ ਇਸ ਦੌਰ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਇੱਕ ਅਸਿੱਧੀ ਜੰਗ ਵੀ ਲੜੀ ਜਾਂਦੀ ਰਹੀ ਅਤੇ ਲੜੀ ਜਾ ਰਹੀ ਹੈ, ਜਿਸ ਨੂੰ ਦਹਿਸ਼ਤਗਰਦੀ ਕਹਿੰਦੇ ਹਨ। ਭਾਰਤ ਨੇ ਕਦੇ ਏਦਾਂ ਨਹੀਂ ਕੀਤਾ ਤੇ ਪਾਕਿਸਤਾਨ ਰੁਕਦਾ ਨਹੀਂ। ਮੁੰਬਈ ਵਿਚ ਨੌਂ ਕੁ ਸਾਲ ਪਹਿਲਾਂ ਹੋਇਆ ਹਮਲਾ ਅਸਿੱਧੀ ਜੰਗ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਘਟਨਾ ਸੀ, ਜਿਸ ਦੇ ਮ੍ਰਿਤਕਾਂ ਵਿਚ ਅਮਰੀਕਾ ਸਮੇਤ ਕਈ ਦੇਸ਼ਾਂ ਦੇ ਲੋਕ ਸ਼ਾਮਲ ਸਨ। ਅਮਰੀਕਾ ਨੇ ਉਦੋਂ ਤੱਕ ਭਾਰਤ ਉਤੇ ਹੋ ਰਹੀ ਹਮਲਾਵਰੀ ਨੂੰ ਭਾਰਤ-ਪਾਕਿਸਤਾਨ ਦੀ ਆਪਸੀ ਖਹਿਬੜ ਤੋਂ ਵੱਧ ਨਹੀਂ ਸੀ ਗਿਣਿਆ ਤੇ ਇਸਰਾਈਲ ਵਰਗੇ ਦੇਸ਼ ਇਸੇ ਅਮਰੀਕੀ ਨੀਤੀ ਨਾਲ ਖੜੇ ਹੋਣ ਕਾਰਨ ਚੁੱਪ ਰਹੇ, ਪਰ ਉਦੋਂ ਜਿਨ੍ਹਾਂ ਦੇਸ਼ਾਂ ਨੇ ਮਾਰ ਖਾਧੀ, ਉਨ੍ਹਾਂ ਵਿਚ ਇਸਰਾਈਲ ਵੀ ਆ ਗਿਆ ਤਾਂ ਅਮਰੀਕੀ ਧੜੇ ਦੇ ਦੇਸ਼ਾਂ ਨੂੰ ਮੁੜ ਵਿਚਾਰ ਕਰਨੀ ਪਈ। ਇਸ ਦਾ ਇਹ ਮਤਲਬ ਨਹੀਂ ਕਿ ਉਸ



ਪਿੱਛੋਂ ਅਮਰੀਕਾ ਕੋਈ ਭਾਰਤ-ਪੱਖੀ ਹੋ ਗਿਆ ਸੀ। ਪਾਕਿਸਤਾਨ ਉਤੇ ਪਹਿਲੀ ਸਖਤੀ ਅਮਰੀਕਾ ਨੇ ਉਦੋਂ ਕੀਤੀ, ਜਦੋਂ ਪਾਕਿਸਤਾਨੀ ਮੂਲ ਦੇ ਦਾਊਦ ਗਿਲਾਨੀ ਤੋਂ ਕੁੰਜ ਬਦਲ ਕੇ ਡੇਵਿਡ ਕੋਲਮੈਨ ਹੈਡਲੀ ਬਣਿਆ ਦਹਿਸ਼ਤਗਰਦ ਫੜਿਆ ਗਿਆ, ਪਰ ਅਸਲ ਸਖਤੀ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਪਿੱਛੋਂ ਹੀ ਕੀਤੀ ਗਈ ਹੈ, ਜਿਹੜੀ ਹੁਣ ਪੈਰੋ-ਪੈਰ ਅੱਗੇ ਵਧਦੀ ਜਾ ਰਹੀ ਹੈ।

ਅਮਰੀਕਾ ਦੇ ਇਸ ਰੁਖ ਤੋਂ ਭਾਰਤੀ ਲੋਕ ਸੰਤੁਸ਼ਟ ਹਨ ਕਿ ਉਸ ਨੇ ਪਾਕਿਸਤਾਨ ਨੂੰ ਵਾਹਣੀ ਪਾ ਲਿਆ ਤੇ ਹਾਫਿਜ਼ ਸਈਦ ਜਾਂ ਸਲਾਹੁਦੀਨ ਤੇ ਜ਼ਕੀ-ਉਰ-ਰਹਿਮਾਨ ਵਰਗੇ ਲੋਕਾਂ ਵਿਰੁਧ ਕਾਰਵਾਈ ਦਾ ਦਬਾਅ ਪਾ ਰਿਹਾ ਹੈ। ਫੌਜੀ ਮਦਦ ਦੇ ਬਹਾਨੇ ਡਾਲਰਾਂ ਦੀ ਪੰਡ ਵੀ ਇਸ ਵਾਰ ਪਾਕਿਸਤਾਨ ਨੂੰ ਓਨਾ ਚਿਰ ਰੋਕੀ ਗਈ, ਜਦੋਂ ਤੱਕ ਉਸ ਵੱਲੋਂ ਦਹਿਸ਼ਤਗਰਦਾਂ ਦੇ ਖਿਲਾਫ ਠੋਸ ਕਾਰਵਾਈ ਦਾ ਭਰੋਸਾ ਨਹੀਂ ਮਿਲਿਆ। ਭਾਰਤੀ ਲੋਕ ਇਸ ਤੋਂ ਖੁਸ਼ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਅਮਰੀਕਾ ਨੇ ਇਹ ਕੰਮ ਕਰਨ ਵਿਚ ਏਨਾ ਕੁਵੇਲਾ ਕਰ ਦਿੱਤਾ ਹੈ ਕਿ ਹੁਣ ਪਾਕਿਸਤਾਨ ਸ਼ਾਇਦ ਉਸ ਦੀ ਬਹੁਤੀ ਪ੍ਰਵਾਹ ਨਹੀਂ ਕਰੇਗਾ। ਹਾਲਾਤ ਬਹੁਤ ਜ਼ਿਆਦਾ ਬਦਲ ਚੁਕੇ ਨਜ਼ਰ ਆਉਂਦੇ ਹਨ।

ਕੁਝ ਸਾਲ ਪਹਿਲਾਂ ਜਦੋਂ ਅਮਰੀਕਾ ਦੇ ਪਾਰਲੀਮੈਂਟ ਮੈਂਬਰਾਂ ਨੂੰ ਚੋਗਾ ਪਾਉਣ ਦਾ ਕੰਮ ਕਰਦਾ ਪਾਕਿਸਤਾਨੀ ਏਜੰਟ ਗੁਲਾਮ ਨਬੀ ਫਾਈ ਫੜਿਆ ਗਿਆ ਤੇ ਫਿਰ ਉਸ ਕੇਸ ਵਿਚ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਮੁਖੀ ਅਹਿਮਦ ਸ਼ੁਜ਼ਾ ਪਾਸ਼ਾ ਦਾ ਨਾਂ ਆਇਆ ਤਾਂ ਪਾਕਿਸਤਾਨ ਨੇ ਉਸੇ ਵੇਲੇ ਇਹ ਸੋਚ ਕੇ ਨਵਾਂ ਸਾਈਂ ਲੱਭਣ ਦਾ ਕੰਮ ਸ਼ੁਰੂ ਕਰ ਲਿਆ ਸੀ ਕਿ ਹੁਣ ਅਮਰੀਕਾ ਨਾਲ ਬਹੁਤੀ ਦੇਰ ਨਹੀਂ ਨਿਭਣੀ। ਅਗਲੇ ਸਮੇਂ ਵਿਚ ਉਸ ਨੇ ਅਮਰੀਕਾ ਨਾਲ ਸ਼ਰੀਕ-ਆਢਾ ਲਾਉਣ ਵਾਲੇ ਚੀਨ ਤੇ ਉਸ ਪਿਛੋਂ ਰੂਸ ਨਾਲ ਵੀ ਸਬੰਧਾਂ ਦਾ ਅਜਿਹਾ ਨਵਾਂ ਰਾਹ ਖੋਲ੍ਹ ਲਿਆ ਸੀ, ਜਿਸ ਤੋਂ ਅਮਰੀਕਾ ਦੀ ਹਕੂਮਤ ਤ੍ਰਭਕ ਜਾਵੇ। ਪਿਛਲੇ ਪੰਦਰਾਂ ਦਿਨਾਂ ਵਿਚ ਜਦੋਂ ਇੱਕ ਪਿੱਛੋਂ ਦੂਜੇ ਅਮਰੀਕੀ ਆਗੂ ਜਾਂ ਜਰਨੈਲ ਨੇ ਇਹ ਕਿਹਾ ਕਿ ਦਹਿਸ਼ਤਗਰਦੀ ਦੀ ਸਰਪ੍ਰਸਤੀ ਕਰਨ ਤੋਂ ਪਾਕਿਸਤਾਨ ਹਟ ਜਾਵੇ, ਵਰਨਾ ਉਸ ਖਿਲਾਫ ਕਾਰਵਾਈ ਹੋਵੇਗੀ, ਉਸੇ ਦਿਨ ਤੋਂ ਪਾਕਿਸਤਾਨ ਅੰਦਰ ਸਿਵਲ ਤੇ ਫੌਜੀ ਮੀਟਿੰਗਾਂ ਦਾ ਸਿਲਸਿਲਾ ਚੱਲ ਨਿਕਲਿਆ ਹੈ। ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਤੇ ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ ਨੇ ਕਹਿ ਦਿੱਤਾ ਹੈ ਕਿ ਅਮਰੀਕਾ ਨਾਲੋਂ ਸਬੰਧ ਤੋੜਨ ਦਾ ਵੇਲਾ ਆ ਗਿਆ ਹੈ। ਫੌਜੀ ਜਰਨੈਲਾਂ ਦੀ ਮੀਟਿੰਗ ਵਿਚੋਂ ਇਹ ਰਾਗ ਅਲਾਪਿਆ ਗਿਆ ਹੈ ਕਿ ਅਸੀਂ ਅਮਰੀਕਾ ਨਾਲ ਸਬੰਧ ਹਾਲੇ ਵੀ ਰੱਖਣਾ ਚਾਹੁੰਦੇ ਹਾਂ, ਪਰ ਉਸ ਦੀ ਲੀਡਰਸ਼ਿਪ ਦੇ ਸਾਹਮਣੇ ਜ਼ਲੀਲ ਹੋਣ ਨੂੰ ਤਿਆਰ ਨਹੀਂ।

ਸਥਿਤੀ ਦਾ ਅਗਲਾ ਇਹ ਪੱਖ ਵੀ ਗੰਭੀਰਤਾ ਜ਼ਾਹਰ ਕਰਦਾ ਹੈ ਕਿ ਮਦਦ ਅਮਰੀਕਾ ਨੇ ਪਾਕਿਸਤਾਨ ਨੂੰ ਦੇਣੀ ਜਾਂ ਨਹੀਂ ਦੇਣੀ ਅਤੇ ਫਿਰ ਦੇਣੀ ਤਾਂ ਕਿਸ ਸ਼ਰਤ ਉਤੇ ਦੇਣੀ ਹੈ, ਇਹ ਉਨ੍ਹਾਂ ਦੋ ਧਿਰਾਂ ਦਾ ਮੁੱਦਾ ਹੈ, ਪਰ ਇਸ ਵਿਚ ਚੀਨ ਨੇ ਪਹਿਲੀ ਵਾਰ ਬਿਨਾਂ ਕਿਸੇ ਕਾਰਨ ਤੋਂ ਬਿਆਨ ਦਾਗਿਆ ਹੈ ਕਿ ਪਾਕਿਸਤਾਨ ਨੂੰ ਖੂੰਜੇ ਧੱਕਣ ਦੇ ਯਤਨ ਅਮਰੀਕਾ ਨਾ ਕਰੇ। ਦੋ ਦੇਸ਼ਾਂ ਦੇ ਆਪਸੀ ਸਬੰਧਾਂ ਵਿਚ ਚੀਨ ਦਾ ਇਹ ਬਿਆਨ ਪਾਕਿਸਤਾਨ ਨੂੰ ਅਮਰੀਕਾ ਦੀ ਪ੍ਰਵਾਹ ਨਾ ਕਰਨ ਤੇ ਲੋੜ ਪਈ ਤਾਂ ਅਮਰੀਕਾ ਖਿਲਾਫ ਹਮਾਇਤ ਦਾ ਇਸ਼ਾਰਾ ਕਰਦਾ ਹੈ। ਦੂਸਰੇ ਪਾਸੇ ਇਹ ਸੰਕੇਤ ਵੀ ਕਰਦਾ ਹੈ ਕਿ ਅਮਰੀਕਾ ਦੀ ਡਾਲਰਾਂ ਦੀ ਪੰਡ ਤੋਂ ਵੱਡੀ ਲਾਗਤ ਵਾਲਾ ਕਾਰੀਡੋਰ ਉਸ ਨੇ ਪਾਕਿਸਤਾਨ ਵਿਚੋਂ ਦੀ ਲੰਘ ਕੇ ਸਾਊਦੀ ਅਰਬ ਦੀ ਜੜ੍ਹ ਤੱਕ ਜਾਣ ਲਈ ਇਸ ਕਰ ਕੇ ਖੜਾ ਨਹੀਂ ਕੀਤਾ ਕਿ ਇਥੇ ਅਮਰੀਕਾ ਦਾ ਦਬਦਬਾ ਰਹੇ। ਕਈ ਲੱਖ ਕਰੋੜ ਪਾਕਿਸਤਾਨੀ ਰੁਪਏ ਦੇ ਮੁੱਲ ਦਾ ਇਹ ਪ੍ਰਾਜੈਕਟ ਖੜਾ ਕਰਨ ਦੇ ਨਾਲ ਚੀਨ ਹੁਣ ਉਸ ਦੇਸ਼ ਦਾ ਇੱਕ ਤਰ੍ਹਾਂ ਸਰਪ੍ਰਸਤ ਵੀ ਬਣਦਾ ਜਾਂਦਾ ਹੈ।

ਪਿਛਲੇ ਦਿਨਾਂ ਵਿਚ ਅਮਰੀਕਾ ਨੇ ਇਸ ਗੱਲ ਨੂੰ ਮਹਿਸੂਸ ਕਰ ਕੇ ਪਾਕਿਸਤਾਨ ਨੂੰ ਘੂਰਨ ਤੋਂ ਬਾਅਦ ਥੋੜ੍ਹੀ ਜਿਹੀ ਨਰਮੀ ਵਿਖਾਈ, ਪਰ ਉਸ ਦੇਸ਼ ਵਿਚ ਜਿੰਨੀ ਇਹ ਗੱਲ ਫੈਲ ਗਈ ਕਿ ਅਮਰੀਕਾ ਅਸਲ ਵਿਚ ਭਾਰਤ ਨਾਲ ਤਾਰਾਂ ਜੋੜੀ ਜਾਂਦਾ ਹੈ, ਉਸ ਪਿੱਛੋਂ ਪਾਕਿਸਤਾਨ ਲੰਮਾ ਸਮਾਂ ਅਮਰੀਕਾ ਨਾਲ ਸ਼ਾਇਦ ਨਿਭ ਨਹੀਂ ਸਕੇਗਾ। ਜਿਵੇਂ ਪਾਕਿਸਤਾਨ ਦੇ ਲੋਕਾਂ ਵਿਚ ਇਹ ਸੋਚ ਜੜ੍ਹ ਜਮਾਈ ਜਾਂਦੀ ਹੈ ਕਿ ਅਮਰੀਕਾ ਹੁਣ ਭਾਰਤ ਨੇੜੇ ਜਾ ਰਿਹਾ ਹੈ, ਇਹੀ ਸੋਚ ਭਾਰਤ ਵਿਚ ਫੈਲਦੀ ਜਾਂ ਫੈਲਾਈ ਜਾ ਰਹੀ ਹੈ। ਕਈ ਲੋਕ ਅਜਿਹਾ ਮੋੜਾ ਵੇਖ ਕੇ ਖੁਸ਼ ਹੋ ਰਹੇ ਹਨ। ਇਸ ਖੇੜੇ ਵਿਚ ਉਹ ਲੋਕ ਬੀਤੇ ਦੀਆਂ ਦੋ ਸੰਸਾਰ ਜੰਗਾਂ ਦਾ ਤਜਰਬਾ ਵੀ ਚੇਤੇ ਨਹੀਂ ਰੱਖਣਾ ਚਾਹੁੰਦੇ।

ਪਹਿਲੀ ਸੰਸਾਰ ਜੰਗ ਵੇਲੇ ਅਮਰੀਕਾ ਅਸਲੋਂ ਲਾਂਭੇ ਖੜਾ ਤਮਾਸ਼ਾ ਵੇਖਦਾ ਰਿਹਾ ਸੀ ਤੇ ਅੰਤਲੇ ਦੌਰ ਵਿਚ ਵੀ ਜੰਗ ਵਿਚ ਕੁੱਦਿਆ ਨਹੀਂ, ਉਸ ਨੂੰ ਕੁੱਦਣ ਲਈ ਮਜਬੂਰ ਹੋਣਾ ਪਿਆ ਸੀ। ਚੱਲਦੀ ਸੰਸਾਰ ਜੰਗ ਦੌਰਾਨ ਜਦੋਂ ਵਿਰੋਧੀ ਧਿਰ ਦਾ ਆਗੂ ਇਹ ਕਹਿੰਦਾ ਸੀ ਕਿ ਬ੍ਰਿਟੇਨ ਅਤੇ ਰੂਸ ਵਾਲੇ ਧੜੇ ਵਿਚ ਖੜੋਣ ਦਾ ਮੌਕਾ ਨਹੀਂ ਗੁਆਉਣਾ ਚਾਹੀਦਾ। ਅਮਰੀਕਾ ਦੀ ਕਮਾਨ ਸਾਂਭੀ ਬੈਠਾ ਰਾਸ਼ਟਰਪਤੀ ਵੁਡਰੋ ਵਿਲਸਨ ਇਹ ਕਹਿੰਦਾ ਸੀ ਕਿ ਲੜਨ ਤੋਂ ਸਾਨੂੰ ਪਰਹੇਜ਼ ਨਹੀਂ, ਪਰ ਸਾਡੀ ਸੋਚ ਇਥੋਂ ਸ਼ੁਰੂ ਹੁੰਦੀ ਹੈ ਕਿ ਜੰਗ ਦਾ ਕੋਈ ਹੱਲ ਨਿਕਲ ਆਵੇ। ਉਸ ਦੇ ਇਸ ਪੈਂਤੜੇ ਪਿੱਛੋਂ ਜਦੋਂ ਅਮਰੀਕੀ ਰਾਸ਼ਟਰਪਤੀ ਦੀ ਚੋਣ ਹੋਈ, ਪਹਿਲੀ ਸੰਸਾਰ ਜੰਗ ਚੱਲਦੀ ਨੂੰ ਤੀਸਰਾ ਸਾਲ ਚੱਲਦਾ ਪਿਆ ਸੀ ਤੇ ਅਮਰੀਕੀ ਲੋਕ ਉਸ ਰਾਸ਼ਟਰਪਤੀ ਦੇ ਹੱਕ ਵਿਚ ਭੁਗਤੇ ਸਨ। ਲੋਕ ਆਪਣੇ ਪੁੱਤ ਨਹੀਂ ਸੀ ਮਰਵਾਉਣਾ ਚਾਹੁੰਦੇ। ਦੂਜੀ ਸੰਸਾਰ ਜੰਗ ਵਿਚ ਵੀ ਅਮਰੀਕਾ ਨੇ ਦੂਜਿਆਂ ਦੇ ਮੋਢਿਆਂ ਉਤੇ ਬੰਦੂਕ ਰੱਖ ਕੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ, ਪਰ ਆਖਰ ਨੂੰ ਮੈਦਾਨ ਵਿਚ ਆਉਣਾ ਪੈ ਗਿਆ ਸੀ। ਉਸ ਜੰਗ ਵਿਚ ਮਾਰੇ ਗਏ ਛੇ ਕਰੋੜ ਲੋਕਾਂ ਵਿਚੋਂ ਕਰੀਬ ਪੌਣੇ ਤਿੰਨ ਕਰੋੜ ਇਕੱਲੇ ਸੋਵੀਅਤ ਯੂਨੀਅਨ ਦੇ ਸਨ ਤੇ ਅਮਰੀਕਾ ਦਾ ਨੁਕਸਾਨ ਆਪਣੇ ਯੂਰਪੀਨ ਸਾਥੀਆਂ ਦੇ ਮੁਕਾਬਲੇ ਵੀ ਬਹੁਤ ਘੱਟ ਹੋਇਆ ਸੀ।

ਦੁਨੀਆਂ ਇੱਕ ਵਾਰੀ ਫਿਰ ਉਸ ਮੋੜ ਉਤੇ ਆ ਪਹੁੰਚੀ ਹੈ, ਜਿੱਥੇ ਸੰਸਾਰ ਪੱਧਰੀ ਮੋਰਚਾਬੰਦੀ ਦੇ ਚਰਚੇ ਹੋਣ ਲੱਗ ਪਏ ਹਨ। ਇਸਲਾਮੀ ਦਹਿਸ਼ਤਗਰਦੀ ਵਾਲੀਆਂ ਧਿਰਾਂ ਦੀ ਅਫਗਾਨਿਸਤਾਨ ਤੋਂ ਇਰਾਕ ਤੱਕ ਸਰਗਰਮੀ ਤੇ ਪਾਕਿਸਤਾਨ ਵੱਲੋਂ ਉਨ੍ਹਾਂ ਸਾਰੀਆਂ ਧਿਰਾਂ ਨੂੰ ਪਨਾਹ ਤੇ ਸਰਪ੍ਰਸਤੀ ਨਾਲ ਭੇੜ ਦਾ ਏਦਾਂ ਦਾ ਨਕਸ਼ਾ ਬਣਦਾ ਜਾਪ ਰਿਹਾ ਹੈ, ਜਿਸ ਵਿਚ ਅਸਲੋਂ ਨਵੀਂ ਕਿਸਮ ਦੀ ਕਤਾਰਬੰਦੀ ਹੋ ਸਕਦੀ ਹੈ। ਪਿਛਲੇ ਸਾਲਾਂ ਵਿਚ ਅਮਰੀਕਾ ਨੇ ਭਾਰਤ ਨਾਲ ਨੇੜਤਾ ਵਧਾਈ ਸੀ, ਪਰ ਡੋਨਲਡ ਟਰੰਪ ਦੇ ਸੱਤਾ ਸੰਭਾਲਣ ਪਿੱਛੋਂ ਹੱਦੋਂ ਬਾਹਲਾ ਨੇੜ ਇੱਕ ਦੂਜੇ ਦੇਸ਼ ਦੇ ਫੌਜੀ ਹਵਾਈ ਅੱਡੇ ਵਰਤਣ ਦੇ ਸਮਝੌਤੇ ਤੱਕ ਪਹੁੰਚ ਚੁਕਾ ਹੈ। ਅਮਰੀਕਾ ਬੜੀ ਦੂਰ-ਰਸ ਨੀਤੀ ਉਤੇ ਚੱਲ ਰਿਹਾ ਹੈ ਤੇ ਰੂਸ ਨਾਲ ਵੀ ਉਸ ਦਾ ਤਣਾਓ ਵਧੀ ਜਾਂਦਾ ਹੈ। ਕਈ ਲੋਕ ਸਮਝਦੇ ਹਨ ਕਿ ਰੂਸ ਵੱਲੋਂ ਚੋਣਾਂ ਵਿਚ ਟਰੰਪ ਦੀ ਮਦਦ ਬਾਰੇ ਜਿਵੇਂ ਪ੍ਰਚਾਰ ਕੀਤਾ ਗਿਆ ਹੈ, ਸ਼ਾਇਦ ਉਸ ਕਾਰਨ ਟਰੰਪ-ਪੁਤਿਨ ਰਿਸ਼ਤੇ ਭੇੜ ਤੱਕ ਜਾਣੋਂ ਬਚ ਜਾਣ, ਪਰ ਰਿਸ਼ਤੇ ਦੋ ਬੰਦਿਆਂ ਦੀ ਲੋੜ ਉਤੇ ਨਿਰਭਰ ਨਹੀਂ ਹੁੰਦੇ। ਅਮਰੀਕੀ ਸਟੇਟ ਪਾਵਰ ਜਿਸ ਨੀਤੀ ਨਾਲ ਚੱਲ ਰਹੀ ਹੈ, ਉਸ ਵਿਚ ਰਾਸ਼ਟਰਪਤੀ ਟਰੰਪ ਦੀ ਇੱਕ ਪਿਆਦੇ ਤੋਂ ਵੱਧ ਹਸਤੀ ਨਹੀਂ। ਜਦੋਂ ਅਮਰੀਕਾ ਦੀ ਸਟੇਟ ਪਾਵਰ ਦੀ ਲੋੜ ਬਣੀ, ਚੌਵੀ ਘੰਟੇ ਵੀ ਇਹ ਸਬੰਧ ਨਹੀਂ ਰਹਿਣੇ। ਇਸ ਤੋਂ ਬਾਅਦ ਜਿਸ ਪਾਸੇ ਨੂੰ ਹਾਲਾਤ ਜਾ ਸਕਦੇ ਹਨ, ਉਨ੍ਹਾਂ ਦਾ ਸੰਕੇਤ ਪਾਕਿ-ਅਮਰੀਕਾ ਵਿਚਾਲੇ ਕੌੜ ਤੋਂ ਮਿਲ ਗਿਆ ਹੈ।

ਸਾਨੂੰ ਖੁਸ਼ੀ ਹੈ ਤੇ ਇਸ ਖੁਸ਼ੀ ਦਾ ਕਾਰਨ ਵੀ ਹੈ ਕਿ ਪਾਕਿਸਤਾਨ ਨੇ ਹੁਣ ਤੱਕ ਭਾਰਤ ਵਿਰੋਧੀ ਸਰਗਰਮੀ ਕਰਨ ਵਾਲੇ ਜਿਨ੍ਹਾਂ ਦਹਿਸ਼ਤਗਰਦਾਂ ਨੂੰ ਬੁੱਕਲ ਦਾ ਨਿੱਘ ਦਿੱਤਾ ਸੀ, ਅਮਰੀਕਾ ਹੁਣ ਉਨ੍ਹਾਂ ਦੇ ਬਹਾਨੇ ਪਾਕਿਸਤਾਨ ਦੇ ਮਗਰ ਪੈ ਗਿਆ ਹੈ। ਪਾਕਿਸਤਾਨ ਨੇ ਛੇਤੀ ਕੀਤੇ ਦਹਿਸ਼ਤਗਰਦਾਂ ਨੂੰ ਬੇਦਖਲ ਨਹੀਂ ਕਰਨਾ। ਨਤੀਜਾ ਇਸ ਦਾ ਪਾਕਿ-ਅਮਰੀਕਾ ਦੀ ਕੌੜ ਵਧਣ ਵਿਚ ਨਿਕਲੇਗਾ, ਪਰ ਇਹ ਕੌੜ ਉਸ ਦੌਰ ਦਾ ਮੁੱਢ ਵੀ ਬੰਨ੍ਹ ਸਕਦੀ ਹੈ, ਜਿਸ ਵਿਚ ਅਮਰੀਕਾ ਆਪਣੇ ਲਈ ਭਾਰਤ ਨੂੰ ਉਸੇ ਰੰਗ ਦਾ ਪੱਤਾ ਸਮਝ ਕੇ ਵਰਤਣਾ ਚਾਹੇਗਾ, ਜਿਵੇਂ ਕਦੇ ਬ੍ਰਿਟੇਨ, ਫਰਾਂਸ ਤੇ ਕਈ ਹੋਰ ਦੇਸ਼ਾਂ ਨੂੰ ਸਮਝਦਾ ਅਤੇ ਵਰਤਦਾ ਰਿਹਾ ਸੀ। ਉਹ ਦੌਰ ਭਾਰਤ ਦੇ ਲੋਕਾਂ ਲਈ ਚੰਗਾ ਨਹੀਂ ਹੋਣਾ।

## ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ 'ਤੇ ਸਰਨਾ ਧੜਾ ਮੁੜ ਕਾਬਜ਼



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਇਕ ਹੋਰ ਝਟਕਾ ਲੱਗਾ ਹੈ। ਬਾਦਲ ਧੜੇ ਨੂੰ ਮਾਤ ਦਿੰਦਿਆਂ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਉਤੇ ਇਕ ਵਾਰ ਮੁੜ ਸਰਨਾ ਧੜੇ ਦਾ ਮੁਕੰਮਲ ਕਬਜ਼ਾ ਹੋ ਗਿਆ ਹੈ। ਕਮੇਟੀ ਦੀ ਚੋਣ ਵਿਚ ਹਰਵਿੰਦਰ ਸਿੰਘ ਸਰਨਾ ਨੂੰ ਪ੍ਰਧਾਨ ਚੁਣ ਲਿਆ ਗਿਆ ਹੈ।

ਤਖਤ ਸ੍ਰੀ ਪਟਨਾ ਸਾਹਿਬ ਦੀ ਚੋਣ ਵਿਚ ਹਰਵਿੰਦਰ ਸਿੰਘ ਸਰਨਾ ਪ੍ਰਧਾਨ, ਸ਼ੈਲਿੰਦਰਜੀਤ ਸਿੰਘ ਟਾਟਾ ਨਗਰ ਸੀਨੀਅਰ ਮੀਤ ਪ੍ਰਧਾਨ, ਬੀਬੀ ਕਮਲਜੀਤ ਕੌਰ ਜੂਨੀਅਰ ਮੀਤ ਪ੍ਰਧਾਨ, ਚਰਨਜੀਤ ਸਿੰਘ ਜਨਰਲ ਸਕੱਤਰ ਤੇ ਮਹਿੰਦਰ ਸਿੰਘ ਛਾਬੜਾ ਸਕੱਤਰ ਚੁਣੇ ਗਏ ਹਨ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਇਹ ਚੋਣ ਸਰਵਸੰਮਤੀ ਨਾਲ ਹੋਈ ਹੈ। ਚੋਣ ਦੌਰਾਨ ਪਹਿਲਾਂ ਦੂਜੀ ਧਿਰ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਇਕ ਨਾਂ ਦੀ ਤਜਵੀਜ਼ ਕੀਤੀ ਗਈ ਸੀ ਪਰ ਸਬੰਧਤ ਮੈਂਬਰ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਚੋਣ ਸਰਵਸੰਮਤੀ ਨਾਲ ਨੇਪਰੇ ਚੜ੍ਹ ਗਈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ, ਭੋਪਾਲ ਤੇ ਲਖਨਊ ਤੋਂ ਵੀ ਇਕ-ਇਕ ਮੈਂਬਰ ਗੈਰ ਹਾਜ਼ਰ ਸੀ। ਇਕ ਮੈਂਬਰ ਦੀ ਮੌਤ ਹੋ ਚੁੱਕੀ ਹੈ। ਕਮੇਟੀ ਦੇ ਕੁੱਲ 15 ਮੈਂਬਰਾਂ ਵਿਚੋਂ 11 ਮੈਂਬਰ ਚੋਣ ਮੀਟਿੰਗ ਵਿਚ ਸ਼ਾਮਲ ਹੋਏ।

## ਕੈਪਟਨ ਦੀ ਕੋਠੀ ਘੇਰਨ ਗਏ 'ਆਪ' ਵਿਧਾਇਕ ਘਿਰੇ



**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਘੇਰਨ ਜਾ ਰਹੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਚੰਡੀਗੜ੍ਹ ਪੁਲਿਸ ਨਾਲ ਦੋ-ਚਾਰ ਹੋਣਾ ਪਿਆ। ਪੁਲਿਸ ਨੇ ਆਪ ਆਗੂਆਂ 'ਤੇ ਜਲ ਤੋਪਾਂ ਚਲਾਈਆਂ, ਜਿਸ ਕਾਰਨ ਕਈ ਆਗੂਆਂ ਤੇ ਪੁਲਿਸ ਮੁਲਾਜ਼ਮਾਂ ਦੀਆਂ ਪੱਗਾਂ ਲੱਥ ਗਈਆਂ। ਇਸ ਦੌਰਾਨ ਦੋਵੇਂ ਧਿਰਾਂ ਵਿਚ ਕਾਫੀ ਖਿੱਚ-ਧੂਹ ਵੀ ਹੋਈ।

ਪੁਲਿਸ ਨੇ ਸੰਸਦ ਮੈਂਬਰ ਤੇ ਆਪ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ, ਪਾਰਟੀ ਦੇ 14 ਵਿਧਾਇਕਾਂ ਅਤੇ ਪੰਜਾਬ ਇਨਸਾਫ ਪਾਰਟੀ ਦੇ ਵਿਧਾਇਕਾਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੂੰ ਬੱਸਾਂ ਵਿਚ ਸੁੱਟ ਲਿਆ ਅਤੇ ਕੁੱਲ 112 ਆਗੂਆਂ ਨੂੰ ਸੈਕਟਰ-17 ਦੇ ਥਾਣੇ 'ਚ ਬੰਦ ਕਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦੀ ਲੁਧਿਆਣਾ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘਪਲਿਆਂ 'ਚ ਸ਼ਮੂਲੀਅਤ ਬਾਰੇ ਸੀ.ਬੀ.ਆਈ. ਤੋਂ ਜਾਂਚ ਕਰਾਉਣ ਅਤੇ ਰੇਤ ਕਾਂਡ ਲਈ ਵਜ਼ੀਰ ਰਾਣਾ ਗੁਰਜੀਤ ਸਿੰਘ ਤੋਂ ਅਸਤੀਫਾ ਲੈਣ ਦੀ ਮੰਗ ਲਈ ਆਪ ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਸੀ। ਆਪ ਦੇ ਕੁੱਲ 20 ਵਿਧਾਇਕਾਂ ਵਿਚੋਂ 14 ਵਿਧਾਇਕ, ਬੈਂਸ ਭਰਾ ਤੇ ਆਪ ਆਗੂ ਇਥੇ ਐਮ.ਐਲ.ਏ. ਹੋਸਟਲ ਵਿਚ ਇਕੱਠੇ ਹੋਏ। ਜਿਉਂ ਹੀ ਆਪ ਆਗੂ ਕੈਪਟਨ ਦੀ ਕੋਠੀ ਵੱਲ ਮਾਰਚ ਕਰਨ ਲੱਗੇ ਤਾਂ ਪੁਲਿਸ ਨੇ ਐਮ.ਐਲ.ਏ. ਹੋਸਟਲ ਦੇ ਗੇਟ ਅੱਗੇ ਹੀ ਉਨ੍ਹਾਂ ਨੂੰ ਘੇਰ ਲਿਆ। ਇਸ ਦੌਰਾਨ ਕਾਫੀ ਖਿੱਚ-ਧੂਹ ਹੋਈ ਅਤੇ ਅਖੀਰ ਜਲ ਤੋਪਾਂ ਚਲਾਉਣੀਆਂ ਪਈਆਂ।

ਇਸ ਦੌਰਾਨ ਕਈ ਆਗੂਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਭਗਵੰਤ ਮਾਨ ਸਮੇਤ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਪਾਣੀ ਦੀਆਂ ਬੁਛਾੜਾਂ 'ਚ ਭਿੱਜ ਗਏ। ਪੁਲਿਸ ਨੇ ਮੁਜ਼ਾਹਰਾਕਾਰੀਆਂ ਨੂੰ ਬੱਸਾਂ 'ਚ ਚੜ੍ਹਾ ਕੇ ਸੈਕਟਰ-17 ਦੇ ਥਾਣੇ ਬੰਦ ਕਰ ਦਿੱਤਾ। ਭਗਵੰਤ ਮਾਨ, ਸੁਖਪਾਲ ਖਹਿਰਾ ਤੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਕੈਪਟਨ ਆਪਣੇ ਘਪਲਿਆਂ ਲਈ ਖੁਦ ਨੂੰ ਕਲੀਨ ਚਿੱਟ ਦੇ ਕੇ ਹਾਸੇ ਦਾ ਪਾਤਰ ਬਣ ਗਏ ਹਨ। ਕੈਪਟਨ ਤੇ ਬਾਦਲ ਸਮਝੌਤੇ ਤਹਿਤ ਇਕ-ਦੂਜੇ ਵਿਰੁੱਧ ਦਰਜ ਕੇਸਾਂ ਨੂੰ ਖਤਮ ਕਰਨ ਦੀਆਂ ਖੇਡਾਂ ਖੇਡ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ।

## ਪੱਤ ਬਚਾਉਣ ਲਈ ਨਾਬਾਲਗ ਨੇ ਨਹਿਰ ਵਿਚ ਮਾਰੀ ਛਾਲ

**ਸ੍ਰੀ ਆਨੰਦਪੁਰ ਸਾਹਿਬ:** ਤਹਿਸੀਲ ਸ੍ਰੀ ਆਨੰਦਪੁਰ ਸਾਹਿਬ ਵਿਚ ਦੋ ਲੜਕਿਆਂ ਨੇ ਇਕ ਨਾਬਾਲਗ ਲੜਕੀ ਨਾਲ ਜਬਰ ਜਨਾਹ ਦੀ ਕੋਸ਼ਿਸ਼ ਕੀਤੀ। ਪੱਤ ਬਚਾਉਣ ਲਈ ਪੀੜਤ ਲੜਕੀ ਨੇ ਭਾਖੜਾ ਨਹਿਰ ਵਿਚ ਛਾਲ ਮਾਰ ਦਿੱਤੀ। ਪੀੜਤ ਲੜਕੀ ਦੇ ਪਿਤਾ ਓਮ ਪ੍ਰਕਾਸ਼ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ 17 ਸਾਲਾ ਲੜਕੀ ਕੁਰਾਲੀ ਦੇ ਹੀ ਰਹਿਣ ਵਾਲੇ ਜਸਵੀਰ ਸਿੰਘ, ਗੁਰਜੋਤ ਸਿੰਘ ਅਤੇ ਦੋ ਸਹੇਲੀਆਂ ਨਾਲ ਨੈਣਾ ਦੇਵੀ ਮੰਦਰ ਗਈ ਸੀ। ਰਸਤੇ 'ਚ ਦੋਵੇਂ ਲੜਕਿਆਂ ਨੇ ਆਸ਼ਾ ਦੀਆਂ ਸਹੇਲੀਆਂ ਦੀ ਮੱਦਦ ਨਾਲ ਉਸ ਦੀ ਧੀ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ। ਆਸ਼ਾ ਨੇ ਆਪਣੀ ਇੱਜ਼ਤ ਬਚਾਉਣ ਲਈ ਭਾਖੜਾ ਨਹਿਰ 'ਚ ਛਾਲ ਮਾਰ ਦਿੱਤੀ।

# ਸਿੱਖਾਂ ਬਾਰੇ ਜਾਗਰੂਕਤਾ ਮੁਹਿੰਮ ਨੂੰ ਮਿਲਿਆ ਹਾਂ-ਪੱਖੀ ਹੁੰਗਾਰਾ

**ਵਾਸ਼ਿੰਗਟਨ:** ਸਿੱਖੀ ਤੇ ਸਿੱਖਾਂ ਬਾਰੇ ਜਾਗਰੂਕਤਾ ਮੁਹਿੰਮ 'ਵੀ ਆਰ ਸਿੱਖਜ਼' ਦੇ ਹਾਂ ਪੱਖੀ ਨਤੀਜੇ ਸਾਹਮਣੇ ਆਏ ਹਨ। ਇਕ ਸਰਵੇਖਣ ਵਿਚ ਇਹ ਗੱਲ ਸਾਫ ਹੋਈ ਹੈ ਕਿ ਇਕ ਮਹੀਨਾ ਚੱਲੀ ਇਸ ਮੁਹਿੰਮ ਤੋਂ ਬਾਅਦ ਅਮਰੀਕਾ ਦੇ ਬਾਸ਼ਿੰਦਿਆਂ ਵਿਚ ਸਿੱਖਾਂ ਦੀ ਪਛਾਣ ਪਹਿਲਾਂ ਦੇ ਮੁਕਾਬਲੇ ਵਧੀ ਹੈ। ਸਿੱਖਾਂ ਵਿਰੁੱਧ ਵਧ ਰਹੇ ਨਸਲੀ ਹਮਲਿਆਂ ਦੇ ਹੱਲ ਲਈ ਸਿੱਖਾਂ ਨੇ ਇਸ ਸਾਲ 14 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਇਸ ਮੁਹਿੰਮ ਦਾ ਆਗ਼ਾਜ਼ ਕੀਤਾ ਸੀ।



ਜ਼ਮੀਨੀ ਪੱਧਰ 'ਤੇ ਕਰਵਾਏ ਜਾਣ ਵਾਲੇ ਸਮਾਗਮਾਂ ਤੋਂ ਇਲਾਵਾ ਟੈਲੀਵਿਜ਼ਨ, ਰਿਵਾਇਤੀ ਤੇ ਡਿਜੀਟਲ ਇਸ਼ਤਿਹਾਰ ਤੇ ਮੀਡੀਆ ਵਿਚ ਉਚੇਚੇ ਤੌਰ ਉਤੇ ਸਿੱਖਾਂ ਬਾਰੇ ਖ਼ਬਰਾਂ ਇਸ ਮੁਹਿੰਮ ਦਾ ਹਿੱਸਾ ਸਨ। ਦੇਸ਼ ਵਿਆਪੀ ਚੈਨਲਾਂ 'ਤੇ ਵੱਡੇ ਪੱਧਰ ਉਤੇ ਸਿੱਖਾਂ ਦੇ ਬਰਾਬਰਤਾ, ਔਰਤ ਦਾ ਸਤਿਕਾਰ, ਲੰਗਰ ਤੇ ਸਭ ਧਰਮਾਂ ਲਈ ਆਦਰ ਵਰਗੇ ਮੂਲ ਸਿਧਾਂਤਾਂ ਦੇ ਨਾਲ-ਨਾਲ ਵਿਸ਼ਵ ਦੇ 5ਵੇਂ ਸਭ ਤੋਂ ਵੱਡੇ ਧਰਮ ਬਾਰੇ ਵਿਸ਼ੇਸ਼ ਪ੍ਰੋਗਰਾਮ ਵਿਖਾਏ ਗਏ। ਇਸ ਮੁਹਿੰਮ ਨੂੰ ਚਲਾਉਣ ਲਈ 1.3 ਮਿਲੀਅਨ ਡਾਲਰ ਖਰਚ ਕਰਨੇ ਪਏ।

ਇਸ ਦਾ ਨਤੀਜਾ ਇਹ ਹੋਇਆ ਕਿ 59 ਫੀਸਦੀ ਫਰੈਜ਼ਨੋ ਵਾਸੀ ਅਮਰੀਕਾ ਵਿਚ ਵਸਦੇ ਸਿੱਖਾਂ ਬਾਰੇ ਕੁਝ ਨਾ ਕੁਝ ਜਾਣਦੇ ਸਨ। 68 ਫੀਸਦੀ ਲੋਕਾਂ ਨੇ ਕਿਹਾ ਕਿ ਸਿੱਖ ਚੰਗੇ ਗੁਆਂਢੀ ਹੁੰਦੇ ਹਨ ਜਦਕਿ 64 ਫੀਸਦੀ ਲੋਕ ਸਿੱਖਾਂ ਨੂੰ ਨੇਕਦਿਲ ਮੰਨਦੇ ਹਨ।

ਜੇਕਰ ਗੱਲ 'ਵੀ ਆਰ ਸਿੱਖਜ਼' ਮੁਹਿੰਮ ਦੇ ਅਸਰ ਦੀ ਕਰੀਏ ਤਾਂ 57 ਫੀਸਦੀ ਲੋਕਾਂ ਨੇ ਇਹ ਦੱਸਿਆ ਕਿ ਦਾੜ੍ਹੀ ਵਾਲੇ ਬੰਦੇ ਜੋ ਦਸਤਾਰ ਸਜਾਉਂਦੇ ਹਨ, ਸਿੱਖ ਹਨ। ਫਰਿਜ਼ਨੋ ਦੇ 67 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਵੀਡੀਓ ਵੇਖਿਆ ਹੈ, ਜਿਸ ਵਿਚ ਬਰਾਬਰਤਾ ਤੇ ਸਾਰਿਆਂ ਲਈ ਦਿਲ ਵਿਚ ਥਾਂ ਰੱਖਣ ਵਾਲੇ ਵਿਅਕਤੀ ਨੂੰ ਵਿਖਾਇਆ ਗਿਆ ਹੈ ਤੇ ਉਹ ਇਕ ਸਿੱਖ ਸੀ। ਹਾਰਟ ਰਿਸਰਚ ਐਸੋਸੀਏਟਸ ਦੇ ਮੁਖੀ ਜਿਓਫ ਗ੍ਰੇਨ ਨੇ ਦੱਸਿਆ ਕਿ ਸਮਾਜਿਕ ਤੇ ਸਿਆਸੀ ਵਾਤਾਵਰਨ ਪ੍ਰਤੀਕੂਲ ਨਾ ਹੋਣ ਦੇ ਬਾਵਜੂਦ ਪੱਗ ਤੇ ਲੰਮੀ ਦਾੜ੍ਹੀਆਂ ਤੋਂ ਪਛਾਣੇ ਜਾ ਸਕਣ ਵਾਲੇ ਅਮਰੀਕਨ ਸਿੱਖਾਂ ਨੇ ਆਪਣੀ ਮੁਹਿੰਮ ਦੇ ਉਦੇਸ਼ ਪੂਰੇ ਕਰ ਲਏ ਹਨ।

ਦੱਸਣਾ ਬਣਦਾ ਹੈ ਕਿ ਮਾਰਚ ਵਿਚ ਇਕ ਨਕਾਬਪੋਸ਼ ਨੇ ਸਿੱਖ ਨੂੰ ਉਸ ਦੇ ਘਰ ਦੇ ਬਾਹਰ ਹੀ ਆਪਣੇ ਦੇਸ਼ ਵਾਪਸ ਜਾਣ ਬਾਰੇ ਕਹਿੰਦੇ ਹੋਏ ਗੋਲੀ ਮਾਰ ਦਿੱਤੀ ਸੀ। ਇਸ ਤੋਂ ਬਾਅਦ ਸਿੱਖਾਂ ਨੇ ਇਹ ਮੁਹਿੰਮ ਸ਼ੁਰੂ ਕੀਤੀ ਸੀ ਜਿਸ ਰਾਹੀਂ ਉਹ ਆਪਣੇ ਬਾਰੇ ਤੇ ਧਰਮ ਬਾਰੇ ਪ੍ਰਚਾਰ ਕੀਤਾ ਸੀ। ਸਿੱਖਾਂ ਦੀ ਇਸ ਪਹਿਲ ਨੂੰ ਸੋਸ਼ਲ ਮੀਡੀਆ 'ਤੇ ਵੀ ਚੰਗਾ ਹੁੰਗਾਰਾ ਮਿਲਿਆ ਜਿਸ ਰਾਹੀਂ ਉਹ ਆਪਣੀ ਪਛਾਣ ਪ੍ਰਤੀ ਅਮਰੀਕਾ ਦੇ ਮੂਲ ਵਾਸੀਆਂ ਨੂੰ ਜਾਗਰੂਕ ਕਰਵਾਉਣ ਵਿਚ ਸਫਲ ਰਹੇ।

# ਇਕ ਜਨੂਨੀ ਹੱਥੋਂ ਸਿੱਖ ਵਿਦਿਆਰਥੀ ਦਾ ਕਤਲ

**ਸਿਆਟਲ:** ਯੂਨੀਵਰਸਿਟੀ ਵਿਚ ਦਾਖਲਾ ਨਾ ਮਿਲਣ ਕਾਰਨ ਪਰੇਸ਼ਾਨ ਇਕ ਅਮਰੀਕੀ ਵਿਦਿਆਰਥੀ ਨੇ ਚਾਕੂ ਮਾਰ ਕੇ ਸਾਫਟਵੇਅਰ ਇੰਜੀਨੀਅਰਿੰਗ ਦੇ ਤੀਜੇ ਸਾਲ ਦੇ ਵਿਦਿਆਰਥੀ ਗਗਨਦੀਪ ਸਿੰਘ (22 ਸਾਲ) ਦਾ ਕਤਲ ਕਰ ਦਿੱਤਾ। ਗਗਨਦੀਪ ਟੈਕਸੀ ਵੀ ਚਲਾਉਂਦਾ ਸੀ।

ਇਡਾਹੋ ਵਿਚ ਬੋਨਰ ਕਾਊਂਟੀ ਸ਼ੈਰਿਫ ਦਫਤਰ ਨੇ ਮੁਲਜ਼ਮ ਦੀ ਸ਼ਨਾਖਤ ਜੈਕਬ ਕੋਲਮੈਨ ਵਜੋਂ ਕੀਤੀ ਹੈ, ਜਿਸ ਖ਼ਿਲਾਫ਼ ਪਹਿਲਾ ਦਰਜਾ ਕਤਲ ਦੇ ਦੋਸ਼ ਲਾਏ ਗਏ ਹਨ। ਦੱਸਣਯੋਗ ਹੈ ਕਿ ਗਗਨਦੀਪ ਮੂਲ ਰੂਪ ਵਿਚ ਜਲੰਧਰ ਦਾ ਵਸਨੀਕ ਸੀ ਅਤੇ ਸਾਲ 2003 ਤੋਂ ਵਾਸ਼ਿੰਗਟਨ ਸਟੇਟ 'ਚ ਰਹਿ ਰਿਹਾ ਸੀ।

ਸ਼ੈਰਿਫ ਦਫਤਰ ਦੇ ਬਿਆਨ ਮੁਤਾਬਕ ਕੋਲਮੈਨ ਸਿਆਟਲ ਤੋਂ ਸਪੋਕੇਨ ਦੀ ਗੋਂਜ਼ਾਗਾ ਯੂਨੀਵਰਸਿਟੀ ਵਿਚ ਦਾਖਲੇ ਲਈ ਆਇਆ ਸੀ ਪਰ ਇਥੇ 'ਵਰਸਿਟੀ ਨੇ ਉਸ ਨੂੰ ਦਾਖਲੇ ਤੋਂ ਇਨਕਾਰ ਕਰ ਦਿੱਤਾ। ਜਵਾਬ ਮਿਲਣ ਬਾਅਦ ਉਸ ਨੂੰ ਗੁੱਸਾ ਆ ਗਿਆ ਅਤੇ ਉਸ ਦੇ ਦਿਮਾਗ ਵਿਚ ਖਤਰਨਾਕ ਖਿਆਲ ਆਉਣ ਲੱਗੇ। ਗੋਂਜ਼ਾਗਾ ਯੂਨੀਵਰਸਿਟੀ ਨੇ ਦੱਸਿਆ ਕਿ ਕੋਲਮੈਨ ਦੀ ਅਰਜ਼ੀ ਦਾ ਉਸ ਕੋਲ ਕੋਈ ਰਿਕਾਰਡ ਨਹੀਂ ਹੈ ਅਤੇ ਉਸ ਵੱਲੋਂ ਅਧਿਕਾਰੀਆਂ ਨਾਲ ਸਹਿਯੋਗ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਕੋਲਮੈਨ ਨੇ ਟੈਕਸੀ ਲਈ ਅਤੇ ਗਗਨਦੀਪ ਸਿੰਘ ਨੂੰ ਉਸ ਦੇ ਬੋਨਰ ਕਾਊਂਟੀ, ਇਡਾਹੋ ਵਿਚ ਉਸ ਦੇ ਫਰਜ਼ੀ ਦੋਸਤ ਘਰ ਛੱਡਣ ਲਈ ਕਿਹਾ।

ਪੁਲਿਸ ਅਨੁਸਾਰ ਕੋਲਮੈਨ ਨੇ ਬਾਅਦ 'ਚ ਮੰਨਿਆ ਕਿ ਸਫਰ ਦੌਰਾਨ ਉਹ 'ਹਿੰਸਕ ਹੋ ਗਿਆ ਸੀ' ਤੇ ਇਕ ਜਗ੍ਹਾ ਦੁਕਾਨ 'ਤੇ ਰੁਕਣ ਸਮੇਂ ਉਸ ਨੇ ਚਾਕੂ ਖਰੀਦ ਲਿਆ ਸੀ। ਗਗਨਦੀਪ ਨੂੰ ਗਲਤ ਜਗ੍ਹਾ ਲਿਜਾਏ ਜਾਣ ਦਾ ਅਹਿਸਾਸ ਹੋਣ 'ਤੇ ਉਸ ਨੇ ਸ਼ਹਿਰ ਕੂਟੇਨਈ ਵਿਚ ਕਾਰ ਰੋਕ ਲਈ ਤਾਂ ਕੋਲਮੈਨ ਨੇ ਉਸ 'ਤੇ ਚਾਕੂ ਨਾਲ ਕਈ ਵਾਰ ਕੀਤੇ। ਦੱਸਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਅਮਰੀਕਾ 'ਚ ਭਾਰਤੀਆਂ ਤੇ ਸਿੱਖਾਂ ਉਤੇ ਕਈ ਹਮਲੇ ਹੋਏ ਹਨ। ਜੁਲਾਈ 'ਚ ਕੈਲੀਫੋਰਨੀਆ ਵਿਚ ਇਕ ਹਫਤੇ ਅੰਦਰ ਦੋ ਥਾਈਂ ਦੋ ਅਮਰੀਕੀ ਸਿੱਖ ਮਾਰ ਦਿੱਤੇ ਸਨ।

# ਲਾਸ ਏਂਜਲਸ ਦੇ ਪਹਾੜੀ ਏਰੀਏ 'ਚ ਲੱਗੀ ਅੱਗ ਨੇ ਕਈ ਘਰ ਸਾੜੇ

**ਲਾਸ ਏਂਜਲਸ (ਬਿਊਰੋ):** ਕੁਦਰਤ ਦੇ ਵੀ ਆਪਣੇ ਹੀ ਰੰਗ ਨੇ। ਜੇ ਹਿਊਸਟਨ, ਟੈਕਸਸ ਵਿਚ ਤੂਫਾਨ ਨੇ ਹੜ੍ਹ ਲਿਆ ਕੇ ਸਭ ਪਾਸੇ ਜਲ-ਥਲ ਕੀਤੀ ਹੋਈ ਹੈ ਤਾਂ ਕੈਲੀਫੋਰਨੀਆ ਦੇ ਸ਼ਹਿਰ ਲਾਸ ਏਂਜਲਸ ਦੇ ਪਹਾੜੀ ਰਿਹਾਇਸ਼ੀ ਏਰੀਏ ਵਿਚ ਅੱਗ ਦਾ ਕਹਿਰ ਵਰਤਾਇਆ ਹੋਇਆ ਹੈ।



ਇਸ ਇਲਾਕੇ ਵਿਚ ਲੱਗੀ ਭਿਆਨਕ ਅੱਗ ਨੇ ਕਰੀਬ 5000 ਏਕੜ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸੈਂਕੜੇ ਫਾਇਰ ਫਾਈਟਰ ਅੱਗ ਬੁਝਾਉਣ ਲਈ ਜੂਝ ਰਹੇ ਹਨ। ਅੱਗ ਨਾਲ ਅੱਧੀ ਦਰਜਨ ਦੇ ਕਰੀਬ ਮਕਾਨ ਸੜ ਜਾਣ ਦੀਆਂ ਖ਼ਬਰਾਂ ਹਨ। ਕਈ ਫਾਇਰ ਫਾਈਟਰ ਜਖ਼ਮੀ ਵੀ ਹੋਏ।

ਸੈਂਟਰਲ ਵੈਲੀ ਵਿਚ ਪਾਰਾ 112 ਡਿਗਰੀ ਫਾਰਨਹੀਟ ਤੋਂ ਥੱਲੇ ਜਾਣ ਦਾ ਨਾਂ ਨਹੀਂ ਲੈ ਰਿਹਾ ਜਿਸ ਕਾਰਨ ਕਈ ਜੰਗਲਾਂ ਵਿਚ ਭਿਆਨਕ ਅੱਗ ਲੱਗ ਗਈ ਅਤੇ ਜਨ-ਜੀਵਨ ਪ੍ਰਭਾਵਤ ਹੋ ਰਿਹਾ ਹੈ।

ਲਾਸ ਏਂਜਲਸ ਸਿਟੀ ਦੇ ਮੇਅਰ ਇਰਕ ਗਾਰਸਿਟੀ ਨੇ ਦੱਸਿਆ ਕਿ ਅੱਗ ਖੁਸ਼ਕ ਮੌਸਮ ਤੇ ਗਰਮੀ ਦੀ ਤਪਸ਼ ਨਾਲ ਸ਼ੁਰੂ ਹੋਈ ਅਤੇ ਇਹਨੇ ਸਭ ਤੋਂ ਪਹਿਲਾਂ ਟੂਨਾ ਕੈਨੀਅਨ ਏਰੀਏ ਨੂੰ ਆਪਣੀ ਲਪੇਟ ਵਿਚ ਲਿਆ। ਪਹਾੜੀ ਏਰੀਆ ਹੋਣ ਕਰਕੇ ਅੱਗ 'ਤੇ ਕਾਬੂ ਪਾਉਣ ਲਈ ਹਵਾਈ ਟੈਂਕਰਾਂ ਅਤੇ ਹੈਲੀਕਾਪਟਰਾਂ ਨੂੰ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਟਰੋ ਏਰੀਏ ਦੇ ਖਤਰੇ ਵਾਲੇ ਖੇਤਰਾਂ 'ਚੋਂ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਗਿਆ ਹੈ। ਇਸੇ ਦੌਰਾਨ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਇਸ ਏਰੀਏ ਵਿਚ ਸਟੇਟ ਆਫ ਐਮਰਜੈਂਸੀ ਦਾ ਐਲਾਨ ਕੀਤਾ ਹੈ।

# ਈਦ ਵਾਲੇ ਦਿਨ ਵੀ ਵਾਦੀ ਵਿਚ ਹੋਏ ਮੁਜ਼ਾਹਰੇ

**ਸ੍ਰੀਨਗਰ (ਬਿਊਰੋ):** ਕਸ਼ਮੀਰ ਵਿਚ ਈਦ-ਉਲ-ਜ਼ੁਹਾ ਦੇ ਤਿਉਹਾਰ ਮੌਕੇ ਸ੍ਰੀਨਗਰ, ਬਾਂਦੀਪੁਰਾ, ਅਨੰਤਨਾਗ, ਸੋਪਰ, ਪੁਲਵਾਮਾ ਸਮੇਤ ਕਈ ਸਥਾਨਾਂ 'ਤੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਪਥਰਾਅ ਅਤੇ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ। ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਪੁਲਿਸ ਨੂੰ ਕਈ ਥਾਵਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ, ਜਿਸ ਕਾਰਨ ਸੁਰੱਖਿਆ ਬਲਾਂ ਦੇ ਜਵਾਨਾਂ ਸਮੇਤ ਕਈ ਦਰਜਨ ਵਿਅਕਤੀ ਜਖ਼ਮੀ ਹੋ ਗਏ।

ਈਦ ਦਾ ਸਭ ਤੋਂ ਵੱਡਾ ਸਮਾਗਮ ਮਸ਼ਹੂਰ ਡੱਲ ਝੀਲ ਦੇ ਕਿਨਾਰੇ ਸਥਿਤ ਇਤਿਹਾਸਕ ਦਰਗਾਹ ਹਜ਼ਰਤਬਲ ਸ੍ਰੀਨਗਰ ਵਿਚ ਕਰਵਾਇਆ ਗਿਆ, ਜਿਥੇ 50 ਹਜ਼ਾਰ ਤੋਂ ਵੱਧ ਲੋਕਾਂ ਨੇ ਨਮਾਜ਼ ਅਦਾ ਕੀਤੀ ਤੇ ਇਕ ਦੂਜੇ ਨੂੰ ਵਧਾਈਆਂ ਦਿੱਤੀਆਂ। ਪੁਲਿਸ ਪ੍ਰਸ਼ਾਸਨ ਨੇ ਵਾਦੀ 'ਚ ਸਾਰੇ ਪਾਸੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ ਤੇ ਹਿੰਸਾ ਅਤੇ ਗੜਬੜ ਨੂੰ ਰੋਕਣ ਲਈ ਸਾਂਝੀ ਗਠਜੋੜ ਲੀਡਰਸ਼ਿਪ ਦੇ ਨੇਤਾਵਾਂ ਸਈਦ ਅਲੀ ਸ਼ਾਹ ਗਿਲਾਨੀ, ਮੀਰਵਾਇਜ਼ ਮੌਲਵੀ, ਉਮਰ ਫਾਰੂਕ ਨੂੰ ਘਰਾਂ 'ਚ ਨਜ਼ਰਬੰਦ ਰੱਖਿਆ, ਜਦਕਿ ਯਾਸੀਨ ਮਲਿਕ ਨੂੰ ਪਹਿਲਾਂ ਹੀ ਸੈਂਟਰਲ 'ਚ ਨਜ਼ਰਬੰਦ ਕਰ ਦਿੱਤਾ ਸੀ।

ਮੀਰ ਵਾਈਜ਼, ਉਮਰ ਫਰੂਕ ਵੱਲੋਂ ਈਦ ਮੌਕੇ ਸ੍ਰੀਨਗਰ ਦੀ ਈਦਗਾਹ ਵਿਖੇ ਗਿਲਾਨੀ ਅਤੇ ਯਾਸੀਨ ਮਲਿਕ ਸਮੇਤ ਨਮਾਜ਼ ਪੜ੍ਹਾਉਣ ਦਾ ਪ੍ਰੋਗਰਾਮ ਸੀ, ਪੁਲਿਸ ਨੇ ਭਾਰੀ ਹਿੰਸਾ ਵਾਪਰਨ ਦੇ ਮੱਦੇਨਜ਼ਰ ਮੀਰ ਵਾਈਜ਼ ਨੂੰ ਨਜ਼ਰਬੰਦ ਕਰ ਕੇ ਇਸ ਨੂੰ ਅਸਫਲ ਕਰ ਦਿੱਤਾ। ਈਦ ਦੀ ਨਮਾਜ਼ ਤੋਂ ਬਾਅਦ ਸ਼ਹਿਰ ਦੇ ਕਈ ਇਲਾਕਿਆਂ 'ਚ ਨੌਜਵਾਨਾਂ ਨੇ ਤਾਇਨਾਤ ਪੁਲਿਸ ਅਤੇ ਸੁਰੱਖਿਆ ਬਲਾਂ 'ਤੇ ਭਾਰੀ ਪਥਰਾਅ ਕੀਤਾ। ਇਹ ਸਿਲਸਿਲਾ ਦੇਰ ਸ਼ਾਮ ਤਕ ਚਲਦਾ ਰਿਹਾ।

# ਪੰਜਾਬੀਅਤ ਤੇ ਪੰਜਾਬੀ ਬੋਲੀ ਦੇ ਵਿਕਾਸ ਲਈ ਦੋਹਾਂ ਪੰਜਾਬਾਂ ਦੇ ਪੰਜਾਬੀਆਂ ਦਾ ਫਿਕਰ

**ਅਟਲਾਂਟਾ, ਜਾਰਜੀਆ (ਬਿਊਰੋ):** ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਜਥੇਬੰਦੀਆਂ, ਸਿੱਖ ਅਮੈਰੀਕਨ ਸੁਸਾਇਟੀ ਆਫ ਜਾਰਜੀਆ, ਯੂ.ਐਸ.ਏ. ਅਤੇ ਪੰਜ-ਰੰਗ ਵਲੋਂ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਬਾਰੇ ਇਕ ਭਰਪੂਰ ਸਮਾਗਮ ਇਥੋਂ ਦੇ ਹਿਲਟਨ ਹੋਟਲ ਵਿਖੇ ਹੋਇਆ, ਜਿਸ ਵਿਚ ਦੋਨਾਂ ਪੰਜਾਬਾਂ ਦੇ ਅਮਰੀਕਾ ਵਿਚ ਵਸਦੇ ਪੰਜਾਬੀਆਂ ਨੇ ਆਪਣੀ ਜ਼ੁਬਾਨ ਤੋਂ ਬੇਮੁੱਖ ਹੁੰਦੇ ਜਾਣ ਦਾ ਮੁੱਦਾ ਵਿਚਾਰਿਆ।

ਪ੍ਰੋਗਰਾਮ ਵਿਚ ਲੇਖਕਾਂ, ਰੰਗ ਕਰਮੀਆਂ ਅਤੇ ਪੰਜਾਬੀ ਹਿਤੈਸ਼ੀ ਅਕਾਦਮੀਸ਼ਨਾਂ ਨੇ ਫਿਕਰ ਪ੍ਰਗਟਾਇਆ ਕਿ ਬਾਹਰਲੇ ਦੇਸ਼ਾਂ ਵਿਚ ਪੰਜਾਬੀ ਦੀ ਪਛਾਣ ਬਣਾਈ ਰੱਖਣ ਲਈ ਕੇਵਲ ਭਾਰਤੀ ਪੰਜਾਬ ਵਿਚ ਕੀਤੇ ਜਾ ਰਹੇ ਯਤਨ ਕਾਫੀ ਨਹੀਂ ਹਨ। ਲਹਿੰਦਾ ਪੰਜਾਬ, ਜਿਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦੁਨੀਆਂ ਵਿਚ ਸਭ ਤੋਂ ਵੱਧ ਹੈ, ਹਾਲੀ ਤੱਕ ਇਸ ਪੱਖ ਤੋਂ ਲੋੜੀਂਦੀ ਸਰਗਰਮੀ ਨਹੀਂ ਦਿਖਾ ਸਕਿਆ।

ਮੁੱਖ ਮਹਿਮਾਨ ਵਜੋਂ ਕੈਲੀਫੋਰਨੀਆ ਤੋਂ ਆਏ ਸਾਹਿਤਕਾਰ ਅਤੇ ਮੀਡੀਆ ਸ਼ਖ਼ਸੀਅਤ ਸਿੱਧੂ ਦਮਦਮੀ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਪੰਜਾਬੀ ਬੋਲੀ ਨੂੰ ਪੇਸ਼ ਆ ਰਹੀਆਂ ਔਕੜਾਂ ਦੀ ਨਿਸ਼ਾਨਦੇਹੀ ਕਰਦਿਆਂ ਕੈਨੇਡਾ ਵਿਚ ਪੰਜਾਬੀ ਭਾਸ਼ਾ ਦੇ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ 'ਤੇ ਆ ਜਾਣ ਉਤੇ ਚਿੰਤਾ ਜ਼ਾਹਰ ਕਰਦਿਆਂ ਇਸ ਲਈ ਪੰਜਾਬੀਆਂ ਦੀ 'ਦੇਖੀ ਜਾਊ' ਪਹੁੰਚ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਧਾਰਮਿਕ ਤੁਅਸਬਾਂ ਦਾ ਸ਼ਿਕਾਰ ਨਹੀਂ ਹੋਣ ਦੇਣਾ ਚਾਹੀਦਾ।



ਪ੍ਰੋਗਰਾਮ ਦੇ ਰੂਹੇਰਵਾਂ ਸੁਰਿੰਦਰ ਸਿੰਘ ਲਾਲੀ ਨੇ ਇਸ ਦੇ ਉਦੇਸ਼ ਅਤੇ ਨਿਸ਼ਾਨਿਆਂ ਬਾਰੇ ਦੱਸਦਿਆਂ ਕਿਹਾ ਕਿ ਮਨੋਰਥ ਪੰਜਾਬੀ ਡਾਇਸਪੋਰਾ ਨੂੰ ਪੰਜਾਬੀ ਸਭਿਆਚਾਰ ਤੇ ਬੋਲੀ ਬਾਰੇ ਸੁਚੇਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਅਮਰੀਕਾ ਵਿਚ ਵਸਦੇ ਦੋਹਾਂ ਪੰਜਾਬਾਂ ਦੇ ਪੰਜਾਬੀ ਇਕ ਮੰਚ 'ਤੇ ਇਕੱਠੇ ਹੋਏ ਹਨ।

ਇਸ ਮੌਕੇ ਫਰਿਜ਼ਨੋ ਤੋਂ ਆਏ ਪੱਤਰਕਾਰ ਅਵਤਾਰ ਗੋਂਦਾਰਾ ਨੇ ਪੰਜਾਬੀਆਂ ਨੂੰ ਬਲ ਦੀ ਥਾਂ ਬੁੱਧੀ 'ਤੇ ਜ਼ੋਰ ਦੇਣ ਲਈ ਆਖਿਆ। ਅਮੀਰੀਕੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਗਜ਼ਾਫਰ ਨੇ ਆਪਣੇ ਜਨਮ ਸਥਾਨ ਪੂਰਬੀ ਪੰਜਾਬ ਵਿਚਲੇ ਕਸਬੇ ਫਿਲੌਰ ਦੀ ਫੇਰੀ ਦੇ ਹਵਾਲੇ ਨਾਲ ਸੰਤਾਲੀ ਦੇ ਉਜਾੜੇ ਕਾਰਨ ਪੰਜਾਬੀ ਬੋਲਣ ਵਾਲਿਆਂ ਦੇ ਦੋ ਮੁਲਕਾਂ ਵਿਚ ਵੰਡੇ ਜਾਣ 'ਤੇ ਦੁੱਖ ਪ੍ਰਗਟ ਕੀਤਾ।

ਵਾਸ਼ਿੰਗਟਨ ਡੀ. ਸੀ. ਤੋਂ ਵਿਸ਼ੇਸ਼ ਤੌਰ 'ਤੇ ਆਏ ਰਾਜ ਨਿੱਝਰ ਨੇ ਪੰਜਾਬੀ ਲੋਕ ਗੀਤਾਂ ਦੀ ਪੇਸ਼ਕਾਰੀ ਨਾਲ ਮਾਹੌਲ ਬੰਨ ਦਿੱਤਾ। ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਰਾਜ ਨਿੱਝਰ ਵਾਸ਼ਿੰਗਟਨ ਡੀ. ਸੀ. ਵਿਚ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਸਾਲਾਨਾ ਸਭਿਆਚਾਰਕ ਮੇਲਾ ਕਰਵਾਉਂਦੇ ਹਨ। ਇਸ ਵਿਚ ਪੰਜਾਬੀ ਸਭਿਆਚਾਰ ਨਾਲ ਸਬੰਧਤ ਝਾਕੀਆਂ ਤੇ ਖੁੱਲ੍ਹਾ ਮਨੋਰੰਜਨ ਪੇਸ਼ ਕੀਤਾ ਜਾਂਦਾ ਹੈ ਅਤੇ ਪੰਜਾਬੀ ਦੇ ਚੋਟੀ ਦੇ ਕਲਾਕਾਰ ਹਿੱਸਾ ਲੈਂਦੇ ਹਨ। ਤਨਵੀਰ ਇਕਬਾਲ, ਸੰਧਿਆ ਭਗਤ, ਸ਼ਿੰਦਾ ਸਿੰਘ, ਪ੍ਰਦੀਪ ਸਿੰਘ, ਕਮਲੇਸ਼ ਚੁਘ, ਸੱਯਦ ਹਾਫਿਜ਼ ਅਤੇ ਸ਼ਿਵ ਮੋਂਗਾ ਨੇ ਵੀ ਨਜ਼ਮਾਂ, ਨਾਟਕੀ ਪੇਸ਼ਕਾਰੀਆਂ ਤੋਂ ਇਲਾਵਾ ਹੱਡਬੀਤੀਆਂ ਸਾਂਝੀਆਂ ਕੀਤੀਆਂ। ਦਰਸ਼ਨ ਔਲਖ ਨੇ ਆਪਣੇ ਲਿਖੇ ਗੀਤਾਂ ਨਾਲ ਮਹਿਫਿਲ ਵਿਚ ਤਾਜ਼ਗੀ ਭਰੀ।

ਹਿਊਸਟਨ ਤੋਂ ਪਹੁੰਚੇ ਇੰਜੀਨੀਅਰ ਰਣਜੀਤ ਰਾਣਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮਾਂ ਨੂੰ ਭਵਿੱਖ ਵਿਚ ਜਾਰੀ ਰੱਖਣਾ ਚਾਹੀਦਾ ਹੈ। ਸੰਸਥਾ ਦੇ ਮੈਂਬਰ ਗੁਰਪਾਲ ਸਿੰਘ ਗਿੱਲ ਨੇ ਕਿਹਾ ਕਿ ਅਜਿਹੇ ਸਮਾਗਮਾਂ ਵਿਚ ਬੱਚਿਆਂ ਦੀ ਭਰਵੀਂ ਸ਼ਮੂਲੀਅਤ ਦੀ ਪੂਰੀ ਕੋਸ਼ਿਸ਼ ਹੋਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਨੂੰ ਪੰਜਾਬੀ ਸਰੋਕਾਰਾਂ ਨਾਲ ਜੋੜਿਆ ਜਾ ਸਕੇ।

ਮੰਚ ਸੰਚਾਲਨ ਕਰਦਿਆਂ ਤਾਹਿਰ ਸਿਆਲ ਨੇ ਆਪਣੇ ਟੋਟਕਿਆਂ ਨਾਲ ਸਰੋਤਿਆਂ ਨੂੰ ਬੰਨੀ ਰੱਖਿਆ ਜਿਸ ਨੇ ਆਪਣੇ ਨਿਰਦੇਸ਼ਨ ਹੇਠ ਤਿਆਰ ਕੀਤੀ ਇਕ ਸਕਿੱਟ ਵੀ ਪੇਸ਼ ਕੀਤੀ। ਇਸ ਸਮਾਗਮ ਦੀ ਸਫਲਤਾ ਵਿਚ ਯੋਗਦਾਨ ਪਾਉਣ ਵਾਲਿਆਂ ਵਿਚ ਹਰਦੀਪ ਸਿੰਘ ਤੇ ਸ਼ਿਵ ਮੋਂਗਾ ਇਕ ਦਾ ਵਿਸ਼ੇਸ਼ ਰੋਲ ਸੀ।

# ਪਾਰਕ ਦਾ ਨਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਿਆ

**ਫਰਿਜ਼ਨੋ (ਬਿਊਰੋ):** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਜੈਕਾਰਾ ਮੂਵਮੈਂਟ ਦੇ ਨੌਜਵਾਨ ਆਗੂ ਬੱਚਿਆਂ ਦੀ ਸਫਲ ਕੋਸ਼ਿਸ਼ ਸਦਕਾ ਇਥੋਂ ਦੇ 'ਵਿਕਟੋਰੀਆ ਪਾਰਕ' ਦਾ ਨਾਂ ਬਦਲ ਕੇ ਮਨੁੱਖੀ ਹੱਕਾਂ ਲਈ ਸ਼ਹੀਦ ਹੋਏ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ 'ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ' ਰੱਖਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਜੈਕਾਰਾ ਮੂਵਮੈਂਟ ਬਹੁਤ ਸਮੇਂ ਤੋਂ ਵਿਕਟੋਰੀਆ ਪਾਰਕ ਦਾ ਨਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਣ ਲਈ ਸਿਟੀ ਕੌਂਸਲ ਉਤੇ ਜੋਰ ਪਾ ਰਿਹਾ ਸੀ। ਬੀਤੇ ਦਿਨੀਂ ਹੋਈ ਸਿਟੀ ਕੌਂਸਲ ਦੀ ਮੀਟਿੰਗ ਵਿਚ ਕੌਂਸਲ ਮੈਂਬਰਾਂ ਨੇ ਸਰਬ ਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਇਸ ਮੌਕੇ ਸਿਟੀ ਹਾਲ ਅੰਦਰ ਵੱਡੀ ਗਿਣਤੀ ਵਿਚ ਹਾਜ਼ਰ ਪੰਜਾਬੀ ਭਾਈਚਾਰੇ ਨੇ ਜੈਕਾਰਿਆਂ ਦੀ ਗੂੰਜ ਵਿਚ ਇਸ ਮਤੇ ਨੂੰ ਖੁਸ਼ੀ ਖੁਸ਼ੀ ਪ੍ਰਵਾਨਗੀ ਦਿੱਤੀ। ਪ੍ਰੋਗਰਾਮ ਵਿਚ ਭਾਈ ਖਾਲੜਾ ਦੀ ਬੇਟੀ ਨਵਕਿਰਨ ਕੌਰ ਨੇ ਬੇ-ਏਰੀਏ ਤੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਪੰਜਾਬੀ ਭਾਈਚਾਰੇ ਨੇ ਫਰਿਜ਼ਨੋ ਸਿਟੀ ਦੇ ਮੇਅਰ ਲੀ ਬਰੈਂਡ, ਕੌਂਸਲ ਮੈਂਬਰ ਕਲਿੰਟ ਓਲੀਵਰ, ਇਸਮਾਰਾਲੀਡਾ ਸੋਰਾਇਆ, ਓਲੀਵਰ ਬੇਜ਼, ਗੈਰੀ ਬਰੈਡਫੀਲਡ, ਪਾਲ ਕੈਪਰੀਗੋਲੋ ਦਾ ਇਸ ਇਤਿਹਾਸਕ ਫੈਸਲੇ ਲਈ ਸ਼ੁਕਰੀਆ ਅਦਾ ਕੀਤਾ। ਕੌਂਸਲ ਮੈਂਬਰ ਸਟੀਵ ਬਰੈਂਡਾਊ ਤੇ ਲੂਇਸ ਸ਼ਾਵੇਜ਼ ਇਸ ਮੀਟਿੰਗ ਵਿਚੋਂ ਗੈਰਹਾਜ਼ਰ ਰਹੇ।

ਜ਼ਿਕਰਯੋਗ ਹੈ ਕਿ ਇਹ ਪਾਰਕ ਕਲਿੰਟਨ ਅਤੇ ਬਰਾਲੀ ਸਟਰੀਟ ਦੇ ਕੌਰਨਰ 'ਤੇ ਸਥਿਤ ਹੈ। ਪਾਰਕ ਵਿਚ ਪੰਜਾਬੀ ਭਾਈਚਾਰੇ ਦੇ ਲੋਕ ਅਕਸਰ ਇਕੱਠੇ ਹੁੰਦੇ ਰਹਿੰਦੇ ਹਨ, ਖਾਸ ਕਰ ਪੰਜਾਬੀ ਬਜ਼ੁਰਗ ਹਰ ਰੋਜ਼ ਸ਼ਾਮੀ ਇਥੇ ਇਕੱਤਰ ਹੋ ਕੇ ਆਪਣੇ ਦੁੱਖ ਸੁੱਖ ਸਾਂਝੇ ਕਰਦੇ ਹਨ।




ਸਿਟੀ ਕੌਂਸਲ ਮੀਟਿੰਗ ਵਿਚ ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ

## ਅੰਨਾ ਹਜ਼ਾਰੇ ਵੱਲੋਂ ਮੁੜ ਅੰਦੋਲਨ ਦੀ ਤਿਆਰੀ

**ਨਵੀਂ ਦਿੱਲੀ:** ਸਮਾਜਿਕ ਕਾਰਜਕਰਤਾ ਅੰਨਾ ਹਜ਼ਾਰੇ ਨੇ ਇਕ ਵਾਰ ਫਿਰ ਲੋਕਪਾਲ ਸਬੰਧੀ ਅੰਦੋਲਨ ਕਰਨ ਫੈਸਲਾ ਕੀਤਾ ਹੈ ਤੇ ਇਸ ਸਬੰਧੀ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਕ ਚਿੱਠੀ ਵੀ ਲਿਖੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਲੋਕਪਾਲ ਤੇ ਲੋਕ ਕਮਿਸ਼ਨ ਦੀ ਨਿਯੁਕਤੀ ਸਬੰਧੀ ਕਦਮ ਨਾ ਉਠਾਉਣ ਦਾ ਦੋਸ਼ ਲਾਉਂਦਿਆਂ ਦਿੱਲੀ 'ਚ ਮੁੜ ਅੰਦੋਲਨ ਕਰਨ ਦਾ ਫੈਸਲਾ ਕੀਤਾ।

# ਬਾਬਾ ਬੂਟਾ ਰਾਮ ਧਰਮਸੋਤ ਦੀ 20ਵੀਂ ਬਰਸੀ 23 ਸਤੰਬਰ ਨੂੰ

**ਫਗਵਾੜਾ (ਬਿਊਰੋ):** ਆਪਣਾ ਸਾਰਾ ਜੀਵਨ ਸਮਾਜ ਸੇਵਾ ਨੂੰ ਸਮਰਪਿਤ ਕਰਨ ਵਾਲੇ ਉਘੇ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਦੀ 20ਵੀਂ ਬਰਸੀ ਮੁਹੱਲਾ ਧਰਮਕੋਟ,



ਫਗਵਾੜਾ ਵਿਖੇ ਆਉਂਦੀ 23 ਸਤੰਬਰ ਨੂੰ ਸਵੇਰੇ 11 ਵਜੇ ਮਨਾਈ ਜਾ ਰਹੀ ਹੈ।

ਸ. ਸਾਧੂ ਸਿੰਘ ਧਰਮਸੋਤ ਕੈਬਨਿਟ ਮੰਤਰੀ ਪੰਜਾਬ ਸਰਕਾਰ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ। ਸ. ਧਰਮਸੋਤ ਇਸ ਮੌਕੇ ਆਸ਼ਾ ਰਾਣੀ ਧਰਮਸੋਤ ਅਤੇ ਢੂੰਡਾ ਰਾਮ ਧਰਮਸੋਤ ਯਾਦਗਾਰੀ ਕਮਿਊਨਿਟੀ ਹਾਲ, ਜੋ ਉਨ੍ਹਾਂ ਦੇ ਪਰਿਵਾਰ ਵੱਲੋਂ ਮੁਕੰਮਲ ਕਰਵਾਇਆ ਗਿਆ ਹੈ, ਮੁਹੱਲਾ ਧਰਮਕੋਟ ਨਿਵਾਸੀਆਂ ਨੂੰ ਸਮਰਪਿਤ ਕਰਨਗੇ।

ਧਰਮਸੋਤ ਵੈੱਲਫੇਅਰ ਸੁਸਾਇਟੀ, ਫਗਵਾੜਾ ਦੇ ਪ੍ਰਧਾਨ ਅਸ਼ੋਕ ਕਮਲ ਧਰਮਸੋਤ ਅਤੇ ਕੌਂਸਲਰ ਦਰਸ਼ਨ ਲਾਲ ਧਰਮਸੋਤ ਨੇ ਦੱਸਿਆ ਕਿ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਯਾਦਗਾਰੀ ਸਮਾਜ ਸੇਵਾ ਪੁਰਸਕਾਰ ਸਮਾਜ ਸੇਵਾ ਦੇ ਖੇਤਰ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਪ੍ਰਦਾਨ ਕੀਤੇ ਜਾਣਗੇ।

# ਮੱਖਣ ਲੁਹਾਰ ਦਾ ਲਿਖਿਆ ਗੀਤ 'ਖੁਸ਼ੀ' ਰਿਲੀਜ਼

**ਸੈਕਰਾਮੈਂਟੋ (ਬਿਊਰੋ):** ਨਾਮੀ ਗੀਤਕਾਰ ਮੱਖਣ ਲੁਹਾਰ ਦਾ ਲਿਖਿਆ ਅਤੇ ਪੰਜਾਬੀ ਗਾਇਕਾ ਸੁਖਵੰਤ ਸੁੱਖੀ ਦਾ ਗਾਇਆ ਸੋਲੋ ਗੀਤ 'ਖੁਸ਼ੀ' ਐਮਟਰੈਕ ਕੰਪਨੀ ਨੇ ਰਿਲੀਜ਼ ਕੀਤਾ ਹੈ।




ਇਥੇ ਜ਼ਿਕਰਯੋਗ ਹੈ ਕਿ ਸੁਖਵੰਤ ਸੁੱਖੀ ਪੰਜਾਬ ਦੀ ਉਹ ਗਾਇਕਾ ਹੈ, ਜਿਸ ਨੇ ਤਵਿਆਂ ਦੇ ਯੁੱਗ ਤੋਂ ਲੈ ਕੇ ਪੰਜਾਬ ਦੇ ਸਿਰਮੌਰ ਗਾਇਕ ਕਰਤਾਰ ਰਮਲਾ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਤੇ ਹੋਰ ਕਈ ਗਾਇਕਾਂ ਨਾਲ ਗੀਤ ਗਾਏ ਹਨ। ਸੁੱਖੀ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸੰਗੀਤ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾਉਂਦੀ ਆ ਰਹੀ ਹੈ। ਉਸ ਨੇ ਪੰਜਾਬੀ ਸੰਗੀਤ ਜਗਤ ਨੂੰ ਹੁਣ ਤੱਕ ਕਈ ਸੁਪਰ ਡੁਪਰ ਹਿੱਟ ਗੀਤ ਦਿੱਤੇ ਹਨ।

ਐਮਟਰੈਕ ਪੰਜਾਬੀ ਸੰਗੀਤ ਦੇ ਖੇਤਰ ਵਿਚ ਸਰਗਰਮ ਕੰਪਨੀ ਹੈ। ਥੋੜ੍ਹੇ ਜਿਹੇ ਅਰਸੇ ਵਿਚ ਹੀ ਇਸ ਕੰਪਨੀ ਨੇ ਬਹੁਤ ਵਧੀਆ ਕੰਮ ਕੀਤਾ ਹੈ। ਕੰਪਨੀ ਦੇ ਕਰਤਾ ਧਰਤਾ ਗੀਤਕਾਰ ਮੱਖਣ ਲੁਹਾਰ ਦਾ ਨਾਮ ਜੁੜਿਆ ਹੋਣ ਕਰਕੇ ਇਸ ਕੰਪਨੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਹ ਕੰਪਨੀ ਉਚ ਪਾਏ ਦਾ ਸੰਗੀਤ ਹੀ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਮੁਹੱਈਆ ਕਰਵਾਏਗੀ। 'ਖੁਸ਼ੀ' ਗੀਤ ਯੂ ਟਿਊਬ 'ਤੇ ਜਾ ਕੇ Mtrack ਚੈਨਲ ਉਤੇ ਸੁਣਿਆ ਜਾ ਸਕਦਾ ਹੈ।

# 'ਆਪ' ਵੱਲੋਂ ਗੁਜਰਾਤ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

**ਅਹਿਮਦਾਬਾਦ:** ਆਮ ਆਦਮੀ ਪਾਰਟੀ (ਆਪ) ਨੇ ਐਲਾਨ ਕੀਤਾ ਹੈ ਕਿ ਉਹ ਨੇੜ ਭਵਿੱਖ ਵਿਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਲੜੇਗੀ।

ਪਾਰਟੀ ਕੇਂਦਰੀ ਲੀਡਰਸ਼ਿਪ ਵੱਲੋਂ ਨਿਰਧਾਰਤ ਸੀਟਾਂ ਉਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਆਪ ਦੇ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਇੰਚਾਰਜ ਅਤੇ ਦਿੱਲੀ ਦੇ ਮੰਤਰੀ ਗੋਪਾਲ ਰਾਏ ਨੇ ਦੱਸਿਆ ਕਿ ਪਾਰਟੀ ਦੇ ਸੂਬਾਈ ਅਤੇ ਕੇਂਦਰੀ ਆਗੂਆਂ ਵਿਚਕਾਰ ਹੋਈ ਮੀਟਿੰਗ ਵਿਚ ਗੁਜਰਾਤ ਵਿਧਾਨ ਸਭਾ ਚੋਣਾਂ ਲੜਨ ਬਾਰੇ ਫੈਸਲਾ ਹੋ ਗਿਆ ਹੈ।

ਰਸਮੀ ਤੌਰ ਉਤੇ ਪ੍ਰਚਾਰ ਸ਼ੁਰੂ ਕਰਨ ਲਈ ਪਾਰਟੀ 17 ਸਤੰਬਰ ਨੂੰ ਅਹਿਮਦਾਬਾਦ ਵਿਚ ਰੋਡ ਸ਼ੋਅ ਕਰੇਗੀ। ਗੁਜਰਾਤ ਦੀ 182 ਮੈਂਬਰੀ ਵਿਧਾਨ ਸਭਾ ਲਈ ਇਸ ਸਾਲ ਦੇ ਅਖੀਰ ਵਿਚ ਚੋਣਾਂ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਧਾਨ ਸਭਾ ਹਲਕੇ ਵਿਚੋਂ ਇਕੱਤਰ ਹੋਇਆ ਫੰਡ ਉਸ ਹਲਕੇ ਵਿਚ ਹੀ ਪ੍ਰਚਾਰ ਲਈ ਖਰਚਿਆ ਜਾਵੇਗਾ।

# ਟਮਾਟਰਾਂ ਦੀ ਫਸਲ ਦੀ ਕਟਾਈ ਮਸ਼ੀਨਾਂ ਨਾਲ ਹੋਣ ਕਾਰਨ ਕਾਮੇ ਵਿਹਲੇ ਹੋਏ



**ਫਰਿਜ਼ਨੋ (ਬਿਊਰੋ):** ਇਸ ਸਾਲ ਕੈਲੀਫੋਰਨੀਆ ਸਟੇਟ 'ਚ ਟਮਾਟਰਾਂ ਦੀ ਫਸਲ ਵਧੀਆ ਅਤੇ ਵਧੇਰੇ ਝਾੜ ਵਾਲੀ ਹੋਣ ਕਾਰਨ ਜਿਥੇ ਉਤਪਾਦਕ ਅਤੇ ਵਪਾਰੀ ਖੁਸ਼ ਹਨ, ਉਥੇ ਟਮਾਟਰ ਤੋੜਨ ਲਈ ਆਧੁਨਿਕ ਮਸ਼ੀਨਾਂ ਦੇ ਆ ਜਾਣ ਨਾਲ ਕਈ ਕਾਮਿਆਂ ਨੂੰ ਰੁਜ਼ਗਾਰ ਨਹੀਂ ਮਿਲਿਆ ਅਤੇ ਉਨ੍ਹਾਂ ਨੂੰ ਕਾਫੀ ਨਿਰਾਸ਼ਾ ਹੋਈ ਹੈ।

ਟਮਾਟਰਾਂ ਦੀ ਹਾਰਵੈਸਟਿੰਗ ਸਬੰਧੀ ਇਹ ਗੱਲ ਸਾਹਮਣੇ ਆਈ ਕਿ ਪਹਿਲਾਂ ਇਕ ਮਸ਼ੀਨ ਨੂੰ ਚਲਾਉਣ ਵਿਚ ਵੀਹ ਤੋਂ ਪੱਚੀ ਆਦਮੀ ਕੰਮ ਕਰਦੇ ਸਨ ਪਰ ਹੁਣ ਮਸ਼ੀਨ ਕੰਪਿਊਟਰਾਈਜ਼ਡ ਹੋਣ ਕਰਕੇ ਇਕ ਹੀ ਡਰਾਈਵਰ ਚਲਾ ਰਿਹਾ ਹੈ। ਚੰਗੇ ਤੇ ਮਾੜੇ ਟਮਾਟਰਾਂ ਦੀ ਛਾਂਟ-ਛਟਾਈ ਮਸ਼ੀਨ ਆਪ ਕਰਕੇ, ਮਾੜੇ ਤੇ ਕੱਚੇ ਟਮਾਟਰ ਆਪ ਹੀ ਬਾਹਰ ਸੁੱਟ ਦਿੰਦੀ ਹੈ। ਇਸ ਤੋਂ ਪਹਿਲਾਂ ਇਹ ਸਾਰਾ ਕਾਰਜ ਕਾਮੇ ਕਰਦੇ ਸਨ। ਇਸ ਤੋਂ ਬਾਅਦ ਟਮਾਟਰਾਂ ਨੂੰ ਬਾਹਰ ਪ੍ਰੋਸੈਸਿੰਗ ਕੰਪਨੀਆਂ ਵਿਚ ਭੇਜ ਦਿੱਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਸੈਂਟਰਲ ਵੈਲੀ ਉਪਜਾਊ ਧਰਤੀ ਅਤੇ ਚੰਗਾ ਵਾਤਾਵਰਣ ਹੋਣ ਕਰਕੇ ਸਬਜ਼ੀਆਂ ਦੀ ਖੇਤੀ ਵਿਚ ਅਮਰੀਕਾ ਭਰ ਵਿਚ ਸਭ ਤੋਂ ਅੱਗੇ ਹੈ। ਇਥੋਂ ਹੀ ਬਹੁਤ ਸਾਰੇ ਫਲ, ਸਬਜ਼ੀਆਂ ਅਤੇ ਫਰੂਟ ਦੇਸ਼ ਭਰ 'ਚ ਭੇਜੇ ਜਾਂਦੇ ਹਨ। ਸਟੇਟ ਵਿਚ ਇਸ ਸਾਲ ਪਾਣੀ 'ਤੇ ਲੱਗੀ ਸਰਕਾਰੀ ਰੋਕ ਹਟ ਜਾਣ ਨਾਲ ਖੇਤੀ ਬਾੜੀ ਦਾ ਰਕਬਾ ਵੀ ਵਧ ਗਿਆ ਅਤੇ ਟਮਾਟਰਾਂ ਦੀ ਫਸਲ ਚੰਗੀ-ਚੋਖੀ ਹੋਈ।

# ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਦੇ ਲੋਕਾਂ ਵਿਚ ਬੇਚੈਨੀ ਵਧਾਈ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਲੋਕਾਂ ਵਿਚ ਬੇਚੈਨੀ ਤੇ ਨਿਰਾਸ਼ਾ ਵਧੀ ਹੈ। ਮੋਦੀ ਸਰਕਾਰ ਆਉਣ ਮਗਰੋਂ ਇਥੋਂ ਦੇ ਹਾਲਾਤ ਹੋਰ ਵਿਗੜੇ ਹਨ। ਕਸ਼ਮੀਰੀਆਂ ਦੀਆਂ ਭਾਰਤ ਸਰਕਾਰ ਤੋਂ ਉਮੀਦਾਂ ਨੂੰ ਠੇਸ ਲੱਗੀ ਹੈ। ਇਹ ਖੁਲਾਸਾ ਯਸ਼ਵੰਤ ਸਿਨ੍ਹਾ ਦੇ ਅਗਵਾਈ ਹੇਠ ਜੰਮੂ-ਕਸ਼ਮੀਰ ਦੀ ਯਾਤਰਾ ਕਰਨ ਵਾਲੇ ਮਸ਼ਹੂਰ ਸ਼ਖਸੀਅਤਾਂ ਦੇ ਗਰੁੱਪ ਨੇ ਕੀਤਾ ਹੈ। ਇਨ੍ਹਾਂ ਸ਼ਖਸੀਅਤਾਂ ਮੁਤਾਬਕ ਉਨ੍ਹਾਂ ਦੀ ਪਹਿਲਾਂ ਦੀ ਯਾਤਰਾ ਮੁਕਾਬਲੇ ਹਾਲਤ ਜ਼ਿਆਦਾ ਮਾੜੀ ਹੋਈ ਹੈ। ਕੰਨਸੱਰਡ ਸਿਟੀਜ਼ਨ ਗਰੁੱਪ (ਸੀ.ਸੀ.ਜੀ.) ਨੇ ਕਿਹਾ ਕਿ 17-19 ਅਗਸਤ ਵਿਚ ਰਾਜ ਦੀ ਯਾਤਰਾ ਦੌਰਾਨ ਪ੍ਰਮੁੱਖ ਰਾਜਨੀਤਕ ਦਲਾਂ ਦੇ ਆਗੂਆਂ, ਵਿਦਿਆਰਥੀਆਂ ਤੇ ਆਮ ਲੋਕਾਂ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਹੀ ਸੀ.ਸੀ.ਜੀ. ਨੇ ਰਿਪੋਰਟ ਜਾਰੀ ਕੀਤੀ।

ਇਸ ਗਰੁੱਪ ਵਿਚ ਸਿਨ੍ਹਾ, ਏਅਰ ਵਾਈਸ ਮਾਰਸ਼ਲ (ਰਿਟਾਇਰ) ਕਪਿਲ ਕਾਕ, ਸੁਸ਼ੋਭਾ ਬਾਰਵੇ ਸੈਂਟਰਲ ਫਾਰ ਡਾਇਲਾਗ ਐਂਡ ਰਿਕੰਸਿਲਿਏਸ਼ਨ ਦੇ ਕਾਰਜਕਾਰੀ ਡਾਇਰੈਕਟਰ ਤੇ ਪੱਤਰਕਾਰ ਭਾਰਤ ਭੂਸ਼ਣ ਸ਼ਾਮਲ ਹਨ।




# ਗੁਰਦੁਆਰਾ ਸੈਨ ਹੋਜੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਦੀਆਂ ਰੌਣਕਾਂ

**ਸੈਨ ਹੋਜੇ (ਬਿਊਰੋ):** ਗੁਰਦੁਆਰਾ ਸੈਨ ਹੋਜੇ ਵਿਖੇ ਸਿੱਖ ਸੰਗਤ ਨੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ। ਇਸ ਸਬੰਧੀ ਸਜਾਏ ਦੂਜੇ ਸਾਲਾਨਾ ਨਗਰ ਕੀਰਤਨ ਮੌਕੇ ਸੰਗਤ ਨੇ ਭਰਪੂਰ ਹਾਜ਼ਰੀ ਲਵਾਈ। ਇਹ ਨਗਰ ਕੀਰਤਨ ਨਵੀਂ ਨਾਮਕਰਨ ਹੋਈ 'ਗੁਰਦੁਆਰਾ ਐਵਨਿਊ' ਤੋਂ ਇਲਾਵਾ ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਲੰਘਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।




ਇਸ ਮੌਕੇ ਅਰਦਾਸ ਦੀ ਰਸਮ ਭਾਈ ਧਰਮ ਸਿੰਘ (ਹਜ਼ੂਰੀ ਅਰਦਾਸੀਆ ਸ੍ਰੀ ਦਰਬਾਰ ਸਾਹਿਬ) ਨੇ ਨਿਭਾਈ। ਨਗਰ ਕੀਰਤਨ ਦੌਰਾਨ ਖਾਲਸਾ ਸਕੂਲ ਅਤੇ ਬੁਆਏਜ਼ ਸਕਾਊਟ ਵੱਲੋਂ ਵੱਖ-ਵੱਖ ਫਲੋਟ ਸਜਾਏ ਗਏ ਸਨ। ਸੰਗਤਾਂ ਵਾਹਿਗੁਰੂ ਦਾ ਜਾਪ ਕਰਦੀਆਂ ਪਾਲਕੀ ਦੇ ਪਿਛੇ ਪਿਛੇ ਚੱਲ ਰਹੀਆਂ ਸਨ। ਰਸਤੇ ਵਿਚ ਸੰਗਤ ਦੀ ਸੇਵਾ ਲਈ ਭਾਂਤ ਭਾਂਤ ਦੇ ਖਾਣੇ ਹਾਜ਼ਰ ਸਨ। ਪਾਣੀ ਵਰਤਾ ਰਹੇ ਸੇਵਾਦਾਰ, ਖਾਸ ਕਰ ਬੱਚੇ ਸੇਵਾ ਵਿਚ ਪੂਰੇ ਮਸ਼ਰੂਫ ਸਨ।

ਸ੍ਰੀ ਦਰਬਾਰ ਸਾਹਿਬ ਦੇ ਮਾਡਲ ਵਾਲਾ ਫਲੋਟ ਸਭ ਤੋਂ ਵੱਧ ਖਿਚ ਦਾ ਕੇਂਦਰ ਸੀ। ਇਸ ਤੋਂ ਪਹਿਲਾਂ ਕੈਲੀਫੋਰਨੀਆ ਗਤਕਾ ਦਲ ਨੇ ਗਤਕਾ ਮੁਕਾਬਲੇ ਕਰਵਾਏ ਗਏ ਅਤੇ ਮਗਰੋਂ ਗਤਕਾ ਦਲ ਨੇ ਨਗਰ ਕੀਰਤਨ ਵਿਚ ਵੀ ਸ਼ਿਰਕਤ ਕੀਤੀ।



ਨਗਰ ਕੀਰਤਨ ਵਿਚ ਸਿੱਖ ਮੋਟਰ ਸਾਈਕਲ ਕਲੱਬ ਵਾਲੇ ਵੀ ਸ਼ਾਮਲ ਹੋਏ। ਭਾਈ ਸਰਬਜੀਤ ਸਿੰਘ ਲਾਡੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਅਤੇ ਭਾਈ ਹਰਚਰਨ ਸਿੰਘ ਖਾਲਸਾ ਨੇ ਤਕਰੀਬਨ ਤਿੰਨ ਘੰਟੇ ਕੀਰਤਨ ਕੀਤਾ।







ਪਾਣੀ ਦੀ ਸੇਵਾ ਕਰਦੇ ਹੋਏ ਬੱਚੇ ਤੇ ਨੌਜਵਾਨ












# ਸਾਊਥ-ਈਸਟ ਟੈਕਸਸ ਦੇ ਹੜ੍ਹ ਪੀੜਤਾਂ ਲਈ ਰਸਦ ਤੇ ਹੋਰ ਸਮਾਨ ਦੇ ਟਰੱਕ ਰਵਾਨਾ

**ਫਰਿਜ਼ਨੋ (ਬਿਊਰੋ):** 'ਮਾਨਸ ਕੀ ਜਾਤ ਸਬੈ ਇਕੋ ਪਹਿਚਾਨਬੋ' ਦੇ ਉਪਦੇਸ਼ 'ਤੇ ਪਹਿਰਾ ਦਿੰਦਿਆਂ ਸਥਾਨਕ ਸੰਸਥਾ 'ਜੈਕਾਰਾ ਮੂਵਮੈਂਟ' ਵਲੋਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਅਤੇ ਗੁਰਦੁਆਰਾ ਨਾਨਕ ਪ੍ਰਕਾਸ਼ ਫਾਊਲਰ ਵਿਖੇ ਹਿਊਸਟਨ ਦੇ ਹੜ੍ਹ ਪੀੜਤਾਂ ਦੀ ਮਦਦ ਲਈ



ਕੁਲੈਕਸ਼ਨ ਸੈਂਟਰ ਖੋਲ੍ਹੇ ਗਏ ਹਨ। ਵੱਡੀ ਗਿਣਤੀ ਵਿਚ ਪੰਜਾਬੀ ਅਤੇ ਹੋਰ ਭਾਈਚਾਰਿਆਂ ਨਾਲ ਸਬੰਧਤ ਲੋਕ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਕੰਮ ਆਉਣ ਵਾਲਾ ਸਮਾਨ ਜਮਾਂ ਕਰਵਾ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਹਰੀਕੇਨ ਹਾਰਵੇ ਕਾਰਨ ਭਾਰੀ ਹੜ੍ਹਾਂ ਨਾਲ ਸਾਊਥ ਈਸਟ ਟੈਕਸਸ ਵਿਚ ਵੱਡੀ ਤਬਾਹੀ ਮਚੀ ਸੀ, ਪੰਜਾਹ ਦੇ ਕਰੀਬ ਲੋਕ ਮਾਰੇ ਗਏ ਸਨ, ਦਰਜਨਾਂ ਲੋਕੀਂ ਹਾਲੇ ਵੀ ਗੁੰਮ ਹਨ। ਤੀਹ ਹਜ਼ਾਰ ਘਰਾਂ ਵਿਚ ਬਿਜਲੀ ਗੁੱਲ ਹੈ ਅਤੇ ਹਜਾਰਾਂ ਲੋਕ ਬੇਘਰ ਹਨ।

ਸੰਸਥਾ ਦੇ ਬੁਲਾਰੇ ਇਕਬਾਲ ਬੈਂਸ ਨੇ ਕਿਹਾ ਕਿ ਅਸੀਂ ਇੱਕ ਯੂ ਹਾਲ ਟਰੇਲਰ ਅਤੇ ਪਿੱਕਅਪ ਟਰੱਕ ਲਿਜਾਣ ਬਾਰੇ ਸੋਚਿਆ ਸੀ, ਪਰ ਜਦੋਂ ਸੋਸ਼ਲ ਮੀਡੀਏ ਰਾਹੀਂ ਜਾਣਕਾਰੀ ਲੋਕਾਂ ਤੱਕ ਪਹੁੰਚੀ ਤਾਂ ਸਮਾਨ ਦੇ ਦੋ 53 ਫੁੱਟੇ ਟਰੇਲਰ ਭਰ ਗਏ। ਉਨ੍ਹਾਂ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਅਤੇ 'ਆਪਕਾ' ਸੰਸਥਾ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਦੋਹਾਂ ਸੰਸਥਾਵਾਂ ਨੇ ਦਸ ਹਜ਼ਾਰ ਡਾਲਰ ਦਾ ਵੱਡਾ ਯੋਗਦਾਨ ਪਾ ਕੇ ਇਸ ਕਾਰਜ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿਚ ਸਾਡਾ ਸਾਥ ਦਿੱਤਾ ਹੈ।



ਪੀ.ਸੀ.ਏ. ਮੈਂਬਰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਆਪਣੀਆਂ ਡਿਊਟੀਆਂ ਨਿਭਾ ਰਹੇ ਹਨ ਅਤੇ ਦੂਜਾ ਟਰੇਲਰ ਭਰਨ ਲਈ ਪੂਰੇ ਉਤਸ਼ਾਹਿਤ ਹਨ। ਉਨ੍ਹਾਂ ਲੋਕਾਂ ਨੂੰ ਬੇਨਤੀ ਕੀਤੀ ਕਿ ਪੁਰਾਣਾ ਸਮਾਨ ਨਾ ਲਿਆਂਦਾ ਜਾਵੇ, ਖਾਸ ਕਰ ਕੱਪੜੇ ਵਗੈਰਾ। ਉਨ੍ਹਾਂ ਪਾਣੀ, ਸੋਡਾ, ਗੇਟਰੇਡ, ਡਾਇਪਰ, ਸੈਨੇਟਾਈਜ਼ਰ ਅਤੇ ਕੈਨ ਫੂਡ ਦਾਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬੀ ਸੰਸਥਾਵਾਂ ਨੂੰ ਵੀ ਇਸ ਕਾਰਜ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਟਰੱਕਰ ਸੁਰਜੀਤ ਘੋਲੀਆ ਤੇ ਦਲਜੀਤ ਸਿੰਘ ਸਿੱਧੂ ਦਾ ਟਰਾਂਸਪੋਰਟ ਸਾਧਨਾਂ ਲਈ ਧੰਨਵਾਦ ਕੀਤਾ।

ਪੀ.ਸੀ.ਏ. ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ ਪੀ.ਸੀ.ਏ. ਅਤੇ 'ਆਪਕਾ' ਗਰੁਪ ਕੋਈ 16,000 ਹਜਾਰ ਡਾਲਰ ਇਨ੍ਹਾਂ ਰਾਹਤ ਕਾਰਜਾਂ ਲਈ ਖਰਚ ਚੁਕਾ ਹੈ ਅਤੇ ਆਸ ਹੈ, ਕਰੀਬ 20 ਹਜਾਰ ਡਾਲਰ ਦੀ ਰਾਹਤ ਸਮੱਗਰੀ ਦੂਜੇ ਟਰੇਲਰ ਜਰੀਏ ਫਰਿਜ਼ਨੋ ਦੀ ਸੰਗਤ ਵੱਲੋਂ ਸਾਊਥ ਈਸਟ ਟੈਕਸਸ ਲਈ ਰਵਾਨਾ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਮੌਕਾ ਸਿੱਖ ਪਹਿਚਾਣ ਲਈ ਵੀ ਮੀਲ ਪੱਥਰ ਸਾਬਤ ਹੋਵੇਗਾ।

## ਯੂਬਾ ਸਿਟੀ ਦੀ ਸੰਗਤ ਨੇ ਰਸਦ ਭੇਜੀ

**ਯੂਬਾ ਸਿਟੀ (ਬਿਊਰੋ):** ਨਜ਼ਦੀਕੀ ਕਸਬਿਆਂ-ਲਾਈਵ ਓਕ ਅਤੇ ਗਰਿਡਲੀ ਦੀਆਂ ਸੰਗਤਾਂ ਨੇ ਹਿਊਸਟਨ, ਟੈਕਸਸ ਦੇ ਹੜ੍ਹ ਪੀੜਤਾਂ ਲਈ ਰਸਦ-ਪਾਣੀ ਅਤੇ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਸਾਮਾਨ ਦਾ ਇਕ ਟਰੱਕ ਭੇਜਿਆ ਹੈ। ਭੇਜੇ ਗਏ ਸਾਮਾਨ ਵਿਚ ਪਾਣੀ, ਜੂਸ, ਬਿਸਕੁਟ, ਸੀਰੀਅਲ, ਕੰਬਲ, ਡਾਇਪਰ ਸਮੇਤ ਹੋਰ ਨਿੱਕ-ਸੁਕ ਸ਼ਾਮਲ ਹੈ।

ਟਰੱਕ ਰਵਾਨਾ ਕਰਨ ਮੌਕੇ ਯੂਬਾ ਸਿਟੀ ਦੇ ਮੇਅਰ ਅਤੇ ਕਾਊਂਟੀ ਦੇ ਸੁਪਰਵਾਈਜ਼ਰ ਵੀ ਹਾਜ਼ਰ ਸਨ। ਟਰੱਕ ਲੈ ਕੇ ਜਾਣ ਵਾਲੇ ਭਾਈ ਸਤਨਾਮ ਸਿੰਘ ਸਮੇਤ ਹੋਰ ਸੰਗਤ ਨੇ ਗੁਰੂ ਘਰ ਵਿਖੇ ਅਰਦਾਸ ਕੀਤੀ। ਗੁਰੂ ਘਰ ਦੀ ਕਮੇਟੀ ਨੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਹੈ।






# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ

*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:

ਪਾਲ ਫੋਨ 1-800-705-3863



**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc. Minneapolis, MN 55426**




# ਸੱਤ ਪੀੜ੍ਹੀਆਂ ਦਾ ਸੁਰ

## ਸ਼ੁਜਾਤ ਹੁਸੈਨ ਖਾਨ ਦੀ ਸੰਗੀਤ ਦੁਨੀਆਂ

ਆਮਨਾ ਕੌਰ

ਕਲਕੱਤਾ (ਕੋਲਕਾਤਾ) ਵਿਚ 19 ਮਈ 1960 ਨੂੰ ਜਨਮੇ ਸਿਤਾਰਵਾਦਕ ਸ਼ੁਜਾਤ ਹੁਸੈਨ ਖਾਨ ਦੀ ਸੰਗੀਤ ਵਿਰਾਸਤ ਸੱਤ ਪੀੜ੍ਹੀਆਂ ਤੱਕ ਫੈਲੀ ਹੋਈ ਹੈ। ਉਸ ਦੇ ਪਿਤਾ ਉਸਤਾਦ ਵਿਲਾਇਤ ਖਾਨ, ਦਾਦਾ ਉਸਤਾਦ ਇਨਾਇਤ ਖਾਨ, ਨੱਕੜ ਦਾਦਾ ਉਸਤਾਦ ਇਮਦਾਦ ਖਾਨ ਅਤੇ ਨੱਕੜ ਨੱਕੜ ਦਾਦਾ ਉਸਤਾਦ ਸਾਹਿਬਦਾਦ ਖਾਨ ਆਪਣੇ ਜ਼ਮਾਨੇ ਦੇ ਉਮਦਾ ਕਲਾਕਾਰ ਰਹੇ ਹਨ। ਇਨ੍ਹਾਂ ਦਾ ਸਬੰਧ ਇਮਦਾਦਖਾਨੀ ਘਰਾਣੇ ਨਾਲ ਰਿਹਾ ਹੈ ਜਿਸ ਦੀਆਂ ਜੜ੍ਹਾਂ ਮੈਮਨ ਸਿੰਘ (ਹੁਣ ਵਾਲਾ ਬੰਗਲਾਦੇਸ਼) ਵਿਚ ਲੱਗੀਆਂ। ਸ਼ੁਜਾਤ ਖਾਨ ਦਾ ਭਰਾ ਹਦਾਇਤ ਖਾਨ ਵੀ ਸਿਤਾਰਵਾਦਕ ਹੈ ਅਤੇ ਉਸ ਦੀਆਂ ਦੋ ਭੈਣਾਂ ਜ਼ਿਲਾ ਖ਼ਾਨ ਤੇ ਯਮਨ ਖਾਨ ਉਘੀਆਂ ਸੂਫ਼ੀ ਗਾਇਕਾਵਾਂ ਹਨ। ਸਾਰੇ ਟੱਬਰ ਦੀ ਸੰਸਾਰ ਭਰ ਵਿਚ ਤੂਤੀ ਬੋਲਦੀ ਹੈ।

ਸ਼ੁਜਾਤ ਹੁਸੈਨ ਖਾਨ ਦਾ ਸ਼ੁਮਾਰ ਉਤਰੀ ਭਾਰਤ ਦੇ ਮਸ਼ਹੂਰ ਸੰਗੀਤਕਾਰਾਂ ਵਿਚ ਹੁੰਦਾ ਹੈ। ਉਸ ਦਾ ਸਿਤਾਰਵਾਦਨ ਦਾ ਵੀ ਆਪਣਾ ਅਲੱਗ ਅੰਦਾਜ਼ ਹੈ ਜੋ ਅੱਜ ਕੱਲ੍ਹ 'ਗਾਇਕੀ ਅੰਗ' ਵਜੋਂ ਚਰਚਿਤ ਹੈ। ਉਸ ਦੀ ਆਵਾਜ਼ ਵੀ ਕੀਲਣ ਵਾਲੀ ਹੈ। ਸ਼ੁਜਾਤ ਖਾਨ ਉਦੋਂ ਮਸਾਂ ਤਿੰਨ ਵਰ੍ਹਿਆਂ ਦਾ ਸੀ ਜਦੋਂ ਉਸ ਦੀ ਸੰਗੀਤ ਸਿਖਲਾਈ ਸ਼ੁਰੂ ਹੋ ਗਈ। ਉਸ ਵੇਲੇ ਉਹਨੇ ਛੋਟੀ ਸਿਤਾਰ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ ਸੀ, ਪਰ ਛੇ ਸਾਲ ਦੀ ਉਮਰ ਤੱਕ ਪੁੱਜਦਿਆਂ ਉਹ ਪ੍ਰਤਿਭਾਸ਼ਾਲੀ ਸਿਤਾਰਵਾਦਕ ਵਜੋਂ ਉਭਰ ਆਇਆ ਅਤੇ ਉਸ ਨੇ ਸਮਾਗਮਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਸ਼ੁਜਾਤ ਖਾਨ ਨੇ ਭਾਰਤ ਤੋਂ ਇਲਾਵਾ ਏਸ਼ੀਆ, ਅਫਰੀਕਾ, ਉਤਰੀ ਅਮਰੀਕਾ ਅਤੇ ਯੂਰਪ ਦੇ ਵੱਡੇ ਅਤੇ ਵਕਾਰੀ ਸੰਗੀਤ ਮੇਲਿਆਂ ਵਿਚ ਸ਼ਿਰਕਤ ਕੀਤੀ ਹੈ। ਦੁਨੀਆਂ ਭਰ ਵਿਚ ਉਸ ਦੇ ਦਹਿ-ਲੱਖ ਪ੍ਰਸ਼ੰਸਕ ਹਨ। ਸ਼ੁਜਾਤ ਖਾਨ ਨੇ 2010 ਵਿਚ ਆਸ਼ਾ ਭੌਸਲੇ ਨਾਲ ਰਲ ਕੇ ਐਲਬਮ 'ਨਇਨਾ ਲਗਾਈ ਕੇ' ਤਿਆਰ ਕੀਤੀ ਅਤੇ ਦੋਵਾਂ ਨੇ ਲੰਡਨ ਦੇ ਰੌਇਲ ਫੈਸਟੀਵਲ ਹਾਲ ਵਿਚ ਮਿਸਾਲੀ ਪ੍ਰੋਗਰਾਮ ਕੀਤਾ। ਇਹ ਐਲਬਮ ਚੋਟੀ ਦੀਆਂ ਦਸ ਐਲਬਮਾਂ ਵਿਚ ਸ਼ੁਮਾਰ ਕੀਤੀ ਜਾਂਦੀ ਹੈ। ਹੁਣ ਤੱਕ ਉਹ 60 ਤੋਂ ਉਪਰ ਐਲਬਮਾਂ ਰਿਕਾਰਡ ਕਰ ਚੁੱਕਾ ਹੈ। 2007 ਵਿਚ ਭਾਰਤ ਦੇ 60ਵੇਂ ਆਜ਼ਾਦੀ ਦਿਵਸ ਸਮਾਗਮ ਦੌਰਾਨ ਉਸ ਨੇ ਨਿਊ ਯਾਰਕ ਦੇ ਕਾਰਨੇਗੀ ਹਾਲ ਵਿਚ ਆਪਣੀ ਯਾਦਗਾਰੀ ਪੇਸ਼ਕਾਰੀ ਦਿੱਤੀ ਸੀ। ਇਰਾਨ ਦੇ ਸੰਗੀਤਕਾਰ ਕੇਹਨ ਕੁਲਹਰ ਨਾਲ ਮਿਲ ਕੇ ਉਸ ਨੇ ਜਿਹੜੀ ਐਲਬਮ ਤਿਆਰ ਕੀਤੀ, ਉਹ ਗਰੈਮੀ ਅਵਾਰਡ ਲਈ ਨਾਮਜ਼ਦ ਹੋਈ। ਉਸ ਦੇ ਪਰਿਵਾਰਕ ਪਿਛੋਕੜ ਬਾਰੇ ਦਸਤਾਵੇਜ਼ੀ ਫਿਲਮ 'ਖਾਨਦਾਨ' ਵੀ ਤਿਆਰ ਕੀਤੀ ਗਈ। ਉਸ ਦੀਆਂ ਕੁਝ ਅਹਿਮ ਐਲਬਮਾਂ ਦੇ ਨਾਮ ਹਨ: ਵੇਟਿੰਗ ਫਾਰ ਲਵ, ਰੂਬੀ, ਸਪਰਿੰਗ, ਡਾਅਨਿੰਗ।


ਸ਼ੁਜਾਤ ਹੁਸੈਨ ਖਾਨ


ਸ਼ੁਜਾਤ ਹੁਸੈਨ ਖਾਨ ਆਪਣੇ ਅੱਬਾ ਉਸਤਾਦ ਵਿਲਾਇਤ ਖਾਨ ਨਾਲ।

ਇਮਦਾਦਖਾਨੀ ਘਰਾਣੇ ਦਾ ਸਬੰਧ ਸਿਤਾਰ ਅਤੇ ਸੁਰਬਹਾਰ ਨਾਲ ਹੈ। ਇਸ ਦੇ ਮੋਢੀ ਇਮਦਾਦ ਖਾਨ (1848-1920) ਸਨ। ਇਹ ਘਰਾਣਾ ਇਟਾਵਾ ਘਰਾਣੇ ਵਜੋਂ ਵੀ ਮਸ਼ਹੂਰ ਹੈ। ਇਮਦਾਦ ਖਾਨ ਦਾ ਰਹਿਣ ਬਸੇਰਾ ਅਗਰਾ ਨੇੜਲਾ ਕਸਬਾ ਇਟਾਵਾ ਸੀ ਅਤੇ ਇਸ ਕਸਬੇ ਦੇ ਨਾਂ 'ਤੇ ਹੀ ਉਸ ਦੇ ਸੰਗੀਤ ਘਰਾਣੇ ਦਾ ਨਾਂ ਚੱਲ ਪਿਆ। ਫਿਰ ਇਨਾਇਤ ਖਾਨ ਜਦੋਂ ਕੋਲਕਾਤਾ ਪਹੁੰਚੇ ਤਾਂ ਉਥੇ ਵੀ ਇਸ ਘਰਾਣੇ ਦੀ ਜੜ੍ਹ ਲੱਗ ਗਈ। ਬਾਅਦ ਵਿਚ ਵਾਹਿਦ ਖਾਨ ਅਤੇ ਵਿਲਾਇਤ ਖਾਨ ਨੇ ਘਰਾਣੇ ਦੀਆਂ ਜੜ੍ਹਾਂ ਹੈਦਰਾਬਾਦ, ਇੰਦੌਰ ਅਤੇ ਮੁੰਬਈ ਵਿਚ ਲਾ ਦਿੱਤੀਆਂ। ਇਸ ਘਰਾਣੇ ਨੂੰ ਸੁਰਬਾਹਰ ਵਿਚ ਕੀਤੀਆਂ ਤਬਦੀਲੀਆਂ ਕਰ ਕੇ ਵੀ ਜਾਣਿਆ ਜਾਂਦਾ ਹੈ। ਵਿਲਾਇਤ ਖਾਨ ਨੇ ਤਾਂ ਸਿਤਾਰ ਨੂੰ ਇਸ ਮੁਕਾਮ ਤੱਕ ਪਹੁੰਚਾ ਦਿੱਤਾ ਕਿ ਉਨ੍ਹਾਂ ਦਾ ਗਾਇਨ ਸਟਾਈਲ ਵਿਲਾਇਤ ਖਾਨੀ ਸਿਤਾਰ ਵਜੋਂ ਮਸ਼ਹੂਰ ਹੋ ਗਿਆ।

ਇਸ ਸੰਗੀਤ ਘਰਾਣੇ ਦੇ ਉਘੇ ਕਲਾਕਾਰਾਂ ਵਿਚ ਇਮਰਤ ਖਾਨ, ਸ਼ਾਹਿਦ ਪਰਵੇਜ਼, ਨਿਸ਼ਾਤ ਖਾਨ, ਰਾਸ਼ਿਦ ਖਾਨ, ਵਜਾਹਤ ਖਾਨ ਦੇ ਨਾਂ ਸ਼ਾਮਲ ਸਨ। ਜ਼ਿਲਾ ਖਾਨ ਇਸ ਪਰਿਵਾਰ ਦੀ ਪਹਿਲੀ ਔਰਤ ਕਲਾਕਾਰ ਹੋ ਨਿਬੜੀ। ਭਾਰਤੀ ਕਲਾਸੀਕਲ ਸੰਗੀਤ, ਪੱਛਮ ਦੇ ਵਿਹੜੇ ਵਿਚ ਕਾਮਯਾਬੀ ਨਾਲ ਉਤਾਰਨ ਵਾਲਿਆਂ ਵਿਚ ਸ਼ੁਜਾਤ ਖਾਨ ਦੇ ਪਿਤਾ ਵਿਲਾਇਤ ਖਾਨ (28 ਅਗਸਤ 1928-13 ਮਾਰਚ 2004) ਤੋਂ ਇਲਾਵਾ ਉਸ ਦੇ ਭਰਾ ਇਮਰਤ ਖਾਨ, ਰਵੀ ਸ਼ੰਕਰ, ਅਲੀ ਅਕਬਰ ਖਾਨ ਅਤੇ ਨਿਖਲ ਬੈਨਰਜੀ ਵਰਗੇ ਕਲਾਕਾਰਾਂ ਦਾ ਨਾਂ ਵੀ ਵੱਜਦਾ ਹੈ। ਆਪਣੇ ਅੱਬਾ ਦੀ ਇਸ ਪਰੰਪਰਾ ਨੂੰ ਸ਼ੁਜਾਤ ਹੁਸੈਨ ਖਾਨ ਹੁਣ ਬਾਖ਼ੂਬੀ ਨਿਭਾਅ ਰਿਹਾ ਹੈ।



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਸਤੰਬਰ 2017** ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-290



*ਤਿਹ-ਮੋਹ ਕਿੰਨਾ ਜਾਪ ਰਿਹਾ ਏ ਦੋਹਾਂ ਯਾਰਾਂ ਵਾਲਾ।*
*ਰੰਗ ਨਸਲ ਦਾ ਫਰਕ ਮਿਟਾਵੇ ਰਿਸ਼ਤਾਂ ਪਿਆਰਾਂ ਵਾਲਾ।*

## ਕੈਪਸ਼ਨ ਮੁਕਾਬਲਾ-288



ਸਹਿਣਸ਼ੀਲਤਾ ਦਾ ਸਬਕ ਸਭ ਨੂੰ
ਜਾਪੇ ਇਹ ਤਸਵੀਰ ਪੜ੍ਹਾਵੇ।
ਪਸ਼ੂ ਵੀ ਕਰਨਾ ਪਿਆਰ ਸਿੱਖ ਗਏ
ਪਰ ਬੰਦੇ ਨੂੰ ਸਮਝ ਨਾ ਆਵੇ।
ਬਣ ਹੈਵਾਨ ਹੋਇਆ ਜਾਨ ਦਾ ਵੈਰੀ
ਹੁੰਦੇ ਬੋਲੀ, ਧਰਮ 'ਤੇ ਨਿਤ ਦੰਗੇ।
ਐਵੇਂ ਇਨਸਾਨ ਬਣਾਇਆ ਰੱਬ ਨੇ
ਤੈਥੋਂ ਪਸ਼ੂ ਸੌ ਦਰਜਾ ਚੰਗੇ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ***

---

ਆਖਣ ਨੂੰ ਤਾਂ ਬੰਦਾ ਖੁਦ ਨੂੰ
ਧਰਤੀ ਦਾ ਸਰਦਾਰ ਕਹਾਵੇ।
ਪਰ ਨਫਰਤ ਦੀ ਭੱਠੀ ਦੇ ਵਿਚ
ਆਪਣੇ ਆਪ ਨੂੰ ਸਾੜੀ ਜਾਵੇ।
ਜਾਤ-ਨਸਲ ਦੇ ਪਾ ਪੁਆੜੇ
ਇੱਕ-ਦੂਜੇ ਨਾਲ ਵੈਰ ਕਮਾਵੇ।
ਜਾਨਵਰਾਂ ਤੋਂ ਹੀ ਸਿੱਖ ਲਵੇ ਕੁਝ
ਦੁਨੀਆਂ ਆਪਣੀ ਸਵਰਗ ਬਣਾਵੇ।
***-ਜਗਮੀਤ ਸਿੰਘ ਪੰਧੇਰ***

---

ਮਨੁੱਖ ਨਾਲੋਂ ਹੋ'ਗੇ ਜਾਨਵਰ ਸਿਆਣੇ,
ਮਿਲੇ ਸ਼ਾਹੀ ਠਾਠ ਤੇ ਸ਼ਾਹੀ ਖਾਣੇ,
ਕੁੱਤਾ-ਬਿੱਲੀ ਵਾਲੇ ਭੁੱਲੇ ਵੈਰ ਪੁਰਾਣੇ।
ਮਾਲਕ ਦਾ ਇਹ ਸ਼ੁਕਰ ਮਨਾਉਣ,
ਪਾ ਕੇ ਜੱਫੀ ਅਰਾਮ ਫੁਰਮਾਉਣ।
***-ਦਵਿੰਦਰ ਕੌਰ***

---

ਮੁਹੱਬਤ ਦੀ ਰੁੱਤ ਹੈ ਸਦਾ ਬਹਾਰ
ਡਿੱਕ-ਡੋਲੇ ਖਾ ਮੰਜ਼ਿਲ 'ਤੇ ਚੜ੍ਹਦੀ।
ਰਹਿ ਜਾਂਦੀ ਅੱਧਵਾਟੇ ਗੋਤੇ ਖਾਂਦੀ
ਹੋਣ ਜੇ ਅੜਚਣਾਂ ਆਰ-ਪਾਰ।

ਪਿਆਰ ਇਕ ਕੁਦਰਤੀ ਜਜ਼ਬਾ
ਕੁੱਤਾ-ਬਿੱਲੀ ਆਪਸ 'ਚ ਕਲੋਲ ਕਰਦੇ
ਵਟ ਜਾਵੇ ਨਫਰਤ 'ਚ ਜੇ
ਫੰਦਾ ਮੌਤ ਦਾ ਇਨਸਾਨ ਗਲ 'ਚ ਪਾਉਂਦਾ।
***-ਦਰਸ਼ਨਪਾਲ ਦੋਸਾਂਝ***

---

ਅਲਸੇਸ਼ਨ ਕੁੱਤਾ ਬੈਠਾ ਰੋਅਬ 'ਚ
ਪੈਰੀਂ ਗੋਲੀ ਬਣੀ ਬੈਠੀ ਬਿੱਲੀ ਰਾਣੀ।
ਭਾਵੇਂ ਦੋਨੋਂ ਜੀਵ ਜਨਮਾਂ ਤੋਂ ਦੁਸ਼ਮਣ
ਪਰ ਅਕਲਦਾਨ ਨੇ ਬਦਲੀ ਕਹਾਣੀ।
ਰਿਸ਼ਤਿਆਂ ਦੀ ਕਦਰ ਵਧਾਉਂਦੀ ਸਾਂਝਾਂ
ਲੜਾਈ ਨਾਲ ਨਾ ਵਧੇ ਸਹਿਚਾਰ।
ਇਨ੍ਹਾਂ ਵਾਂਗ ਦੁਨੀਆਂ ਜੇ ਭੁਲੇ ਦੁਸ਼ਮਣੀਆਂ
ਜਿਉਣ ਦਾ ਮਾਹੌਲ ਬਣੇ ਸਾਜ਼ਗਾਰ।
***-ਅਮਰਜੀਤ ਸਿੰਘ ਤੂਰ***

---

ਪਿਆਰ ਪਿਆਰ ਤਾਂ ਹਰ ਕੋਈ ਕਰੇ
ਪਰ ਪਿਆਰ ਨਾ ਜਾਣੇ ਕੋਈ।
ਜਾਨਵਰਾਂ 'ਚ ਵੀ ਪਿਆਰ ਹੈ ਬੰਦਿਆ
ਜਾਪੇ ਬਿੱਲੀ ਕੁੱਤੇ ਦੀ ਦੋਸਤੀ ਹੋਈ।
ਕੁੱਤਿਆਂ ਨੂੰ ਭਾਵੇਂ ਬਿੱਲੀਆਂ ਨ੍ਹੀਂ ਭਾਉਂਦੀਆਂ
ਪਰ ਇਥੇ ਸਾਂਝ ਦੀ ਖੁਸ਼ੀ ਨ੍ਹੀਂ ਜਾਂਦੀ ਸਮੋਈ।
ਬੰਦਿਆ ਤੂੰ ਵੀ ਮਿਲਵਰਤਣ ਸਿੱਖ ਲੈ
ਝਗੜਿਆਂ ਝਮੇਲਿਆਂ ਦਾ ਫਾਇਦਾ ਨਾ ਕੋਈ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਮੁਹੱਬਤ ਹੀ ਖੁਦਾ ਦੀ ਇਬਾਦਤ ਹੁੰਦੀ
ਇਸ ਦੀ ਰੰਗਤ ਕਦੇ ਨਾ ਲਹਿੰਦੀ।
ਜਾਤ ਨਾ ਵੇਖੇ, ਨਸਲ ਨਾ ਵੇਖੇ
ਹਰੇਕ 'ਚ ਖੁਦਾ ਦਾ ਰੂਪ ਇਹ ਵੇਖੇ।
ਚੰਦਨ ਦੀ ਖੁਸ਼ਬੂ ਵਾਗੂੰ ਮਹਿਕੇ
ਗੋਦ ਇਹਦੀ ਆ ਕੇ ਹਰ ਕੋਈ ਟਹਿਕੇ।
***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

---

ਮੁੱਕ ਗਏ ਇਨਸਾਨੀਅਤ ਤੇ ਪਿਆਰ
ਮਤਲਬ ਦੇ ਰਿਸ਼ਤੇ, ਮਤਲਬ ਦੇ ਨੇ ਯਾਰ।
ਕੋਈ ਨਹੀਂ ਭੈਣ ਤੇ ਕੋਈ ਨਹੀਂ ਭਰਾ
ਆਪੋ ਆਪਣੀ ਬੋਲੀ, ਆਪੋ ਆਪਣਾ ਰਾਹ।
ਪੈਸਿਆਂ ਨੇ ਕਈਆਂ ਦੇ ਘਰ ਤੋੜ'ਤੇ
ਪੈਸਿਆਂ ਨੇ ਕਈਆਂ ਦੇ ਮੁੱਖ ਮੋੜ'ਤੇ।
ਹੋਈ ਜਾਂਦਾ ਹੁਣ ਸਾਡਾ ਖੂਨ ਚਿੱਟਾ ਜੀ
ਅੰਦਰੋਂ ਇਨਸਾਨ ਕੌੜਾ, ਬਾਹਰੋਂ ਮਿੱਠਾ ਜੀ।
ਜੇ ਕਰੇ ਹਰ ਕੋਈ ਜਾਨਵਰਾਂ ਵਾਂਗ ਪਿਆਰ
ਫਿਰ ਹਰ ਪਾਸੇ ਖਿੜ੍ਹੀ ਰਹੇ ਗੁਲਜ਼ਾਰ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਭਗਤ ਪੂਰਨ ਸਿੰਘ ਦੀ ਬਰਸੀ 'ਤੇ ਸਮਾਗਮ ਅਕਤੂਬਰ 'ਚ

**ਸ਼ਿਕਾਗੋ (ਬਿਊਰੋ):** ਪਿੰਗਲਵਾੜੇ ਦੇ ਬਾਨੀ ਅਤੇ ਮਹਾਨ ਸਮਾਜ ਸੇਵੀ ਭਗਤ ਪੂਰਨ ਸਿੰਘ ਦੀ 25ਵੀਂ ਬਰਸੀ ਸਥਾਨਕ ਗੁਰਦੁਆਰਾ ਪੈਲਾਟਾਈਨ, ਗੁਰਦੁਆਰਾ ਦੀਵਾਨ ਐਵਨਿਊ ਅਤੇ ਗੁਰਦੁਆਰਾ ਵ੍ਹੀਟਨ ਵਿਖੇ ਆਉਂਦੀ 15 ਅਕਤੂਬਰ ਨੂੰ ਮਨਾਈ ਜਾ ਰਹੀ ਹੈ। ਗੁਰਦੁਆਰਾ ਪੈਲਾਟਾਈਨ ਵਿਚ ਸਮਾਗਮ ਸਵੇਰੇ 9:30 ਵਜੇ, ਗੁਰਦੁਆਰਾ ਦੀਵਾਨ ਐਵਨਿਊ-ਸ਼ਿਕਾਗੋ ਵਿਖੇ 12:30 ਵਜੇ ਅਤੇ ਗੁਰਦੁਆਰਾ ਵ੍ਹੀਟਨ ਵਿਖੇ 11:45 'ਤੇ ਹੋਵੇਗਾ। ਇਸ ਮੌਕੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਮਤਿ ਵਿਚਾਰ ਹੋਵੇਗੀ। ਪੰਥਕ ਬੁਲਾਰੇ ਭਗਤ ਪੂਰਨ ਸਿੰਘ ਦੀ ਮਹਾਨ ਘਾਲਣਾ ਬਾਰੇ ਸੰਗਤਾਂ ਨੂੰ ਜਾਣਕਾਰੀ ਦੇਣਗੇ।

ਮਿਲਵਾਕੀ ਵਿਚ ਗੁਰਦੁਆਰਾ ਬਰੁੱਕਫੀਲਡ ਅਤੇ ਗੁਰਦੁਆਰਾ ਓਕ ਕਰੀਕ ਵਿਖੇ ਇਹ ਸਮਾਗਮ ਐਤਵਾਰ, 8 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਹੋਣਗੇ।

ਜ਼ਿਕਰਯੋਗ ਹੈ ਕਿ ਭਗਤ ਪੂਰਨ ਸਿੰਘ ਦੀ ਬਰਸੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਵਿਚ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ। ਇਨ੍ਹਾਂ ਸਮਾਗਮਾਂ ਵਿਚ ਪਿੰਗਲਵਾੜਾ, ਅੰਮ੍ਰਿਤਸਰ ਦੇ ਮੈਂਬਰ ਬੀਬੀ ਪ੍ਰੀਤਇੰਦਰਜੀਤ ਕੌਰ




ਅਤੇ ਸ. ਰਾਜਬੀਰ ਸਿੰਘ ਉਚੇਚੇ ਤੌਰ 'ਤੇ ਹਾਜ਼ਰੀ ਭਰਨਗੇ। ਆਪਣੀ ਇਸ ਫੇਰੀ ਦੌਰਾਨ ਉਹ ਇੰਡੀਆਨਾ, ਮਿਸ਼ੀਗਨ, ਵਾਸ਼ਿੰਗਟਨ ਡੀ.ਸੀ., ਨਿਊ ਯਾਰਕ, ਨਿਊ ਜਰਸੀ ਅਤੇ ਟਰਾਈਸਟੇਟ ਦੇ ਹੋਰ ਗੁਰਦੁਆਰਿਆਂ ਵਲੋਂ ਭਗਤ ਜੀ ਦੀ ਯਾਦ ਵਿਚ ਕਰਵਾਏ ਜਾ ਰਹੇ ਸਮਾਗਮਾਂ 'ਚ ਵੀ ਸ਼ਾਮਲ ਹੋਣਗੇ। ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ ਭਗਤ ਪੂਰਨ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਬਿਨਾ ਕਿਸੇ ਭਿੰਨ-ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ। ਉਨ੍ਹਾਂ ਵਲੋਂ ਕਾਇਮ ਕੀਤਾ ਪਿੰਗਲਵਾੜਾ ਅੱਜ ਨਿਸ਼ਕਾਮ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ।

ਪੰਜਾਬੀ ਵਿਰਾਸਤ ਸੰਸਥਾ (ਪੀ.ਐਚ.ਓ.) ਸ਼ਿਕਾਗੋ ਨੇ ਸਮੁੱਚੇ ਭਾਈਚਾਰੇ ਨੂੰ ਭਗਤ ਪੂਰਨ ਸਿੰਘ ਵਲੋਂ ਸ਼ੁਰੂ ਕੀਤੇ ਇਸ ਨੇਕ ਕਾਰਜ ਨੂੰ ਹੋਰ ਅੱਗੇ ਵਧਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰਨ ਦੀ ਬੇਨਤੀ ਕੀਤੀ ਹੈ। ਜ਼ਿਕਰਯੋਗ ਹੈ ਕਿ ਪੀ.ਐਚ.ਓ. ਪਿਛਲੇ ਕਈ ਸਾਲਾਂ ਤੋਂ ਭਗਤ ਜੀ ਦੀ ਬਰਸੀ 'ਤੇ ਸਮਾਗਮ ਕਰਵਾਉਂਦੀ ਅਤੇ ਮਾਇਆ ਇਕੱਠੀ ਕਰਕੇ ਪਿੰਗਲਵਾੜੇ ਨੂੰ ਭੇਜਦੀ ਆ ਰਹੀ ਹੈ।

ਹੋਰ ਜਾਣਕਾਰੀ ਲਈ ਫੋਨ: 224-456-8096 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



ਪ੍ਰੀਤਇੰਦਰਜੀਤ ਕੌਰ



ਰਾਜਬੀਰ ਸਿੰਘ

## ਹੈਕਰਾਂ ਵੱਲੋਂ ਹਿਲੇਰੀ ਕਲਿੰਟਨ 'ਤੇ ਹਮਲਾ

**ਵਸ਼ਿੰਗਟਨ:** ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਵੱਲੋਂ ਆਪਣੇ ਰਾਜਸੀ ਸਮਰਥਕਾਂ ਲਈ ਇਕ ਸੋਸ਼ਲ ਮੀਡੀਆ ਪਲੈਟਫਾਰਮ ਦਾ ਸਮਰਥਨ ਕੀਤੇ ਜਾਣ ਬਾਅਦ ਉਹ ਸਾਈਬਰ ਹਮਲੇ ਦਾ ਸ਼ਿਕਾਰ ਹੋ ਗਏ।

ਨਿਊ ਯਾਰਕ ਡੇਲੀ ਦੀ ਰਿਪੋਰਟ ਮੁਤਾਬਕ ਡੈਮੋਕਰੈਟਿਕ ਕਾਰਕੁਨ ਪੀਟਰ ਦਾਓਸ ਨੇ ਦੱਸਿਆ ਕਿ ਰਾਸ਼ਟਰਪਤੀ ਦੇ ਅਹੁਦੇ ਲਈ ਸਾਬਕਾ ਉਮੀਦਵਾਰ ਦੀ ਸਮੀਖਿਆ ਬਾਅਦ ਉਸ ਦੀ ਵੈੱਬਸਾਈਟ 'ਵੈਰਿਟ' ਆਫਲਾਈਨ ਹੋ ਗਈ ਕਿਉਂਕਿ ਇਕ ਸ਼ੱਕੀ ਨੇ ਸਾਈਬਰ ਹਮਲਾ ਕਰ ਦਿੱਤਾ।

# ਪੰਜਾਬੀ ਸਾਹਿਤ ਸਭਾ, ਸੈਕਰਾਮੈਂਟੋ-ਯੂਬਾ ਸਿਟੀ ਦੇ ਨਵੇਂ ਅਹੁਦੇਦਾਰ ਚੁਣੇ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ, ਸੈਕਰਾਮੈਂਟੋ-ਯੂਬਾ ਸਿਟੀ ਦੇ ਨਵੇਂ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸਭਾ ਦੇ ਨਵੇਂ ਅਹੁਦੇਦਾਰਾਂ ਵਿਚ ਗੋਗੀ ਗਿੱਲ ਜਨਰਲ ਸਕੱਤਰ, ਹਰਭਜਨ ਸਿੰਘ



ਢੇਰੀ ਉਪ ਪ੍ਰਧਾਨ, ਪਰਮਿੰਦਰ ਸਿੰਘ ਰਾਏ ਆਰਗੇਨਾਈਜ਼ਰ ਅਤੇ ਮਨਜੀਤ ਕੌਰ ਸੇਖੋਂ ਖਜ਼ਾਨਚੀ ਚੁਣੇ ਗਏ। ਸਾਹਿਤਕ ਸਕੱਤਰ ਅਤੇ ਡਾਇਰੈਕਟਰਾਂ ਦਾ ਨਾਂ ਬਾਅਦ ਵਿਚ ਐਲਾਨਿਆ ਜਾਵੇਗਾ।

ਮਾਊਂਟੇਨ ਮਾਈਕ ਪੀਜ਼ਾ 'ਤੇ ਹੋਈ ਮੀਟਿੰਗ ਵਿਚ ਸਭਾ ਦੀ ਕਾਰਜਕਾਰਨੀ ਦੇ ਕੁਝ ਨੁਕਤਿਆਂ ਦੀ ਚਰਚਾ ਵੀ ਕੀਤੀ ਗਈ। ਸਭਾ ਨੇ ਨਾਮੀ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਬਣਾਏ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਸਭਾ ਦੇ ਪ੍ਰਧਾਨ ਜਸਵੰਤ ਸ਼ੀਮਾਰ ਨੇ ਦੱਸਿਆ ਕਿ ਸਭਾ ਦਾ ਬੈਂਕ ਅਕਾਊਂਟ ਵੀ ਜਲਦ ਹੀ ਤਬਦੀਲ ਕਰ ਲਿਆ ਜਾਵੇਗਾ। ਦੂਜੀਆਂ ਸਾਹਿਤ ਸਭਾਵਾਂ ਨਾਲ ਬਿਨਾ ਕਿਸੇ ਰੰਜਿਸ਼ ਦੇ ਆਪਣੇ ਮੁੱਖ ਸਾਹਿਤਕ ਪ੍ਰੋਗਰਾਮਾਂ, ਸੈਮੀਨਾਰਾਂ ਵਿਚ ਸਾਹਿਤ ਤੇ ਬੋਲੀ ਦੇ ਝੰਡੇ ਹੇਠ ਸੱਦਾ ਦੇ ਕੇ ਨਿਵਾਜਿਆ ਜਾਵੇਗਾ। ਪਹਿਲੇ ਪ੍ਰਧਾਨ ਦਿਲ ਨਿੱਜਰ ਨੇ ਬੀਤੇ ਵਰ੍ਹੇ ਦਾ ਲੇਖਾ-ਜੋਖਾ ਮੌਜੂਦਾ ਪ੍ਰਧਾਨ ਨੂੰ ਸੌਂਪਣ ਦਾ ਵਾਅਦਾ ਕੀਤਾ ਤਾਂ ਜੋ ਸਭਾ ਦਾ ਇਤਿਹਾਸ ਸਾਂਭਿਆ ਜਾ ਸਕੇ।

ਇਸ ਮੌਕੇ ਸ੍ਰੀ ਸ਼ੀਮਾਰ ਨੇ ਦੇਸ਼ ਦੇ ਦਰਦ ਵਿਚ ਭਿੱਜੀ ਭਾਵਪੂਰਤ ਕਵਿਤਾ ਸੁਣਾ ਕੇ ਸਾਹਿਤਕ ਮਾਹੌਲ ਦਾ ਆਗਾਜ਼ ਕੀਤਾ। ਨੰਨੀ ਜਿਹੀ ਪਰੀ ਇਸ਼ਾਨਾ ਸੂਰਾਪੁਰੀ ਦੀ ਸ਼ਮੂਲੀਅਤ ਨੇ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਦਾ ਸੰਦੇਸ਼ ਦੇ ਕੇ ਨਿਵਾਜਿਆ।

ਕਵੀ ਦਰਬਾਰ ਵਿਚ ਰਮੇਸ਼ ਬੰਗੜ, ਅਜਮੇਰ ਗੋਗੀ, ਅਜੈਬ ਸਿੰਘ ਚੀਮਾ, ਗੁਰਿੰਦਰ ਸੂਰਾਪੁਰੀ, ਜਸਵੰਤ ਜੱਸੀ ਸ਼ੀਮਾਰ, ਗੁਰਪਾਲ ਸਿੰਘ ਖਹਿਰਾ, ਹਰਬੰਸ ਸਿੰਘ ਜਗਿਆਸੂ, ਪਰਮਿੰਦਰ ਸਿੰਘ ਰਾਏ, ਕਮਲ ਬੰਗਾ, ਹਰਭਜਨ ਸਿੰਘ ਢੇਰੀ, ਦਿਲ ਨਿੱਜਰ, ਤਤਿੰਦਰ ਕੌਰ, ਕੇਹਰ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਮਨਜੀਤ ਕੌਰ ਸੇਖੋਂ, ਰਾਜ ਕੁਮਾਰ ਅਤੇ ਬਿਲਾਲ ਸਿੰਘ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਗੋਗੀ ਸੰਧੂ ਨੇ ਬੜੇ ਦਿਲ ਲੁਭਾਉਣੇ ਅੰਦਾਜ਼ ਵਿਚ ਕੀਤਾ। ਮੀਟਿੰਗ ਵਿਚ ਸਭਾ ਦੇ ਪੁਰਾਣੇ ਮੈਂਬਰ ਵੀ ਹਾਜ਼ਰ ਸਨ।

**Punjab Times**
*Punjabtimes1@gmail.com*

ਬੇਲਾਗ, ਬੇਬਾਕ ਅਤੇ ਜਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ

ਪੰਜਾਬ ਟਾਈਮਜ਼




ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।
ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

*Advertisement in Punjab Times, Support Punjab Times.*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪੰਜਾਬ ਟਾਈਮਜ਼ ਸੇਲ ਪੇਪਰ ਨਹੀਂ, ਇਸ ਵਿਚ ਪੀਰ ਬਾਬਿਆਂ, ਜੋਤਸ਼ੀਆਂ, ਠੱਗੀ ਮਾਰਾਂ, ਭਰੂਣ ਹੱਤਿਆ ਕਰਨ ਵਾਲਿਆਂ ਦੇ ਇਸ਼ਤਿਹਾਰ ਨਹੀਂ ਛਾਪੇ ਜਾਂਦੇ। ਪੇਸ਼ੇਵਰ ਤੇ ਮਿਆਰੀ ਪੱਤਰਕਾਰੀ, ਨਾ ਕਿ ਬਾਂਹ ਮਰੋੜ ਤੇ ਵਿਕਾਊ ਪੱਤਰਕਾਰੀ।

ਫੋਨ: 847-359-0746 Email: punjabtimes1@gmail.com www.punjabtimesusa.com

# ਸਿੱਖ ਕਤਲੇਆਮ: ਇਨਸਾਫ ਲਈ ਇਕ ਹੋਰ ਹੰਭਲਾ

**ਚੰਡੀਗੜ੍ਹ:** ਦਿੱਲੀ ਸਿੱਖ ਕਤਲੇਆਮ ਨਾਲ ਜੁੜੇ ਬਹੁਤੇ ਕੇਸਾਂ ਦੀ ਪੜਤਾਲ ਅਜੇ ਵੀ ਮੁਢਲੇ ਪੜਾਅ ਉਤੇ ਅਟਕੀ ਹੋਈ ਹੈ। 33 ਸਾਲ ਬੀਤਣ ਦੇ ਬਾਵਜੂਦ ਪੀੜਤਾਂ ਦੀ ਬਹੁਤ ਵੱਡੀ ਗਿਣਤੀ ਨੂੰ ਇਨਸਾਫ ਦੀ ਉਡੀਕ ਹੈ।

ਦੂਜੇ ਪਾਸੇ ਸੁਪਰੀਮ ਕੋਰਟ ਵੱਲੋਂ ਇਸ ਨਾਉਮੀਦੀ ਨੂੰ ਮਿਟਾਉਣ ਲਈ ਹੀਲੇ ਅਜੇ ਨਹੀਂ ਤਿਆਗੇ ਗਏ। ਸੁਪਰੀਮ ਕੋਰਟ ਨੇ ਆਪਣੇ ਦੋ ਸਾਬਕਾ ਜੱਜਾਂ ਦਾ ਨਿਗਰਾਨ ਪੈਨਲ ਕਾਇਮ ਕੀਤਾ ਹੈ, ਜਿਸ ਵੱਲੋਂ 1984 ਸਿੱਖ ਕਤਲੇਆਮ ਸਬੰਧੀ 199 ਕੇਸਾਂ ਨੂੰ ਬੰਦ ਕਰਨ ਬਾਰੇ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਫੈਸਲੇ ਦੀ ਪੜਤਾਲ ਕੀਤੀ ਜਾਵੇਗੀ। ਪੈਨਲ ਵੱਲੋਂ 'ਸਿੱਟ' ਦੇ 199 ਕੇਸ ਬੰਦ ਕਰਨ ਬਾਰੇ ਫੈਸਲੇ ਦੀ ਪੜਤਾਲ ਤੋਂ ਇਲਾਵਾ ਇਹ ਵੀ ਦੇਖਿਆ ਜਾਵੇਗਾ ਕਿ ਕੀ ਇਹ ਫੈਸਲਾ ਜਾਇਜ਼ ਸੀ।

## ਦੋ ਸਾਬਕਾ ਜੱਜਾਂ ਦਾ ਨਿਗਰਾਨ ਪੈਨਲ ਕਾਇਮ




ਜਸਟਿਸ ਜੇ.ਐਮ ਪੰਚਾਲ ਤੇ ਜਸਟਿਸ ਕੇ.ਐਸ.ਪੀ. ਰਾਧਾਕ੍ਰਿਸ਼ਨਨ ਉਤੇ ਅਧਾਰਤ ਪੈਨਲ ਨੂੰ ਤਿੰਨ ਮਹੀਨਿਆਂ ਵਿਚ ਸਾਰੇ ਕੇਸਾਂ ਦੀ ਘੋਖ ਦਾ ਕੰਮ ਨਿਪਟਾਉਣ ਲਈ ਕਿਹਾ ਗਿਆ ਹੈ। ਸੁਪਰੀਮ ਕੋਰਟ ਨੇ ਇਸ ਨੂੰ ਨਿਗਰਾਨ ਟੀਮ ਦਾ ਨਾਮ ਦਿੱਤਾ ਹੈ।

1984 ਦਾ ਸਿੱਖ ਕਤਲੇਆਮ ਮਹਿਜ਼ ਦਿੱਲੀ ਤੱਕ ਸੀਮਤ ਨਹੀਂ ਸੀ। ਦਿੱਲੀ ਤੋਂ ਇਲਾਵਾ ਕਾਨਪੁਰ, ਲਖਨਊ, ਪਟਨਾ, ਰਾਂਚੀ, ਹਜ਼ਾਰੀ ਬਾਗ (ਬਿਹਾਰ), ਮੁੰਬਈ, ਨਾਸਿਕ, ਕੋਲਕਾਤਾ, ਬਰਦਵਾਨ ਅਤੇ ਹਰਿਆਣਾ ਵਿਚ ਕਈ ਥਾਵਾਂ ਉਤੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ, ਫਿਰ ਵੀ ਕੌਮੀ ਰਾਜਧਾਨੀ ਖੇਤਰ ਵਿਚ 2800 ਤੋਂ ਵੱਧ ਜਾਨਾਂ ਜਾਣ ਕਾਰਨ ਇਸ ਨੂੰ ਦਿੱਲੀ ਨਾਲ ਹੀ ਜੋੜ ਦਿੱਤਾ ਜਾਂਦਾ ਰਿਹਾ ਹੈ।

ਨਿਰਦੋਸ਼ ਸਿੱਖਾਂ ਦੇ ਕਾਤਲਾਂ ਖਿਲਾਫ ਮੁਕੱਦਮੇ ਦਰਜ ਕਰਨ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਪੱਖੋਂ ਵੀ ਢਿੱਲ-ਮੱਠ ਸਭ ਥਾਵਾਂ 'ਤੇ ਦਿਖਾਈ ਗਈ, ਫਿਰ ਵੀ ਦਿੱਲੀ ਵਿਚ ਮੁਲਜ਼ਮਾਂ ਦੀ ਪੁਸ਼ਤਪਨਾਹੀ ਜਿੰਨੇ ਵਿਆਪਕ ਢੰਗ ਨਾਲ ਹੋਈ, ਹੋਰ ਕਿਤੇ ਨਹੀਂ ਹੋਈ। ਇਕ ਪਾਸੇ ਸਰਕਾਰਾਂ ਦੋਸ਼ੀਆਂ ਦੀ ਸ਼ਨਾਖਤ ਕਰਨ ਤੇ ਪੀੜਤਾਂ ਨੂੰ ਇਨਸਾਫ ਦੇਣ ਲਈ ਕਮੇਟੀਆਂ ਤੇ ਕਮਿਸ਼ਨ ਬਿਠਾਉਂਦੀਆਂ ਰਹੀਆਂ, ਦੂਜੇ ਪਾਸੇ ਪੁਲਿਸ ਤੇ ਸਰਕਾਰੀ ਅਧਿਕਾਰੀਆਂ ਰਾਹੀਂ ਕਤਲੇਆਮ ਨਾਲ ਸਬੰਧਤ ਰਿਕਾਰਡ ਖੁਰਦ-ਬੁਰਦ ਕਰਵਾਉਂਦੀਆਂ ਰਹੀਆਂ। ਮੌਜੂਦਾ ਵਿਸ਼ੇਸ਼ ਪੜਤਾਲੀਆ ਟੀਮ (ਐਸ.ਆਈ.ਟੀ.), ਜੋ ਕਿ ਦੋ ਸਾਲ ਪਹਿਲਾਂ ਕੇਂਦਰੀ ਗ੍ਰਿਹ ਮੰਤਰਾਲੇ ਨੇ ਕਾਇਮ ਕੀਤੀ ਸੀ, ਵੱਲੋਂ 241 ਕੇਸ ਬੰਦ ਕਰਨ ਦੀ ਵਜ੍ਹਾ ਵੀ ਸਬੂਤਾਂ ਤੇ ਰਿਕਾਰਡ ਦੀ ਘਾਟ ਹੈ।

# ਕੈਪਟਨ ਅਮਰਿੰਦਰ ਦਾ ਇਜ਼ਰਾਈਲ ਦੌਰਾ ਰੱਦ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣਾ ਇਜ਼ਰਾਈਲ ਦਾ ਸਰਕਾਰੀ ਦੌਰਾ ਰੱਦ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਜਿਨ੍ਹਾਂ ਵੱਲੋਂ ਮੁਹਾਲੀ ਦੀ ਅਦਾਲਤ ਤੋਂ ਛੇ ਸਤੰਬਰ ਨੂੰ ਇੰਗਲੈਂਡ ਦੇ ਨਿੱਜੀ ਗੈਰ-ਸਰਕਾਰੀ ਦੌਰੇ ਤੇ 13 ਤੋਂ 18 ਸਤੰਬਰ ਤੱਕ ਇਜ਼ਰਾਈਲ ਦੇ ਸਰਕਾਰੀ ਦੌਰੇ 'ਤੇ ਜਾਣ ਲਈ ਇਜਾਜ਼ਤ ਲਈ ਗਈ ਸੀ, ਹੁਣ ਸਿਰਫ ਇੰਗਲੈਂਡ ਦੇ ਦੌਰੇ ਉਤੇ ਹੀ ਜਾਣਗੇ।

ਮੁੱਖ ਮੰਤਰੀ ਵੱਲੋਂ ਸਾਰਾਗੜ੍ਹੀ ਯਾਦਗਾਰੀ ਸਮਾਗਮ ਮੌਕੇ ਲੰਡਨ ਵਿਚ ਇਕ ਸਮਾਗਮ ਵਿਚ ਸ਼ਮੂਲੀਅਤ ਕਰਨੀ ਹੈ। ਇਕ ਦਿਨ ਦੇ ਪ੍ਰੋਗਰਾਮ ਤੋਂ ਇਲਾਵਾ ਮੁੱਖ ਮੰਤਰੀ ਵੱਲੋਂ ਲੰਡਨ ਵਿਚਲੇ ਆਪਣੇ ਪੁਰਾਣੇ ਪਰਿਵਾਰਕ ਹਸਪਤਾਲ ਤੋਂ ਮੈਡੀਕਲ ਚੈੱਕਅਪ ਵੀ ਕਰਵਾਉਣ ਦਾ ਪ੍ਰੋਗਰਾਮ ਹੈ। ਮੁੱਖ ਮੰਤਰੀ ਦੇ ਇਸ ਨਿੱਜੀ ਦੌਰੇ 'ਤੇ ਉਨ੍ਹਾਂ ਨਾਲ ਕੋਈ ਸਰਕਾਰੀ ਅਧਿਕਾਰੀ ਨਹੀਂ ਜਾ ਰਿਹਾ, ਹਾਲਾਂਕਿ ਕੇਂਦਰ ਨੂੰ ਬਰਤਾਨਵੀ ਸਰਕਾਰ ਨਾਲ ਮੁੱਖ ਮੰਤਰੀ ਦੀ ਸੁਰੱਖਿਆ ਦਾ ਮਾਮਲਾ ਉਠਾਉਣ ਲਈ ਜ਼ਰੂਰ ਕਿਹਾ ਗਿਆ ਹੈ।

# ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭਾਈ ਦਿਲਾਵਰ ਸਿੰਘ ਦੀ ਬਰਸੀ ਮਨਾਈ



**ਅੰਮ੍ਰਿਤਸਰ:** ਭਾਈ ਦਿਲਾਵਰ ਸਿੰਘ ਬੱਬਰ ਦੀ 22ਵੀਂ ਬਰਸੀ ਉਸ ਦੇ ਪਰਿਵਾਰ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਨਾਈ ਗਈ। ਬਰਸੀ ਸਮਾਗਮ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਮੰਜ਼ਿਲ 'ਤੇ ਪਰਿਵਾਰ ਵੱਲੋਂ ਰਖਵਾਏ ਗਏ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਸ਼ਬਦ ਕੀਰਤਨ ਕੀਤਾ ਗਿਆ ਤੇ ਅਰਦਾਸ ਕਰਕੇ ਹੁਕਮਨਾਮਾ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸਰਬਤ ਖਾਲਸਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਨਿਯੁਕਤ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਤਿਹਾੜ ਜੇਲ੍ਹ ਤੋਂ ਸ਼ਰਧਾਂਜਲੀ ਵਜੋਂ ਭੇਜਿਆ ਗਿਆ ਕੌਮ ਦੇ ਨਾਂ ਸੰਦੇਸ਼ ਉਨ੍ਹਾਂ ਦੇ ਨਜ਼ਦੀਕੀ ਬਾਪੂ ਗੁਰਚਰਨ ਸਿੰਘ ਪਟਿਆਲਾ ਨੇ ਪੜ੍ਹ ਕੇ ਸੁਣਾਇਆ।

ਇਸ ਮੌਕੇ ਭਾਈ ਦਿਲਾਵਰ ਸਿੰਘ ਦੇ ਪਰਿਵਾਰਕ ਮੈਂਬਰਾਂ ਤੇ ਦਲ ਖਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਸਮੇਤ ਵੱਖ-ਵੱਖ ਸਿੱਖ ਸੰਸਥਾਵਾਂ ਦੇ ਆਗੂਆਂ ਨੇ ਮੰਗ ਕੀਤੀ ਕਿ ਕੌਮੀ ਸ਼ਹੀਦ ਦਾ ਚਿੱਤਰ ਸ਼੍ਰੋਮਣੀ ਕਮੇਟੀ ਨੂੰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਇਆ ਜਾਣਾ ਚਾਹੀਦਾ ਹੈ।

# ਜਾਟਾਂ ਲਈ ਰਾਖਵੇਂਕਰਨ 'ਤੇ ਰੋਕ ਵਧੀ

**ਚੰਡੀਗੜ੍ਹ:** ਜਾਟ ਤੇ ਪੰਜ ਹੋਰ ਭਾਈਚਾਰਿਆਂ ਨੂੰ ਨਵੀਂ ਬਣਾਈ ਬੀ.ਸੀ. (ਸੀ) ਸ਼੍ਰੇਣੀ ਤਹਿਤ ਰਾਖਵਾਂਕਰਨ ਦੇਣ ਵਾਲੇ ਕਾਨੂੰਨ ਦੀ ਵੈਧਤਾ ਨੂੰ ਚੁਣੌਤੀ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੁਕਮ ਦਿੱਤਾ ਕਿ ਇਸ 'ਤੇ 31 ਮਾਰਚ, 2018 ਤੱਕ ਰੋਕ ਰਹੇਗੀ। ਪੱਛੜੀਆਂ ਸ਼੍ਰੇਣੀਆਂ ਬਾਰੇ ਕਮਿਸ਼ਨ ਕੋਲ ਇਹ ਮਾਮਲਾ ਭੇਜਦਿਆਂ ਬੈਂਚ ਨੇ ਇਸ ਨੂੰ ਉਦੋਂ ਰਿਪੋਰਟ ਸੌਂਪਣ ਲਈ ਕਿਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਇਨ੍ਹਾਂ ਭਾਈਚਾਰਿਆਂ ਨੂੰ ਦਿੱਤੇ ਕੋਟੇ 'ਚ ਪ੍ਰਤੀਸ਼ਤਤਾ ਬਾਰੇ ਫੈਸਲਾ ਕਰਨ ਦੀ ਲੋੜ ਸੀ। ਬੈਂਚ ਨੇ 30 ਨਵੰਬਰ ਤੱਕ ਅੰਕੜੇ ਇਕੱਤਰ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਅੰਕੜਿਆਂ 'ਤੇ ਇਤਰਾਜ਼ ਲਏ ਜਾਣ ਅਤੇ ਬਾਕੀ ਪ੍ਰਕਿਰਿਆ ਪੂਰੀ ਕਰਨ ਤੋਂ ਪਹਿਲਾਂ 31 ਦਸੰਬਰ ਤੱਕ ਇਹ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣ।

# ਬੇਨਜ਼ੀਰ ਕਤਲ ਮਾਮਲੇ ਵਿਚ ਮੁਸ਼ੱਰਫ ਭਗੌੜਾ ਕਰਾਰ

**ਇਸਲਾਮਾਬਾਦ:** ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਕਤਲ ਮਾਮਲੇ 'ਚ ਮੁਲਕ ਦੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਨੂੰ ਭਗੌੜਾ ਐਲਾਨਦਿਆਂ ਉਸ ਦੀ ਸਾਰੀ ਜਾਇਦਾਦ ਕਬਜ਼ੇ 'ਚ ਲੈਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਅਦਾਲਤ ਨੇ ਦੋ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ 17 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ ਜਦਕਿ ਤਹਿਰੀਕੇ ਤਾਲਿਬਾਨ ਦੇ ਪੰਜ ਮਸ਼ਕੂਕ ਨੂੰ ਸਬੂਤਾਂ ਦੀ ਘਾਟ ਕਰ ਕੇ ਬਰੀ ਕਰ ਦਿੱਤਾ ਹੈ।



ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੀ ਮੁਖੀ ਤੇ ਦੋ ਵਾਰ ਮੁਲਕ ਦੀ ਪ੍ਰਧਾਨ ਮੰਤਰੀ ਰਹੀ ਬੇਨਜ਼ੀਰ ਭੁੱਟੋ (54) ਨੂੰ 27 ਦਸੰਬਰ 2007 ਨੂੰ ਰਾਵਲਪਿੰਡੀ ਦੇ ਲਿਆਕਤ ਬਾਗ ਵਿਚ ਚੋਣ ਕੰਪੇਨ ਰੈਲੀ ਮੌਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਮੁਸ਼ੱਰਫ (74) ਪਿਛਲੇ ਇਕ ਸਾਲ ਤੋਂ ਦੁਬਈ ਵਿਚ ਹੈ ਤੇ ਉਸ ਨੂੰ ਮੈਡੀਕਲ ਇਲਾਜ ਲਈ ਪਾਕਿਸਤਾਨ ਛੱਡਣ ਦੀ ਇਜਾਜ਼ਤ ਦਿੱਤੀ ਗਈ ਸੀ।

## ਅਸਲ ਦੋਸ਼ੀ ਅਜੇ ਵੀ ਆਜ਼ਾਦ: ਆਸਿਫਾ

ਫੈਸਲੇ ਤੋਂ ਫੌਰੀ ਬਾਅਦ ਭੁੱਟੋ ਦੀ ਧੀ ਆਸਿਫਾ ਭੁੱਟੋ ਜ਼ਰਦਾਰੀ ਨੇ ਕਿਹਾ ਦਸ ਸਾਲ ਬਾਅਦ ਵੀ ਉਨ੍ਹਾਂ ਨੂੰ ਨਿਆਂ ਦੀ ਉਡੀਕ ਹੈ। ਆਸਿਫਾ ਨੇ ਕਿਹਾ, 'ਇਸ ਸਾਰੇ ਘਟਨਾਕ੍ਰਮ ਨੂੰ ਸ਼ਹਿ ਦੇਣ ਵਾਲਿਆਂ ਨੂੰ ਸਜ਼ਾ ਮਿਲ ਗਈ, ਪਰ ਮੇਰੀ ਮਾਂ ਦੇ ਕਤਲ ਦੇ ਅਸਲ ਦੋਸ਼ੀ ਅਜੇ ਵੀ ਖੁੱਲ੍ਹੇਆਮ ਘੁੰਮ ਰਹੇ ਹਨ।

# ਮੁੱਖਾ ਕਤਲ ਕਾਂਡ 'ਤੇ ਬੁਰੀ ਘਿਰੀ ਪੁਲਿਸ

**ਅੰਮ੍ਰਿਤਸਰ:** ਤਕਰੀਬਨ ਦੋ ਸਾਲ ਪਹਿਲਾਂ ਪੁਲਿਸ ਵੱਲੋਂ ਮੁਕਾਬਲੇ ਵਿਚ ਮਾਰੇ ਅਕਾਲੀ ਆਗੂ ਮੁਖਜੀਤ ਸਿੰਘ ਮੁੱਖਾ ਮਾਮਲੇ ਵਿਚ ਹੁਣ ਅਦਾਲਤ ਨੇ ਸ਼ਹਿਰੀ ਪੁਲਿਸ ਦੇ ਤਤਕਾਲੀ ਡਿਪਟੀ ਕਮਿਸ਼ਨਰ ਪਰਮਪਾਲ ਸਿੰਘ ਨੂੰ ਤਲਬ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿਚ ਬਣੇ ਦਬਾਅ ਕਾਰਨ ਘਟਨਾ ਤੋਂ ਇਕ ਸਾਲ ਬਾਅਦ ਨੌਂ ਪੁਲਿਸ ਕਰਮਚਾਰੀਆਂ ਨੂੰ ਨਾਮਜ਼ਦ ਕੀਤਾ ਸੀ ਪਰ ਮੁੱਖਾ ਦੇ ਪਰਿਵਾਰ ਵਾਲੇ ਇਸ ਕਾਰਵਾਈ ਤੋਂ ਸੰਤੁਸ਼ਟ ਨਹੀਂ ਹਨ। ਉਨ੍ਹਾਂ ਦੀ ਮੰਗ ਹੈ ਕਿ ਇਸ ਮਾਮਲੇ ਵਿਚ ਪੁਲਿਸ ਕਰਮਚਾਰੀਆਂ ਖਿਲਾਫ ਕਤਲ ਕੇਸ ਦਰਜ ਹੋਵੇ। ਦੱਸਣਯੋਗ ਹੈ ਕਿ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਗਲਤ ਸ਼ਨਾਖਤ ਕਾਰਨ ਮੁੱਖਾ ਦਾ ਕਤਲ ਹੋਇਆ ਹੈ। ਜੂਨ 2015 ਵਿਚ ਸ਼ਹਿਰੀ ਪੁਲਿਸ ਦੇ ਨਾਰਕੋਟਿਕਸ ਵਿਭਾਗ ਦੀ ਟੀਮ ਨੇ ਵੇਰਕਾ ਨੇੜੇ ਅਕਾਲੀ ਆਗੂ ਮੁਖਜੀਤ ਸਿੰਘ ਮੁੱਖਾ ਦਾ ਕਤਲ ਕਰ ਦਿੱਤਾ ਸੀ। ਪੁਲਿਸ ਅਧਿਕਾਰੀਆਂ ਨੇ ਉਸ ਵੇਲੇ ਦਾਅਵਾ ਕੀਤਾ ਸੀ ਕਿ ਪੁਲਿਸ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਭਾਲ ਵਿਚ ਸੀ ਅਤੇ ਗਲਤ ਸ਼ਨਾਖਤ ਕਾਰਨ ਅਕਾਲੀ ਆਗੂ ਮੁੱਖਾ ਨਿਸ਼ਾਨਾ ਬਣ ਗਿਆ।

# ਜਥੇਦਾਰ ਨੰਦਗੜ੍ਹ ਨੇ ਡੇਰਾ ਮੁਖੀ ਦੇ ਜੇਲ੍ਹ ਜਾਣ ਪਿੱਛੋਂ ਲਿਆ ਸਿਰੋਪਾਓ



**ਤਲਵੰਡੀ ਸਾਬੋ:** ਮਈ 2007 ਵਿਚ ਡੇਰਾ ਮੁਖੀ ਵੱਲੋਂ ਡੇਰਾ ਸਲਾਬਤਪੁਰਾ ਵਿਚ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚ ਕੇ ਜਾਮ-ਏ-ਇੰਸਾਂ ਤਿਆਰ ਕਰਨ ਦੇ ਦੋਸ਼ਾਂ ਉਪਰੰਤ ਉਪਜੇ ਵਿਵਾਦ ਦੌਰਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਡੇਰਾ ਮੁਖੀ ਦੇ ਜੇਲ੍ਹ ਜਾਣ ਤੱਕ ਕਿਸੇ ਤੋਂ ਵੀ ਸਿਰੋਪਾ ਨਾ ਲੈਣ ਦਾ ਪ੍ਰਣ ਕੀਤਾ ਗਿਆ ਸੀ। ਹੁਣ ਡੇਰਾ ਮੁਖੀ ਦੇ ਜੇਲ੍ਹ ਜਾਣ ਤੋਂ ਬਾਅਦ ਉਨ੍ਹਾਂ ਤਖਤ ਦਮਦਮਾ ਸਾਹਿਬ ਤੋਂ ਸਿਰੋਪਾਓ ਲਿਆ।

ਤਖਤ ਦਮਦਮਾ ਸਾਹਿਬ ਵਿਖੇ ਜਥੇਦਾਰ ਨੰਦਗੜ੍ਹ ਨੂੰ ਸਿਰੋਪਾਓ ਦੀ ਬਖਸ਼ਿਸ਼ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿਰਦੇਸ਼ਾਂ 'ਤੇ ਮੁੱਖ ਕਾਰਜਕਾਰੀ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਕੀਤੀ। ਇਸ ਉਪਰੰਤ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ ਮੁਲਾਕਾਤ ਕੀਤੀ।

# ਗੁਰਦੁਆਰਾ ਡਾਂਗਮਾਰ ਵਿਵਾਦ ਵਿਚ ਸੁਪਰੀਮ ਕੋਰਟ ਦਾ ਦਖਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿੱਕਮ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਗੁਰੂ ਡਾਂਗਮਾਰ ਸਬੰਧੀ ਸਥਿਤੀ 'ਜਿਉਂ ਦੀ ਤਿਉਂ' ਰੱਖੀ ਜਾਵੇ। ਅਦਾਲਤ ਨੇ ਇਹ ਨਿਰਦੇਸ਼ ਉਸ ਪਟੀਸ਼ਨ 'ਤੇ ਦਿੱਤੇ ਹਨ, ਜਿਸ ਤਹਿਤ ਮੰਗ ਕੀਤੀ ਗਈ ਸੀ ਕਿ ਮੁਰੰਮਤ ਦੇ ਨਾਂ ਉਤੇ ਇਸ ਗੁਰਦੁਆਰੇ ਦੀ ਇਮਾਰਤ ਢਾਹੁਣ ਤੋਂ ਸਰਕਾਰ ਨੂੰ ਰੋਕਿਆ ਜਾਵੇ। ਰਾਜ ਸਰਕਾਰ ਦੇ ਵਕੀਲ ਨੇ ਜਦੋਂ ਇਹ ਦੱਸਿਆ ਕਿ ਅਜਿਹੀ ਇਕ ਪਟੀਸ਼ਨ ਹਾਈ ਕੋਰਟ ਵਿਚ ਵੀ ਸੁਣਵਾਈ ਅਧੀਨ ਹੈ, ਜਿਸ ਉਤੇ 13 ਸਤੰਬਰ ਨੂੰ ਸੁਣਵਾਈ ਹੋਣੀ ਹੈ ਤਾਂ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਇਸ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ। ਸੁਪਰੀਮ ਕੋਰਟ ਨੇ





ਪਟੀਸ਼ਨਰ ਨੂੰ ਹਾਈ ਕੋਰਟ ਤੱਕ ਪਹੁੰਚ ਕਰਨ ਦੇ ਨਿਰਦੇਸ਼ ਦਿੱਤੇ ਪਰ ਨਾਲ ਹੀ ਹਾਈ ਕੋਰਟ ਵੱਲੋਂ ਮਸਲੇ 'ਤੇ ਸੁਣਵਾਈ ਕੀਤੇ ਜਾਣ ਤੱਕ ਸੂਬਾਈ ਸਰਕਾਰ ਨੂੰ ਇਸ ਮਸਲੇ ਉਤੇ ਸਥਿਤੀ 'ਜਿਉਂ ਦੀ ਤਿਉਂ' ਕਾਇਮ ਰੱਖਣ ਦੇ ਨਿਰਦੇਸ਼ ਦਿੱਤੇ। ਬੈਂਚ ਨੇ ਕਿਹਾ ਕਿ ਇਸ ਗੱਲ ਉਤੇ ਗੌਰ ਕੀਤੀ ਜਾਵੇ ਕਿ ਸੁਪਰੀਮ ਕੋਰਟ ਵੱਲੋਂ ਇਸ ਮਸਲੇ ਉਤੇ ਕੋਈ ਰਾਏ ਨਹੀਂ ਦਿੱਤੀ ਗਈ ਹੈ ਤੇ ਹਾਈ ਕੋਰਟ ਕਾਨੂੰਨ ਮੁਤਾਬਕ ਇਸ ਮਸਲੇ ਦਾ ਫੈਸਲਾ ਕਰੇ। ਪਟੀਸ਼ਨਰ ਅੰਮ੍ਰਿਤਪਾਲ ਸਿੰਘ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰ ਕੇ ਦੋਸ਼ ਲਾਏ ਸਨ ਕਿ ਸਰਕਾਰੀ ਅਧਿਕਾਰੀਆਂ ਨੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਹਟਾ ਦਿੱਤਾ ਤੇ ਮੁਰੰਮਤ ਦੇ ਨਾਂ 'ਤੇ ਗੁਰਦੁਆਰੇ ਨੂੰ ਢਾਹਿਆ ਜਾਵੇਗਾ। ਉਸ ਨੇ ਦੋਸ਼ ਲਾਇਆ ਸੀ ਕਿ ਅਧਿਕਾਰੀਆਂ ਨੇ ਪਾਵਨ ਸਰੂਪ ਨੂੰ ਹਟਾਉਣ ਲਈ ਮਰਿਆਦਾ ਦਾ ਵੀ ਖਿਆਲ ਨਹੀਂ ਰੱਖਿਆ।

## ਗੁਰੂ ਘਰ ਦੀ ਹੋਂਦ ਲਈ ਯਤਨ ਕੀਤੇ ਜਾਣਗੇ: ਬਡੂੰਗਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਹੈ ਕਿ ਸਿੱਕਮ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਗੁਰੂ ਡਾਂਗਮਾਰ ਤੇ ਚੁੰਗਥਾਂਗ ਦੀ ਸਿੱਖ ਸੰਗਤਾਂ ਦੀ ਭਾਵਨਾ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਹੋਂਦ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਦੀ ਇਤਿਹਾਸਕ ਮਹੱਤਤਾ ਨੂੰ ਉਜਾਗਰ ਕੀਤਾ ਜਾਵੇਗਾ। ਇਨ੍ਹਾਂ ਅਸਥਾਨਾਂ ਦੀ ਇਤਿਹਾਸਕ ਮਹੱਤਤਾ ਨੂੰ ਉਜਾਗਰ ਕਰਨ ਲਈ ਇਕ ਚਾਰ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਗਈ ਹੈ।

# ਬ੍ਰਿਕਸ ਦੇ ਦਹਿਸ਼ਤਵਾਦ ਬਾਰੇ ਐਲਾਨਨਾਮੇ ਤੋਂ ਭਾਰਤ ਬਾਗੋ-ਬਾਗ



**ਬੀਜਿੰਗ:** ਸਿਆਮਨ (ਚੀਨ) ਵਿਚ 'ਬ੍ਰਿਕਸ' ਸਿਖਰ ਸੰਮੇਲਨ ਦੇ ਐਲਾਨਨਾਮੇ ਤੋਂ ਭਾਰਤ ਬਾਗੋ ਬਾਗ ਹੈ। ਐਲਾਨਨਾਮੇ ਵਿਚ ਜਿਥੇ 'ਬ੍ਰਿਕਸ' ਸੰਗਠਨ ਵੱਲੋਂ ਦਹਿਸ਼ਤਵਾਦ ਵਿਰੁੱਧ ਸਾਂਝੇ ਘੋਲ ਦਾ ਸੱਦਾ ਦਿੱਤਾ ਹੈ, ਉਥੇ ਹੋਰਨਾਂ ਜਥੇਬੰਦੀਆਂ ਦੇ ਨਾਲ-ਨਾਲ ਪਾਕਿਸਤਾਨ ਆਧਾਰਤ ਸੰਗਠਨਾਂ ਜੈਸ਼-ਏ-ਮੁਹੰਮਦ (ਜੇ.ਈ.ਐਮ.) ਤੇ ਲਸ਼ਕਰ-ਏ-ਤੋਇਬਾ (ਐਲ.ਈ.ਟੀ.) ਦੇ ਨਾਮ ਖਾਸ ਤੌਰ ਉਤੇ ਲਏ ਗਏ ਹਨ ਅਤੇ ਹੋਰਨਾਂ ਆਲਮੀ ਦਹਿਸ਼ਤੀ ਗੁੱਟਾਂ ਵਾਂਗ ਉਨ੍ਹਾਂ ਦਾ ਵੀ ਸਫਾਇਆ ਕਰਨ ਦਾ ਸੱਦਾ ਦਿੱਤਾ ਗਿਆ ਹੈ। ਚੀਨ ਦੀ ਮੇਜ਼ਬਾਨੀ ਵਾਲੇ ਇਸ ਸਿਖਰ ਸੰਮੇਲਨ ਵਿਚ ਜੈਸ਼ ਤੇ ਲਸ਼ਕਰ ਦੇ ਨਾਮ ਸ਼ਾਮਲ ਹੋਣਾ ਚੀਨੀ ਰੁਖ ਵਿੱਚ ਤਬਦੀਲੀ ਦਾ ਸੰਕੇਤ ਹੈ। ਹੁਣ ਤੱਕ ਚੀਨ, 'ਜੈਸ਼' ਨੂੰ ਦਹਿਸ਼ਤੀ ਗੁੱਟਾਂ ਵਿਚ ਸ਼ੁਮਾਰ ਕੀਤੇ ਜਾਣ ਦੀ ਭਾਰਤੀ ਮੰਗ ਦਾ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀਆਂ ਕਮੇਟੀਆਂ ਸਮੇਤ ਹੋਰ ਕੌਮਾਂਤਰੀ ਮੰਚਾਂ ਉਤੇ ਵਿਰੋਧ ਕਰਦਾ ਆਇਆ ਸੀ।

ਚੀਨ ਦੀ ਹਾਜ਼ਰੀ 'ਚ ਬ੍ਰਿਕਸ ਮੁਲਕਾਂ ਨੇ ਕਿਹਾ ਕਿ ਜਿਹੜੇ ਦਹਿਸ਼ਤੀ ਕਾਰਵਾਈਆਂ ਨੂੰ ਹਮਾਇਤ ਦੇ ਰਹੇ ਹਨ, ਉਨ੍ਹਾਂ ਨੂੰ ਜਵਾਬਦੇਹ ਮੰਨਿਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਲ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਬ੍ਰਾਜ਼ੀਲ ਰਾਸ਼ਟਰਪਤੀ ਮਾਈਕਲ ਟੇਮਰ ਅਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਅਜਿਹੀਆਂ ਜਥੇਬੰਦੀਆਂ ਦੀ ਦਹਿਸ਼ਤੀ ਸਰਗਰਮੀਆਂ ਦੀ ਤਿੱਖੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਅਫਤ ਨਾਲ ਇਕਜੁੱਟ ਹੋ ਕੇ ਲੜਨ ਦੀ ਵਚਨਬੱਧਤਾ ਪ੍ਰਗਟਾਈ। ਬ੍ਰਿਕਸ ਸੰਮੇਲਨ ਦੇ ਅਖੀਰ 'ਤੇ 43 ਸਫਿਆਂ ਦਾ 'ਸ਼ਿਆਮਨ ਐਲਾਨਨਾਮਾ' ਅਪਣਾਇਆ ਗਿਆ ਅਤੇ ਅਫਗਾਨਿਸਤਾਨ 'ਚ ਹਿੰਸਾ ਤੁਰਤ ਰੋਕਣ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ। ਐਲਾਨਨਾਮੇ 'ਚ ਦਹਿਸ਼ਤੀ ਜਥੇਬੰਦੀਆਂ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਤਹਿਰੀਕ-ਏ-ਤਾਲਿਬਾਨ ਪਾਕਿਸਤਾਨ, ਹੱਕਾਨੀ ਨੈੱਟਵਰਕ, ਹਿਜ਼ਬ ਉਤ-ਤਹਿਰੀਰ, ਤਾਲਿਬਾਨ, ਇਸਲਾਮਿਕ ਸਟੇਟ, ਅਲ ਕਾਇਦਾ ਅਤੇ ਇਸ ਦੀਆਂ ਸਹਾਇਕ ਜਥੇਬੰਦੀਆਂ ਪੂਰਬੀ ਤੁਰਕਿਸਤਾਨ ਇਸਲਾਮਿਕ ਮੂਵਮੈਂਟ ਅਤੇ ਇਸਲਾਮਿਕ ਮੂਵਮੈਂਟ ਆਫ ਉਜ਼ਬੇਕਿਸਤਾਨ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਨ੍ਹਾਂ ਵੱਲੋਂ ਖਿੱਤੇ 'ਚ ਫੈਲਾਈ ਜਾਂਦੀ ਹਿੰਸਾ ਕਾਰਨ ਸੁਰੱਖਿਆ ਹਾਲਾਤ ਉਤੇ ਉਚੇਚੇ ਤੌਰ 'ਤੇ ਚਿੰਤਾ ਜਤਾਈ ਗਈ। 9ਵੇਂ ਸਿਖਰ ਸੰਮੇਲਨ ਦੌਰਾਨ ਬ੍ਰਿਕਸ ਆਗੂਆਂ ਨੇ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੀ ਨਿਖੇਧੀ ਕਰਦਿਆਂ ਜ਼ੋਰ ਦਿੱਤਾ ਕਿ ਦਹਿਸ਼ਤਗਰਦੀ ਦੀ ਕਿਸੇ ਵੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਬ੍ਰਿਕਸ ਨੇ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਮੁਤਾਬਕ ਆਪਸੀ ਸਹਿਯੋਗ ਦੀ ਲੋੜ ਉਤੇ ਜ਼ੋਰ ਦਿੱਤਾ। ਅਧਿਕਾਰੀਆਂ ਮੁਤਾਬਕ ਸ੍ਰੀ ਮੋਦੀ ਨੇ ਦਹਿਸ਼ਤਗਰਦੀ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਜਿਸ ਦੀ ਹੋਰ ਆਗੂਆਂ ਨੇ ਹਮਾਇਤ ਕੀਤੀ। ਜ਼ਿਕਰਯੋਗ ਹੈ ਕਿ ਗੋਆ 'ਚ ਹੋਏ ਪਿਛਲੇ ਬ੍ਰਿਕਸ ਸੰਮੇਲਨ ਦੌਰਾਨ ਚੀਨ ਨੇ ਪਾਕਿਸਤਾਨ ਆਧਾਰਿਤ ਦਹਿਸ਼ਤੀ ਜਥੇਬੰਦੀਆਂ ਦੇ ਨਾਮ ਐਲਾਨਨਾਮੇ 'ਚ ਸ਼ਾਮਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ।

## ਅਜ਼ਹਰ 'ਤੇ ਪਾਬੰਦੀ ਦਾ ਮੁੱਦਾ ਚੀਨ ਨੇ ਟਾਲਿਆ

**ਬੀਜਿੰਗ:** ਬ੍ਰਿਕਸ ਸੰਮੇਲਨ ਵਿਚ ਪਹਿਲੀ ਵਾਰ ਖੇਤਰ 'ਚ ਹਿੰਸਾ ਫੈਲਾਉਣ ਲਈ ਪਾਕਿਸਤਾਨੀ ਅਤਿਵਾਦੀ ਸੰਗਠਨਾਂ ਦੇ ਨਾਲ ਜੈਸ਼ ਦਾ ਨਾਮ ਲੈਣ ਦੇ ਬਾਅਦ ਵੀ ਚੀਨ ਉਨ੍ਹਾਂ ਸਵਾਲਾਂ ਨੂੰ ਟਾਲਦਾ ਰਿਹਾ, ਜਿਸ 'ਚ ਪੁੱਛਿਆ ਗਿਆ ਸੀ ਕਿ ਕੀ ਜੈਸ਼ ਦੇ ਮੁਖੀ ਮਸੂਦ ਅਜ਼ਹਰ ਉਤੇ ਸੰਯੁਕਤ ਰਾਸ਼ਟਰ ਵੱਲੋਂ ਪਾਬੰਦੀ ਲਗਾਏ ਜਾਣ ਨੂੰ ਰੋਕਣ ਦੇ ਉਸ ਦੇ ਰੁਖ 'ਚ ਕੋਈ ਬਦਲਾਅ ਆਇਆ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਮੈਂ ਅਜੇ ਸਾਂਝਾ ਐਲਾਨਨਾਮਾ ਨਹੀਂ ਦੇਖਿਆ। ਸਵਾਲ ਨੂੰ ਟਾਲਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਬੰਧੀ ਉਸ ਨੂੰ ਜਾਣਕਾਰੀ ਨਹੀਂ ਹੈ।

## ਮੋਦੀ ਤੇ ਪੁਤਿਨ ਵੱਲੋਂ ਦੁਵੱਲੇ ਵਪਾਰ ਬਾਰੇ ਸੰਕਲਪ

**ਸਿਆਮਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਨਾਲ ਗੱਲਬਾਤ ਦੌਰਾਨ ਤੇਲ ਅਤੇ ਕੁਦਰਤੀ ਗੈਸ ਦੇ ਖੇਤਰ ਵਿਚ ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਵਧਾਉਣ ਦੇ ਤਰੀਕਿਆਂ ਸਬੰਧੀ ਚਰਚਾ ਕੀਤੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਦੱਸਿਆ ਕਿ ਦੋਵੇਂ ਆਗੂਆਂ ਨੇ ਦੁਵੱਲੇ ਸਬੰਧਾਂ ਦੇ ਵੱਖ-ਵੱਖ ਪਹਿਲੂਆਂ ਸਬੰਧੀ ਗੱਲਬਾਤ ਕੀਤੀ। ਉਨ੍ਹਾਂ ਇਸ ਸਬੰਧੀ ਵੀ ਚਰਚਾ ਕੀਤੀ ਕਿ ਵਪਾਰ ਅਤੇ ਨਿਵੇਸ਼ ਨੂੰ ਵਧਾਉਣ ਲਈ ਕਿਸ ਤਰ੍ਹਾਂ ਇਕੱਠੇ ਕੰਮ ਕਰਨਾ ਚਾਹੀਦਾ ਹੈ।

# 'ਛੰਮਕਛੱਲੋ' ਕਹਿਣਾ ਪਿਆ ਮਹਿੰਗਾ

**ਥਾਣੇ:** ਅਦਾਲਤ ਨੇ 'ਛੰਮਕਛੱਲੋ' ਸ਼ਬਦ ਦੀ ਵਰਤੋਂ ਨੂੰ ਔਰਤ ਦਾ ਨਿਰਾਦਰ ਕਰਨ ਬਰਾਬਰ ਮੰਨਿਆ ਹੈ। ਅਦਾਲਤ ਨੇ ਇਕ ਔਰਤ ਨੂੰ ਛੰਮਕਛੱਲੋ ਕਹਿਣ 'ਤੇ ਅਦਾਲਤ ਦੇ ਉਠਣ ਤੱਕ ਇਕ ਵਿਅਕਤੀ ਨੂੰ ਖੜ੍ਹੇ ਰਹਿਣ ਦੀ ਸਜ਼ਾ ਸੁਣਾਉਂਦਿਆਂ ਦੋਸ਼ੀ ਨੂੰ ਇਕ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ।

ਇਕ ਔਰਤ ਨੇ ਅਦਾਲਤ ਵਿਚ ਆਪਣੇ ਗੁਆਂਢੀ ਖਿਲਾਫ 2009 ਵਿਚ ਦਰਜ ਕਰਵਾਏ ਮਾਮਲੇ 'ਚ ਦੱਸਿਆ ਕਿ ਉਹ ਜਦੋਂ ਆਪਣੀ ਪਤੀ ਨਾਲ ਸੈਰ ਤੋਂ ਵਾਪਸ ਆ ਰਹੀ ਸੀ ਤਾਂ ਪੌੜੀਆਂ 'ਚ ਰੱਖੇ ਕੂੜੇਦਾਨ ਨੂੰ ਠੋਕਰ ਲੱਗ ਗਈ ਜਿਸ 'ਤੇ ਨਾਰਾਜ਼ ਹੋਏ ਗੁਆਂਢੀ ਨੇ ਉਸ ਨੂੰ ਬੁਰਾ-ਭਲਾ ਬੋਲਦਿਆਂ 'ਛੰਮਕਛੱਲੋ' ਵੀ ਕਿਹਾ। ਇਸ ਨੂੰ ਆਪਣੀ ਬੇਇੱਜ਼ਤੀ ਸਮਝਦਿਆਂ ਔਰਤ ਨੇ ਪਹਿਲਾਂ ਪੁਲਿਸ ਨਾਲ ਸੰਪਰਕ ਕੀਤਾ ਪਰ ਪੁਲਿਸ ਨੇ ਮਾਮਲਾ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਔਰਤ ਨੇ ਅਦਾਲਤ 'ਚ ਕੇਸ ਦਾਇਰ ਕਰ ਦਿੱਤਾ। ਹੁਣ 8 ਸਾਲ ਬਾਅਦ ਸੂਚਨਾ ਦੇ ਅਧਿਕਾਰ ਤਹਿਤ ਮੰਗੀ ਜਾਣਕਾਰੀ ਦੌਰਾਨ ਮੈਜਿਸਟ੍ਰੇਟ ਨੇ ਇਸ ਨੂੰ ਕਾਨੂੰਨ ਦੀ 509 ਧਾਰਾ ਤਹਿਤ ਅਪਰਾਧ ਮੰਨਦਿਆਂ ਇਸ ਸ਼ਬਦ ਦੀ ਵਰਤੋਂ ਨੂੰ ਔਰਤ ਦਾ ਅਪਮਾਨ ਦੱਸਿਆ ਹੈ। ਇਸ ਸ਼ਬਦ ਦੀ ਵਰਤੋਂ ਅਕਸਰ ਔਰਤ ਦੀ ਤਾਰੀਫ ਕਰਨ ਲਈ ਨਹੀਂ ਸਗੋਂ ਉਸ ਨੂੰ ਗੁੱਸਾ ਦਿਵਾਉਣ ਲਈ ਕੀਤੀ ਜਾਂਦੀ ਹੈ।

# ਮਲਾਲਾ ਉਤੇ ਹਮਲਾ ਕਰਨ ਵਾਲਾ ਅਤਿਵਾਦੀ ਮਾਰਿਆ ਗਿਆ



**ਕਰਾਚੀ:** ਪਾਕਿਸਤਾਨ ਪੁਲਿਸ ਨੇ ਦਾਅਵਾ ਕੀਤਾ ਕਿ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫਜ਼ੇਈ 'ਤੇ ਹਮਲੇ ਵਿਚ ਵਿਚ ਸ਼ਾਮਲ ਖੁਰਸ਼ੀਦ ਸਮੇਤ ਤਹਿਰੀਕ-ਏ-ਤਾਲਿਬਾਨ ਨਾਲ ਸਬੰਧਤ ਚਾਰ ਅਤਿਵਾਦੀ ਮੁਕਾਬਲੇ ਵਿਚ ਮਾਰੇ ਗਏ। 'ਦੀ ਨਿਊਜ਼ ਇੰਟਰਨੈਸ਼ਨਲ' ਦੀ ਰਿਪੋਰਟ ਅਨੁਸਾਰ ਐਸ.ਐਸ.ਪੀ. ਮਾਲਿਰ ਰਾਓ ਅਨਵਰ ਨੇ ਦੱਸਿਆ ਕਿ ਖੁਰਸ਼ੀਦ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਮੁੱਖੀ ਮੁੱਲਾ ਫਜ਼ਲਉੱਲਾ ਦਾ ਕਰੀਬੀ ਰਿਸ਼ਤੇਦਾਰ ਸੀ ਅਤੇ ਉਹ ਮਲਾਲਾ ਅਤੇ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ 'ਤੇ ਹਮਲੇ ਵਿਚ ਸ਼ਾਮਲ ਸੀ। ਤਾਲਿਬਾਨ ਅਤਿਵਾਦੀਆਂ ਨੇ 9 ਅਕਤੂਬਰ 2012 ਨੂੰ ਉਸ ਸਮੇਂ ਮਲਾਲਾ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ ਜਦੋਂ ਉਹ ਸਕੂਲ ਤੋਂ ਘਰ ਨੂੰ ਆ ਰਹੀ ਸੀ।

# ਫੌਜ 'ਚ ਹੋਣਗੇ ਲਾਮਿਸਾਲ ਸੁਧਾਰ

**ਨਵੀਂ ਦਿੱਲੀ:** ਭਾਰਤੀ ਫੌਜ ਦੀ ਜੰਗੀ ਤਾਕਤ ਵਧਾਉਣ ਲਈ ਸਰਕਾਰ ਵੱਲੋਂ ਵੱਡੇ ਸੁਧਾਰ ਕੀਤੇ ਜਾਣਗੇ। ਇਨ੍ਹਾਂ ਵਿਚ ਤਕਰੀਬਨ 57 ਹਜ਼ਾਰ ਅਧਿਕਾਰੀਆਂ ਅਤੇ ਹੋਰ ਰੈਂਕਾਂ ਦੀ ਮੁੜ ਤੋਂ ਤਾਇਨਾਤੀ ਸ਼ਾਮਲ ਹੈ।

ਇਸ ਦੇ ਨਾਲ ਸਰੋਤਾਂ ਦੀ ਬਿਹਤਰ ਵਰਤੋਂ ਨੂੰ ਯਕੀਨੀ ਬਣਾਇਆ ਜਾਵੇਗਾ। ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਇਹ ਸੁਧਾਰ 31 ਦਸੰਬਰ 2019 ਤੱਕ ਲਾਗੂ ਕਰ ਦਿੱਤੇ ਜਾਣਗੇ। ਰੱਖਿਆ ਮੰਤਰੀ ਅਰੁਣ ਜੇਤਲੀ ਨੇ ਦੱਸਿਆ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਵੱਡੇ ਸੁਧਾਰਾਂ ਦੀ ਪ੍ਰਕਿਰਿਆ ਫੌਜ ਵੱਲੋਂ ਆਰੰਭੀ ਗਈ ਹੈ ਜਿਸ ਦੇ ਦੂਰ ਤੱਕ ਪ੍ਰਭਾਵ ਪੈਣਗੇ। ਫੌਜ 'ਚ ਸੁਧਾਰਾਂ ਦੇ ਅਮਲ ਦੀ ਸਿਫਾਰਸ਼ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਡੀ.ਬੀ. ਸ਼ੇਕਾਟਕਰ ਦੀ ਅਗਵਾਈ ਹੇਠਲੀ ਕਮੇਟੀ ਵੱਲੋਂ ਕੀਤੀ ਗਈ ਹੈ।

# ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰੇ ਕੰਗ ਵੱਲੋਂ ਪਾਰਟੀ ਤੋਂ ਅਸਤੀਫ਼ਾ


**ਵੈਨਕੂਵਰ:** ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰੇ ਕੈਲਗਰੀ ਤੋਂ ਸੰਸਦ ਮੈਂਬਰ ਦਰਸ਼ਨ ਸਿੰਘ ਕੰਗ ਨੇ ਲਿਬਰਲ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਜਾਂਚ ਕਮਿਸ਼ਨ ਦੇ ਗਠਨ ਦਾ ਸਵਾਗਤ ਕਰਦੇ ਹਨ ਤੇ ਖੁਦ ਨੂੰ ਨਿਰਦੋਸ਼ ਸਾਬਤ ਕਰਨਗੇ।

ਸ੍ਰੀ ਕੰਗ ਨੇ ਕਿਹਾ ਕਿ ਉਹ ਪਾਰਟੀ ਵਿਚ ਰਹਿ ਕੇ ਪ੍ਰਧਾਨ ਮੰਤਰੀ ਉਤੇ ਕੋਈ ਉਂਗਲ ਨਹੀਂ ਉਠਣ ਦੇਣਾ ਚਾਹੁੰਦੇ, ਇਸ ਲਈ ਜਾਂਚ ਵਿਚ ਨਿਰਦੋਸ਼ ਸਾਬਤ ਹੋਣ ਤੱਕ ਪਾਰਟੀ ਤੋਂ ਲਾਂਭੇ ਰਹਿਣਗੇ।

ਉਨ੍ਹਾਂ ਆਪਣੇ ਦਫਤਰ ਦੀਆਂ ਮੁਲਾਜ਼ਮ ਔਰਤਾਂ ਵੱਲੋਂ ਲਾਏ ਦੋਸ਼ਾਂ ਨੂੰ ਬੇਬੁਨਿਆਦ ਤੇ ਨਿਰਆਧਾਰ ਦੱਸਿਆ ਅਤੇ ਇਸ ਨੂੰ ਵਿਰੋਧੀਆਂ ਦੀ ਸਾਜ਼ਿਸ਼ ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਸੰਸਦ ਮੈਂਬਰ ਵਜੋਂ ਉਨ੍ਹਾਂ ਦੇ ਦਫਤਰ ਵਿਚ ਕੰਮ ਕਰਦੀ ਔਰਤ ਨੇ ਸ੍ਰੀ ਕੰਗ ਉਤੇ ਜਿਨਸੀ ਛੇੜਛਾੜ ਦਾ ਦੋਸ਼ ਲਾਇਆ ਸੀ।

# ਅਮਰੀਕਾ ਵੱਲੋਂ ਪਾਕਿਸਤਾਨ ਨੂੰ ਸ਼ਰਤਾਂ ਨਾਲ 25.5 ਕਰੋੜ ਡਾਲਰ ਦੀ ਸਹਾਇਤਾ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਕਾਂਗਰਸ ਨੂੰ ਦੱਸਿਆ ਹੈ ਕਿ ਉਸ ਨੇ ਪਾਕਿਸਤਾਨ ਨੂੰ ਸਖ਼ਤ ਸ਼ਰਤਾਂ ਸਹਿਤ 25.5 ਕਰੋੜ ਡਾਲਰ ਦੀ ਸੈਨਿਕ ਮਦਦ ਦਿੱਤੀ ਹੈ ਪਰ ਪਾਕਿਸਤਾਨ ਇਸ ਮਦਦ ਦੀ ਵਰਤੋਂ ਤਾਂ ਹੀ ਕਰ ਸਕੇਗਾ ਜੇਕਰ ਉਹ ਅਤਿਵਾਦੀ ਸੰਗਠਨਾਂ ਖਿਲਾਫ਼ ਸਖਤ ਕਾਰਵਾਈ ਕਰੇਗਾ।



ਇਸ ਐਲਾਨ ਤੋਂ ਹਫਤਾ ਕੁ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਫਗਾਨਿਸਤਾਨ 'ਚ ਅਮਰੀਕੀ ਸੈਨਿਕਾਂ 'ਤੇ ਹਮਲੇ ਕਰਨ ਵਾਲੇ ਅਤਿਵਾਦੀ ਸਮੂਹਾਂ ਨੂੰ ਸੁਰੱਖਿਅਤ ਪਨਾਹ ਦੇਣ ਲਈ ਪਾਕਿਸਤਾਨ ਦੀ ਸਖ਼ਤ ਆਲੋਚਨਾ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਅਤਿਵਾਦੀਆਂ ਦੀ ਪਾਲਣ-ਪੋਸ਼ਣ ਕਰਨ ਲਈ ਉਸ ਨੂੰ ਵੱਡਾ ਖਮਿਆਜ਼ਾ ਭੁਗਤਣਾ ਪਵੇਗਾ।

# ਮਿਆਂਮਾਰ: ਦਾਅ 'ਤੇ ਲੱਗੀ ਮਾਨਵਤਾ, ਟਕਰਾਅ 'ਚ 400 ਮੌਤਾਂ

**ਕੌਕਸ ਬਜ਼ਾਰ:** ਮਿਆਂਮਾਰ ਦੇ ਗੜਬੜਸ਼ੁਦਾ ਰਖਾਇਨ ਸੂਬੇ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਪੁਲਿਸ ਨਾਕਿਆਂ ਅਤੇ ਫੌਜੀ ਅੱਡੇ ਉਤੇ 24 ਅਗਸਤ ਨੂੰ ਹਮਲੇ ਤੋਂ ਬਾਅਦ ਫੌਜ ਨੇ ਰੋਹਿੰਗਿਆ ਬਾਗੀਆਂ ਅਤੇ ਉਨ੍ਹਾਂ ਦੇ ਅੱਡਿਆਂ ਨੂੰ ਖਤਮ ਕਰਨ ਲਈ ਮੁਹਿੰਮ ਛੇੜ ਦਿੱਤੀ ਹੈ। ਇਸ ਖੂਨੀ ਟਕਰਾਅ ਵਿਚ ਹੁਣ ਤੱਕ ਤਕਰੀਬਨ 400 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਸੰਯੁਕਤ ਰਾਸ਼ਟਰ ਮੁਤਾਬਕ ਫੌਜੀ ਮੁਹਿੰਮ ਪਿੱਛੋਂ 87 ਹਜ਼ਾਰ ਰੋਹਿੰਗਿਆ ਮੁਸਲਮਾਨ ਬੰਗਲਾਦੇਸ਼ ਦੀ ਸਰਹੱਦ ਵਿਚ ਦਾਖਲ ਹੋ ਚੁੱਕੇ ਹਨ। 20 ਹਜ਼ਾਰ ਤੋਂ ਜ਼ਿਆਦਾ ਸ਼ਰਨਾਰਥੀ ਮਿਆਂਮਾਰ ਅਤੇ ਬੰਗਲਾਦੇਸ਼ ਦੇ ਸਰਹੱਦੀ ਇਲਾਕਿਆਂ ਵਿਚ ਫਸੇ ਹਨ। 59 ਦਹਾਕਿਆਂ ਬਾਅਦ ਹਾਲਾਤ ਇਸ ਤਰ੍ਹਾਂ ਨਾਲ ਖਰਾਬ ਹੋਏ ਹਨ। ਸਾਲ 2012 ਵਿਚ ਰਖਾਇਨ ਸੂਬੇ ਦੀ ਰਾਜਧਾਨੀ ਸਿਤਵੇ ਵਿਚ ਭੜਕੇ ਦੰਗਿਆਂ ਵਿਚ 200 ਲੋਕ ਮਾਰੇ ਗਏ ਸਨ ਅਤੇ 1.40 ਲੱਖ ਲੋਕਾਂ ਨੂੰ ਬੇਘਰ ਹੋਣਾ ਪਿਆ ਸੀ। ਇਸ ਵਾਰੀ



ਬੇਘਰਿਆਂ ਦੀ ਗਿਣਤੀ 60 ਹਜ਼ਾਰ ਦੇ ਕਰੀਬ ਪਹੁੰਚ ਚੁੱਕੀ ਹੈ। ਮਿਆਂਮਾਰ ਦੀ ਫੌਜ ਦਾ ਕਹਿਣਾ ਹੈ ਕਿ ਉਸ ਦੀ ਮੁਹਿੰਮ ਅਤਿਵਾਦੀਆਂ ਖਿਲਾਫ਼ ਹੈ।

ਫੌਜ ਨੇ ਕਿਹਾ ਕਿ ਮਰਨ ਵਾਲਿਆਂ 'ਚ 370 ਰੋਹਿੰਗਿਆ ਬਾਗੀ, 13 ਫੌਜੀ ਜਵਾਨ, ਦੋ ਸਰਕਾਰੀ ਅਧਿਕਾਰੀ ਅਤੇ 14 ਆਮ ਨਾਗਰਿਕ ਹਨ। ਚਾਰ ਬਾਗੀ ਗ੍ਰਿਫਤਾਰ ਵੀ ਕੀਤੇ ਗਏ ਹਨ। ਇਨ੍ਹਾਂ 'ਚ 13 ਸਾਲ ਦਾ ਇਕ ਬੱਚਾ ਵੀ ਸ਼ਾਮਲ ਹੈ। ਇਸ ਦੌਰਾਨ ਬੇੜੀ ਹਾਦਸੇ 'ਚ ਮਾਰੇ ਗਏ ਸ਼ਰਨਾਰਥੀਆਂ ਦੀ ਗਿਣਤੀ 40 ਤੱਕ ਪਹੁੰਚ ਗਈ ਹੈ। ਸ਼ਰਨਾਰਥੀਆਂ ਨਾਲ ਲੱਦੀ ਇਕ ਬੇੜੀ ਮਿਆਂਮਾਰ ਅਤੇ ਬੰਗਲਾਦੇਸ਼ ਨੂੰ ਵੰਡਣ ਵਾਲੀ ਨਫ ਨਦੀ 'ਚ ਡੁੱਬ ਗਈ ਸੀ।

ਬੰਗਲਾਦੇਸ਼ ਦੇ ਸਰਹੱਦੀ ਇਲਾਕੇ ਕਾਕਸ ਬਾਜ਼ਾਰ 'ਚ ਹਜ਼ਾਰਾਂ ਦੀ ਗਿਣਤੀ ਵਿਚ ਭੁੱਖੇ-ਪਿਆਸੇ ਰੋਹਿੰਗਿਆ ਸ਼ਰਨਾਰਥੀ ਪਹੁੰਚ ਰਹੇ ਹਨ। ਤਾਜ਼ਾ ਹਿੰਸਾ ਮਗਰੋਂ ਬੋਧੀ ਬਹੁਗਿਣਤੀ ਵਾਲੇ ਮੁਲਕ ਤੋਂ ਹਜ਼ਾਰਾਂ ਘੱਟ ਗਿਣਤੀ ਮੁਸਲਮਾਨ ਭੱਜ ਕੇ ਸਰਹੱਦ ਉਤੇ ਇਕੱਠੇ ਹੋ ਰਹੇ ਹਨ। ਇਸ ਕਾਰਨ ਬੰਗਲਾਦੇਸ਼ ਵਿਚ ਪਹਿਲਾਂ ਹੀ ਖਚਾਖਚ ਭਰੇ ਕੈਂਪਾਂ ਉਤੇ ਦਬਾਅ ਵਧ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਤਕਰੀਬਨ 20 ਹਜ਼ਾਰ ਤੋਂ ਵੱਧ ਸ਼ਰਨਾਰਥੀ ਮਿਆਂਮਾਰ ਦੇ ਪੱਛਮੀ ਰਾਜ ਰਖਾਇਨ ਤੇ ਬੰਗਲਾਦੇਸ਼ ਦੀ ਸਰਹੱਦ ਵਿਚਕਾਰ ਇਕੱਤਰ ਹੋਏ ਹਨ ਅਤੇ ਉਹ ਬੰਗਲਾਦੇਸ਼ ਵਿਚ ਦਾਖਲ ਹੋਣ ਦਾ ਇੰਤਜ਼ਾਰ ਕਰ ਰਹੇ ਹਨ।

ਸੰਯੁਕਤ ਰਾਸ਼ਟਰ ਨੇ ਕਿਹਾ ਕਿ ਨਵੇਂ ਸ਼ਰਨਾਰਥੀਆਂ ਨੂੰ ਤੱਟੀ ਸ਼ਹਿਰ ਕੌਕਸ ਬਾਜ਼ਾਰ ਦੇ ਪਹਿਲਾਂ ਤੋਂ ਰੋਹਿੰਗਿਆ ਸ਼ਰਨਾਰਥੀਆਂ ਨਾਲ ਭਰੇ ਪਏ ਕੈਂਪਾਂ ਵਿਚ ਰੱਖਿਆ ਜਾ ਰਿਹਾ ਹੈ। ਬਰਸਾਤ ਕਾਰਨ ਬਹੁਤੇ ਸ਼ਰਨਾਰਥੀਆਂ ਨੂੰ ਸਿਰ ਢੱਕਣ ਲਈ ਵੀ ਥਾਂ ਨਹੀਂ ਮਿਲ ਰਹੀ।

## ਮਲਾਲਾ ਵੱਲੋਂ ਸੂ ਕੀ ਨੂੰ ਅੱਗੇ ਆਉਣ ਦਾ ਸੱਦਾ

**ਲੰਡਨ:** ਲੜਕੀਆਂ ਦੇ ਅਧਿਕਾਰਾਂ ਲਈ ਲੜਨ ਵਾਲੀ ਕਾਰਕੁਨ ਮਲਾਲਾ ਯੂਸਫਜ਼ਈ ਨੇ ਨੋਬੇਲ ਇਨਾਮ ਜੇਤੂ ਆਂਗ ਸਾਨ ਸੂ ਕੀ ਨੂੰ ਮਿਆਂਮਾਰ ਵਿੱਚ ਰੋਹਿੰਗਿਆ ਮੁਸਲਮਾਨਾਂ ਵਿਰੁੱਧ ਚੱਲ ਰਹੀ ਹਿੰਸਾ ਦੀ ਨਿਖੇਧੀ ਕਰਨ ਦਾ ਸੱਦਾ ਦਿੱਤਾ। 20 ਸਾਲਾ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਨੇ ਮਿਆਂਮਾਰ ਦੀ ਸਟੇਟ ਕੌਂਸਲਰ ਨੂੰ ਇਸ ਹਿੰਸਾ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ।

# ਸਿਆਸੀ ਪਾਰਟੀਆਂ ਤੇ ਧਰਮਾਂ ਲਈ ਵੰਗਾਰ ਬਣੇ ਡੇਰੇ

**ਅਭੈ ਕੁਮਾਰ ਦੂਬੇ**

ਅੱਜ ਦਾ ਸਵਾਲ ਇਹ ਹੈ ਕਿ ਡੇਰਾ ਸੱਚਾ ਸੌਦਾ ਕਾਂਡ ਬਾਰੇ ਸੋਚਣ ਦਾ ਠੀਕ ਤਰੀਕਾ ਕੀ ਹੋਣਾ ਚਾਹੀਦਾ ਹੈ? ਇਹ ਕਾਂਡ ਇਸ਼ਾਰਾ ਕਰ ਰਿਹਾ ਹੈ ਕਿ ਭਾਰਤੀ ਰਾਜਨੀਤੀ ਦੇ ਵਿਹਾਰਕ ਪਹਿਲੂਆਂ ਵਿਚ ਬ੍ਰਾਹਮਣਵਾਦ ਹੁਣ ਪ੍ਰਭਾਵਸ਼ਾਲੀ ਨਹੀਂ ਰਹਿ ਗਿਆ। ਸਾਡੇ ਸਮਾਜ ਦੀ ਨਵੀਂ ਸੋਚ ਦਾ ਅੰਦਾਜ਼ਾ ਇਸ ਸਚਾਈ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਸਮੇਂ ਦੇਸ਼ ਦੇ ਸਭ ਤੋਂ ਪ੍ਰਸਿਧ ਸੰਤ ਜਨਮ ਤੋਂ ਯਾਦਵ ਸਵਾਮੀ ਰਾਮਦੇਵ (ਅਸਲੀ ਨਾਂ ਰਾਮ ਕ੍ਰਿਸ਼ਨ ਯਾਦਵ) ਹਨ ਅਤੇ ਸਭ ਤੋਂ ਜ਼ਿਆਦਾ ਚਰਚਿਤ ਯੋਗੀ ਜਨਮ ਤੋਂ ਠਾਕੁਰ ਅਦਿਤਿਅਨਾਥ (ਅਸਲੀ ਨਾਂ ਅਜਯ ਸਿੰਘ ਬਿਸ਼ਟ) ਹਨ। ਨਵੀਂ ਧਾਰਮਿਕਤਾ (ਜਿਸ ਨੂੰ ਕੁਝ ਵਿਦਵਾਨ ਗ਼ਲਤੀ ਨਾਲ ਸ਼ਹਿਰੀ ਧਾਰਮਿਕਤਾ ਕਹਿੰਦੇ ਹਨ ਪਰ ਜਿਸ ਵਿਚ ਪੇਂਡੂ ਸਮਾਜ ਵੱਡੇ ਪੈਮਾਨੇ 'ਤੇ ਭਾਈਵਾਲੀ ਕਰ ਰਿਹਾ ਹੈ) ਦਾ ਵਿਕਾਸ ਜਿਸ ਤਰ੍ਹਾਂ ਹੋਇਆ ਹੈ, ਉਸ ਵਿਚ ਬ੍ਰਾਹਮਣਵਾਦ ਦੀ ਕੋਈ ਕਾਰਸ਼ਤਾਨੀ ਨਹੀਂ ਰਹਿ ਗਈ। ਹਿੰਦੂ ਧਰਮ ਵੱਡੇ ਪੈਮਾਨੇ 'ਤੇ ਸੰਘਬੱਧਤਾ (ਜਿਸ ਤਹਿਤ ਲੋਕ ਇਕ ਜਗ੍ਹਾ ਵੱਡੇ ਪੈਮਾਨੇ 'ਤੇ ਇਕੱਠੇ ਹੁੰਦੇ ਹਨ ਤੇ ਧਾਰਮਿਕ ਪ੍ਰਵਚਨ ਸੁਣਦੇ ਹਨ, ਜਦੋਂ ਕਿ ਹਿੰਦੂ ਧਰਮ ਵਿਚ ਪਹਿਲਾਂ ਭਗਤ ਤੇ ਭਗਵਾਨ ਵਿਚ ਨਿੱਜੀ ਰਿਸ਼ਤੇ ਦੀ ਮੁੱਖ ਹੈਸੀਅਤ ਸੀ) ਵੱਲ ਜਾ ਰਿਹਾ ਹੈ ਜਿਸ ਕਾਰਨ ਤਰ੍ਹਾਂ-ਤਰ੍ਹਾਂ ਦੇ ਗੁਰੂਆਂ, ਬਾਬਿਆਂ, ਕਥਾ ਵਾਚਕਾਂ ਅਤੇ ਡੇਰਿਆਂ ਦੀ ਲੋਕਪ੍ਰਿਅਤਾ ਵਧ ਰਹੀ ਹੈ। ਇਨ੍ਹਾਂ ਧਾਰਮਿਕ ਬਾਜ਼ੀਗਰਾਂ ਵਿਚ ਸਾਰੀਆਂ ਜਾਤੀਆਂ ਦੇ ਲੋਕ ਹਨ ਅਤੇ ਇਨ੍ਹਾਂ ਵਿਚੋਂ ਕੁਝ ਇਕ ਦੇ ਵਿਗੜੈਲ, ਵਿਭਚਾਰੀ ਅਤੇ ਭ੍ਰਿਸ਼ਟ ਆਚਰਨ ਹੋਣ ਦੇ ਬਾਵਜੂਦ ਇਹ ਨੌਟੰਕੀਬਾਜ਼ ਜ਼ਿੰਦਾ ਭਗਵਾਨ ਹੋਣ ਦੀ ਦਾਅਵੇਦਾਰੀ ਕਰਦੇ ਹੋਏ ਫ਼ਿਰਕਿਆਂ ਦੇ ਸੰਸਥਾਪਕ ਦੀ ਹੈਸੀਅਤ ਹਾਸਲ ਕਰ ਰਹੇ ਹਨ। ਇਨ੍ਹਾਂ ਨੇ ਨਵੀਂ ਸੰਚਾਰ ਤਕਨੀਕ, ਪ੍ਰਚਾਰ-ਤੰਤਰ ਅਤੇ ਸਮਾਜਿਕ-ਆਰਥਿਕ ਪ੍ਰਬੰਧਨ ਦੀ ਕਲਾ 'ਤੇ ਮੁਹਾਰਤ ਹਾਸਲ ਕਰ ਕੇ ਖਪਤਵਾਦ ਅਤੇ ਬਾਜ਼ਾਰ ਨਾਲ ਰਿਸ਼ਤਾ ਕਾਇਮ ਕਰ ਲਿਆ ਹੈ।

ਉਨ੍ਹਾਂ ਦਾ ਲੋਕਾਂ ਦੇ ਵੱਡੇ ਹਿੱਸੇ ਦੇ ਆਤਮਿਕ ਜਗਤ 'ਤੇ ਕਬਜ਼ਾ ਹੈ, ਇਸ ਲਈ ਇਹ ਬਾਬਾਵਾਦ ਹਾਲ ਹੀ ਵਿਚ ਲਾਲਾਵਾਦ ਨਾਲ ਜੁੜ ਕੇ ਕਾਰਪੋਰੇਟ ਰੂਪ ਵੀ ਲੈਂਦਾ ਦਿਖਾਈ ਦੇ ਰਿਹਾ ਹੈ। ਡੇਰਿਆਂ ਨਾਲ ਜੁੜੇ ਲੋਕਾਂ ਵਿਚ ਕਮਜ਼ੋਰ ਜਾਤੀਆਂ (ਅਨੁਸੂਚਿਤ ਤੇ ਪਛੜੀਆਂ) ਦੀ ਭਾਗੀਦਾਰੀ ਬਹੁਤ ਵੱਡੇ ਪੈਮਾਨੇ 'ਤੇ ਹੈ। ਬਜਾਏ ਇਸ ਦੇ ਕਿ ਗ਼ਰੀਬ ਤੇ ਪੀੜਤ ਜਨਤਾ ਦੇ ਇਨ੍ਹਾਂ ਹਿੱਸਿਆਂ ਨੂੰ ਕੋਈ ਬਹੁਜਨ ਸਮਾਜ ਪਾਰਟੀ, ਕੋਈ ਲੋਹੀਆਵਾਦੀ ਜਨਤਾ ਦਲ, ਕੋਈ ਹਿੰਦੂਤਵਵਾਦੀ ਭਾਜਪਾ, ਕੋਈ ਮਾਰਕਸਵਾਦੀ ਪਾਰਟੀ ਜਾਂ ਭਾਰਤੀ ਕਮਿਊਨਿਸਟ ਪਾਰਟੀ ਲਾਮਬੰਦ ਕਰਦੀ, ਇਹ ਲੋਕ ਆਪਣੇ ਬਾਬਿਆਂ ਦੇ ਆਦੇਸ਼ 'ਤੇ ਵੋਟਾਂ ਦੇਣ ਲੱਗੇ ਹਨ। ਇਸ ਲਿਹਾਜ਼ ਨਾਲ ਇਹ ਨਵੀਆਂ ਧਾਰਮਿਕ ਬਣਤਰਾਂ ਅਰਧ-ਰਾਜਨੀਤਕ ਰੂਪ ਲੈ ਚੁੱਕੀਆਂ ਹਨ ਅਤੇ ਸਮੇਂ-ਸਮੇਂ ਕਾਨੂੰਨ ਤੇ ਰਾਜ ਦੀ ਤਾਕਤ ਨੂੰ ਵੀ ਚੁਣੌਤੀ ਦੇਣ ਵਿਚ ਸੰਕੋਚ ਨਹੀਂ ਕਰਦੀਆਂ। ਬਜਾਏ ਇਸ ਦੇ ਕਿ ਲੋਕਾਂ ਦੇ ਇਹ ਵਰਗ ਪਾਰਟੀਆਂ ਦੇ ਸਾਥੀ ਬਣਨ, ਪਾਰਟੀਆਂ ਉਨ੍ਹਾਂ ਦੇ ਗੁਰੂਆਂ ਦੀ ਕ੍ਰਿਪਾ ਹਾਸਲ ਕਰਨ ਲਈ ਕਤਾਰ ਬਣਾ ਕੇ ਖੜ੍ਹੀਆਂ ਹੋ ਗਈਆਂ ਹਨ। ਲੋਕਪ੍ਰਿਯ ਧਾਰਮਿਕਤਾ ਦਾ ਇਹ ਉਭਾਰ, ਪ੍ਰਸਾਰ ਅਤੇ ਵਿਭਿੰਨਤਾ ਰਾਜਨੀਤਕ ਦਲਾਂ ਲਈ ਹੀ ਨਹੀਂ, ਧਰਮਾਂ (ਜਿਨ੍ਹਾਂ ਵਿਚ ਹਿੰਦੂ, ਸਿੱਖ, ਬੋਧੀ, ਇਸਲਾਮ ਅਤੇ ਈਸਾਈਅਤ ਵਰਗੇ ਧਰਮ ਸ਼ਾਮਿਲ ਹਨ) ਲਈ ਵੀ ਚੁਣੌਤੀ ਬਣ ਚੁੱਕੀ ਹੈ। ਜ਼ਾਹਰ ਹੈ ਕਿ ਭਾਰਤ ਦੀ ਗ਼ਰੀਬ ਅਤੇ ਦੱਬੀ-ਕੁਚਲੀ ਜਨਤਾ ਨੂੰ ਮਾਨਸਿਕ-ਸਮਾਜਿਕ ਰਾਹਤ ਦੇਣ ਵਿਚ ਨਾ ਰਾਜਨੀਤਕ ਜਗਤ ਕਾਮਯਾਬ ਹੋਇਆ ਹੈ ਅਤੇ ਨਾ ਹੀ ਧਾਰਮਿਕ ਜਗਤ। ਖੱਬੇ ਪੱਖੀ ਅਤੇ ਧਰਮ ਨਿਰਪੱਖ ਸੰਵਾਦ ਅੰਬੇਡਕਰਵਾਦ ਦੇ ਚੱਕਰ ਵਿਚ ਇਸ ਕਦਰ ਫਸਿਆ ਹੋਇਆ ਹੈ ਕਿ ਉਹ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਰਾਜਨੀਤਕ ਗਤੀਸ਼ੀਲਤਾ ਦੇ ਗ਼ੈਰ-ਅੰਬੇਡਕਰਵਾਦੀ ਪਹਿਲੂਆਂ 'ਤੇ ਸਿਰਫ ਉਦੋਂ ਧਿਆਨ ਦਿੰਦਾ ਹੈ ਜਦੋਂ ਕਿਸੇ ਡੇਰੇ ਦੇ ਲੋਕਾਂ ਦਾ ਸਰਕਾਰ ਜਾਂ ਕਿਸੇ ਹੋਰ ਧਰਮ ਦੇ ਲੋਕਾਂ ਵਿਚਕਾਰ ਹਿੰਸਕ ਟਕਰਾਅ ਹੋ ਜਾਂਦਾ ਹੈ ਜਾਂ ਕੋਈ ਡੇਰਾ ਛੋਟੀਆਂ ਜਾਤੀਆਂ ਵਿਚ ਆਪਣੀ ਵੱਧ ਲੋਕਪ੍ਰਿਯਤਾ ਦੇ ਚਲਦਿਆਂ ਰਾਜਨੀਤਕ ਦਲ ਵਰਗੇ ਢਾਂਚੇ ਵਿਚ ਬਦਲ ਜਾਂਦਾ ਹੈ।

ਡੇਰਾ ਸੱਚਾ ਸੌਦਾ ਕਾਂਡ 'ਤੇ ਗ਼ੌਰ ਕਰਨ ਦਾ ਪਹਿਲਾ ਤਰੀਕਾ ਇਹ ਹੈ ਕਿ ਅਸੀਂ ਇਸ ਨੂੰ ਭਾਰਤੀ ਚੋਣਾਵੀ ਲੋਕਤੰਤਰ ਦੇ ਅਜਿਹੇ ਰੂਪ ਵਜੋਂ ਵੀ ਦੇਖੀਏ ਜਿਸ ਕਾਰਨ ਤਕਰੀਬਨ ਹਰ ਰਾਜਨੀਤਕ ਦਲ (ਭਾਜਪਾ, ਕਾਂਗਰਸ, ਅਕਾਲੀ ਦਲ) ਨੂੰ ਡੇਰੇ ਦੇ ਮੁਖੀ ਸਾਹਮਣੇ ਵੋਟਾਂ ਲਈ ਮੱਥਾ ਟੇਕਣਾ ਪੈਂਦਾ ਹੈ। ਡੇਰਾ ਹੀ ਤੈਅ ਕਰਦਾ ਹੈ



ਕਿ ਪੰਜਾਬ ਅਤੇ ਹਰਿਆਣਾ ਦੀਆਂ ਕਈ ਸੀਟਾਂ 'ਤੇ ਕੌਣ ਚੋਣ ਜਿੱਤੇਗਾ, ਇਸ ਲਈ ਇਨ੍ਹਾਂ ਦੋਵਾਂ ਸੂਬਿਆਂ ਦੀ ਪੁਲਿਸ ਡੇਰੇ ਦੇ ਸਮਰਥਕਾਂ 'ਤੇ ਹੱਥ ਚੁੱਕਣ ਤੋਂ ਪਹਿਲਾਂ ਸੌ ਵਾਰ ਸੋਚਦੀ ਹੈ। ਰਾਮ ਰਹੀਮ ਕਾਂਡ ਨੇ ਇਨ੍ਹਾਂ ਸਾਰੀਆਂ ਪਾਰਟੀਆਂ ਨੂੰ ਬੁਰੀ ਤਰ੍ਹਾਂ ਸ਼ਰਮਸਾਰ ਕਰ ਦਿੱਤਾ ਹੈ।

90 ਦੇ ਦਹਾਕੇ ਵਿਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਲਾਗੂ ਹੁੰਦਿਆਂ ਹੀ ਇਸ ਦੇਸ਼ ਵਿਚ ਕਮਜ਼ੋਰ ਜਾਤੀਆਂ ਦੀ ਜਿਸ ਰਾਜਨੀਤੀ ਦੀ ਸ਼ੁਰੂਆਤ ਹੋਈ ਸੀ, ਉਸ ਅੰਦਰ ਸਾਡਿਆਂ 'ਚੋਂ ਕਈਆਂ ਨੇ ਸਮਾਜ ਲਈ ਧਰਮ ਨਿਰੱਪਖਤਾ ਦੀਆਂ ਸੰਭਾਵਨਾਵਾਂ ਵੇਖੀਆਂ ਸਨ। ਪਛੜੀਆਂ ਜਾਤੀਆਂ ਦੀ ਭਾਈਵਾਲੀ ਨੂੰ ਦੂਸਰੇ ਲੋਕਤੰਤਰਿਕ ਉਭਾਰ ਦੇ ਤੌਰ 'ਤੇ ਦੇਖਿਆ ਗਿਆ ਸੀ। ਇਸ ਵਿਚ ਉਚੀਆਂ ਜਾਤੀਆਂ ਦੇ ਸਿਖਿਅਤ ਨਾਗਰਿਕਾਂ ਦੀ ਚੌਧਰ ਵਾਲੇ ਭਾਰਤੀ ਲੋਕਤੰਤਰ ਦਾ ਵਿਸਥਾਰ ਹੇਠਲੇ ਵਰਗਾਂ ਤੱਕ ਹੋਣਾ ਜ਼ਰੂਰੀ ਸੀ। ਅੱਜ ਹਾਲਤ ਕੀ ਹੈ? ਅੱਜ ਦੀ ਹਾਲਤ ਇਹ ਹੈ ਕਿ ਪਿਛਲੇ 27 ਸਾਲਾਂ ਦੌਰਾਨ ਪਛੜੀਆਂ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਦੀ ਰਾਜਨੀਤਕ ਗੋਲਬੰਦੀ ਕਾਰਨ ਅਤੇ ਰਾਖਵੇਂਕਰਨ ਨਾਲ ਮਿਲਣ ਵਾਲੇ ਲਾਭਾਂ ਦੇ ਨਤੀਜੇ ਵਜੋਂ ਹੇਠਲੀ, ਭਾਵ ਕਮਜ਼ੋਰ ਸਮਝੀ ਜਾਣ ਵਾਲੀ ਆਬਾਦੀ ਵਿਚ ਆਪਣੇ ਅਧਿਕਾਰਾਂ ਪ੍ਰਤੀ ਚੇਤਨਾ ਜਾਗ੍ਰਿਤ ਹੋਈ ਹੈ। ਇਸ ਚੇਤਨਾ ਕਾਰਨ ਉਨ੍ਹਾਂ ਵਿਚ ਪ੍ਰੰਪਰਿਕ ਦੱਬੂਪਨ ਦੀ ਥਾਂ ਹਮਲਾਵਰ ਰਵੱਈਏ ਨਾਲ ਭਰੀ ਹਉਮੈ ਵੀ ਆ ਗਈ ਹੈ।

ਇਹ ਜ਼ਿੰਮੇਵਾਰੀ ਬ੍ਰਾਹਮਣਵਾਦ ਵਿਰੋਧੀ ਕ੍ਰਾਂਤੀਕਾਰੀ ਰਾਜਨੀਤੀ ਦਾ ਦਾਅਵਾ ਕਰਨ ਵਾਲੇ ਰਾਜਨੀਤਕ ਦਲਾਂ ਦੀ ਸੀ। ਖ਼ਾਸ ਕਰ ਉਨ੍ਹਾਂ ਦਲਾਂ ਦੀ ਜੋ ਖ਼ੁਦ ਨੂੰ ਅੰਬੇਡਕਰ-ਫੂਲੇ-ਪੇਰਿਆਰ ਦੀ ਵਿਚਾਰਧਾਰਾ ਦਾ ਉਤਰਾਧਿਕਾਰੀ ਕਹਿੰਦੇ ਹਨ, ਜਾਂ ਜੋ ਲੋਹੀਆ ਦੇ ਸਮਾਜਵਾਦ ਦਾ ਝੰਡਾ ਬੁਲੰਦ ਕਰਦੇ ਹਨ, ਜਾਂ ਜੋ ਮਾਰਕਸਵਾਦ ਤੇ ਮਾਰਕਸਵਾਦ-ਲੈਨਿਨਵਾਦ ਦੀ ਪੈਰੋਕਾਰੀ ਕਰਦੇ ਹਨ। ਆਖਰਕਾਰ ਇਨ੍ਹਾਂ ਸਾਰਿਆਂ ਨੂੰ ਉਸ ਹਿਰਾਵਲ ਦਸਤੇ (ਅਗਵਾਈ ਕਰਨ ਵਾਲੀ ਤਾਕਤ) ਦੀ ਤਲਾਸ਼ ਸੀ, ਜੋ ਸਮਾਜਿਕ ਕ੍ਰਾਂਤੀ ਦੀ ਅਗਵਾਈ ਕਰਨ ਲਈ ਜ਼ਰੂਰੀ ਮੰਨੀ ਜਾਂਦੀ ਹੈ। ਇਹ ਹਿਰਾਵਲ ਦਸਤਾ ਉਨ੍ਹਾਂ ਨੂੰ ਹੇਠਲੀ ਜਾਤੀਆਂ ਵਿਚੋਂ ਹੀ ਮਿਲ ਸਕਦਾ ਸੀ। ਦੇਸ਼ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਸੜਕਾਂ 'ਤੇ ਬਾਬਾ ਰਾਮ ਰਹੀਮ ਦੇ ਜੋ ਹਿੰਸਕ ਸਾਥੀ ਹੁੜਦੰਗ ਮਚਾਉਂਦੇ ਘੁੰਮ ਰਹੇ ਹਨ, ਉਹ ਜ਼ਿਆਦਾਤਰ ਹੇਠਲੀਆਂ ਜਾਤੀਆਂ ਦੇ ਹੀ ਹਨ। ਹਿਸਾਰ ਵਿਚ ਬਾਬਾ ਰਾਮਪਾਲ ਦੇ ਸਤਲੋਕ ਆਸ਼ਰਮ ਨਾਮ ਦੇ ਡੇਰੇ ਦੇ ਇਰਦ-ਗਿਰਦ ਜਿਨ੍ਹਾਂ ਲੋਕਾਂ ਨੇ ਹਥਿਆਰਬੰਦ ਮੋਰਚਾ ਲਾਇਆ ਸੀ, ਉਹ ਵੀ ਪਛੜੀਆਂ ਜਾਤੀਆਂ ਦੇ ਹੀ ਸਨ। ਸੈਕਸ ਗੁਨਾਹਾਂ ਵਿਚ ਜੇਲ੍ਹ ਕੱਟ ਰਹੇ ਆਸਾਰਾਮ ਜਦੋਂ ਵੀ ਅਦਾਲਤੀ ਪੇਸ਼ੀ ਹੁੰਦੀ ਹੈ, ਉਥੇ ਜਮ੍ਹਾਂ ਹੋਣ ਵਾਲੇ ਅੱਠ-ਦਸ ਹਜ਼ਾਰ ਲੋਕ ਵੀ ਸਮਾਜ ਦੇ ਕਮਜ਼ੋਰ ਵਰਗਾਂ ਦੇ ਹੁੰਦੇ ਹਨ। ਇਨ੍ਹਾਂ ਸਾਰੇ ਲੋਕਾਂ ਨੂੰ ਕਿਸੇ ਸੀ.ਪੀ.ਐਮ. ਜਾਂ ਸੀ.ਪੀ.ਆਈ. (ਐਮ.ਐਲ.), ਕਿਸੇ ਬਹੁਜਨ ਸਮਾਜ ਪਾਰਟੀ ਜਾਂ ਕਿਸੇ ਸਮਾਜਵਾਦੀ ਚਿਹਰਿਆਂ ਵਾਲੇ ਜਨਤਾ ਦਲ ਦਾ ਮੈਂਬਰ ਹੋਣਾ ਚਾਹੀਦਾ ਸੀ, ਪਰ ਇਹ ਲੋਕ ਆਪਣੇ ਚਰਿਤਰਹੀਣ, ਵਿਗੜੈਲ ਅਤੇ ਫ਼ਰਜ਼ੀ ਕਿਸਮ ਦੇ ਬਾਬਿਆਂ ਦੇ ਆਦੇਸ਼ 'ਤੇ ਤੈਅ ਕਰਦੇ ਹਨ ਕਿ ਉਹ ਕਿਸ ਪਾਰਟੀ ਨੂੰ ਵੋਟ ਦੇਣਗੇ।

ਜੇ ਗੁਰਮੀਤ ਰਾਮ ਰਹੀਮ ਨੂੰ ਹਾਈ ਕੋਰਟ ਤੋਂ ਜ਼ਮਾਨਤ ਨਾ ਮਿਲੀ, ਤਾਂ ਉਨ੍ਹਾਂ ਵੱਲੋਂ ਨਿਯੁਕਤ ਕੀਤਾ ਗਿਆ ਕੋਈ ਉਹੋ ਜਿਹਾ ਹੀ ਬੰਦਾ ਡੇਰਾ ਚਲਾਉਂਦਾ ਰਹੇਗਾ। ਇਸ ਦੇ ਉਲਟ ਇਹ ਵੀ ਹੋ ਸਕਦਾ ਹੈ ਕਿ ਡੇਰੇ ਨੂੰ ਲੰਮੇ ਅਰਸੇ ਤੱਕ ਕਾਨੂੰਨੀ ਬੰਦਿਸ਼ਾਂ ਦਾ ਮੁਕਾਬਲਾ ਕਰਨਾ ਪਵੇ, ਪਰ ਇਸ ਨਾਲ ਬਾਬੇ ਦੇ ਚੇਲਿਆਂ ਦੀ ਸ਼ਰਧਾ ਘੱਟ ਹੋਵੇਗੀ, ਇਸ ਵਿਚ ਸ਼ੱਕ ਹੀ ਹੈ। ਇਸ ਸ਼ਰਧਾ ਦਾ ਪੱਧਰ ਇਹ ਹੈ ਕਿ ਭਗਤ ਲੋਕ ਆਪਣੇ ਘਰ ਦੀਆਂ ਬੇਟੀਆਂ ਨੂੰ ਬਾਬਾ ਦੀਆਂ ਯੌਨਦਾਸੀਆਂ ਬਣਾਉਣ ਤੱਕ ਤਿਆਰ ਹੋ ਜਾਂਦੇ ਹਨ। ਮੈਂ ਅਜਿਹੇ ਲੋਕਾਂ ਨੂੰ ਜਾਣਦਾ ਹਾਂ ਜੋ ਉਸ ਦਿਨ ਤੋਂ ਆਪਣਾ ਬਿਸਤਰਾ ਛੱਡ ਕੇ ਜ਼ਮੀਨ 'ਤੇ ਸੌਂ ਰਹੇ ਹਨ ਜਦੋਂ ਤੋਂ ਆਸਾਰਾਮ ਨੂੰ ਜੇਲ੍ਹ ਵਿਚ ਪਾਇਆ ਗਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੇ ਗੁਰੂ ਜੀ ਬਾਹਰ ਨਿਕਲ ਕੇ ਮੁੜ ਤੋਂ ਆਪਣੀ ਸ਼ਾਨ-ਸ਼ੌਕਤ ਭੋਗਣਗੇ, ਉਦੋਂ ਉਹ ਵੀ ਆਪਣੇ ਬਿਸਤਰਿਆਂ 'ਤੇ ਮੁੜ ਤੋਂ ਸੌਣਾ ਸ਼ੁਰੂ ਕਰਨਗੇ।

ਜ਼ਾਹਰ ਹੈ ਕਿ ਇਹ ਲੋਕ ਨਾ ਤਾਂ ਬ੍ਰਾਹਮਣਵਾਦ ਦੇ ਵਿਰੋਧ ਤੋਂ ਪ੍ਰਭਾਵਿਤ ਹਨ, ਨਾ ਹੀ ਕਿਸੇ ਤਰ੍ਹਾਂ ਦੀ ਤਰਕਸੰਗਤ ਰਾਜਨੀਤਕ ਵਿਚਾਰਧਾਰਾ ਤੋਂ। ਹੇਠਲੇ ਵਰਗਾਂ ਦਾ ਇਹ ਬਾਬਾਕਰਨ ਰਾਜਨੀਤਕ ਦਲਾਂ ਲਈ ਹੀ ਨਹੀਂ; ਸਗੋਂ ਹਿੰਦੂ, ਇਸਲਾਮ, ਈਸਾਈ, ਸਿੱਖ ਅਤੇ ਬੋਧੀ ਧਰਮਾਂ ਲਈ ਵੀ ਚੁਣੌਤੀ ਹੈ। ਮੰਨਿਆ ਜਾ ਸਕਦਾ ਹੈ ਕਿ ਹਿੰਦੂ ਧਰਮ ਤਾਂ ਜਾਤੀਪ੍ਰਥਾ 'ਤੇ ਆਧਾਰਤ ਹੈ, ਪਰ ਬਾਕੀ ਧਰਮ ਤਾਂ ਬਰਾਬਰੀ ਦੀਆਂ ਗੱਲ ਕਰਦੇ ਹਨ। ਇਹ ਧਰਮ ਇਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਵਿਚ ਕਿਉਂ ਨਾਕਾਮ ਹਨ? ਪਿਛਲੇ ਡੇਢ-ਦੋ ਸੌ ਸਾਲ ਤੋਂ ਇਹ ਸਾਰੇ ਧਰਮ ਸਮਾਜ ਦੇ ਅਣਗੌਲੇ ਅਤੇ ਵਾਂਝੇ ਹਿੱਸਿਆਂ ਨੂੰ ਆਪਣੇ ਕਲਾਵੇ ਵਿਚ ਲੈਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਹੁਣ ਮੰਨਣਾ ਪਵੇਗਾ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਅੱਧੇ-ਅਧੂਰੇ ਰੂਪ ਵਿਚ ਹੀ ਕਾਮਯਾਬ ਹੋਈਆਂ ਹਨ। ਦਰਅਸਲ, ਇਹ ਲੋਕ ਆਰ.ਐਸ.ਐਸ. ਦੇ ਹਿੰਦੂਤਵ ਤੋਂ ਵੀ ਪ੍ਰੇਰਿਤ ਨਹੀਂ। ਇਹ ਨਵੇਂ ਰਾਜਨੀਤਕ ਰੁਝਾਨ ਦੀ ਨੁਮਾਇੰਦਗੀ ਕਰ ਰਹੇ ਹਨ ਜਿਸ ਦਾ ਸਿਧਾਂਤਕ ਰੂਪ ਅਜੇ ਤੈਅ ਹੋਣਾ ਹੈ।

---

# ਕੀ ਸਚਮੁਚ ਮੁਕ ਗਿਆ ਹੈ ਡੇਰੇ ਦਾ ਤਾਮ-ਝਾਮ?

**ਯੋਗੇਂਦਰ ਯਾਦਵ**

ਗੁਰਮੀਤ ਰਾਮ ਰਹੀਮ ਨੂੰ ਸਜ਼ਾ ਹੋਣ ਨਾਲ ਸਾਨੂੰ ਸਾਰਿਆਂ ਨੂੰ ਆਤਮ ਸੰਤੁਸ਼ਟੀ ਮਿਲੀ ਹੈ। ਅਖੌਤੀ ਬਾਬਾ ਬੇਪਰਦ ਹੋ ਗਿਆ ਹੈ ਅਤੇ ਉਸ ਦਾ ਸਾਰਾ ਤਾਮ-ਝਾਮ ਖਤਮ ਹੋਣ ਕਿਨਾਰੇ ਹੈ। ਇਸ ਘਟਨਾ ਨਾਲ ਸਿਆਸਤਦਾਨਾਂ ਤੇ ਬਾਬਿਆਂ ਦਾ ਘੱਟੋ-ਘੱਟ ਇਕ ਨਿੱਘਾ ਨਾਪਾਕ ਗੱਠਜੋੜ ਤਾਂ ਟੁੱਟਿਆ! ਸਰਕਾਰ ਨੇ ਕਾਨੂੰਨ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ। ਪਛੜ ਕੇ ਹੀ ਸਹੀ, ਕਾਨੂੰਨ ਦੇ ਲੰਮੇ ਹੱਥਾਂ ਨੇ ਨਾਮੀ-ਗਿਰਾਮੀ ਅਪਰਾਧੀ ਨੂੰ ਆਖਰਕਾਰ ਦਬੋਚ ਲਿਆ। ਪ੍ਰਭਾਵ ਇਹੀ ਬਣਦਾ ਹੈ ਕਿ ਇਹ ਸਹੀ ਦਿਸ਼ਾ ਵੱਲ ਕਦਮ ਹੈ; ਪਰ ਮੈਂ ਇਸ ਆਸ਼ਾਵਾਦ ਨਾਲ ਸਹਿਮਤ ਨਹੀਂ। ਇਸ ਦੀ ਵਜ੍ਹਾ ਹੈ ਕਿ ਇਹ ਬਹੁਤ ਛੋਟਾ ਤੇ ਕੰਮ-ਚਲਾਊ ਕਦਮ ਹੈ ਅਤੇ ਇਸ ਮਾਮਲੇ ਵਿਚ ਅਵੇਸਲਾਪਣ ਦਿਖਾਉਣ ਦੀ ਗੁੰਜਾਇਸ਼ ਹੀ ਨਹੀਂ। ਸਿਰਸਾ ਦੇ ਡੇਰਾ ਮੁਖੀ ਨੂੰ ਅਜੇ ਹੇਠਲੀ ਅਦਾਲਤ ਨੇ ਹੀ ਦੋਸ਼ੀ ਠਹਿਰਾਇਆ ਹੈ, ਉਹ ਛੇਤੀ ਜੇਲ੍ਹ ਤੋਂ ਬਾਹਰ ਵੀ ਆ ਸਕਦਾ ਹੈ। ਉਸ ਕੋਲ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਜਾਣ ਦਾ ਬਦਲ ਬਾਕੀ ਹੈ। ਇਹ ਜ਼ਰੂਰ ਹੈ ਕਿ ਅਪੀਲਾਂ ਦਾ ਅੰਤਿਮ ਨਿਬੇੜਾ ਹੋਣ ਵਿਚ ਦੇਰ ਲੱਗਣੀ ਹੈ। ਉਹ ਜੇਲ੍ਹ ਵਿਚ ਵੀ ਰਹਿ ਸਕਦਾ ਹੈ, ਪਰ ਸਾਨੂੰ ਸ਼ਸ਼ੀ ਕਲਾ ਤੇ ਸੰਜੇ ਦੱਤ ਦੇ ਤਜਰਬੇ ਯਾਦ ਕਰਾਉਂਦੇ ਹਨ ਕਿ ਜੇਲ੍ਹਾਂ ਦੇ ਅੰਦਰ ਵੀ.ਆਈ.ਪੀ. ਦਖ਼ਲ ਕਿਵੇਂ ਹੁੰਦੇ ਹਨ-ਵਿਸ਼ੇਸ਼ ਸਹੂਲਤਾਂ, ਲੰਮੀਆਂ ਹਸਪਤਾਲ ਫੇਰੀਆਂ, ਅਸਾਧਾਰਨ ਪੈਰੋਲਾਂ ਅਤੇ ਹੋਰ ਕੀ ਕੁਝ ਨਹੀਂ...!

ਮੇਰੇ ਵਾਸਤੇ ਰਾਮ ਰਹੀਮ ਕਾਂਡ ਸਿਲਸਿਲੇਵਾਰ ਮਿਲੀਆਂ ਅਸਫ਼ਲਤਾਵਾਂ ਹਨ। ਪਿਛਲੇ ਇਕ ਹਫਤੇ ਦੌਰਾਨ ਇਨ੍ਹਾਂ ਅਸਫਲਤਾਵਾਂ ਨੇ ਅਪਰਾਧਿਕ ਨਿਆਂ ਪ੍ਰਣਾਲੀ, ਪ੍ਰਸ਼ਾਸਕੀ ਸੰਸਥਾਵਾਂ, ਸਿਆਸੀ ਪਾਰਟੀਆਂ ਅਤੇ ਰੂਹਾਨੀ ਸਰਪ੍ਰਸਤੀ ਦੀਆਂ ਖ਼ਾਮੀਆਂ ਨੂੰ ਉਘਾੜਿਆ ਹੈ। ਅਸੀਂ ਕੁਝ ਵਿਅਕਤੀਆਂ ਜਾਂ ਕਿਸ਼ਤਾਂ ਵਿਚ ਮਿਲੀ ਸਫਲਤਾ ਬਾਰੇ ਤਾਂ ਬਹੁਤ ਗੱਲਾਂ ਕਰਦੇ ਹਾਂ, ਪਰ ਅਹਿਮ ਤੇ ਸਮੂਹਿਕ ਅਸਫ਼ਲਤਾ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਜਿਸ ਹਫ਼ਤੇ ਨਿਆਂਪਾਲਿਕਾ ਨੇ ਅਹਿਮ ਫੈਸਲਿਆਂ ਰਾਹੀਂ ਆਪਣਾ ਵੱਕਾਰ ਬੁਲੰਦੀ 'ਤੇ ਪਹੁੰਚਾਇਆ, ਉਸ ਹਫਤੇ ਦਾ ਲੇਖਾ-ਜੋਖਾ ਕਰਦਿਆਂ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਅਸਫਲ ਕਹਿਣਾ ਉਚਿਤ ਨਹੀਂ ਹੋਵੇਗਾ। ਹਰ ਇਕ ਨੇ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਦੇ ਜੱਜ ਜਗਦੀਪ ਸਿੰਘ ਵੱਲੋਂ ਦਿਖਾਈ ਹਿੰਮਤ ਅਤੇ ਕੀਤੇ ਨਿਆਂ ਦੀ ਪ੍ਰਸੰਸਾ ਕੀਤੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਬਹੁਤੇ ਨਾਗਰਿਕਾਂ ਜੋ ਸਿਰਫ ਪੰਚਕੂਲਾ ਵਿਚ ਹੀ ਨਹੀਂ ਰਹਿੰਦੇ, ਦਾ ਸੰਵਿਧਾਨ ਵਿਚ ਭਰੋਸਾ ਬਹਾਲ ਕੀਤਾ ਹੈ। ਅਜਿਹਾ ਇਸੇ ਹਫਤੇ ਸੁਪਰੀਮ ਕੋਰਟ ਵਿਚ ਵੀ ਵਾਪਰਿਆ ਜਿਸ ਨੇ ਇਕਦਮ ਦਿੱਤੇ ਜਾਂਦੇ ਤੀਹਰੇ ਤਲਾਕ ਨੂੰ ਹੀ ਰੱਦ ਨਹੀਂ ਕੀਤਾ, ਸਗੋਂ ਨਿੱਜਤਾ ਦੇ ਅਧਿਕਾਰਾਂ ਤਹਿਤ ਨਾਗਰਿਕਾਂ ਦੀ ਵਿਅਕਤੀਗਤ ਆਜ਼ਾਦੀ ਦੀ ਰੱਖਿਆ ਦਾ ਵੀ ਫੈਸਲਾ ਦਿੱਤਾ।

ਇਥੇ ਕੁਝ ਹੋਰ ਕਹਿਣਾ ਵੀ ਉਚਿਤ ਹੋਵੇਗਾ ਜਦੋਂ ਇਕ ਜੱਜ ਵੱਲੋਂ ਇਮਾਨਦਾਰੀ ਤੇ ਬੇਖੌਫ਼ ਹੋ ਕੇ ਡਿਊਟੀ ਨਿਭਾਈ ਗਈ ਤਾਂ ਪੂਰੇ ਦੇਸ਼ ਨੇ ਉਸ ਨੂੰ ਸਰਾਹਿਆ। ਜਦੋਂ ਦੋਸ਼ੀ, ਡੇਰਾ ਮੁਖੀ ਵਰਗਾ ਸ਼ਕਤੀਸ਼ਾਲੀ ਹੋਵੇ, ਉਦੋਂ ਨਿਆਂ ਕਰਨਾ ਸੌਖਾ ਨਹੀਂ ਹੁੰਦਾ। ਅਸੀਂ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀ ਕਰ ਸਕਦੇ ਕਿ ਡੇਰਾ ਮੁਖੀ ਖਿਲਾਫ਼ ਪਹਿਲੀ ਸ਼ਿਕਾਇਤ ਮਿਲਣ ਬਾਅਦ ਪੰਦਰਾਂ ਸਾਲ ਅਤੇ ਉਸ ਸ਼ਿਕਾਇਤ ਦੇ ਆਧਾਰ 'ਤੇ ਦਰਜ ਹੋਏ ਕੇਸ ਉਪਰ ਸੁਣਵਾਈ ਸ਼ੁਰੂ ਹੋਣ ਬਾਅਦ ਨਿਆਂ ਮਿਲਣ ਨੂੰ ਦਸ ਸਾਲ ਲੱਗ ਗਏ। ਇਹ ਘਟਨਾਕ੍ਰਮ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਡੀ ਨਿਆਂ ਪ੍ਰਣਾਲੀ ਨੂੰ ਉਸ ਸਮੇਂ ਕਿਵੇਂ ਧੱਕਾ ਪਹੁੰਚਦਾ ਹੈ ਜਦੋਂ ਪੀੜਤ ਦੇ ਮਨ ਵਿਚ ਘਟਨਾ ਦੇ ਇਕਦਮ ਬਾਅਦ ਪੁਲਿਸ ਕੋਲ ਪਹੁੰਚ ਕਰਨ ਲਈ ਕਿਵੇਂ ਹਿਚਕਚਾਹਟ ਹੁੰਦੀ ਹੈ; ਪਹਿਲੀ ਸ਼ਿਕਾਇਤ ਮਿਲਣ 'ਤੇ ਦੋਸ਼ੀ ਖਿਲਾਫ਼ ਕਾਰਵਾਈ ਤੋਂ ਕਿਵੇਂ ਨਾਂਹ ਹੁੰਦੀ ਹੈ; ਬਹਾਦਰ ਪੱਤਰਕਾਰ ਦੇ ਮੌਤ ਕਿਨਾਰੇ ਪਹੁੰਚਣ 'ਤੇ ਤਿੰਨ ਹਫਤੇ ਬਾਅਦ ਤੱਕ ਵੀ ਉਸ ਦੇ ਬਿਆਨ ਦਰਜ ਨਹੀਂ ਕੀਤੇ ਜਾਂਦੇ ਅਤੇ ਹੋਰ ਵੀ ਕਈ ਅੜਿੱਕੇ ਅਉਂਦੇ ਹਨ। ਸ਼ਕਤੀਸ਼ਾਲੀ ਵਿਅਕਤੀ ਕਾਨੂੰਨ ਨੂੰ ਤੋੜ-ਮਰੋੜ ਕੇ ਆਪਣੇ ਹੱਕ ਵਿਚ ਭੁਗਤਾ ਲੈਂਦੇ ਹਨ। ਇਹ ਸਾਰਾ ਕੁਝ ਇਤਫਾਕਨ ਵਾਪਰਿਆ। ਪੀੜਤਾ ਦੀ ਨਿਡਰਤਾ, ਜਾਂਚ ਕਰਨ ਵਿਚ ਇਮਾਨਦਾਰ ਤੇ ਇਕ ਨਿਆਂ ਪਸੰਦ ਜੱਜ ਹੋਣ ਸਦਕਾ ਡੇਰਾ ਸਿਰਸਾ ਮੁਖੀ ਨੂੰ ਅਦਾਲਤ ਨੇ ਕਟਹਿਰੇ ਵਿਚ ਲਿਆ ਕੇ ਇਨਸਾਫ਼ ਕੀਤਾ ਜਾ ਸਕਿਆ ਹੈ। ਕੋਈ ਚੰਗਾ ਵਕੀਲ ਤੁਹਾਨੂੰ ਇਹੀ ਕਹੇਗਾ ਕਿ ਇਹ ਤਾਂ ਲਾਟਰੀ ਵਾਂਗ ਹੋਇਆ ਹੈ।

ਪੰਚਕੂਲਾ ਵਿਚ ਡੇਰਾ ਮੁਖੀ ਕੇਸ ਦੇ ਫੈਸਲੇ ਤੋਂ ਉਸ ਨੂੰ ਸਜ਼ਾ ਸੁਣਾਏ ਜਾਣ ਦੇ ਦਿਨ ਤਕ ਪ੍ਰਸ਼ਾਸਨ ਦੀ ਉਘੜ ਕੇ ਸਾਹਮਣੇ ਆਈ ਅਸਫ਼ਲਤਾ ਨਵੀਂ ਨਿਵਾਣ ਛੂਹ ਗਈ ਸੀ। 25 ਅਗਸਤ ਨੂੰ ਹਿੰਸਾ ਹੋ ਸਕਦੀ ਹੈ, ਇਸ ਬਾਰੇ ਪਹਿਲਾਂ ਹੀ ਪਤਾ ਲੱਗ ਗਿਆ ਸੀ। ਤਰੀਕ, ਸਮਾਂ, ਸਥਾਨ ਤੇ ਅਦਾਕਾਰ ਵੀ ਧਿਆਨ ਵਿਚ ਸਨ। ਜੋ ਕੁਝ ਵਾਪਰਿਆ, ਉਸ ਨੂੰ ਸਿਆਸੀ ਇੱਛਾ ਸ਼ਕਤੀ ਦੀ ਘਾਟ ਅਤੇ ਕਾਨੂੰਨ ਵਿਵਸਥਾ ਦੇ ਬੁਨਿਆਦੀ ਪ੍ਰੋਟੋਕੋਲ ਦੀ ਪਾਲਣਾ ਕਰਨ ਤੋਂ ਜਾਣ-ਬੁਝ ਕੇ ਇਨਕਾਰ ਕਰਨਾ ਕਿਹਾ ਜਾ ਸਕਦਾ ਹੈ, ਹਾਲਾਂਕਿ ਇਨ੍ਹਾਂ ਦੀ ਪੰਜਾਬ ਵਿਚ ਪਾਲਣਾ ਕੀਤੀ ਗਈ। ਇਸ ਕਾਂਡ ਨੇ ਸੰਸਥਾਗਤ ਕਮੀਆਂ ਨੂੰ ਵੀ ਉਜਾਗਰ ਕੀਤਾ ਹੈ।

ਜੇ ਹਰਿਆਣਾ ਸਰਕਾਰ ਦੇ ਸਮੇਂ ਸਿਰ ਹਰਕਤ ਵਿਚ ਨਾ ਆਉਣ ਨੇ ਇਸ ਦੀ ਅਸਫਲਤਾ ਦੇ ਇਕ ਪੱਖ ਨੂੰ ਉਜਾਗਰ ਕੀਤਾ ਤਾਂ ਇਸ ਤੋਂ ਬਾਅਦ ਇਸ ਵੱਲੋਂ ਕੀਤੀ ਕਾਰਵਾਈ ਨੇ ਇਸ ਦੇ ਦੂਜੇ ਪੱਖ ਨੂੰ ਵੀ ਉਘਾੜਿਆ ਹੈ। ਡੇਰਾ ਸਮਰਥਕਾਂ ਨੂੰ ਘੱਟ ਅਹਿਮੀਅਤ ਦਿੰਦਿਆਂ 38 ਵਿਅਕਤੀਆਂ ਦੀਆਂ ਮੌਤਾਂ ਉਪਰ ਕਿਸੇ ਨੇ ਖੁੱਲ੍ਹ ਕੇ ਅਜੇ ਤੱਕ ਸਵਾਲ ਹੀ ਨਹੀਂ ਕੀਤਾ। ਇਹ ਮੌਤਾਂ ਹਾਲ ਹੀ ਵਿਚ ਵਾਪਰੀ ਕਿਸੇ ਵੀ ਇਕ ਹਿੰਸਕ ਘਟਨਾ ਦੌਰਾਨ ਹੋਈਆਂ ਮੌਤਾਂ ਮੁਕਾਬਲੇ ਬਹੁਤ ਜ਼ਿਆਦਾ ਹਨ। ਆਪਹੁਦਰੀ ਭੀੜ ਨਾਲ ਨਜਿਠਣ ਲਈ ਤਾਕਤ ਦੀ ਵਰਤੋਂ ਦੀ ਪ੍ਰਵਾਨਗੀ ਦੇਣਾ ਜ਼ਰੂਰੀ ਸੀ, ਪਰ ਇਹ ਸਵਾਲ ਅਜੇ ਵੀ ਕਾਇਮ ਹੈ ਕਿ ਸਿੱਧੀ ਗੋਲੀ ਚਲਾਉਣ ਤੋਂ ਪਹਿਲਾਂ ਇਸ ਬਾਰੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਗਈ? ਕੀ ਭੀੜ ਨੂੰ ਖਿੰਡਾਉਣ ਲਈ ਤਸੱਲੀਬਖਸ਼ ਤੇ ਪ੍ਰਭਾਵੀ ਚਿਤਾਵਨੀਆਂ ਦਿੱਤੀਆਂ ਗਈਆਂ ਸਨ? ਕੀ ਉਨ੍ਹਾਂ ਨੂੰ ਇਹ ਦੱਸ ਦਿੱਤਾ ਗਿਆ ਸੀ ਕਿ ਜੇ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ? ਕੀ ਸਿੱਧੀ ਗੋਲੀ ਚਲਾਉਣ ਤੋਂ ਪਹਿਲਾਂ ਕਾਨੂੰਨ ਅਨੁਸਾਰ ਵਰਤੇ ਜਾਂਦੇ ਸਾਰੇ ਢੰਗ-ਤਰੀਕੇ ਅਮਲ ਵਿਚ ਲਿਆਂਦੇ ਗਏ ਸਨ, ਜਿਵੇਂ ਅੱਥਰੂ ਗੈਸ ਤੇ ਜਲ ਤੋਪਾਂ ਦੀ ਵਰਤੋਂ, ਹਵਾਈ ਫਾਇਰਿੰਗ, ਰਬੜ ਦੀਆਂ ਗੋਲੀਆਂ ਚਲਾਉਣਾ ਆਦਿ। ਇਹ ਵੀ ਕਿ ਜੇ ਸਿੱਧੀ ਗੋਲੀ ਚਲਾਉਣ ਦੀ ਨੌਬਤ ਆ ਜਾਏ ਤਾਂ ਸਰੀਰ ਦੇ ਹੇਠਲੇ ਹਿੱਸੇ, ਭਾਵ ਲੱਤਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕਰਨਾ, ਜਿਵੇਂ ਇਸ ਦੀ ਲੋੜ ਸੀ। ਸਾਰੇ ਘਟਨਾਕ੍ਰਮ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ ਹਰਿਆਣਾ ਸਰਕਾਰ ਦੀ ਅਪਰਾਧਿਕ ਘਟਨਾਕ੍ਰਮ ਨਾਲ ਨਜਿਠਣ ਵਿਚ ਸਿਥਲਤਾ ਦੀ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ। ਇਹ ਤਸਵੀਰ ਬਹੁਤ ਉਦਾਸ ਕਰਨ ਵਾਲੀ ਹੈ। ਭਾਰਤ ਸਰਕਾਰ ਕੋਲ ਸੁਰੱਖਿਆ ਮੁਲਾਜ਼ਮ, ਉਨ੍ਹਾਂ ਦੀ ਵਰਤੋਂ ਵਾਲਾ ਸਮਾਨ ਅਤੇ ਇੱਛਾ ਤਾਂ ਹਨ, ਪਰ ਉਹ ਸੰਸਥਾਵਾਂ ਨਹੀਂ ਜਿਹੜੀਆਂ ਨਿੱਤ ਦੀਆਂ ਸ਼ਾਸਨ ਸਰਗਰਮੀਆਂ ਨੂੰ ਠੀਕ ਢੰਗ ਨਾਲ ਨੇਪਰੇ ਚਾੜ੍ਹ ਸਕਣ।

ਸਿਆਸੀ ਅਦਾਰਿਆਂ ਦੀ ਅਸਫ਼ਲਤਾ ਉਸ ਤੋਂ ਵੀ ਗਹਿਰੀ ਹੈ, ਜਿੰਨੀ ਅਸੀਂ ਸੋਚਦੇ ਹਾਂ। ਇਹ ਕੇਵਲ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਉਸ ਦੇ ਸਾਥੀਆਂ ਦੀ ਅਸਫਲਤਾ ਹੀ ਨਹੀਂ ਅਤੇ ਨਾ ਇਹ ਕੇਵਲ ਸੱਤਾਧਾਰੀ ਭਾਜਪਾ ਤੇ ਡੇਰਾ ਸੱਚਾ ਸੌਦਾ ਦਾ ਢੀਠਤਾਈ ਭਰਿਆ ਗੱਠਜੋੜ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਰਿਆਣਾ ਤੇ ਪੰਜਾਬ ਵਿਚ ਕਾਂਗਰਸ, ਅਕਾਲੀ ਦਲ, ਇਨੈਲੋ ਸਮੇਤ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਪਿਛਲੇ ਸਮਿਆਂ ਦੌਰਾਨ ਡੇਰੇ ਨਾਲ ਸਾਂਝ ਬਣਾਉਂਦੀਆਂ ਰਹੀਆਂ ਹਨ, ਭਾਵੇਂ ਉਨ੍ਹਾਂ ਵਿਚੋਂ ਕਿਸੇ ਇਕ ਦਾ ਤਰਕ ਹੋਰ ਅਤੇ ਦੂਜੀਆਂ ਪਾਰਟੀਆਂ ਦਾ ਹੋਰ ਹੋਵੇ। ਸਿਰਸਾ ਡੇਰੇ ਵੱਲੋਂ 2014 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਖੁੱਲ੍ਹ ਕੇ ਦਿੱਤੀ ਗਈ ਹਮਾਇਤ ਦਾ ਇਸ ਪਾਰਟੀ ਦੀ ਸਰਕਾਰ ਨੇ ਬਦਲੇ ਵਿਚ ਮਦਦ ਕਰ ਕੇ ਕਰਜ਼ ਚੁਕਾਇਆ ਹੈ। ਅਜਿਹਾ ਕੁਝ ਕਾਂਗਰਸ ਨੇ 2009 ਵਿਚ ਕੀਤਾ ਸੀ, ਜਦੋਂਕਿ ਇਨੈਲੋ ਵੀ ਇਸ ਤੋਂ ਪਹਿਲਾਂ ਅਜਿਹਾ ਕਰਦੀ ਰਹੀ ਹੈ। ਕਹਿਣ ਦਾ ਭਾਵ, ਸੱਤਾ ਲਈ ਆਸਵੰਦ ਪਾਰਟੀਆਂ ਡੇਰਿਆਂ ਦੀ ਹਮਾਇਤ ਹਾਸਲ ਕਰਨ ਲਈ ਆਪੋ-ਆਪਣੀ ਪੂਰੀ ਵਾਹ ਲਾ ਦਿੰਦੀਆਂ ਹਨ, ਭਾਵੇਂ ਇਸ ਦੇ ਬਦਲੇ ਕੋਈ ਵੀ ਕੀਮਤ ਕਿਉਂ ਨਾ ਚੁਕਾਉਣੀ ਪਏ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਿਸੇ ਵੀ ਪਾਰਟੀ ਭਾਵ ਭਾਜਪਾ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਇਨੈਲੋ, ਆਪ ਦੇ ਕਿਸੇ ਵੀ ਵੱਡੇ ਨੇਤਾ, ਜਿਸ ਦਾ ਇਸ ਖੇਤਰ ਵਿਚ ਚੋਣਾਂ ਨਾਲ ਸਬੰਧ ਹੈ, ਨੇ ਡੇਰਾ ਸਿਰਸਾ ਖਿਲਾਫ਼ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਨ ਦੀ ਹਿੰਮਤ ਨਹੀਂ ਵਿਖਾਈ। ਸਪਸ਼ਟ ਹੈ ਕਿ ਕੋਈ ਵੀ ਇਨ੍ਹਾਂ ਪਾਰਟੀਆਂ ਦਾ ਨੇਤਾ ਭਵਿਖ ਵਿਚ ਇਸ ਡੇਰੇ ਨਾਲ ਚੋਣਾਂ ਬਾਰੇ ਸੌਦੇਬਾਜ਼ੀ ਕਰਨ ਤੋਂ ਇਨਕਾਰ ਨਹੀਂ ਕਰ ਰਿਹਾ। ਕੇਵਲ ਇਹੀ ਨਹੀਂ ਕਿ ਸਾਡੀਆਂ ਸਿਆਸੀ ਪਾਰਟੀਆਂ ਮੌਕਾਪ੍ਰਸਤੀ ਖ਼ਾਤਰ ਕਦਰਾਂ-ਕੀਮਤਾਂ ਦੇ ਪੱਧਰ 'ਤੇ ਸਮਝੌਤਾ ਕਰ ਗਈਆਂ ਹਨ, ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਹ ਪਾਰਟੀਆਂ ਐਨੀਆਂ ਕਮਜ਼ੋਰ ਹੋ ਚੁੱਕੀਆਂ ਹਨ ਕਿ ਇਹ ਚੋਣਾਂ ਸਮੇਂ ਜਿੱਤਣ ਲਈ ਛੋਟੇ ਤੋਂ ਛੋਟੇ ਵੋਟ ਬੈਂਕ ਉਪਰ ਵੀ ਨਿਰਭਰ ਹੋਣ ਲਗ ਪਈਆਂ ਹਨ।

# ਪ੍ਰੋ. ਅਜਮੇਰ ਔਲਖ, ਹਰਭਜਨ ਮਾਨ ਅਤੇ ਮੈਂ




**ਐਸ. ਅਸ਼ੋਕ ਭੌਰਾ**
ਫੋਨ: 510-415-3315

ਜਿਹੜੇ ਲੋਕ ਜ਼ਿੰਦਗੀ 'ਚ ਸਿਰਫ ਵਾਲ ਕਾਲੇ ਕਰਨ ਦਾ ਜ਼ਿਆਦਾ ਫਿਕਰ ਕਰਦੇ ਨੇ ਇਨ੍ਹਾਂ ਵਿਚੋਂ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਹੜੇ ਸਿਰਫ ਇਸੇ ਨਾਲ ਹੀ ਆਪਣੀ ਸ਼ਖਸੀਅਤ ਉਸਾਰਨ ਵਿਚ ਲੱਗੇ ਹੋਏ ਹੁੰਦੇ ਨੇ। ਕੋਈ ਚੱਜ ਦਾ ਕੰਮ ਹੁੰਦਾ ਜਾਂ ਨਹੀਂ, ਅਕਲ ਗਲਵੱਕੜੀ ਪਾਉਂਦੀ ਆ ਕਿ ਨਹੀਂ, ਕੋਈ ਵਾਸਤਾ ਨਹੀਂ, ਸਿਰਫ ਵਾਲਾਂ ਦੇ ਚਿੱਟੇ ਹੋਣ ਦਾ ਡਰ ਖਾਈ ਜਾ ਰਿਹਾ ਹੈ। ਇਨ ਬਿੰਨ ਸਥਿਤੀ ਹੈ, ਪੰਜਾਬੀ ਗਾਇਕੀ ਦੀ। ਵਿਰਸਾ ਬਚਦਾ ਹੈ ਕਿ ਨਹੀਂ, ਲੋਕ ਗੀਤ ਜਿਉਂਦੇ ਰਹਿੰਦੇ ਆ ਕਿ ਨਹੀਂ, ਰਿਸ਼ਤੇ ਨਾਤਿਆਂ ਦੀ ਲੱਜ ਬਚਦੀ ਹੈ ਕਿ ਨਹੀਂ, ਕੋਈ ਵਾਸਤਾ ਨਹੀਂ, ਦੁਨੀਆਂ ਨੂੰ ਲੁੱਟਣ ਦਾ ਇਕ ਯਤਨ ਗਾਉਣਾ ਬਣਦਾ ਜਾ ਰਿਹਾ ਹੈ। ਗਲੇ ਦਾ ਜਾਂ ਸੁਰ ਦਾ ਕੀ ਐ? ਇਹ ਭਾਰ ਵਿਗਿਆਨਕ ਯੰਤਰ ਚੁੱਕੀ ਜਾ ਰਹੇ ਨੇ।


ਹਰਭਜਨ ਮਾਨ ਨੂੰ ਮੈਂ ਬਹੁਤ ਪਿਆਰ ਕਰਦਾਂ। ਜੇ ਹੁਣ ਤੱਕ ਦਾਅਵੇ ਨਾਲ ਪਿਛਲੇ ਤਿੰਨ ਦਹਾਕਿਆਂ ਦੀ ਗਾਇਕੀ ਬਾਰੇ ਕੁਝ ਕਹਿਣਾ ਹੋਵੇ ਤਾਂ ਹਰਭਜਨ ਉਨ੍ਹਾਂ ਹੀ ਦੋ ਚਾਰ ਗਿਣਵੇਂ ਨਾਂਵਾਂ ਵਿਚੋਂ ਇਕ ਨਾਂ ਹੈ ਜਿਨ੍ਹਾਂ ਨੇ ਆਪਣੀ ਗਾਇਕੀ ਵਿਚ ਕਿਤੇ ਵੀ ਉਲਾਂਭਾ ਨਹੀਂ ਖੱਟਿਆ, ਅਜਿਹਾ ਕੁਝ ਵੀ ਨਹੀਂ ਗਾਇਆ ਜਿਹਦੇ ਨਾਲ ਕੋਈ ਉਂਗਲ ਉਠ ਸਕਦੀ ਹੋਵੇ। ਗੱਲ 'ਚਿੱਠੀਏ ਨੀਂ ਚਿੱਠੀਏ' ਜਾਂ 'ਜੱਗ ਜਿਉਂਦਿਆਂ ਦੇ ਮੇਲੇ' ਦੀ ਨਹੀਂ ਤੇ ਨਾ ਹੀ ਉਹਦੀਆਂ ਫਿਲਮਾਂ ਦੀ ਹੈ। ਇਹਦੇ ਬਾਰੇ ਹਰ ਪੰਜਾਬੀ ਜਾਣਦਾ ਵੀ ਹੈ ਕਿ ਮੈਂ ਹਰਭਜਨ ਨੂੰ ਬਹੁਤ ਪਿਆਰ ਕਰਦਾ ਹਾਂ, ਕੀਤਾ ਵੀ ਹੈ, ਨਿਰਸਵਾਰਥ ਕੀਤਾ ਹੈ। ਰਾਜਨੀਤਕ ਅਹੁਦੇਦਾਰੀਆਂ ਤਿਆਗਣ ਵਾਲਾ ਸਿਰਫ ਹਰਭਜਨ ਮਾਨ ਹੀ ਹੋ ਸਕਦਾ ਹੈ। ਇਕ ਗੱਲ ਚਾਹੇ ਕਿਸੇ ਦੇ ਗਿੱਟੇ ਗੋਡੇ ਵੀ ਲੱਗੇ ਕਿ ਕਾਸ਼! ਕਿਤੇ ਗਵੱਈਏ ਹਰਭਜਨ ਮਾਨ ਵਾਂਗ ਸਿਆਣੇ ਵੀ ਹੁੰਦੇ, ਭਾਵੇਂ ਵਪਾਰਕ ਤਾਂ ਹਰਭਜਨ ਵੀ ਹੈ ਪਰ ਵਿਰਸੇ ਦੀ ਲਾਜ ਰੱਖਣੀ ਵੀ ਉਸ ਦੇ ਹੀ ਹਿੱਸੇ ਆਈ ਹੈ।

ਜਗਦੇਵ ਸਿੰਘ ਜੱਸੋਵਾਲ ਦੇ ਲੁਧਿਆਣੇ ਵਿਚਲੇ ਗੁਰਦੇਵ ਨਗਰ ਵਾਲੇ ਘਰ 'ਚ ਹਰਭਜਨ ਮਾਨ ਨੂੰ ਥਾਲੀ ਵਜਾ ਕੇ ਗਾਉਂਦੇ ਨੂੰ ਬਹੁਤ ਵਾਰ ਸੁਣਿਆ ਹੈ। ਇਸ ਤੋਂ ਪਹਿਲਾਂ ਹਰਭਜਨ ਤੇ ਗੁਰਸੇਵਕ ਦੀ ਕਵੀਸ਼ਰੀ ਬਾਰੇ ਜੱਸੋਵਾਲ ਅਕਸਰ ਗੱਲ ਕਰਿਆ ਕਰਦਾ ਸੀ। 1991 'ਚ ਸ਼ੌਂਕੀ ਮੇਲੇ ਦੇ ਪਹਿਲੇ ਦਿਨ ਅਜਮੇਰ ਔਲਖ ਦਾ ਨਾਟਕ 'ਬੇਗਾਨੇ ਬੋਹੜ ਦੀ ਛਾਂ' ਦੁਆਬਾ ਕਲਾ ਮੰਚ ਮੰਗੂਵਾਲ ਦੇ ਜਸਵੰਤ ਖਟਕੜ ਦੀ ਟੀਮ ਨੇ ਖੇਡਣਾ ਸੀ। ਪਰ ਮੈਂ ਇਸ ਨਾਟਕ ਨੂੰ ਵੇਖਣ ਲਈ ਮਾਨਸੇ ਤੋਂ ਅਜਮੇਰ ਔਲਖ ਨੂੰ ਵੀ ਬੁਲਾਇਆ। ਨਾਟਕ ਪੂਰੀ ਤਰ੍ਹਾਂ ਸਫਲ ਰਿਹਾ, ਔਲਖ ਖੁਸ਼ ਸੀ ਤੇ ਪੇਸ਼ਕਾਰੀ ਦੌਰਾਨ ਜਸਵੰਤ ਦੀਆਂ ਡਾਇਲਾਗ ਡਲਿਵਰੀ ਵੇਲੇ ਕੱਢੀਆਂ ਗਾਲ੍ਹਾਂ ਵੀ ਦਰਸ਼ਕਾਂ ਨੇ ਬਰਦਾਸ਼ਤ ਕਰ ਲਈਆਂ ਸਨ। ਇਹ ਮੇਰੀ ਤੇ ਔਲਖ ਦੀ ਪਹਿਲੀ ਮੁਲਾਕਾਤ ਮਾਹਿਲਪੁਰ 'ਚ ਸੀ। ਉਨ੍ਹੇ ਮੇਰੇ ਕੰਨ ਵਿਚ ਕਿਹਾ, 'ਤੂੰ ਹਰਭਜਨ ਨੂੰ ਜਾਣਦੈਂ'? ਮੈਂ ਕਿਹਾ, 'ਹਰਭਜਨ ਮਾਨ ਨੂੰ?' ਤਾਂ ਉਹ ਕਹਿਣ ਲੱਗਾ, 'ਅੱਜ ਕੱਲ ਹੋਰ ਹਰਭਜਨ ਹੈ ਕਿਹੜਾ? ਅਗਲੇ ਸਾਲ ਸ਼ੌਂਕੀ ਮੇਲੇ 'ਤੇ ਹਰਭਜਨ ਨੂੰ ਸੱਦਾ ਦੇਈਂ।' ਕਿਉਂਕਿ 'ਚਿੱਠੀਏ ਨੀਂ ਚਿੱਠੀਏ' ਗੀਤ ਇਕ ਤਰ੍ਹਾਂ ਨਾਲ ਹਰਭਜਨ ਮਾਨ ਦੀ ਪੈੜ ਤੇ ਉਹ ਵੀ ਸਥਾਈ ਬਣਾ ਚੁਕਾ ਸੀ।

ਬਰੇਕ ਮਿਲਣ ਤੋਂ ਬਾਅਦ ਹਰਭਜਨ ਮਾਨ ਨਾਲ ਮੇਰਾ ਮੇਲ ਅਗਲੇ ਵਰ੍ਹੇ ਪ੍ਰੋਫੈਸਰ ਮੋਹਨ ਸਿੰਘ ਮੇਲੇ, ਜੋ ਪਹਿਲੀ ਵਾਰੀ ਪੰਜਾਬੀ ਭਵਨ 'ਚੋਂ ਨਿਕਲ ਕੇ ਪੱਖੋਵਾਲ ਰੋਡ 'ਤੇ ਨਹਿਰ ਕਿਨਾਰੇ ਲੱਗ ਰਿਹਾ ਸੀ, 'ਤੇ ਹੋਇਆ ਜਦੋਂ ਉਹ ਰਾਤ ਕਰੀਬ 11 ਵਜੇ ਪ੍ਰੋ. ਮੋਹਨ ਸਿੰਘ ਮੇਲਾ ਸੱਚੀਂ ਮੁੱਚੀਂ ਹੀ ਲੁੱਟ ਕੇ ਲੈ ਗਿਆ ਸੀ। ਸਟੇਜ ਤੋਂ ਉਤਰਦੇ ਨੂੰ ਮੈਂ ਕਿਹਾ, 'ਮੇਰਾ ਨਾਂ ਅਸ਼ੋਕ ਭੌਰਾ ਹੈ।' ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਕਹਿਣ ਲੱਗਾ, 'ਕੀ ਗੱਲ ਕਰਦੇ ਹੋ, ਇਹ ਨਾਂ ਸਾਰੇ ਪੰਜਾਬੀ ਗਾਇਕਾਂ ਲਈ ਵੀ ਪਿਆਰਾ ਹੈ।' ਮੈਂ ਉਹਨੂੰ ਅਗਲੇ ਸਾਲ ਸ਼ੌਂਕੀ ਮੇਲੇ 'ਤੇ ਆਉਣ ਦੀ ਪੇਸ਼ਕਸ਼ ਕੀਤੀ ਅਤੇ ਇਹ ਵੀ ਕਿਹਾ ਕਿ ਅਸੀਂ ਰੁਪਈਆ ਕੋਈ ਨ੍ਹੀਂ ਦਿੰਦੇ। ਉਹ ਚਾਅ ਨਾਲ ਬੋਲਿਆ, 'ਆਵਾਂਗਾ ਵੀ, ਲਵਾਂਗਾ ਵੀ ਕੁਝ ਨਹੀਂ।'

ਮਿਊਜ਼ਿਕ ਬੈਂਕ ਵਲੋਂ 'ਚਿੱਠੀਏ ਨੀਂ ਚਿੱਠੀਏ' ਰਿਲੀਜ਼ ਕੀਤੀ ਗਈ ਸੀ। ਚਰਨਜੀਤ ਆਹੂਜਾ ਨਾਲ ਮੈਂ ਜਦੋਂ ਕੰਪਨੀ ਦੇ ਮਾਲਕ ਅਨਿਲ ਨੂੰ ਵਧਾਈ ਦੇਣ ਗਿਆਂ ਤਾਂ ਉਹ ਖੁਸ਼ ਇਸ ਕਰਕੇ ਸੀ ਕਿ ਪੰਜਾਬੀ ਸੰਗੀਤ ਇੰਡਸਟਰੀ 'ਚ ਇਸ ਕੈਸਿਟ ਨੇ ਮਲਕੀਅਤ ਦੀ 'ਤੁਤਕ ਤੁਤਕ ਤੂਤੀਆਂ' ਤੋਂ ਬਾਅਦ ਵਿਕਣ ਦਾ ਨਵਾਂ ਰਿਕਾਰਡ ਪੈਦਾ ਕੀਤਾ ਸੀ। ਵਜ੍ਹਾ ਇਹ ਵੀ ਸੀ ਕਿ ਮੈਂ ਅਨਿਲ ਤੇ ਚਰਨਜੀਤ ਆਹੂਜਾ ਨੂੰ ਵੀ ਹਰਭਜਨ ਦੇ ਨਾਲ ਮਾਹਿਲਪੁਰ ਦੇ ਸ਼ੌਂਕੀ ਮੇਲੇ ਲਈ ਸੱਦਾ ਦੇ ਕੇ ਆਇਆ ਸੀ। ਜਿਸ ਸਾਲ 'ਜੱਗ ਜਿਉਂਦਿਆਂ ਦੇ ਮੇਲੇ' ਦੀ ਚੜ੍ਹਾਈ ਵੇਲੇ ਹਰਭਜਨ ਮਾਨ ਮਾਹਿਲਪੁਰ ਆਇਆ, ਇਤਫਾਕ ਇਹ ਸੀ ਕਿ 1994 ਦੇ ਵਰ੍ਹੇ ਚਰਨਜੀਤ ਆਹੂਜਾ ਦੀ ਸਾਰੀ ਟੀਮ ਵੀ ਲਗਭਗ ਹਾਜ਼ਰ ਸੀ। ਖੰਨੇ ਵਾਲਾ ਦਵਿੰਦਰ, ਸੰਜੀਵ ਆਨੰਦ, ਕਮਲਜੀਤ ਨੀਰੂ, ਸ਼ਾਰੀ ਬੋਇਲ, ਹਰਭਜਨ ਮਾਨ ਤੇ ਖੁਦ ਚਰਨਜੀਤ ਆਹੂਜਾ ਹਾਜ਼ਰ ਹੋਏ ਸਨ।

ਇਹ ਗੱਲ ਹਾਲੇ ਤੱਕ ਸ਼ਾਇਦ ਬਹੁਤ ਲੋਕਾਂ ਲਈ ਭੇਦ ਹੋਵੇ ਕਿ ਇਸੇ ਵਰ੍ਹੇ ਗੀਤਕਾਰ ਤੋਂ ਗਾਇਕ ਬਣਿਆ ਦੇਬੀ ਮਖਸੂਸਪੁਰੀ ਤੇ ਗਾਇਕੀ ਦਾ ਪ੍ਰਵੇਸ਼ ਦੁਆਰ ਖੜਕਾਉਣ ਵਾਲਾ ਮਨਮੋਹਨ ਵਾਰਸ ਸ਼ੌਂਕੀ ਮੇਲੇ ਦੇ ਮੰਚ ਤੋਂ ਪਹਿਲੀ ਵਾਰ ਪੇਸ਼ ਹੋਏ ਸਨ। ਇਤਫਾਕ ਸੀ ਕਿ ਮੇਲੇ ਤੋਂ ਕੁਝ ਦਿਨ ਪਹਿਲਾਂ ਕੈਨੇਡਾ ਦੇ ਇਕ ਬਹੁਚਰਚਿਤ ਪ੍ਰੋਮੋਟਰ ਦੇ ਨਜ਼ਦੀਕੀਆਂ ਨੇ ਹੁਸ਼ਿਆਰਪੁਰ ਦੇ ਇਕ ਰੈਸਟੋਰੈਂਟ 'ਚ ਬੁਲਾ ਕੇ ਮੈਨੂੰ ਵੀਹ ਹਜ਼ਾਰ ਰੁਪਏ ਦੀ ਸ਼ੌਂਕੀ ਮੇਲੇ ਦੀ ਮਦਦ ਕਰਨ ਲਈ ਪੇਸ਼ਕਸ਼ ਕੀਤੀ। ਉਨ੍ਹਾਂ ਦਿਨਾਂ ਵਿਚ ਇਹ ਵੱਡੀ ਰਾਸ਼ੀ ਸੀ। ਪਰ ਸ਼ਰਤ ਸੁਣ ਕੇ ਮੈਂ ਆਪਣਾ ਰੁਖ ਬਦਲ ਲਿਆ। ਕਿਉਂਕਿ ਉਹ ਕਹਿ ਰਹੇ ਸਨ ਕਿ ਹਰਭਜਨ ਨੂੰ ਗਾਉਣ ਦਾ ਉਦੋਂ ਮੌਕਾ ਦੇਣਾ ਜਦੋਂ ਕੁਰਸੀਆਂ ਖਾਲੀ ਹੋ ਜਾਣ ਤੇ ਮਨਮੋਹਨ ਨੂੰ ਉਦੋਂ ਜਦੋਂ ਮੇਲੇ ਦੀ ਸਿਖਰ ਹੋਵੇ। ਮੈਂ ਵੀਹ ਹਜ਼ਾਰ ਰੁਪਏ ਦੀ ਪੇਸ਼ਕਸ਼ ਠੁਕਰਾ ਦਿੱਤੀ, ਇਹ ਕਹਿ ਕੇ ਕਿ ਹਰਭਜਨ ਨੇ ਖੇਮੂਆਣੇ ਤੋਂ ਇਸ ਮੇਲੇ ਲਈ ਮੁਫਤ ਗਾਉਣ ਆਉਣਾ ਹੈ ਤੇ ਇਸ ਵੇਲੇ ਉਸ ਦੇ ਹੱਥ 'ਚ ਪੰਜਾਬੀ ਗਾਇਕੀ ਦੇ ਅਖਾੜੇ ਦੀ ਪਟਕੇ ਵਾਲੀ ਝੰਡੀ ਹੈ ਪਰ ਮਨਮੋਹਨ ਵਾਰਸ ਨੂੰ ਇਸ ਵੇਲੇ ਕੋਈ ਨਹੀਂ ਜਾਣਦਾ। ਪਰ ਮੈਂ ਇਹ ਜ਼ਰੂਰ ਕਰਾਂਗਾ ਕਿ ਹਰਭਜਨ ਮਾਨ ਤੋਂ ਪਹਿਲਾਂ ਮੇਲੇ ਦੀ ਸਿਖਰ ਵੇਲੇ ਮਨਮੋਹਨ ਨੂੰ ਵਕਤ ਜ਼ਰੂਰ ਦੇ ਦਿਆਂਗਾ। ਕਿਉਂਕਿ ਉਨ੍ਹੀਂ ਦਿਨੀਂ ਹਾਲਾਤ ਇਹ ਵੀ ਸਨ ਕਿ ਮਨਮੋਹਨ ਨੂੰ ਮੈਂ ਕਦੇ ਦੂਰਦਰਸ਼ਨ ਤੇ ਕਦੇ ਪ੍ਰਿੰਟ ਮੀਡੀਏ 'ਚ ਤੇ ਕਦੇ ਮੇਲਿਆਂ 'ਤੇ ਪ੍ਰੋਗਰਾਮਾਂ 'ਚ ਉਂਗਲ ਫੜ ਕੇ ਲਈ ਫਿਰਦਾ ਸਾਂ। ਇਸੇ ਮੇਲੇ 'ਚ ਆਸ਼ਾ ਸ਼ਰਮਾ ਪਹਿਲੀ ਵਾਰ ਮੰਚ ਸੰਚਾਲਕਾ ਵਜੋਂ ਇੰਟਰੋਡਿਊਸ ਹੋਈ ਸੀ। ਹਰਭਜਨ ਮਾਨ ਨੇ ਮੇਲੇ ਦੀ ਸਿਖਰ ਕੀਤੀ ਤੇ


ਪ੍ਰੋ. ਅਜਮੇਰ ਔਲਖ

ਮੇਰਾ ਮਾਣ ਹੀ ਨਹੀਂ ਰੱਖਿਆ ਸਗੋਂ ਗੱਡੀ ਤੱਕ ਦਾ ਕਿਰਾਇਆ ਵੀ ਸਵੀਕਾਰ ਨਹੀਂ ਕੀਤਾ। ਨਾਲ ਦੀ ਨਾਲ ਇਹ ਵੀ ਗੱਲ ਦੱਸ ਦਿਆਂ ਕਿ ਇਸੇ ਮੇਲੇ 'ਚ ਸਭ ਤੋਂ ਅਖੀਰਲਾ ਟਾਈਮ ਇੰਦਰਜੀਤ ਬੈਂਸ ਦੀ ਉਸ ਵੇਲੇ ਦੀ ਪੇਸ਼ਕਸ਼ ਨਿਵੇਕਲੇ ਵਾਲਾਂ ਦੀ ਦਿੱਖ ਵਾਲੇ ਜੈਜ਼ੀ ਬੈਂਸ ਦੇ ਹਿੱਸੇ ਆਇਆ ਸੀ।

ਕਮਾਲ ਇਹ ਸੀ ਕਿ ਉਹ ਹਰਭਜਨ ਮਾਨ ਤੋਂ ਬਾਅਦ ਨਵਾਂ ਹੋਣ ਦੇ ਬਾਵਜੂਦ ਦਰਸ਼ਕਾਂ 'ਤੇ ਆਪਣੀ ਗਹਿਰੀ ਛਾਪ ਛੱਡ ਗਿਆ। ਇਸ ਮੇਲੇ ਤੋਂ ਤੁਰੰਤ ਬਾਅਦ ਮੇਰੇ ਪਿੰਡ ਗਾਇਕਾਂ ਨੇ ਮਾਰੂਤੀ ਕਾਰ ਨਾਲ ਮੇਰਾ ਸਨਮਾਨ ਰੱਖਿਆ ਸੀ। ਆਸ਼ਾ ਸ਼ਰਮਾ ਤਾਂ ਆਈ ਪਰ ਸਵੇਰੇ ਭਗਵੰਤ ਮਾਨ ਨਾਲ ਹਾਜ਼ਰੀ ਲਾ ਕੇ ਚਲੀ ਗਈ। ਹਰਭਜਨ ਮਾਨ, ਗੁਰਸੇਵਕ, ਕੁੜੀ ਗੁਜਰਾਤ ਦੀ ਵਾਲਾ ਜੱਸੀ, ਪਰਮਿੰਦਰ ਸੰਧੂ ਸਾਰੇ ਆਏ। ਪਰ ਮਨਮੋਹਨ ਵਾਰਸ ਨਾ ਆਇਆ।

ਹੈਰਾਨ ਸਾਂ ਕਿ ਜਿਹੜੀ ਗੱਲ ਮੇਰੇ ਚਿੱਤ ਚੇਤੇ ਵੀ ਨਹੀਂ ਸੀ, ਉਹ ਮੈਨੂੰ ਦੂਰਦਰਸ਼ਨ ਦੇ ਇਕ ਕਰਮਚਾਰੀ ਜੋ ਸ਼ੌਂਕੀ ਮੇਲੇ ਦੀ ਕਵਰੇਜ ਲਈ ਆਇਆ ਸੀ, ਨੇ ਦੱਸੀ ਕਿ ਤੁਸੀਂ ਮਨਮੋਹਨ ਨੂੰ ਜਦੋਂ ਹਰਭਜਨ ਮਾਨ ਤੋਂ ਪਹਿਲਾਂ ਗੁਆਇਆ ਤੋਂ ਉਸ ਨੂੰ ਦੂਜਾ ਗੀਤ ਪੂਰਾ ਨਹੀਂ ਗਾਉਣ ਦਿੱਤਾ। ਮਾਈਕ ਆਸ਼ਾ ਸ਼ਰਮਾ ਨੇ ਫੜ ਲਿਆ ਸੀ। ਇਹ ਨਜ਼ਲਾ ਮੇਰੇ 'ਤੇ ਡਿੱਗ ਰਿਹਾ ਸੀ। ਪਰ ਸੱਚ ਇਹ ਸੀ ਕਿ ਮੈਂ ਤੇ ਮਨਮੋਹਨ ਨੂੰ ਲਈ ਫਿਰਦਾ ਸਾਂ, ਤੇ ਰੱਜ ਕੇ ਪਿਆਰ ਕਰਦਾ ਸਾਂ, ਏਦਾਂ ਹੋ ਕਿਵੇਂ ਸਕਦਾ ਸੀ? ਇਉਂ ਮੇਰੀ ਨਿਗਰਾਨੀ ਵਾਲੇ ਮੇਲਿਆਂ 'ਚ ਮਨਮੋਹਨ ਦਾ ਇਹ ਪਹਿਲਾ ਤੇ ਆਖਰੀ ਮੇਲਾ ਹੋ ਨਿੱਬੜਿਆ ਸੀ। ਵੀਹ ਹਜ਼ਾਰ ਦੀ ਪੇਸ਼ਕਸ਼ ਵਾਲੀ ਗੱਲ ਅੱਜ ਤੱਕ ਮੈਂ ਹਰਭਜਨ ਨਾਲ ਕਦੇ ਸਾਂਝੀ ਨਹੀਂ ਕੀਤੀ। ਹਾਲਾਂਕਿ ਉਸ ਤੋਂ ਬਾਅਦ ਮੇਰੀ ਹਰਭਜਨ ਦੀ ਨੇੜਤਾ ਇਕ ਤਰ੍ਹਾਂ ਨਾਲ 'ਤੂੰ ਪੀਂਘ ਤੇ ਮੈਂ ਹੁਲਾਰਾ' ਵਾਲੀ ਰਹੀ।

ਇਤਫਾਕ ਇਹ ਹੋਇਆ ਕਿ ਮਾਨਸੇ ਪ੍ਰੋ. ਅਜਮੇਰ ਔਲਖ ਦੇ ਕਾਲਜ ਜਗਦੇਵ ਸਿੰਘ ਜੱਸੋਵਾਲ ਨੇ ਇਕ ਸਮਾਗਮ ਰੱਖ ਲਿਆ, ਜਿਹਦੇ ਵਿਚ ਢਾਡੀ ਚਰਨ ਸਿੰਘ ਆਲਮਗੀਰ ਤੇ ਹਰਭਜਨ ਮਾਨ ਦਾ 11-11 ਹਜ਼ਾਰ ਰੁਪਏ ਨਾਲ ਸਨਮਾਨ ਹੋਣਾ ਸੀ। ਲੁਧਿਆਣੇ ਤੋਂ ਗੱਡੀ 'ਚ ਜਾਂਦਿਆਂ ਜ਼ਿਮੀਦਾਰਾ ਢਾਬੇ ਰੋਟੀ ਖਾਣ ਲੱਗੇ ਤਾਂ ਜੱਸੋਵਾਲ ਕਹਿਣ ਲੱਗਾ, 'ਅਸ਼ੋਕ ਤੂੰ ਪੈਸੇ ਦੇ ਆ, ਮੇਰਾ ਬਟੂਆ ਘਰ ਰਹਿ ਗਿਆ।' ਉਹਨੇ ਮੇਰੇ ਹੱਥ ਵਿਚੋਂ 'ਪੰਜਾਬੀ ਟ੍ਰਿਬਿਊਨ' ਅਖਬਾਰ ਫੜੀ ਤੇ ਉਹਦੀਆਂ ਤਹਿਆਂ ਲਾ ਕੇ ਇਕ ਚਿੱਟੇ ਲਿਫਾਫੇ 'ਚ ਪਾ ਲਈ। ਮੈਂ ਪੁੱਛਿਆ, 'ਇਹ ਕੀ?' ਕਹਿਣ ਲੱਗਾ, 'ਕੋਈ ਖਾਸ ਖਬਰ ਹੈ, ਮੈਂ ਸਾਂਭ ਕੇ ਰੱਖਣੀ ਐ।'

ਮਾਨਸੇ ਪੁੱਜੇ, ਸਮਾਗਮ ਔਲਖ ਨੇ ਵਧੀਆ ਅਯੋਜਿਤ ਕੀਤਾ ਸੀ, ਚੰਗੇ ਲੋਕ ਸਨ। ਪਹਿਲਾਂ ਢਾਡੀ ਆਲਮਗੀਰ ਦੇ ਜਥੇ ਨੇ ਉਨ੍ਹਾਂ ਦਿਨਾਂ ਵਿਚਲੀ ਆਪਣੀ ਚੜ੍ਹਾਈ ਨੂੰ ਕਾਲਜ ਦੇ ਵਿਦਿਆਰਥੀਆਂ 'ਚ ਪੂਰੀ ਤਰ੍ਹਾਂ ਪ੍ਰਭਾਵੀ ਬਣਾ ਲਿਆ। ਫੇਰ ਹਰਭਜਨ ਨੇ ਤਕਰੀਬਨ ਇਕ ਘੰਟਾ ਲਗਾਤਾਰ ਆਪਣੇ ਗੀਤਾਂ ਦੀ ਛਹਿਬਰ ਮਾਨਸਾ ਕਾਲਜ ਦੇ ਵਿਹੜੇ 'ਚ ਲਗਾਈ ਰੱਖੀ। ਬੜੀ ਅਜੀਬ ਸਥਿਤੀ ਇਹ ਸੀ ਕਿ ਪ੍ਰੋ. ਅਜਮੇਰ ਔਲਖ ਨੇ ਮੈਨੂੰ ਤੇ ਜੱਸੋਵਾਲ ਨੂੰ ਪਹਿਲਾਂ ਤੇ ਕਾਲਜ ਦੀ ਲੈਬੋਰਟਰੀ 'ਚ ਦਾਰੂ ਪਿਆਈ। ਫਿਰ ਸਟੇਜ 'ਤੇ ਸਟੀਲ ਦੇ ਗਿਲਾਸਾਂ 'ਚ ਤੇ ਆਖਰ ਇਹ ਸੀ ਕਿ ਸਾਰਿਆਂ ਨੇ ਮਾਨਸੇ ਤੋਂ ਹਰਭਜਨ ਦੇ ਪਿੰਡ ਖੇਮੂਆਣੇ ਜਾਣਾ ਸੀ। ਜੱਸੋਵਾਲ ਚਰਨ ਸਿੰਘ ਆਲਮਗੀਰ ਦਾ ਜਥਾ, ਗੱਲ ਕੀ ਪੰਦਰਾਂ-ਵੀਹ ਜਾਣੇ ਅਸੀਂ ਦੇਰ ਸ਼ਾਮ ਖੇਮੂਆਣੇ ਪੁੱਜ ਗਏ। ਬਹੁਤ ਸੇਵਾ ਕੀਤੀ ਹਰਭਜਨ ਨੇ ਆਪਣੇ ਘਰ। ਸਵੇਰੇ ਉਠੇ ਤਾਂ ਹਰਭਜਨ ਮਾਨ ਮੈਨੂੰ ਹੱਸਦਿਆਂ ਕਹਿਣ ਲੱਗਾ ਕਿ ਜਿਹੜਾ ਲਿਫਾਫਾ ਗਿਆਰਾਂ ਹਜ਼ਾਰ ਦਾ ਕੱਲ੍ਹ ਸਟੇਜ ਤੋਂ ਦਿੱਤਾ ਸੀ, ਉਹਦੇ ਵਿਚੋਂ 'ਪੰਜਾਬੀ ਟ੍ਰਿਬਿਊਨ' ਅਖਬਾਰ ਨਿਕਲੀ ਹੈ। ਉਧਰੋਂ ਨਾਲ ਦੇ ਘਰ ਵਿਚੋਂ ਚਰਨ ਸਿੰਘ ਆਲਮਗੀਰ ਹੱਸਦਾ ਆਵੇ, ਉਹ ਮੈਨੂੰ ਕਹਿਣ ਲੱਗਾ, 'ਭਾਜੀ, ਜੱਸੋਵਾਲ ਵੀ ਕਮਾਲ ਦੀ ਸ਼ੈਅ ਨੇ। ਸਵੇਰੇ ਮੈਂ ਲਿਫਾਫੇ ਵਿਚੋਂ ਗਿਆਰਾਂ ਹਜ਼ਾਰ ਕੱਢਣ ਲੱਗਾ ਤਾਂ ਵਿਚੋਂ ਪਰਸੋਂ ਦੀ ਅਜੀਤ ਅਖਬਾਰ ਨਿਕਲੀ।'

ਮੈਂ ਵਾਪਸੀ 'ਤੇ ਮੁੜਦਿਆਂ ਜੱਸੋਵਾਲ ਨੂੰ ਇਹ ਹਾਸੋਹੀਣਾ ਵਰਤਾਰਾ ਦੱਸਿਆ ਤਾਂ ਉਹ ਆਪਣੇ ਸੁਭਾਅ ਮੁਤਾਬਿਕ ਕਹਿਣ ਲੱਗਾ, 'ਜੱਸੋਵਾਲ ਕੋਲ ਤਾਂ ਕੱਲ੍ਹ ਰੋਟੀ ਖਾਣ ਨੂੰ ਰੁਪਈਆ ਨਹੀਂ ਸੀ। ਇਨ੍ਹਾਂ ਨੂੰ ਭਲੇਮਾਣਸਾਂ ਨੂੰ ਕਿੱਥੋਂ ਗਿਆਰਾਂ-ਗਿਆਰਾਂ ਹਜ਼ਾਰ ਦੇ ਦੇਣਾ ਸੀ? ਇਨ੍ਹਾਂ ਦੀ ਸਟੇਜ 'ਤੇ ਬੱਲੇ ਬੱਲੇ ਕਰਾ'ਤੀ। ਇਕ ਨੂੰ ਅਜੀਤ ਤੇ ਇਕ ਨੂੰ ਪੰਜਾਬੀ ਟ੍ਰਿਬਿਊਨ ਦੇ ਦਿੱਤੀ ਕਿ ਅਖਬਾਰਾਂ ਪੜ੍ਹਿਆ ਕਰੋ, ਦੁਨੀਆਂ ਦੇ ਹਾਣ ਦੇ ਹੋਵੋ।'

ਇਹ ਗੱਲ ਹੁਣ ਵੀ ਜਦੋਂ ਕਦੇ ਹਰਭਜਨ ਮਾਨ ਜਾਂ ਆਲਮਗੀਰ ਨਾਲ 'ਕੱਠੇ ਹੋਣ ਦਾ ਮੌਕਾ ਮਿਲੇ ਤਾਂ ਹਾਲਾਤ ਭਾਵੇਂ ਉਦਾਸੀ ਵਾਲੇ ਹੋਣ ਪਰ ਹਾਸਾ ਫਿਰ ਵੀ ਮੱਲੋਜ਼ੋਰੀ ਨਿਕਲ ਜਾਂਦਾ ਹੈ।

ਬਹੁਤ ਸਾਰੇ ਲੋਕ ਹਰਭਜਨ ਮਾਨ ਨੂੰ ਸਿਰਫ ਗਾਇਕ ਮੰਨਦੇ ਹਨ ਪਰ ਹਰਭਜਨ ਸਿਆਣਾ ਹੈ, ਸਿਆਣਾ ਸਾਹਿਤਕਾਰ ਹੈ, ਚੇਤੰਨ ਇਨਸਾਨ ਹੈ। ਉਹੀ ਜਾਣਦਾ ਹੈ ਕਿ ਭਾਰ ਪਚਵੰਜਾ ਸੱਠ ਕਿੱਲੋ ਤੋਂ ਵਧਣ ਹੀ ਨਹੀਂ ਦੇਣਾ ਚਾਹੀਦਾ। ਹੌਲੀ ਹੌਲੀ ਵਕਤ ਦੇ ਨਾਲ ਨਾਲ ਕਈ ਕੁਝ ਹੁੰਝਿਆ ਜਾਂਦਾ ਰਿਹਾ, ਬਦਲਦਾ ਰਿਹਾ। ਪਰ ਮੇਰੇ ਮਨ 'ਚ ਪ੍ਰੋ. ਅਜਮੇਰ ਔਲਖ ਤੇ ਹਰਭਜਨ ਮਾਨ ਦਾ ਸਤਿਕਾਰ ਕਾਇਮ ਰਿਹਾ। ਹਾਲ ਹੀ 'ਚ ਆਪਣੀ ਨਵੀਂ ਕਿਤਾਬ 'ਖੁੱਲ੍ਹੇ ਬੂਹੇ ਬੰਦ ਬਾਰੀਆਂ' ਮਾਹਿਲਪੁਰ 'ਚ ਰਿਲੀਜ਼ ਕਰਨੀ ਸੀ। ਬੁਲਾਇਆ ਮੈਂ ਬਲਦੇਵ ਸਿੰਘ ਸੜਕਨਾਮਾ ਨੂੰ ਵੀ ਸੀ ਪਰ ਉਹਦੀ ਦੁਰਘਟਨਾ 'ਚ ਅੱਖ 'ਤੇ ਸੱਟ ਲੱਗਣ ਕਾਰਨ ਉਹ ਆ ਨਾ ਸਕਿਆ। ਡਾ. ਲਖਵਿੰਦਰ ਜੌਹਲ ਹਾਜ਼ਰ ਸਨ। ਮੈਨੂੰ ਸਭ ਤੋਂ ਵੱਧ ਖੁਸ਼ੀ ਸੀ ਕਿ ਹਰਭਜਨ ਮਾਨ ਇਕ ਸਾਹਿਤਕ ਸਮਾਗਮ 'ਚ ਮੇਰੇ ਕਹਿਣ 'ਤੇ ਪਹੁੰਚਿਆ ਅਤੇ ਜਿਹੜੀਆਂ ਗੱਲਾਂ ਉਹ ਕਰਕੇ ਗਿਆ, ਉਹ ਆਪਣੇ ਆਪ ਨੂੰ ਸਾਹਿਤਕਾਰ ਅਖਵਾਉਣ ਵਾਲੇ ਕਈ ਲੋਕਾਂ ਨਾਲੋਂ ਕਿਤੇ ਜ਼ਿਆਦਾ ਉਚ ਪਾਏ ਦੀਆਂ ਸਨ। ਅਸਲ 'ਚ ਸਾਰੇ ਬੋਲਟ ਸਾਰੇ ਨਟਾਂ 'ਤੇ ਨਹੀਂ ਚੜ੍ਹਦੇ। ਹੋ ਸਕਦਾ ਹਰਭਜਨ ਮਾਨ ਕਈਆਂ ਦੇ ਫਿੱਟ ਨਾ ਹੋਵੇ, ਕਈਆਂ ਦੇ ਬਿਲਕੁਲ ਹੀ ਅਨਫਿੱਟ ਹੋਵੇ, ਕਈ ਉਹਦੇ ਨਾਲ ਈਰਖਾ ਕਰਦੇ ਹੋਣ। ਪਰ ਮੈਂ ਆਪਣੇ ਪਿਛਲੇ ਤੀਹ ਸਾਲਾਂ ਦੇ ਵਕਫੇ 'ਚ ਜਿੰਨਾ ਹਰਭਜਨ ਮਾਨ ਨੂੰ ਮਿਲਿਆਂ, ਉਹ ਮੈਨੂੰ ਚੰਗਾ ਹੀ ਲੱਗਦਾ ਰਿਹਾ ਹੈ ਅਤੇ ਸਾਡੇ ਨਾਲ ਹਮੇਸ਼ਾ ਆਪਣਿਆਂ ਵਾਂਗ ਵਿਚਰਿਆ ਹੈ। ਹੁਣ ਵੀ ਮੈਂ ਤਵੱਕੋਂ ਕਰਦਾਂ ਕਿ ਗਾਇਕੀ ਦਾ ਫੀਲਡ ਵਧਦੀ ਉਮਰ ਦੇ ਪ੍ਰਭਾਵਾਂ ਕਰਕੇ ਭਾਵੇਂ ਇਕ ਤਰ੍ਹਾਂ ਨਾਲ ਛੱਡ ਹੀ ਦਿੱਤਾ ਹੈ ਪਰ ਹਰਭਜਨ, ਸਰਦੂਲ ਜਾਂ ਹੋਰ ਕਈ ਸਾਥੀਆਂ ਨੂੰ ਜੇ ਮੈਂ ਆਵਾਜ਼ ਮਾਰਾਂ ਤਾਂ ਮੇਰਾ ਯਕੀਨ ਹੈ ਕਿ ਉਹ ਨਾਂਹ 'ਚ ਸਿਰ ਨਹੀਂ ਹਿਲਾਉਣਗੇ।

ਲੁਧਿਆਣੇ ਤੋਂ ਜਲੰਧਰ ਨੂੰ ਜਾ ਰਹੇ ਸਾਂ। ਬਾਬੂ ਸਿੰਘ ਮਾਨ ਮੇਰੇ ਨਾਲ ਪਿਛਲੀ ਸੀਟ 'ਤੇ ਬੈਠਾ ਸੀ। ਉਹਦੀ ਕਹੀ ਗੱਲ ਹਾਲੇ ਤੱਕ ਮੇਰੇ ਚੇਤੇ 'ਚੋਂ ਨਹੀਂ ਵਿਸਰੀ ਕਿ ਮੁਹੰਮਦ ਸਦੀਕ ਤੇ ਰਣਜੀਤ ਕੌਰ ਤੋਂ ਬਾਅਦ ਗੀਤ ਰਚਣ ਵਿਚ ਜੇ ਕਿਸੇ ਨੇ ਮੈਨੂੰ ਨਵਾਂ ਬਾਬੂ ਸਿੰਘ ਮਾਨ ਬਣਾਇਆ ਹੈ ਤਾਂ ਉਹ ਹਰਭਜਨ ਮਾਨ ਹੀ ਹੈ। ਚਰਨਜੀਤ ਆਹੂਜਾ ਤੋਂ ਬਾਅਦ ਜੈ ਦੇਵ ਕੁਮਾਰ ਨਾਲ ਹਰਭਜਨ ਨੇ ਗਾਇਕੀ 'ਚ ਬਹੁਤ ਝੰਡੇ ਕੀਤੀਆਂ ਹਨ ਤੇ ਆਪਣੀ ਪੈੜ ਨੂੰ ਨਰੋਈ ਬਣਾਇਆ ਹੈ। ਉਹਦੇ ਕੁਝ ਗਾਏ ਹੋਏ ਬੋਲ ਸਦੀਵੀ ਰਹਿਣਗੇ।

ਆਪਣੇ ਜੀਵਨ ਦੀ ਰਚਨਾਤਮਿਕ ਗਾਇਨ ਸ਼ੈਲੀ ਵਿਚ ਮੈਂ ਹਰਭਜਨ ਨੂੰ ਚੰਗੀ ਥਾਂ 'ਤੇ ਰੱਖਦਾ ਹਾਂ। ਉਹ ਮੇਰੇ ਲਈ ਕਦੇ ਵੀ ਓਪਰਿਆਂ ਵਰਗਾ ਨਹੀਂ ਰਿਹਾ। ਉਹ ਅਕਸਰ ਉਲਾਂਭਾ ਦਿੰਦਾ ਰਿਹਾ ਕਿ ਅਸ਼ੋਕ ਨੇ ਹਰਭਜਨ ਬਾਰੇ ਸਭ ਤੋਂ ਘੱਟ ਲਿਖਿਆ ਹੈ ਪਰ ਸਭ ਤੋਂ ਵੱਧ ਬਾਹਾਂ ਵੀ ਅਸ਼ੋਕ ਵੱਲ ਹਰਭਜਨ ਦੀਆਂ ਹੀ ਖੁੱਲ੍ਹਦੀਆਂ ਰਹੀਆਂ ਹਨ।

#


'ਖੁੱਲ੍ਹੇ ਬੂਹੇ ਬੰਦ ਬਾਰੀਆਂ' ਦੇ ਰਿਲੀਜ਼ ਮੌਕੇ ਐਸ. ਅਸ਼ੋਕ ਭੌਰਾ ਤੇ ਹਰਭਜਨ ਮਾਨ

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਜਿੰਦੜੀਏ! ਇਹ ਕਲਯੁਗ ਦਾ ਨਾਂ

ਘੁੱਗੀਆਂ ਦੇ ਆਲ੍ਹਣੇ 'ਚ ਚੀਕਾਂ ਰਾਤੀਂ ਸੁਣਦੇ ਹਾਂ,
ਰੌਲਾ ਪਾਉਂਦੇ ਵੇਖੇ ਬਾਹਰ ਕਾਂ, ਜਿੰਦੜੀਏ ਇਹ ਕਲਯੁਗ ਦਾ ਨਾਂ।


ਮੱਥੇ ਉਤੇ ਟਿੱਕਾ ਪਰ ਮੂੰਹ ਉਤੇ ਨੱਕ ਹੈ ਨ੍ਹੀਂ, ਸਾਧਾਂ ਨੂੰ ਖੁਮਾਰੀ ਏ ਇਸ਼ਕ ਦੀ।
ਭਗਵੇਂ ਦੇ ਹੇਠਾਂ ਹੁੰਦੇ ਕਾਰੇ ਪੁੱਠੇ ਵੇਖ ਵੇਖ, ਜ਼ਮੀਂ ਪੈਰਾਂ ਹੇਠੋਂ ਜਾਂਦੀ ਏ ਖਿਸਕਦੀ।
ਬਾਪ ਤੋਂ ਵੀ ਵੱਡਾ ਪੱਤ ਲੁੱਟੀ ਜਾਵੇ ਅਬਲਾ ਦੀ, ਤਾਂ ਹੀ ਹੁਣ ਸ਼ਰਧਾ ਵਿਲਕਦੀ।
ਕੰਮ ਕਿੰਦਾ ਲੋਟਾ। ਪੱਕੀ ਹਾਕਮਾਂ ਦੀ ਵੋਟ।
ਦੱਸੋ ਹੋਰ ਅੱਗੇ ਕੀ ਕਹਾਂ...। ਜਿੰਦੜੀਏ ਇਹ ਕਲਯੁਗ ਦਾ ਨਾਂ।

ਪਾ ਕੇ ਜੀਨਾਂ ਪਾਟੀਆਂ ਗਵੱਈਏ ਗਾਣੇ ਗਾਉਂਦੇ ਵੇਖੇ, ਵਿੰਗੇ ਟੇਡੇ ਬੋਦੇ ਰਖਵਾ ਲਏ।
ਪਿੰਡ ਦੇ ਹੀ ਪਿੰਡ 'ਚ ਵਿਆਹ ਹੋਈ ਜਾਣ ਲੱਗੇ, ਗੀਤਾਂ ਨੇ ਇਹ ਰਿਸ਼ਤੇ ਵੀ ਖਾ ਲਏ।
ਕੰਮ ਕਾਰ ਹੈਨੀ ਕੋਈ ਐਸ਼ ਪੁੱਤ ਕਰੀ ਜਾਵੇ, ਕਰਜ਼ਿਆਂ 'ਚ ਟੱਬਰ ਫਸਾ ਲਏ।
ਨਸ਼ਿਆਂ ਦੀ ਮਾਰ ਪਵੇ। ਗੈਂਗਾਂ ਦੀ ਗੁਹਾਰ ਪਵੇ।
ਬਚੀ ਕਿਹੜੀ ਏ ਪੰਜਾਬ ਵਿਚ ਥਾਂ...? ਜਿੰਦੜੀਏ ਇਹ ਕਲਯੁਗ ਦਾ ਨਾਂ।

ਜਿੰਦਾਂ ਦੇ ਹਾਲਾਤ ਬਣੀ ਜਾਂਦੇ ਸਾਰੀ ਦੁਨੀਆਂ ਤੇ, ਲੱਗੇ ਸਭ ਕੁਝ ਜਾਊਗਾ ਗਰਕ ਨੀਂ।
ਆਪਣੀ ਪੁਗਾਉਣੀ ਗੱਲ ਕਿਸੇ ਦੀ ਵੀ ਸੁਣਨੀ ਨ੍ਹੀਂ, ਕੀਹਦੇ ਉਤੇ ਕਰੀਏ ਹਰਖ ਨੀਂ।
ਆਪ ਕਿਹੜਾ ਸੁੱਚਾ 'ਭੌਰਾ' ਲੁੱਚਿਆ ਦਾ 'ਲੁੱਚਾ' ਭੌਰਾ, ਪੈਂਦਾ ਕੀ 'ਅਸ਼ੋਕ' ਨੂੰ ਫਰਕ ਨੀਂ।
ਰੋਜ਼ ਪੁੱਤ ਘੂਰਦੇ ਨੇ। ਬੇਬੇ ਬਾਪੂ ਝੂਰਦੇ ਨੇ।
ਰੁੜ੍ਹ ਚੱਲੇ ਸ਼ਹਿਰ ਤੇ ਗਰਾਂ...। ਨੀ ਜਿੰਦੜੀਏ ਇਹ ਕਲਯੁਗ ਦਾ ਨਾਂ।

# ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗਿ

ਭਗਤ ਕਬੀਰ ਜੀ ਦਾ ਇਹ ਸ਼ਬਦ 'ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗਿ' ਗੁਰੂ ਗ੍ਰੰਥ ਸਾਹਿਬ ਦੇ ਪੰਨਾ 475-476 'ਤੇ ਦਰਜ ਹੈ ਜਿਸ ਵਿਚ ਉਨ੍ਹਾਂ ਨੇ ਉਪਰੋਂ ਧਾਰਮਿਕ ਹੋਣ ਦਾ ਪਖੰਡ ਕਰਨ ਵਾਲੇ ਪਰ ਅੰਦਰੋਂ ਦੰਭੀ ਤੇ ਪਖੰਡੀ ਮਨੁੱਖਾਂ ਦੀ ਅਸਲੀਅਤ ਨੂੰ ਬਿਆਨ ਕੀਤਾ ਹੈ। ਭਗਤ ਕਬੀਰ ਅਨੁਸਾਰ ਜਿਹੜੇ ਮਨੁੱਖ ਧਾਰਮਿਕ ਦਿਸਣ ਲਈ ਸਾਢੇ ਤਿੰਨ ਤਿੰਨ ਗਜ ਦੀਆਂ ਧੋਤੀਆਂ ਪਹਿਨਦੇ ਤੇ ਤਿਹਰੀਆਂ ਤਿਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ (ਹਿੰਦੂ ਪਰੰਪਰਾ ਅਨੁਸਾਰ), ਗਲ 'ਚ ਮਾਲਾ ਪਾਉਂਦੇ ਹਨ ਅਤੇ ਹੱਥ ਵਿਚ ਮਾਂਜ-ਸਵਾਰ ਕੇ ਲਿਸ਼ਕਾਏ ਲੋਟੇ ਫੜੇ ਹੋਏ ਹਨ-ਅਜਿਹੇ ਮਨੁੱਖਾਂ ਦਾ ਮਹਿਜ ਬਾਹਰੀ ਲਿਬਾਸ ਦੇਖ ਕੇ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਪਰਮਾਤਮਾ ਦੇ ਭਗਤ ਹਨ। ਅਸਲ ਵਿਚ ਉਹ ਬਨਾਰਸੀ ਠੱਗ ਹਨ ਜੋ ਧਰਮ ਦੀ ਆੜ ਵਿਚ ਲੋਕਾਂ ਨਾਲ ਠੱਗੀਆਂ ਮਾਰਦੇ ਹਨ।



ਡਾ. ਗੁਰਨਾਮ ਕੌਰ ਪਟਿਆਲਾ

ਭਗਤ ਜੀ ਅੱਗੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਜਿਹੇ ਸੰਤ ਚੰਗੇ ਨਹੀਂ ਲੱਗਦੇ ਜੋ ਮੂਲ ਨੂੰ ਟਹਿਣੀਆਂ ਸਮੇਤ ਖਾ ਜਾਣ ਅਰਥਾਤ ਜਿਹੜੇ ਮਾਇਆ ਦੇ ਲਾਲਚ ਕਾਰਨ ਮਨੁੱਖਾਂ ਨੂੰ ਜਾਨੋਂ ਮਾਰਨ ਤੋਂ ਵੀ ਗੁਰੇਜ ਨਹੀਂ ਕਰਦੇ। ਭਗਤ ਜੀ 'ਸੰਤ' ਕਹਾਉਣ ਵਾਲੇ ਲੋਕਾਂ ਦੇ ਪਖੰਡ ਦਾ ਪਰਦਾ ਫਾਸ਼ ਕਰਦੇ ਹਨ ਕਿ ਅਜਿਹੇ ਲੋਕ ਧਰਤੀ ਨੂੰ ਪੁੱਟ ਕੇ ਚੁੱਲ੍ਹੇ ਬਣਾਉਂਦੇ ਹਨ, ਭਾਂਡੇ ਮਾਂਜ ਕੇ, ਸੁੱਚੇ ਕਰਕੇ ਚੁੱਲ੍ਹੇ ਉਤੇ ਰੱਖਦੇ ਹਨ, ਹੋਰ ਤਾਂ ਹੋਰ ਏਨੀ ਸੁੱਚ ਵਿਖਾਉਂਦੇ ਹਨ ਕਿ ਚੁੱਲ੍ਹੇ ਵਿਚ ਲੱਕੜਾਂ ਵੀ ਧੋ ਕੇ ਬਾਲਦੇ ਹਨ, ਪਰ ਅੰਦਰੋਂ ਇਹ ਪੂਰੇ-ਸੂਰੇ ਮਨੁੱਖ ਨੂੰ ਖਾ ਜਾਣ ਵਾਲੇ ਹੁੰਦੇ ਹਨ। ਅਜਿਹੇ ਮੰਦੇ ਕਰਮ ਕਰਨ ਵਾਲੇ ਮਨੁੱਖ ਸਦਾ ਹੀ ਵਿਕਾਰਾਂ ਵਿਚ ਲਿਬੜੇ ਰਹਿੰਦੇ ਹਨ ਪਰ ਉਪਰੋਂ ਮੂੰਹੋਂ ਅਖਵਾਉਂਦੇ ਹਨ ਕਿ ਅਸੀਂ ਮਾਇਆ ਤੋਂ ਨਿਰਲੇਪ ਹਾਂ, ਮਾਇਆ ਨੂੰ ਹੱਥ ਤੱਕ ਨਹੀਂ ਲਾਉਂਦੇ। ਇਹ ਸਦਾ ਅਹੰਕਾਰ ਵਿਚ ਮਸਤ ਰਹਿੰਦੇ ਹਨ। ਇਹ ਆਪ ਤਾਂ ਵਿਕਾਰਾਂ ਵਿਚ ਡੁੱਬਦੇ ਹੀ ਹਨ, ਨਾਲ ਹੀ ਆਪਣੇ ਸਾਥੀਆਂ ਨੂੰ ਵੀ ਡੋਬਦੇ ਹਨ:

ਗਜ ਸਾਢੇ ਤੈ ਤੈ ਧੋਤੀਆ
ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ
ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ॥੧॥

ਭਗਤ ਕਬੀਰ ਬਨਾਰਸ ਦੇ ਜੰਮਪਲ ਹੋਣ ਕਰਕੇ ਬਨਾਰਸ ਵਿਚ ਜਾਂ ਇਸ ਦੇ ਆਸ-ਪਾਸ ਵਿਚਰਦੇ ਰਹੇ। ਬਨਾਰਸ ਹਿੰਦੂਆਂ ਦਾ ਵੱਡਾ ਧਾਰਮਿਕ ਸਥਾਨ ਹੈ ਜਿੱਥੇ ਧਾਰਮਿਕ ਕਹਾਉਣ ਵਾਲੇ ਲੋਕ ਬਹੁ-ਗਿਣਤੀ ਵਿਚ ਵਿਚਰਦੇ ਜਾਂ ਰਹਿੰਦੇ ਸਨ। ਉਸ ਵੇਲੇ ਵੀ ਧਰਮ ਦੇ ਨਾਂ 'ਤੇ ਅਨੇਕਾਂ ਠੱਗੀਆਂ ਮਾਰੀਆਂ ਜਾਂਦੀਆਂ ਸਨ, ਖਾਸ ਕਰਕੇ ਬਨਾਰਸ ਸ਼ਹਿਰ ਧਰਮ ਦੀ ਆੜ ਹੇਠ ਠੱਗੀ ਮਾਰੇ ਜਾਣ ਲਈ ਬਹੁਤ ਮਸ਼ਹੂਰ ਸੀ। ਇਸੇ ਲਈ ਧਰਮ ਦੇ ਨਾਂ 'ਤੇ ਠੱਗੀ ਮਾਰਨ ਵਾਲਿਆਂ ਲਈ ਆਮ ਮੁਹਾਵਰਾ 'ਬਨਾਰਸ ਦੇ ਠੱਗ' ਪ੍ਰਚਲਿਤ ਹੋ ਗਿਆ।

ਅੱਜ ਵੀ ਅਜਿਹਾ ਬਹੁਤ ਕੁਝ ਧਰਮ ਦੀ ਆੜ ਹੇਠ ਹੋ ਰਿਹਾ ਹੈ, ਜਿਸ ਦੀ ਗਵਾਹੀ ਹੁਣੇ ਵਾਪਰੀ ਘਟਨਾ ਡੇਰਾ ਸੱਚਾ ਸੌਦਾ ਤੋਂ ਮਿਲਦੀ ਹੈ। ਜੋ ਕੁਝ ਮੀਡੀਏ ਰਾਹੀਂ ਸਾਹਮਣੇ ਆਇਆ ਹੈ, ਇਹ ਰਿੱਝ-ਪੱਕ ਤਾਂ ਬਹੁਤ ਦੇਰ ਤੋਂ ਰਿਹਾ ਸੀ ਪਰ ਕਿਸੇ ਸਰਕਾਰ ਜਾਂ ਮੀਡੀਏ ਦੇ ਕੰਨਾਂ 'ਤੇ ਜੂੰ ਨਹੀਂ ਸੀ ਸਰਕਦੀ। ਪੱਤਰਕਾਰ ਛਤਰਪਤੀ ਨੇ ਇਸ ਸਾਧ ਦਾ ਮੁੱਦਾ ਉਠਾਇਆ ਤਾਂ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਸਾਰਾ ਵਰਤਾਰਾ ਸਪੱਸ਼ਟ ਰੂਪ ਵਿਚ ਉਜਾਗਰ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਭਾਵ 'ਸੌਦਾ ਸਾਧ' ਨੂੰ ਦੋ ਵੱਖ ਵੱਖ ਕੇਸਾਂ ਵਿਚ 20 ਸਾਲ ਦੀ ਬਾ-ਮੁਸ਼ੱਕਤ ਕੈਦ ਅਤੇ 30 ਲੱਖ ਰੁਪਏ ਦੇ ਜ਼ੁਰਮਾਨੇ ਕਾਰਨ ਹੋਇਆ ਹੈ।

ਮੀਡੀਏ ਰਾਹੀਂ ਅਨੇਕ ਕਿਸਮ ਦੇ ਖੁਲਾਸੇ ਹੋ ਚੁਕੇ ਹਨ ਅਤੇ ਹੋ ਰਹੇ ਹਨ। ਇਨ੍ਹਾਂ ਸਭ ਖੁਲਾਸਿਆਂ ਤੋਂ ਬਹੁਤ ਸਾਰੇ ਸਵਾਲ ਸਾਹਮਣੇ ਆ ਰਹੇ ਹਨ, ਜਿਨ੍ਹਾਂ ਬਾਰੇ ਚਿੰਤਨ ਅਤੇ ਚਿੰਤਾ-ਦੋਵੇਂ ਕਰਨ ਦੀ ਲੋੜ ਹੈ। ਇਨ੍ਹਾਂ ਦਾ ਹੱਲ ਲੱਭਣ ਦੀ ਸੂਝਵਾਨ ਲੋਕਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਡੇਰਾਵਾਦੀ ਵਰਤਾਰਾ ਅੰਦਰੋ-ਅੰਦਰ ਅਧਿਆਤਮਕਤਾ ਦੇ ਨਾਂ ਹੇਠ ਸਮਾਜ ਦੀ ਲੁੱਟ-ਖਸੁੱਟ ਅਤੇ ਗੰਭੀਰ ਨੁਕਸਾਨ ਕਰ ਰਿਹਾ ਹੈ, ਖਾਸ ਕਰਕੇ ਪਿਛਲੇ 30-40 ਸਾਲਾਂ ਵਿਚ ਸਭ ਤੋਂ ਵੱਧ ਨੁਕਸਾਨ ਪੰਜਾਬ ਅਤੇ ਪੰਜਾਬੀ ਸਮਾਜ ਦਾ ਇਸ ਡੇਰਾਵਾਦ ਕਾਰਨ ਹੋਇਆ ਹੈ। ਡੇਰੇ ਭਾਵੇਂ ਕਿਸੇ ਵੀ ਧਰਮ ਨਾਲ ਜੁੜੇ ਹੋਏ ਹੋਣ, ਉਹ ਸਮਾਜ ਦੀ ਭਲਾਈ ਨਾਲੋਂ ਉਸ ਦਾ ਨੁਕਸਾਨ ਜ਼ਿਆਦਾ ਕਰ ਰਹੇ ਹਨ ਕਿਉਂਕਿ ਉਹ ਭੋਲੇ ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਖਾਸ ਕਿਸਮ ਦੀ ਅਧਿਆਤਮਕ ਪੁੱਠ ਵਾਲੀ ਗੁਲਾਮੀ ਵਿਚ ਜਕੜ ਕੇ ਉਨ੍ਹਾਂ ਦੀ ਸਰੀਰਕ, ਸਮਾਜਿਕ ਅਤੇ ਆਰਥਿਕ ਲੁੱਟ-ਖਸੁੱਟ ਕਰਦੇ ਹਨ। ਅਧਿਆਤਮਕਤਾ ਦੇ ਨਾਂ ਹੇਠ ਬਹੁਤ ਹੀ ਸ਼ਾਤਰ ਢੰਗ ਨਾਲ ਗੈਰ ਕਾਨੂੰਨੀ ਅਤੇ ਗੈਰ-ਸਮਾਜਿਕ ਕੰਮ ਕਰਦੇ ਹਨ। ਕਿਸੇ ਵੀ ਮਰਜ ਦੇ ਇਲਾਜ ਤੋਂ ਪਹਿਲਾਂ, ਮਰਜ ਭਾਵੇਂ ਮਾਨਸਿਕ ਹੋਵੇ, ਸਰੀਰਕ ਜਾਂ ਸਮਾਜਿਕ, ਉਸ ਦੇ ਕਾਰਨਾਂ ਨੂੰ ਲੱਭਣਾ ਬਹੁਤ ਜ਼ਰੂਰੀ ਹੁੰਦਾ ਹੈ।

ਡੇਰਿਆਂ ਦਾ ਰੋਗ ਵੱਡੇ ਪੱਧਰ 'ਤੇ ਫੈਲਿਆ ਹੋਇਆ ਹੈ। ਬਹੁਤੇ ਡੇਰੇਦਾਰ ਆਚਾਰ-ਭ੍ਰਿਸ਼ਟ ਹਨ ਜਿਸ ਦੀ ਉਦਾਹਰਣ ਇੱਕੀਵੀਂ ਸਦੀ ਦੇ ਦੋ ਦਹਾਕਿਆਂ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਇਸ ਵੇਲੇ ਆਸਾ ਰਾਮ, ਪਰਮਾਨੰਦ, ਭੀਮਾਨੰਦ, ਨਿਤਿਆਨੰਦ ਤੇ ਹੁਣ ਗੁਰਮੀਤ ਰਾਮ ਰਹੀਮ ਦਾ ਬਲਾਤਕਾਰ ਦੇ ਕੇਸਾਂ ਵਿਚ ਸਜ਼ਾ-ਯਾਫਤਾ ਹੋ ਕੇ ਜੇਲ੍ਹ ਜਾਣਾ ਹੈ। ਜਿਵੇਂ ਇਹ ਡੇਰੇਦਾਰ ਆਚਾਰ-ਭ੍ਰਿਸ਼ਟ ਹਨ, ਇਸੇ ਤਰ੍ਹਾਂ ਬਹੁਤ ਸਾਰੇ ਸਾਧ ਅਤੇ ਡੇਰੇਦਾਰ ਅਜਿਹੇ ਹਨ ਜੋ ਧਾਰਮਿਕ ਅਤੇ ਸਮਾਜਿਕ ਨਫਰਤ ਫੈਲਾ ਰਹੇ ਹਨ। ਅਫਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਵਿਚੋਂ ਕੁਝ ਮੁੱਖ ਮੰਤਰੀ ਜਾਂ ਸੰਸਦ ਦੇ ਮੈਂਬਰਾਂ ਦੇ ਅਹੁਦੇ ਤੱਕ ਪਹੁੰਚੇ ਹੋਏ ਹਨ। ਮਾਇਆ ਦੇ ਲਾਲਚ ਵਿਚ ਕਈ ਡੇਰੇਦਾਰਾਂ ਨੇ ਦਵਾਈਆਂ ਅਤੇ ਹੋਰ ਕਈ ਕਿਸਮ ਦੇ ਵਪਾਰ ਸ਼ੁਰੂ ਕੀਤੇ ਹੋਏ ਹਨ ਜਿਸ ਦੀ ਸਭ ਤੋਂ ਵੱਡੀ ਉਦਾਹਰਣ 'ਸੌਦਾ ਸਾਧ' ਹੈ। ਖਬਰਾਂ ਤੋਂ ਪਤਾ ਲੱਗਦਾ ਹੈ ਕਿ ਉਹ ਡੇਰੇ ਦੀ ਆੜ ਵਿਚ ਚੱਲਦੇ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਤੋਂ ਕਿਸ ਕਿਸਮ ਦੇ ਕੰਮ ਲੈਂਦਾ ਰਿਹਾ ਹੈ।

ਇਥੇ ਮੈਨੂੰ ਔਰਤਾਂ ਦੇ ਹੱਕਾਂ ਦੀ ਝੰਡਾ-ਬਰਦਾਰ ਅਤੇ 'ਮਾਈ ਫਿਊਡਲ ਲਾਰਡ' ਦੀ ਪਾਕਿਸਤਾਨੀ ਲੇਖਿਕਾ ਤਹਿਮੀਨਾ ਦੁਰਾਨੀ ਦਾ 'ਕੁਫਰ' ਨਾਂ ਦਾ ਨਾਵਲ ਯਾਦ ਆ ਗਿਆ ਹੈ ਜਿਸ ਵਿਚ ਉਸ ਨੇ ਇਸ ਤੱਥ ਦਾ ਖੁਲਾਸਾ ਕੀਤਾ ਹੈ (ਉਸ ਅਨੁਸਾਰ ਇਹ ਨਾਵਲ ਸੱਚੀ ਘਟਨਾ 'ਤੇ ਆਧਾਰਤ ਹੈ) ਕਿ ਇੱਕ 'ਪੀਰ' ਕਹਾਉਣ ਵਾਲਾ ਬੰਦਾ ਕਿਸ ਤਰ੍ਹਾਂ ਦਾ ਵਿਭਚਾਰੀ ਹੈ ਜੋ ਆਪਣੇ 'ਪੀਰ' ਹੋਣ ਨੂੰ ਔਰਤਾਂ ਦੀ ਇੱਜਤ ਲੁੱਟਣ ਲਈ ਵਰਤਦਾ ਹੈ ਜਿਸ ਤੋਂ ਉਸ ਦੀਆਂ ਆਪਣੀਆਂ ਧੀਆਂ ਦਾ ਵੀ ਬਚ ਸਕਣਾ ਮੁਸ਼ਕਿਲ ਹੋ ਜਾਂਦਾ ਹੈ। ਇਹ ਭੈ ਉਸ ਦੀ ਬੀਵੀ ਨੂੰ ਅਜਿਹੇ ਧਰਮ ਸੰਕਟ ਵਿਚ ਪਾ ਦਿੰਦਾ ਹੈ ਅਤੇ ਉਸ ਦੇ ਕੁਕਰਮਾਂ ਵਿਚ ਉਸ ਨੂੰ ਸ਼ਮੂਲੀਅਤ ਕਰਨੀ ਪੈਂਦੀ ਹੈ।

ਆਖਰਕਾਰ ਹਿੰਦੁਸਤਾਨ ਵਿਚ ਆਜ਼ਾਦੀ ਤੋਂ ਬਾਅਦ ਖੁੰਭਾਂ ਵਾਂਗ ਡੇਰਿਆਂ ਦੇ ਪੈਦਾ ਹੋਣ ਅਤੇ ਰਾਤੋ-ਰਾਤ ਕਰੋੜਾਂ ਦੀ ਜਾਇਦਾਦਾਂ ਦੇ ਮਾਲਕ ਬਣ ਜਾਣ ਪਿੱਛੇ ਕਿਹੜੇ ਕਾਰਨ ਹਨ? ਕੀ ਕਾਰਨ ਹੈ ਕਿ ਆਜ਼ਾਦੀ ਤੋਂ ਬਾਅਦ ਵਿੱਦਿਆ ਦੇ ਪਾਸਾਰ ਦੇ ਬਾਵਜੂਦ ਡੇਰੇਦਾਰੀ ਦਾ ਰੋਗ ਦਿਨੋ-ਦਿਨ ਏਨਾ ਫੈਲ ਰਿਹਾ ਹੈ? ਮੰਨਿਆ ਤਾਂ ਇਹ ਵੀ ਜਾਂਦਾ ਹੈ ਕਿ ਡੇਰੇਦਾਰੀ ਦਾ ਬੀਜ, ਖਾਸ ਤੌਰ 'ਤੇ ਸਿੱਖ ਧਰਮ ਦੀ ਆੜ ਵਿਚ ਜਾਂ ਸਿੱਖ ਧਰਮ ਨਾਲ ਜੁੜੇ ਸੰਤਾਂ ਦੇ ਡੇਰਿਆਂ ਦਾ ਬੀਜ ਅੰਗਰੇਜ਼ਾਂ ਨੇ ਹੀ ਬੀਜਿਆ ਸੀ ਕਿਉਂਕਿ ਪੁਰਾਣੇ ਸੰਤ ਜ਼ਿਆਦਾਤਰ ਅੰਗਰੇਜ਼ਾਂ ਦੀ ਭਾਰਤੀ ਫੌਜ ਵਿਚੋਂ ਰਿਟਾਇਰਡ ਫੌਜੀ ਸਨ। ਸ਼ਾਇਦ ਇਸ ਦਾ ਕਾਰਨ ਲੋਕਾਂ ਨੂੰ ਸਿੱਖੀ ਦੀ ਮੁੱਖ ਧਾਰਾ ਤੋਂ ਪਾਸੇ ਲੈ ਜਾਣਾ ਹੋਵੇ।

ਲੋਕਰਾਜ ਵਿਚ ਰਾਜਨੀਤਕ ਸ਼ਕਤੀ ਦੇ ਹਿੱਸੇਦਾਰ ਬਣਨ ਲਈ ਚੋਣਾਂ ਲੜਨੀਆਂ ਪੈਂਦੀਆਂ ਹਨ ਅਤੇ ਇਸ ਵਿਚ ਕਾਮਯਾਬ ਹੋਣ ਲਈ ਵੱਧ ਤੋਂ ਵੱਧ ਵੋਟਾਂ ਲੈਣੀਆਂ ਪੈਂਦੀਆਂ ਹਨ। ਡੇਰਿਆਂ 'ਤੇ ਜਾਣ ਵਾਲੇ ਲੋਕ ਡੇਰੇਦਾਰਾਂ ਨੂੰ ਆਪਣਾ 'ਰੱਬ' ਮੰਨਦੇ ਹਨ ਅਤੇ ਇਸ ਲਈ 'ਰੱਬ' ਦੇ ਹੁਕਮ ਅਨੁਸਾਰ ਵੋਟਾਂ ਪਾਉਂਦੇ ਹਨ। ਇਹੀ ਕਾਰਨ ਹੈ ਕਿ ਸਿਆਸੀ ਪਾਰਟੀਆਂ ਸੱਤਾ ਹਾਸਲ ਕਰਨ ਤੇ ਸੱਤਾ ਵਿਚ ਬਣੇ ਰਹਿਣ ਲਈ ਡੇਰੇਦਾਰਾਂ ਦੀ ਚਾਪਲੂਸੀ ਵੀ ਕਰਦੀਆਂ ਹਨ ਅਤੇ ਡੇਰਿਆਂ ਦੀ ਹਰ ਤਰ੍ਹਾਂ ਨਾਲ ਜਾਇਜ਼-ਨਾਜਾਇਜ਼ ਮਦਦ ਵੀ ਕਰਦੀਆਂ ਹਨ। ਸਿਰਸਾ ਵਾਲੇ ਡੇਰੇ ਨੂੰ ਕੇਂਦਰ, ਹਰਿਆਣਾ ਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਨੇ ਹਰ ਤਰ੍ਹਾਂ ਨਾਲ ਜਾਇਜ਼-ਨਾਜਾਇਜ਼ ਮਦਦ ਦਿੱਤੀ। ਪਿਛਲੇ ਵਰ੍ਹਿਆਂ ਵਿਚ ਇਸ ਸਿਆਸੀ ਮਦਦ ਕਾਰਨ ਕੀ ਕੁਝ ਵਾਪਰਦਾ ਰਿਹਾ ਹੈ, ਸਭ ਦੇ ਸਾਹਮਣੇ ਹੈ। ਸਿਆਸੀ ਪਾਰਟੀਆਂ ਅਤੇ ਲੀਡਰਾਂ ਤੋਂ ਬਿਨਾ ਡੇਰਿਆਂ ਨੂੰ ਉਚਾ ਚੁੱਕਣ ਵਾਲੀ ਇੱਕ ਹੋਰ ਜਮਾਤ ਹੈ, ਉਹ ਹੈ ਅਮੀਰ ਵਪਾਰੀਆਂ, ਕਾਰਖਾਨੇਦਾਰਾਂ ਅਤੇ ਪੈਸੇ ਵਾਲੇ ਲੋਕਾਂ ਦੀ। ਇਹ ਜਮਾਤ ਆਪਣੀ ਚੌਧਰ ਚਮਕਾਉਣ ਲਈ ਅਤੇ ਕਾਨੂੰਨੀ ਤੇ ਗੈਰਕਾਨੂੰਨੀ ਧੰਦੇ ਕਰਨ ਲਈ ਵੀ ਇਨ੍ਹਾਂ ਡੇਰਿਆਂ ਨੂੰ ਆਸਰਾ ਦਿੰਦੀ ਹੈ।

ਹੈਰਾਨੀ ਹੈ ਕਿ ਭਾਰਤ ਵੱਡੇ ਵੱਡੇ ਪ੍ਰਮੁੱਖ ਧਰਮਾਂ ਦਾ ਘਰ ਹੁੰਦਿਆਂ ਵੀ ਇੱਥੇ ਆਮ ਲੋਕਾਈ ਡੇਰਿਆਂ ਵੱਲ ਏਨਾ ਕਿਉਂ ਖਿੱਚੀ ਚਲੀ ਜਾਂਦੀ ਹੈ? ਇਸ ਦਾ ਕੋਈ ਇੱਕ ਇੱਕਲਾ ਕਾਰਨ ਨਹੀਂ ਹੈ। ਇਹ ਕਾਰਨ ਬਹੁ-ਪਰਤੀ ਹਨ ਜਿਨ੍ਹਾਂ ਨੂੰ ਪਹਿਚਾਨਣ ਦੀ ਕੋਸਿਸ਼ ਕਰਨੀ ਚਾਹੀਦੀ ਹੈ। ਆਪਣੇ ਆਸ-ਪਾਸ ਝਾਤੀ ਮਾਰਿਆਂ ਜੋ ਸਭ ਤੋਂ ਵੱਡਾ ਕਾਰਨ ਨਜ਼ਰ ਆਉਂਦਾ ਹੈ, ਉਹ ਹੈ ਆਮ ਲੋਕਾਂ ਦਾ ਥੁੜ੍ਹਾਂ ਮਾਰਿਆ ਜੀਵਨ। ਇਸ ਵਿਚ ਹਰ ਕਿਸਮ ਦਾ ਗਰੀਬੀ ਵਿਚ ਰਹਿ ਰਿਹਾ ਤਬਕਾ ਸ਼ਾਮਲ ਹੈ, ਭਾਵੇਂ ਉਹ ਕਿਸੇ ਵੀ ਜਾਤ, ਧਰਮ ਜਾਂ ਖਿੱਤੇ ਨਾਲ ਸਬੰਧਤ ਹੈ। ਭਾਰਤ ਦੀ ਅੱਧੀ ਤੋਂ ਵੀ ਵੱਧ ਵੱਸੋਂ ਅਜਿਹੀ ਹੈ ਜਿਸ ਕੋਲ ਦੋ ਵਕਤ ਦੀ ਰੋਟੀ ਕਮਾਉਣ ਦਾ ਕੋਈ ਠੋਸ ਪ੍ਰਬੰਧ ਨਹੀਂ ਹੈ। ਆਜ਼ਾਦੀ ਤੋਂ ਬਾਅਦ ਅਮੀਰ ਹੋਰ ਅਮੀਰ ਹੋਈ ਜਾਂਦਾ ਹੈ ਅਤੇ ਗਰੀਬ ਹੋਰ ਗਰੀਬ। ਦਿਨੋ-ਦਿਨ ਮਹਿੰਗਾਈ ਛਾਲਾਂ ਮਾਰਦੀ ਵਧੀ ਜਾਂਦੀ ਹੈ ਜਦਕਿ ਕਮਾਈ ਦੇ ਸਾਧਨ, ਸਣੇ ਵਾਹੀਯੋਗ ਜਮੀਨਾਂ ਦੇ, ਸੁੰਗੜਦੇ ਜਾਂਦੇ ਹਨ। ਸਿਹਤ ਸਹੂਲਤਾਂ ਅਤੇ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਘੱਟ ਪੜ੍ਹਿਆਂ ਜਾਂ ਅਨਪੜ੍ਹਾਂ ਦੀ ਤਾਂ ਰੁਜ਼ਗਾਰ ਤੱਕ ਪਹੁੰਚ ਕੀ ਹੋਣੀ ਹੈ, ਡਿਗਰੀਆਂ ਵਾਲੇ ਵੀ ਬੇਰੁਜ਼ਗਾਰ ਤੁਰੇ ਫਿਰਦੇ ਹਨ।

ਆਜ਼ਾਦੀ ਤੋਂ ਪਹਿਲਾਂ ਸਾਡੇ ਬਜ਼ੁਰਗਾਂ ਨੇ ਜੋ ਸੁਪਨੇ ਦੇਖੇ ਸਨ, ਉਹ ਸਭ ਆਜ਼ਾਦ ਭਾਰਤ ਦੇ ਲਾਲਚੀ ਲੀਡਰਾਂ ਦੀ ਬਿਰਤੀ ਨੇ ਚਕਨਾਚੂਰ ਕਰ ਦਿੱਤੇ ਹਨ। ਇਸ ਤਰ੍ਹਾਂ ਜ਼ਿਆਦਾਤਰ ਲੋਕ ਕੋਈ ਚਮਤਕਾਰ ਵਾਪਰਨ ਦੀ ਆਸ ਵਿਚ ਇਨ੍ਹਾਂ ਪਖੰਡੀ ਡੇਰੇਦਾਰਾਂ ਦੇ ਮਗਰ ਲੱਗ ਜਾਂਦੇ ਹਨ। ਦੂਜਾ ਵੱਡਾ ਕਾਰਨ ਸਾਡੇ ਪ੍ਰਮੁੱਖ ਧਰਮਾਂ, ਭਾਵੇਂ ਉਹ ਹਿੰਦੂ ਧਰਮ ਹੈ ਜਾਂ ਸਿੱਖ ਧਰਮ, ਦੇ ਆਪੂੰ ਬਣੇ ਠੇਕੇਦਾਰ ਅਰਥਾਤ ਪ੍ਰਬੰਧਕੀ ਪ੍ਰਚਲਨ 'ਤੇ ਕਾਬਜ ਲੋਕ ਹਨ ਜੋ ਆਪਣੇ ਅਸਰ-ਰਸੂਖ ਅਤੇ ਪੈਸੇ ਦੇ ਆਸਰੇ ਰਾਜਨੀਤੀ ਦੇ ਨਾਲ ਨਾਲ ਧਰਮ 'ਤੇ ਵੀ ਕਾਬਜ ਹੋਣ ਵਿਚ ਕਾਮਯਾਬ ਹੋ ਗਏ ਹਨ। ਹਿੰਦੂ ਧਰਮ ਤਾਂ ਮੁੱਢ ਕਦੀਮ ਤੋਂ ਹੀ ਆਪਣੇ ਜਾਤ-ਪਾਤੀ ਪ੍ਰਬੰਧ 'ਤੇ ਆਧਾਰਤ ਵੰਡੀਆਂ ਪਾ ਕੇ ਚੱਲਣ ਵਾਲਾ ਧਰਮ ਹੈ। ਜਾਤ-ਵੰਡ ਦੇ ਨਿਚਲੇ ਤਬਕੇ ਨਾਲ ਸਬੰਧਤ ਭਾਈਚਾਰਾ, ਜਿਨ੍ਹਾਂ ਨੂੰ ਦਲਿਤ ਵਰਗ ਵੀ ਕਿਹਾ ਜਾਂਦਾ ਹੈ, ਨੂੰ ਧਾਰਮਿਕ ਕੰਮਾਂ ਵਿਚ ਬਰਾਬਰ ਤੇ ਹਿੱਸਾ ਲੈਣ ਦੀ ਆਗਿਆ ਤਾਂ ਬਹੁਤ ਦੂਰ ਦੀ ਗੱਲ ਹੈ, ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਵੀ ਕੀਤਾ ਜਾਂਦਾ ਹੈ। ਮਨੁੱਖ ਹੋਣ ਦੇ ਨਾਤੇ ਜੋ ਸਤਿਕਾਰ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ, ਉਹ ਆਜ਼ਾਦੀ ਦੇ 70 ਸਾਲ ਬੀਤ ਜਾਣ 'ਤੇ ਵੀ ਬਹੁਤਾ ਸੰਭਵ ਨਹੀਂ ਹੋ ਸਕਿਆ। ਇਹੀ ਕਾਰਨ ਹੈ ਕਿ ਹਿੰਦੂ ਦਲਿਤ ਭਾਈਚਾਰਾ ਜਾਂ ਤਾਂ ਈਸਾਈ ਧਰਮ ਅਪਨਾ ਰਿਹਾ ਹੈ ਜਾਂ ਫਿਰ ਡੇਰਿਆਂ ਦੇ ਲੜ ਲੱਗ ਰਿਹਾ ਹੈ ਕਿਉਂਕਿ ਡੇਰਿਆਂ ਵਿਚ ਆਮ ਤੌਰ 'ਤੇ ਜਾਤ-ਪਾਤ ਦਾ ਵਿਤਕਰਾ ਨਹੀਂ ਕੀਤਾ ਜਾਂਦਾ।

ਸਿੱਖ ਧਰਮ ਦੇ ਠੇਕੇਦਾਰ ਵੀ ਸ਼ੇਖੀਆਂ ਭਾਵੇਂ ਜਿੰਨੀਆਂ ਮਰਜੀ ਮਾਰਨ ਪਰ ਗੁਰੂ ਸਾਹਿਬਾਨ ਦੀ ਏਨੀ ਘਾਲਣਾ ਦੇ ਬਾਵਜੂਦ ਉਨ੍ਹਾਂ ਦੇ ਦੱਸੇ ਆਦਰਸ਼ਾਂ ਤੋਂ ਬਹੁਤ ਦੂਰ ਚਲੇ ਗਏ ਹਨ। ਗੁਰੂ ਨਾਨਕ ਨੇ ਮਲਿਕ ਭਾਗੋ ਨੂੰ ਛੱਡ ਕੇ ਭਾਈ ਲਾਲੋ ਨੂੰ ਗਲ ਲਾਇਆ ਸੀ ਅਤੇ ਮਰਦਾਨੇ ਨੂੰ ਉਸ ਦੇ ਆਖਰੀ ਸਵਾਸਾਂ ਤੱਕ ਆਪਣਾ ਸਾਥੀ ਬਣਾ ਕੇ ਰੱਖਿਆ। ਗੁਰੂ ਗੋਬਿੰਦ ਸਿੰਘ ਨੇ ਖੰਡੇ ਦੀ ਪਾਹੁਲ ਇੱਕੋ ਬਾਟੇ ਵਿਚੋਂ ਛਕਾ ਕੇ ਹਰ ਤਰ੍ਹਾਂ ਦੇ ਜਾਤ-ਪਾਤ ਦੇ ਵਖਰੇਵੇਂ ਦੂਰ ਕਰ ਕੇ ਸਭ ਨੂੰ ਬਰਾਬਰ ਦਾ ਦਰਜਾ ਦਿੱਤਾ। ਪਹਾੜੀ ਰਾਜਿਆਂ ਦੀ ਗੁਰੂ ਗੋਬਿੰਦ ਸਿੰਘ ਨਾਲ ਕਿਸ ਆਧਾਰ 'ਤੇ ਲੜਾਈ ਸ਼ੁਰੂ ਹੋਈ? ਉਹ ਚਾਹੁੰਦੇ ਸਨ ਕਿ ਗੁਰੂ ਸਾਹਿਬ ਇਨ੍ਹਾਂ ਨੀਵੇਂ ਕਹੇ ਜਾਣ ਵਾਲੇ ਲੋਕਾਂ ਨੂੰ ਉਨ੍ਹਾਂ ਉਚ-ਜਾਤੀ ਹਿੰਦੂਆਂ ਦੇ ਬਰਾਬਰ ਦਾ ਸਤਿਕਾਰ ਨਾ ਦੇਣ, ਉਨ੍ਹਾਂ ਨੂੰ ਬਰਾਬਰ ਬੈਠ ਕੇ ਲੰਗਰ ਛਕਣ ਅਤੇ ਸੇਵਾ ਕਰਨ ਦੀ ਆਗਿਆ ਨਾ ਦੇਣ। ਗੁਰੂ ਸਾਹਿਬ ਨੇ ਉਨ੍ਹਾਂ ਦਾ ਇਹ ਤਰਕ ਮਨਜ਼ੂਰ ਨਹੀਂ ਕੀਤਾ ਜਿਸ ਤੋਂ ਵਿਚਾਰਾਂ ਦਾ ਯੁੱਧ ਸ਼ੁਰੂ ਹੋ ਕੇ ਹਥਿਆਰਾਂ ਦੀ ਲੜਾਈ ਤੱਕ ਪਹੁੰਚ ਗਿਆ।

ਗੁਰੂ ਗੋਬਿੰਦ ਸਿੰਘ ਦੇ ਸਿੱਖ ਕਹਾਉਣ ਵਾਲੇ ਅੱਜ ਧਰਮ ਦੇ ਆਪੇ ਬਣੇ ਠੇਕੇਦਾਰ ਕੀ ਕਰ ਰਹੇ ਹਨ? ਇਨ੍ਹਾਂ ਦੀ ਬਦੌਲਤ ਅੱਜ ਸਿੱਖ ਭਾਈਚਾਰੇ ਦੇ ਲੋਕ ਜੱਟ ਸਿੱਖ, ਮਜ਼ਬੀ ਸਿੱਖ, ਰਵਿਦਾਸੀਏ ਸਿੱਖ, ਰਾਮਗੜ੍ਹੀਏ ਸਿੱਖ, ਆਹਲੂਵਾਲੀਏ ਸਿੱਖ ਅਤੇ ਭਾਪੇ ਸਿੱਖ ਕਰਕੇ ਵੰਡੇ ਹੋਏ ਹਨ ਅਤੇ ਗੁਰਦੁਆਰਾ ਇੱਕ ਹੋਣ ਦੀ ਥਾਂ ਗੁਰਦੁਆਰੇ ਵੱਖ ਵੱਖ ਜਾਤਾਂ ਦੇ ਨਾਮ 'ਤੇ ਬਣੇ ਹੋਏ ਹਨ। ਭਾਵ ਭਾਰਤੀ ਸਮਾਜ ਵਿਚੋਂ ਜਿਸ ਰੋਗ ਦੀ ਜੜ੍ਹ ਵੱਢਣ ਲਈ ਦਸ ਗੁਰੂ ਸਾਹਿਬਾਨ ਨੇ ਵੱਖ ਵੱਖ ਸੰਸਥਾਵਾਂ ਬਣਾ ਕੇ ਸਾਰਾ ਜ਼ੋਰ ਲਾ ਦਿੱਤਾ, ਉਸ ਰੋਗ ਦੀ ਛੂਤ ਫੈਲਾਉਣ ਲਈ ਵਰਤਮਾਨ ਠੇਕੇਦਾਰਾਂ ਨੇ ਸਾਰਾ ਜ਼ੋਰ ਲਾਇਆ ਹੋਇਆ ਹੈ।

ਪੰਜਾਬ ਰਹਿੰਦੇ ਸੌਦਾ ਸਾਧ ਦੇ ਚੇਲੇ ਬਹੁਤਾ ਕਰਕੇ ਗਰੀਬ ਅਤੇ ਦਲਿਤ ਕਹੇ ਜਾਣ ਵਾਲੇ ਭਾਈਚਾਰੇ ਵਿਚੋਂ ਹਨ। ਇਸ ਦੇ ਨਾਲ ਹੀ ਇੱਕ ਹੋਰ ਸਾਈਡ-ਫੈਕਟਰ ਵੀ ਹੈ। ਗੁਰਦੁਆਰੇ ਚੜ੍ਹਾਵਾ, ਅਖੰਡ ਪਾਠ ਕੋਈ ਵੀ ਜਾ ਕੇ ਕਰਾ ਸਕਦਾ ਹੈ ਕਿਉਂਕਿ ਇਸ ਨਾਲ ਤਾਂ ਮਾਇਆ ਆਉਣੀ ਹੈ ਪਰ ਘੋਨ-ਮੋਨ ਸੰਗਤ ਨੂੰ ਪ੍ਰਬੰਧ ਦੇ ਕਿਸੇ ਨੁਕਸ ਲਈ ਵੀ ਬੋਲਣ ਦਾ ਹੱਕ ਨਹੀਂ ਦਿੱਤਾ ਜਾਂਦਾ, ਬਾਕੀ ਗੱਲਾਂ ਤਾਂ ਦੂਰ ਰਹੀਆਂ। ਇਹ ਵੀ ਕਾਰਨ ਹੈ, ਲੋਕਾਂ ਦਾ ਡੇਰਿਆਂ ਵੱਲ ਖਿੱਚੇ ਜਾਣ ਦਾ। ਉਥੇ ਹਰ ਇੱਕ ਦਾ ਸੁਆਗਤ ਹੈ। ਸਿਰਸੇ ਵਾਲੇ ਸਾਧ ਨੇ ਆਪਣੇ 'ਗੁਰਮੀਤ ਸਿੰਘ' ਨਾਂ ਨਾਲ 'ਰਾਮ ਰਹੀਮ' ਕਿਉਂ ਲਾਇਆ? ਤਾਂ ਕਿ ਉਹ ਹਰ ਧਰਮ ਅਤੇ ਵਰਗ ਦੇ ਲੋਕਾਂ ਨੂੰ ਆਪਣੇ ਵੱਲ ਵੱਧ ਤੋਂ ਵੱਧ ਖਿੱਚ ਸਕੇ।

ਇੱਕ ਹੋਰ ਵੱਡਾ ਕਾਰਨ ਹੈ, ਪੰਜਾਬ ਵਿਚ ਅੰਨ੍ਹੇਵਾਹ ਨਸ਼ਿਆਂ ਦਾ ਫੈਲਣਾ। ਨਸ਼ੇ ਦੇ ਸੇਵਨ ਨਾਲ ਪੰਜਾਬ ਦੀ ਜੁਆਨੀ ਅਤੇ ਘਰਾਂ ਦੇ ਘਰ ਤਬਾਹ ਹੋ ਰਹੇ ਹਨ। ਇਨ੍ਹਾਂ ਡੇਰਿਆਂ ਵਿਚ ਨਸ਼ੇ ਛੁਡਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਬਹੁਤੇ ਲੋਕ ਇਥੇ ਜਾ ਕੇ ਨਸ਼ੇ ਛੱਡ ਵੀ ਦਿੰਦੇ ਹਨ। ਨਸ਼ਿਆਂ ਤੋਂ ਪੀੜਤ ਪਰਿਵਾਰਾਂ ਦੀਆਂ ਔਰਤਾਂ ਪਹਿਲਾਂ ਆਪ ਆਸ-ਪਾਸ ਤੋਂ ਸੁਣ ਕੇ ਡੇਰਿਆਂ ਦੀਆਂ ਭਗਤਣੀਆਂ ਬਣਦੀਆਂ ਹਨ ਅਤੇ ਫਿਰ ਆਪਣੇ ਪਰਿਵਾਰ ਦੇ ਹੋਰ ਜੀਆਂ ਨੂੰ, ਖਾਸ ਕਰਕੇ ਬੰਦਿਆਂ ਨੂੰ ਜਾਣ ਲਈ ਪ੍ਰੇਰਦੀਆਂ ਹਨ। ਸਿਰਸਾ ਡੇਰੇ 'ਤੇ ਜਾਣ ਵਾਲੇ ਵੀ ਬਹੁਤੇ ਪਰਿਵਾਰ ਕਿਸੇ ਨਾ ਕਿਸੇ ਸਮੇਂ ਨਸ਼ੇ ਤੋਂ ਪੀੜਤ ਰਹੇ ਹਨ। ਇਹ ਵੀ ਸਾਡੇ ਸਿਆਸੀ ਲੀਡਰਾਂ ਦੀ ਮਿਹਰਬਾਨੀ ਹੈ ਕਿ ਪੰਜਾਬ ਦੀ ਜੁਆਨੀ ਨਸ਼ਿਆਂ ਨੇ ਖਾ ਲਈ ਅਤੇ ਘਰਾਂ ਦੇ ਘਰ ਇਸ ਦੀ ਮਾਰ ਹੇਠ ਆ ਗਏ।

ਇੱਕ ਛੋਟੀ ਜਿਹੀ ਘਟਨਾ ਸਾਂਝੀ ਕਰਨੀ ਚਾਹਾਂਗੀ। ਮੇਰੇ ਵਿਭਾਗ ਦਾ ਇੱਕ ਸੇਵਾਦਾਰ, ਜੋ ਸਿੱਖ ਸੀ ਅਤੇ ਦਲਿਤ ਕਹੇ ਜਾਣ ਵਾਲੇ ਭਾਈਚਾਰੇ ਨਾਲ ਸਬੰਧਤ ਜੁਆਨ ਮੁੰਡਾ ਸੀ ਜਿਸ ਦਾ ਵਿਆਹ ਵੀ ਵਿਭਾਗ ਵਿਚ ਆਉਣ ਤੋਂ ਬਾਅਦ ਹੀ ਹੋਇਆ ਸੀ, ਸ਼ਰਾਬ ਦਾ ਆਦੀ ਹੋ ਗਿਆ। ਉਸ ਦੀ ਇਹ ਆਦਤ ਏਨੀ ਗੰਭੀਰ ਹੋ ਗਈ ਕਿ ਸ਼ਰਾਬ ਕਾਰਨ ਉਸ ਨੂੰ ਥੋੜ੍ਹੇ ਦਿਨਾਂ ਬਾਅਦ ਹੀ ਕੰਮ ਤੋਂ ਛੁੱਟੀ ਲੈਣੀ ਪੈਂਦੀ ਅਤੇ ਸਿਹਤ ਪੱਖੋਂ ਕਮਜ਼ੋਰ ਉਸ ਦੀ ਪਤਨੀ ਔਖੇ-ਸੌਖੇ ਬੱਚਿਆਂ ਨੂੰ ਸੰਭਾਲਦੀ। ਕੁਝ ਦੇਰ ਤਾਂ ਅਸੀਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫਰਕ ਨਾ ਪਿਆ। ਇੱਕ ਦਿਨ ਮੈਂ ਉਸ ਨੂੰ ਬੁਲਾ ਕੇ ਕਿਹਾ ਕਿ ਇਸ ਵਿਭਾਗ ਵਿਚ ਉਸ ਦਾ ਇਸ ਤਰ੍ਹਾਂ ਟਿਕਣਾ ਮੁਸ਼ਕਿਲ ਹੈ ਅਤੇ ਇਸ ਲਈ ਉਸ ਦੀ ਬਦਲੀ ਯੂਨੀਵਰਸਿਟੀ ਦੇ ਕਿਸੇ ਹੋਰ ਵਿਭਾਗ ਵਿਚ ਕੀਤੀ ਜਾਂਦੀ ਹੈ।

ਬਦਲੀ ਤੋਂ ਕੁਝ ਦੇਰ ਬਾਅਦ ਪਤਾ ਨਹੀਂ ਕਿਸ ਦੇ ਕਹਿਣ 'ਤੇ ਉਸ ਨੇ ਸਿਰਸੇ ਵਾਲੇ ਡੇਰੇ ਨੂੰ ਮੰਨਣਾ ਸ਼ੁਰੂ ਕਰ ਦਿੱਤਾ ਅਤੇ ਉਸ ਨੇ ਨਾ ਸਿਰਫ ਸ਼ਰਾਬ ਤੋਂ ਛੁਟਕਾਰਾ ਹੀ ਪਾ ਲਿਆ ਬਲਕਿ ਯੂਨੀਵਰਸਿਟੀ ਦੀ ਨੌਕਰੀ ਦੇ ਨਾਲ ਨਾਲ ਛੁੱਟੀ ਵਾਲੇ ਦਿਨ ਕੈਟਰਿੰਗ ਦਾ ਕੰਮ ਵੀ ਸ਼ੁਰੂ ਕਰ ਲਿਆ। ਹੌਲੀ ਹੌਲੀ ਆਪਣੇ ਸਕੂਲ ਪੜ੍ਹਦੇ ਮੁੰਡੇ ਨੂੰ ਵੀ ਨਾਲ ਲਾ ਲਿਆ, ਉਸ ਨੂੰ ਡੀ. ਜੇ. ਖਰੀਦ ਦਿੱਤਾ, ਮੋਟਰ ਸਾਈਕਲ ਰੱਖ ਲਿਆ ਅਤੇ ਚੰਗੀ ਕਮਾਈ ਕਰਨ ਲੱਗ ਪਿਆ। ਭਾਵ ਡੇਰਿਆਂ 'ਤੇ ਜਾਣ ਵਾਲੇ ਬਹੁਤੇ ਕੇਸ ਆਮ ਤੌਰ 'ਤੇ ਇਸ ਕਿਸਮ ਦੇ ਹੁੰਦੇ ਹਨ। ਬਾਕੀ ਅਗਲੇ ਹਫਤੇ।

## ਗੁਰਬਾਣੀ ਗਿਆਨ

## ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ

**ੴ ਸਤਿਗੁਰ ਪ੍ਰਸਾਦਿ**
ਰਾਗੁ ਟੋਡੀ ਮਹਲਾ 4 ਘਰੁ ੧॥
ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ॥
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ
ਬਹੁਰਿ ਨ ਭਵਜਲ ਫੇਰਾ॥ ਰਹਾਉ॥
ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ
ਹਰਿ ਨੈਨਹੁ ਹਰਿ ਪ੍ਰਭੁ ਹੇਰਾ॥
ਸਤਿਗੁਰਿ ਦਇਆਲ ਹਰਿ ਨਾਮੁ ਦ੍ਰਿੜਾਇਆ
ਹਰਿ ਪਾਧਰੁ ਹਰਿ ਪ੍ਰਭ ਕੇਰਾ॥
ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ
ਹਰਿ ਗੋਵਿੰਦ ਹਰਿ ਪ੍ਰਭ ਕੇਰਾ॥
ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ
ਮੁਖਿ ਮਸਤਕਿ ਭਾਗੁ ਚੰਗੇਰਾ॥
ਲੋਭ ਵਿਕਾਰ ਜਿਨਾ ਮਨੁ ਲਾਗਾ
ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ॥
ਬਿਬੇਕ ਬੁਧਿ ਸਤਿਗੁਰ ਤੇ ਪਾਈ
ਗੁਰ ਗਿਆਨੁ ਗੁਰੂ ਪ੍ਰਭ ਕੇਰਾ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ
ਧੁਰਿ ਮਸਤਕਿ ਭਾਗੁ ਲਿਖੇਰਾ॥

ਗੁਰੂ ਰਾਮਦਾਸ ਜੀ ਪ੍ਰਭੂ ਪ੍ਰੇਮ ਦੀ ਬਿਹਬਲਤਾ ਦਾ ਜ਼ਿਕਰ ਕਰਦਿਆਂ ਆਖਦੇ ਹਨ, ਹੇ ਭਾਈ ਮੇਰਾ ਮਨ ਉਸ ਮਿਹਰਬਾਨ ਪ੍ਰਭ ਦੀ ਯਾਦ ਤੋਂ ਬਿਨਾ ਰਹਿ ਹੀ ਨਹੀਂ ਸਕਦਾ; ਭਾਈ ਗੁਰੂ ਜਿਸ ਮਨੁਖ ਨੂੰ ਪ੍ਰਾਣਾਂ ਤੋਂ ਵੀ ਪਿਆਰਾ ਪ੍ਰਭੂ ਮਿਲਾ ਦਿੰਦਾ ਹੈ, ਉਸ ਵਡਭਾਗੇ ਜੀਵ ਨੂੰ ਬਹੁਰਿ ਭਾਵ ਮੁੜ ਕੇ ਸੰਸਾਰ ਵਿਚ ਨਹੀਂ ਆਉਣਾ ਪੈਂਦਾ।

ਗੁਰੂ ਸਾਹਿਬ ਆਖਦੇ ਹਨ, ਭਾਈ ਮੇਰੇ ਹਿਰਦੇ ਵਿਚ ਉਸ ਮਾਲਕ ਪ੍ਰਭੂ ਦੇ ਮਿਲਾਪ ਦੀ ਤਾਂਘ ਲੱਗੀ ਹੋਈ ਸੀ, ਮੇਰਾ ਜੀ ਕਰਦਾ ਸੀ ਕਿ ਮੈਂ ਆਪਣੀਆਂ ਅੱਖਾਂ ਨਾਲ ਪ੍ਰਭੂ ਨੂੰ ਵੇਖ ਲਵਾਂ; ਦਿਆ ਦੇ ਸਮੁੰਦਰ ਗੁਰੂ ਨੇ ਪ੍ਰਭੂ ਦਾ ਨਾਮ ਮੇਰੇ ਹਿਰਦੇ ਵਿਚ ਪੱਕਾ ਕਰ ਦਿੱਤਾ, ਇਹੀ ਹੈ ਪ੍ਰਭੂ ਨੂੰ ਮਿਲਣ ਦਾ ਪੱਧਰਾ ਰਸਤਾ।

ਸਤਿਗੁਰੂ ਆਖਦੇ ਹਨ, ਹੇ ਭਾਈ ਅਨੇਕਾਂ ਹੀ ਕੌਤਕਾਂ ਦੇ ਮਾਲਕ ਪਰਮਾਤਮਾ ਗੋਬਿੰਦ ਪ੍ਰਭੂ ਦਾ ਨਾਮ ਜਿਸ ਮਨੁਖ ਨੇ ਪ੍ਰਾਪਤ ਕਰ ਲਿਆ, ਉਸ ਦੇ ਹਿਰਦੇ ਵਿਚ, ਉਸ ਦੇ ਮਨ-ਤਨ ਵਿਚ ਉਹ ਮਿਹਰਬਾਨ ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ; ਉਸ ਦੇ ਮੱਥੇ, ਮੂੰਹ ਉਤੇ, ਚੰਗਾ ਭਾਗ ਜਾਗ ਪੈਂਦਾ ਹੈ।

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ ਜਿਨ੍ਹਾਂ ਮਨੁਖਾਂ ਦਾ ਮਨ ਲੋਭ ਵਿਕਾਰਾਂ ਵਿਚ ਮਸਤ ਰਹਿੰਦਾ ਹੈ, ਉਨ੍ਹਾਂ ਨੂੰ ਪਰਮਾਤਮਾ ਵਿਸਰਿਆ ਰਹਿੰਦਾ ਹੈ। ਆਪਣੇ ਮਨ ਦੇ ਪਿਛੇ ਲੱਗ ਕੇ ਤੁਰਨ ਵਾਲੇ ਮਨੁੱਖ ਮੂਰਖ ਤੇ ਆਤਮਕ ਜੀਵਨ ਵਲੋਂ ਬੇਸਮਝ ਆਖੇ ਜਾਂਦੇ ਹਨ। ਭਾਈ, ਉਨ੍ਹਾਂ ਦੇ ਮੱਥੇ ਉਤੇ ਮੰਦੇ ਭਾਗ ਜਾਗੇ ਹੋਏ ਹੀ ਸਮਝਣੇ ਚਾਹੀਦੇ ਹਨ।

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਕਹਿੰਦੇ ਹਨ, ਹੇ ਦਾਸ ਨਾਨਕ ਜਿਨ੍ਹਾਂ ਮਨੁੱਖਾਂ ਦੇ ਮੱਥੇ ਉਤੇ ਧੁਰੋਂ ਲਿਖਿਆ ਚੰਗਾ ਭਾਗ ਉਘੜ ਪਿਆ, ਉਨ੍ਹਾਂ ਵਡਭਾਗਿਆਂ ਨੇ ਗੁਰੂ ਕੋਲੋਂ ਪ੍ਰਭ ਦਾ ਨਾਮ ਪ੍ਰਾਪਤ ਕਰ ਲਿਆ, ਉਨ੍ਹਾਂ ਨੇ ਗੁਰੂ ਕੋਲੋਂ ਚੰਗੇ ਮੰਦੇ ਕੰਮ ਦੀ ਪਰਖ ਕਰਨ ਵਾਲੀ ਬੁਧੀ ਭਾਵ ਅਕਲ ਹਾਸਲ ਕਰ ਲਈ। ਭਾਈ ਉਨ੍ਹਾਂ ਮਨੁਖਾਂ ਨੇ ਉਸ ਮਿਹਰਬਾਨ ਪ੍ਰਭੂ ਦੇ ਮਿਲਾਪ ਵਾਸਤੇ ਗੁਰੂ ਪਾਸੋਂ ਉਚੇ-ਸੁੱਚੇ ਆਤਮਕ ਜੀਵਨ ਜਿਉਣ ਦੀ ਸੂਝ ਪ੍ਰਾਪਤ ਕਰ ਲਈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਆਜ਼ਾਦੀ ਸੰਘਰਸ਼ ਦੇ ਅਣਗੌਲੇ ਸੂਰਬੀਰ ਫੌਜੀ

## 6 ਸਤੰਬਰ 1940 ਦੇ ਸ਼ਹੀਦਾਂ ਨੂੰ ਸਮਰਪਿਤ

**ਕੰਵਲਬੀਰ ਸਿੰਘ ਪੰਨੂੰ***
**ਫੋਨ: 91-98766-98068**

ਭਾਰਤ ਨੂੰ ਅੰਗਰੇਜ਼ੀ ਸ਼ਾਸਨ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਲੰਮੀ ਜਦੋ ਜਹਿਦ ਕਰਦਿਆਂ ਅਣਗਿਣਤ ਤਸੀਹੇ ਤੇ ਕਸ਼ਟ ਝੱਲੇ ਅਤੇ ਜਾਨਾਂ ਵੀ ਵਾਰੀਆਂ। ਇਸ ਸੰਘਰਸ਼ ਦੌਰਾਨ ਦੇਸ਼ ਵਿਚ ਕਈ ਆਜ਼ਾਦੀ ਲਹਿਰਾਂ ਚੱਲੀਆਂ। ਅਜਿਹੀ ਹੀ ਇੱਕ ਲਹਿਰ ਸੀ, ਗਦਰ ਪਾਰਟੀ ਲਹਿਰ ਜਿਸ ਦਾ ਅਰੰਭ ਵੀਹਵੀਂ ਸਦੀ ਦੇ ਮੁਢ ਵਿਚ ਕੈਨੇਡਾ ਤੇ ਅਮਰੀਕਾ ਦੀ ਧਰਤੀ 'ਤੇ ਰੋਜ਼ੀ ਰੋਟੀ ਤੇ ਚੰਗੇ ਭਵਿੱਖ ਲਈ ਗਏ ਭਾਰਤੀਆਂ ਨੇ ਕੀਤਾ। ਇਨ੍ਹਾਂ ਵਿਚ ਬਹੁਗਿਣਤੀ ਸਿੱਖਾਂ ਦੀ ਸੀ। ਪਾਰਟੀ ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਅਤੇ ਗੈਰ ਫਿਰਕੂ ਰਾਜ ਦੀ ਸਥਾਪਨਾ ਕਰਨਾ ਸੀ।

ਪਹਿਲਾ ਵਿਸ਼ਵ ਯੁੱਧ ਸਮੇਂ ਤੋਂ ਪਹਿਲਾਂ ਸ਼ੁਰੂ ਹੋਣ ਕਰਕੇ ਗਦਰ ਦੀ ਤਿਆਰੀ ਲਈ ਘੱਟ ਸਮਾਂ ਮਿਲਣ ਕਾਰਨ ਗਦਰੀ ਦੇਸ਼ ਭਗਤਾਂ ਨੂੰ 1915 ਵਿਚ ਭਾਵੇਂ ਪੂਰੀ ਕਾਮਯਾਬੀ ਨਾ ਮਿਲੀ ਪਰ ਉਨ੍ਹਾਂ ਦੀ ਸ਼ੁਰੂ ਕੀਤੀ ਲਹਿਰ ਸਮੇਂ ਨਾਲ ਰੰਗ ਲਿਆਈ। ਗਦਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਝੱਲੇ ਕਸ਼ਟਾਂ ਨੇ ਭਾਰਤੀ ਲੋਕਾਂ ਅੰਦਰ ਪੂਰਨ ਆਜ਼ਾਦੀ ਦੀ ਭਾਵਨਾ ਨੂੰ ਚਿੰਗਾਰੀ ਲਾ ਦਿੱਤੀ। ਨਤੀਜੇ ਵਜੋਂ ਕ੍ਰਾਂਤੀਕਾਰੀ ਨੌਜਵਾਨਾਂ ਨੇ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਸੰਗਠਨ ਕਾਇਮ ਕਰਕੇ ਆਜ਼ਾਦੀ ਲਈ ਯੁੱਧ ਅਰੰਭਿਆ। ਗਦਰੀਆਂ ਵਲੋਂ ਫੌਜੀ ਛਾਉਣੀਆਂ 'ਚ ਕੀਤੇ ਪ੍ਰਚਾਰ ਨੇ ਭਾਰਤੀ ਫੌਜੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਦਾ ਪ੍ਰਤੱਖ ਸਬੂਤ 1915 ਤੋਂ ਲੈ ਕੇ 1946 ਤੱਕ ਬਹੁਤ ਸਾਰੇ ਰਸਾਲਿਆਂ ਤੇ ਪਲਟਨਾਂ ਦੇ ਭਾਰਤੀ ਫੌਜੀਆਂ ਦੀਆਂ ਬਗਾਵਤਾਂ ਤੋਂ ਮਿਲਦਾ ਹੈ। ਅੰਗਰੇਜ਼ ਹਾਕਮਾਂ ਨੇ ਇਨ੍ਹਾਂ ਬਗਾਵਤਾਂ ਵਿਚ ਸ਼ਾਮਲ ਹਜ਼ਾਰਾਂ ਵਿਚੋਂ ਕਰੀਬ 80 ਫੌਜੀਆਂ ਨੂੰ ਗੋਲੀਆਂ ਮਾਰ ਕੇ ਜਾਂ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। 300 ਤੋਂ ਵੱਧ ਨੂੰ ਉਮਰ ਕੈਦ, ਜਲਾਵਤਨੀ, ਜਾਇਦਾਦ ਜ਼ਬਤੀ ਅਤੇ ਹੋਰ ਸਜ਼ਾਵਾਂ ਭੁਗਤਣੀਆਂ ਪਈਆਂ।

ਦੂਜੀ ਸੰਸਾਰ ਜੰਗ ਸਮੇਂ 1940 ਵਿਚ ਹੋਈ ਐਮ.ਟੀ. ਦੀ ਬਗਾਵਤ, ਫੇਰ 21 ਨੰਬਰ ਰਸਾਲੇ ਦੀ ਬਗਾਵਤ ਅਤੇ 3/1 ਪੰਜਾਬ ਰੈਜੀਮੈਂਟ ਦੀ ਬਗਾਵਤ ਦਾ ਫੌਜੀ ਬਗਾਵਤਾਂ ਦੇ ਇਤਿਹਾਸ ਵਿਚ ਖਾਸ ਸਥਾਨ ਹੈ। ਇਨ੍ਹਾਂ ਬਗਾਵਤਾਂ ਵਿਚ ਫੌਜੀਆਂ ਨੂੰ ਸ਼ਾਮਲ ਕਰਨ ਦਾ ਕੰਮ ਵੀ 1915 ਦੇ ਗਦਰੀ ਆਗੂ ਭਾਈ ਸੰਤੋਖ ਸਿੰਘ ਧਰਦਿਉ ਵਲੋਂ ਸ਼ੁਰੂ ਕੀਤੇ ਗਏ ਅਖਬਾਰ 'ਕਿਰਤੀ ਲਹਿਰ' ਨੇ ਕੀਤਾ। ਇਸ ਅਖਬਾਰ ਨੂੰ ਭਾਈ ਸੰਤੋਖ ਸਿੰਘ ਦੇ 1927 ਵਿਚ ਚਲਾਣੇ ਪਿਛੋਂ ਕਾਮਰੇਡ ਸੋਹਣ ਸਿੰਘ ਜੋਸ਼, ਸ਼. ਗੁਰਚਰਨ ਸਿੰਘ ਸਹਿੰਸਰਾ ਤੇ ਸੋਢੀ ਹਰਮਿੰਦਰ ਸਿੰਘ ਮਿਲ ਕੇ ਛਾਪਦੇ ਰਹੇ ਤੇ ਵੱਖ ਵੱਖ ਛਾਉਣੀਆਂ ਵਿਚ ਪਹੁੰਚਾਉਂਦੇ ਰਹੇ।

ਸੈਂਟਰਲ ਇੰਡੀਆ ਹਾਰਸ (21 ਨੰਬਰ ਰਸਾਲੇ) ਦੀ ਬਗਾਵਤ ਵਿਚ ਸ਼ਾਮਲ 110 ਸੂਰਬੀਰ ਫੌਜੀਆਂ ਦੀ ਵੀਰਤਾ ਵੀ ਆਜ਼ਾਦੀ ਦੇ ਇਤਿਹਾਸ ਵਿਚ ਇਕ ਖਾਸ ਸਥਾਨ ਹੈ। ਜੰਗ ਲੱਗਣ ਵੇਲੇ 21 ਨੰ. ਰਸਾਲੇ ਨੂੰ ਮੇਰਠ ਤੋਂ ਨਵੰਬਰ 1939 ਵਿਚ ਬੁਲਾਰਮ, ਸਿਕੰਦਰਾਬਾਦ ਬਦਲ ਦਿੱਤਾ ਗਿਆ। ਏਥੇ ਮਿਸਰ ਨੂੰ ਭੇਜੀਆਂ ਜਾਣ ਵਾਲੀਆਂ ਯੂਨਿਟਾਂ ਰੱਖੀਆਂ ਜਾ ਰਹੀਆਂ ਸਨ। ਲਗਭਗ 50,000 ਫੌਜੀਆਂ ਨੂੰ 18 ਜਹਾਜਾਂ ਵਿਚ ਲੈ ਕੇ ਜਾਣਾ ਸੀ। ਸਰਕਾਰ ਨੂੰ ਇਸ ਰਸਾਲੇ ਦੀਆਂ ਗਤੀਵਿਧੀਆਂ 'ਤੇ ਪਹਿਲਾਂ ਹੀ ਸ਼ੱਕ ਸੀ, ਜਿਸ ਕਰਕੇ ਸਰਕਾਰ ਨੇ ਸਭ ਤੋਂ ਪਹਿਲਾਂ ਰਸਾਲੇ ਨੂੰ ਜਹਾਜ ਚੜ੍ਹਨ ਦਾ ਹੁਕਮ ਦਿੱਤਾ। ਇਸ ਬਗਾਵਤ ਵਿਚ ਸ਼ਾਮਲ ਸ. ਅਤਰ ਸਿੰਘ ਪਿੰਡ ਭਰਾੜੀਵਾਲ ਅਤੇ ਪ੍ਰਦੁਮਣ ਸਿੰਘ ਪਿੰਡ ਨੂਰਪੁਰ, ਜਿਲ੍ਹਾ ਫਿਰੋਜਪੁਰ ਦੇ ਬਿਆਨਾਂ ਅਨੁਸਾਰ ਬਗਾਵਤ ਵਾਲੇ ਦਿਨ 16 ਜੁਲਾਈ 1940 ਨੂੰ ਸਵੇਰੇ ਹੀ ਉਨ੍ਹਾਂ ਦੇ ਰਸਾਲੇ ਨੂੰ ਮਿਸਰ ਭੇਜਣ ਲਈ ਅਲੈਗਜੈਂਡਰਾ ਡੈਕ 'ਤੇ ਪਹੁੰਚਾ ਦਿੱਤਾ ਗਿਆ। ਅੰਗਰੇਜ਼ ਅਫਸਰ ਨੇ ਜਹਾਜ ਵਿਚ ਇੱਕ ਗਾਰਦ ਨਿਯੁਕਤ ਕੀਤੀ ਜਿਸ ਵਿਚ ਬਿਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਚੁਗਾਵਾਂ, ਅਜਾਇਬ ਸਿੰਘ ਨੰਦਪੁਰ ਅਤੇ ਸਾਧੂ ਸਿੰਘ ਦਦੇਹਰ ਸ਼ਾਮਲ ਸਨ। ਗਾਰਦ ਨੂੰ ਜਹਾਜ ਵਿਚ ਚੜ੍ਹਨ ਦਾ ਹੁਕਮ ਕੀਤਾ ਗਿਆ। ਗਾਰਦ ਨੇ ਜਹਾਜ ਵਿਚ ਚੜ੍ਹਨ ਤੋਂ ਇਨਕਾਰ ਕਰ ਦਿੱਤਾ। ਬਸ ਉਦੋਂ ਹੀ ਬਗਾਵਤ ਦਾ ਬਿਗਲ ਵੱਜ ਗਿਆ। ਮੌਕੇ 'ਤੇ ਮੌਜੂਦ ਲੈਫਟੀਨੈਂਟ ਕਰਨਲ ਪੀ. ਜੀ. ਪਕਾਕ ਨੇ ਮੇਜਰ ਕਾਕਸ ਨੂੰ ਗਾਰਦ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ਇਸ ਪਿਛੋਂ ਬੀ. ਸੁਕੁਆਡਰਨ ਦੇ ਸਿੱਖ ਸਿਪਾਹੀਆਂ ਨੇ ਵੀ ਜਹਾਜ ਚੜ੍ਹਨ ਤੋਂ ਨਾਂਹ ਕਰ ਦਿੱਤੀ। ਇਸ 'ਤੇ ਸਾਰੀ ਰੈਜੀਮੈਂਟ ਹੀ ਬਾਗੀ ਹੋ ਬੈਠੀ। ਨਾਂਹ ਕਰਨ ਵਾਲਿਆਂ ਨੂੰ ਮਨਾਉਣ ਲਈ ਸਾਰਾ ਦਿਨ ਯਤਨ ਹੁੰਦੇ ਰਹੇ। ਕਰਨਲ ਪਕਾਕ ਪ੍ਰੇਸ਼ਾਨ ਸੀ ਕਿਉਂਕਿ ਫੌਜੀਆਂ ਕੋਲ ਹਥਿਆਰ ਸਨ, ਜਿਨ੍ਹਾਂ ਵਿਚ 303 ਰਾਈਫਲਾਂ ਦੇ 6 ਲੱਖ ਅਤੇ ਰੀਵਾਲਵਰਾਂ ਦੇ 60,000 ਰੌਂਦ ਸਨ। ਫੌਜੀਆਂ ਨੂੰ ਮਨਾਉਣ ਲਈ ਵਾਰ ਵਾਰ ਕਿਹਾ ਗਿਆ ਕਿ ਜਿਹੜੇ ਫੌਜੀ ਬਗਾਵਤ ਤੋਂ ਵੱਖ ਹੋ ਜਣਗੇ, ਉਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਹੋਵੇਗੀ। ਅਖੀਰ ਸ਼ਾਮ ਤੱਕ ਸਿੱਖ ਸਕੁਆਡਰਨ ਦੇ 108 ਸਿੱਖ ਤੇ ਦੋ ਮੁਸਲਮਾਨ ਹੀ ਰਹਿ ਗਏ। ਜੇ.ਓ.ਸੀ. ਨੇ ਸਿੱਖਾਂ ਦੀ ਤਾਰੀਫ ਕਰਦਿਆਂ ਉਨ੍ਹਾਂ ਨੂੰ ਹਥਿਆਰ ਸੁੱਟਣ ਲਈ ਕਿਹਾ। ਜਦੋਂ ਉਹ ਨਾ ਮੰਨੇ ਤਾਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੀ ਧਮਕੀ ਦਿੱਤੀ ਗਈ। ਇਸ ਉਤੇ ਸਿੱਖ ਫੌਜੀਆਂ ਨੇ ਕਿਹਾ ਕਿ "ਅਸੀਂ ਮਰਨ ਲਈ ਤਿਆਰ ਹਾਂ, ਅਸੀਂ ਗੁਰੂ ਗ੍ਰੰਥ ਸਾਹਿਬ ਸਾਹਮਣੇ ਸਹੁੰ ਚੁੱਕੀ ਹੈ ਕਿ ਅਸੀਂ ਬਰਤਾਨਵੀ ਹਕੂਮਤ ਲਈ ਵਿਦੇਸ਼ੀ ਧਰਤੀ 'ਤੇ ਜਾ ਕੇ ਨਹੀਂ ਲੜਾਂਗੇ ਤੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜਾਂਗੇ।" ਇਸ ਉਤੇ ਫੌਜੀਆਂ ਨੂੰ ਬੇਹਥਿਆਰ ਕਰਕੇ ਗ੍ਰਿਫਤਾਰ ਕਰ ਲਿਆ ਅਤੇ ਤਰੀਮੁਲਗੇਰੀ ਜੇਲ੍ਹ (ਪੋਰਟ ਆਰਥਰ ਜੇਲ੍ਹ), ਸਿਕੰਦਰਾਬਾਦ ਭੇਜ ਦਿੱਤਾ।



26 ਜੁਲਾਈ 1940 ਨੂੰ ਜੇਲ੍ਹ ਅੰਦਰ ਹੀ ਇਨ੍ਹਾਂ ਸੂਰਬੀਰਾਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ, ਜੋ ਕੇਵਲ ਚਾਰ ਦਿਨ ਹੀ ਚੱਲਿਆ ਤੇ ਚਾਰ ਫੌਜੀਆਂ ਨੂੰ ਫਾਂਸੀ ਦੀ ਸਜ਼ਾ, 16 ਐਨ.ਸੀ.ਓ. ਨੂੰ 14-14 ਸਾਲ ਦੀ ਬਾਮੁਸ਼ੱਕਤ ਕੈਦ, 84 ਘੋੜਸਵਾਰਾਂ ਨੂੰ 10-10 ਸਾਲ ਬਾਮੁਸ਼ੱਕਤ ਕੈਦ ਅਤੇ ਛੇ ਰੰਗਰੂਟਾਂ ਨੂੰ 4-4 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ 23 ਅਗਸਤ 1940 ਨੂੰ ਸੁਣਾਈਆਂ ਗਈਆਂ।

ਭਾਈ ਨਾਹਰ ਸਿੰਘ ਦੀ ਸੂਚਨਾ ਮੁਤਾਬਿਕ ਕੋਰਟ ਮਾਰਸ਼ਲ ਵਿਚ ਪਹਿਲਾਂ 14 ਐਨ.ਸੀ.ਓ. ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ ਪਰ ਬਾਅਦ ਵਿਚ ਦਸਾਂ ਦੀ ਫਾਂਸੀ ਕੱਟ ਕੇ ਚੌਹਾਂ ਨੂੰ। ਡਰ ਸੀ ਕਿ ਬਹੁਤੀਆਂ ਸਜ਼ਾਵਾਂ ਦੇਣ ਨਾਲ ਇਨ੍ਹਾਂ ਫੌਜੀਆਂ ਦੇ ਸਬੰਧਿਤ ਜਿਲ੍ਹਿਆਂ ਵਿਚ ਬਗਾਵਤ ਹੋ ਜਾਵੇਗੀ। 21 ਨੰਬਰ ਰਸਾਲੇ ਦੇ ਚਾਰ ਸੂਰਬੀਰ ਫੌਜੀਆਂ- ਸ਼ਹੀਦ ਬਿਸ਼ਨ ਸਿੰਘ ਬੁੱਟਰ, ਸ਼ਹੀਦ ਗੁਰਚਰਨ ਸਿੰਘ ਚੁਗਾਵਾਂ, ਸ਼ਹੀਦ ਅਜਾਇਬ ਸਿੰਘ ਨੰਦਪੁਰ ਅਤੇ ਸ਼ਹੀਦ ਸਾਧੂ ਸਿੰਘ ਦਦੇਹਰ ਨੂੰ 6 ਸਤੰਬਰ 1940 ਨੂੰ ਸਿਕੰਦਰਾਬਾਦ ਜੇਲ੍ਹ ਵਿਚ ਅੰਗਰੇਜ਼ ਸਰਕਾਰ ਵੱਲੋਂ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਸ਼ਹੀਦ ਬਿਸ਼ਨ ਸਿੰਘ ਦਾ ਜਨਮ 1915 ਵਿਚ ਪਿੰਡ ਬੁੱਟਰ, ਜਿਲ੍ਹਾ ਅੰਮ੍ਰਿਤਸਰ ਵਿਚ ਸ. ਗੁਰਦਿੱਤ ਸਿੰਘ ਨੰਬਰਦਾਰ ਦੇ ਘਰ ਹੋਇਆ। ਉਨ੍ਹਾਂ ਮੁਢਲੀ ਵਿਦਿਆ ਡੀ.ਬੀ. ਮਿਡਲ ਸਕੂਲ ਮਹਿਤਾ ਨੰਗਲ ਅਤੇ ਮੈਟ੍ਰਿਕ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ ਬਾਬਾ ਬਕਾਲਾ ਤੋਂ ਕੀਤੀ। ਉਹ ਬਚਪਨ ਵਿਚ ਗੁਰਸਿੱਖੀ ਲਗਨ ਵਾਲੇ ਸਨ। ਮਹਿਤਾ ਨੰਗਲ ਦੇ ਸਕੂਲ ਦੇ ਰਸਤੇ ਵਿਚ ਸਿੰਘ ਬੇਲਾ ਗੁਰਦੁਆਰਾ ਸੀ, ਜਿਥੇ ਨਾਮ ਬਾਣੀ ਦਾ ਪਰਵਾਹ ਚੱਲਦਾ ਰਹਿੰਦਾ ਸੀ। ਉਹ ਸਕੂਲ ਤੋਂ ਮੁੜਦਿਆਂ ਗੁਰਦੁਆਰੇ ਦੀਵਾਨਾਂ ਦੀ ਹਾਜਰੀ ਭਰਦੇ। ਇਸ ਗੁਰਦੁਆਰੇ ਵਿਚ ਦੇਸ਼ ਭਗਤ ਸੰਤੋਖ ਸਿੰਘ ਧਰਦੇਓ, ਸੰਤ ਇੰਦਰ ਸਿੰਘ ਆਦਿ ਸੰਤ ਭੇਸ ਵਿਚ ਰਿਹਾ ਕਰਦੇ ਸਨ। ਉਨ੍ਹਾਂ ਦੇ ਵਿਚਾਰ ਸੁਣ ਕੇ ਬਿਸ਼ਨ ਸਿੰਘ ਨੂੰ ਦੇਸ਼ ਭਗਤੀ ਦੀ ਲਗਨ ਲੱਗੀ। ਉਨ੍ਹਾਂ ਦਾ ਵਿਆਹ ਬੀਬੀ ਚਰਨ ਕੌਰ ਵਾਸੀ ਦਕੋਹਾ ਨਾਲ ਹੋਇਆ। ਉਨ੍ਹਾਂ ਦਾ ਇੱਕ ਪੁੱਤਰ ਸ. ਕਸ਼ਮੀਰ ਸਿੰਘ ਹੈ, ਜੋ ਆਪਣੇ ਪਿਤਾ ਦੇ ਫਾਂਸੀ ਲੱਗਣ ਸਮੇਂ ਸਿਰਫ ਛੇ ਮਹੀਨੇ ਦਾ ਸੀ, ਪਿੰਡ ਬੁੱਟਰ ਵਿਚ ਹੀ ਰਹਿ ਰਿਹਾ ਹੈ।

ਜਦੋਂ ਦੂਸਰਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਉਹ ਰਸਾਲੇ ਵਿਚੋਂ ਛੁੱਟੀ ਲੈ ਕੇ ਘਰ ਆਉਣ ਦੀ ਬਜਾਏ ਸ਼ਾਰਧਾ ਗਰਾਮ, ਨੇੜੇ ਵਾਰਧਾ ਵਿਖੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਬਗਾਵਤ ਲਈ ਸਹਿਯੋਗ ਸਬੰਧੀ ਮੁਲਾਕਾਤ ਕਰਕੇ ਹੀ ਵਾਪਸ ਚਲੇ ਗਏ। ਫੌਜ ਵਿਚ ਰਹਿੰਦਿਆਂ ਵੀ ਉਨ੍ਹਾਂ ਦਾ ਸੰਪਰਕ ਕਿਰਤੀ ਪਾਰਟੀ ਨਾਲ ਬਣਿਆ ਰਿਹਾ। ਉਹ ਸਾਥੀਆਂ ਨੂੰ ਕਿਰਤੀ ਲਿਟਰੇਚਰ ਨਾਲ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਲਈ ਪ੍ਰੇਰਦੇ ਰਹਿੰਦੇ। ਇਸ ਸ਼ਹੀਦ ਦੀ ਕੋਈ ਵੀ ਯਾਦਗਰ ਨਹੀਂ ਹੈ।

ਸ਼ਹੀਦ ਗੁਰਚਰਨ ਸਿੰਘ ਦਾ ਜਨਮ 10 ਜੁਲਾਈ 1911 ਨੂੰ ਪਿੰਡ ਚੁਗਾਵਾਂ ਸਾਧਪੁਰਾ, ਜਿਲ੍ਹਾ ਅੰਮ੍ਰਿਤਸਰ ਵਿਖੇ ਸ. ਬਲਵੰਤ ਸਿੰਘ ਦੇ ਘਰ ਹੋਇਆ। ਉਨ੍ਹਾਂ ਸ਼ਾਮ ਨਗਰ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਉਨ੍ਹਾਂ ਦਾ ਵਿਆਹ ਬੀਬੀ ਗੁਰਵੇਲ ਕੌਰ ਪਿੰਡ ਭਾਂਬੜੀ, ਗੁਰਦਾਸਪੁਰ ਨਾਲ ਹੋਇਆ। ਬੀਬੀ ਗੁਰਵੇਲ ਕੌਰ ਨੇ ਕੋਈ ਸੰਤਾਨ ਨਾ ਹੋਣ ਦੇ ਬਾਵਜੂਦ ਸਾਰੀ ਉਮਰ ਸ਼ਹੀਦ ਪਤੀ ਦੀ ਯਾਦ ਵਿਚ ਗੁਜਾਰ ਦਿੱਤੀ। ਸ਼ਹੀਦ ਦੇ ਨਾਂ 'ਤੇ ਪਿੰਡ ਦੀ ਪੰਚਾਇਤ ਨੇ ਸਰਕਾਰ ਦੀ ਮਦਦ ਨਾਲ ਸਰਕਾਰੀ ਸਕੂਲ ਬਣਾਇਆ ਹੈ।

ਸ਼ਹੀਦ ਅਜਾਇਬ ਸਿੰਘ ਦਾ ਜਨਮ 1912 ਵਿਚ ਪਿੰਡ ਨੰਦਪੁਰ, ਜਿਲ੍ਹਾ ਤਰਨ ਤਾਰਨ ਵਿਖੇ ਸ. ਜੇਠਾ ਸਿੰਘ ਦੇ ਘਰ ਮਾਤਾ ਇੰਦ ਕੌਰ ਦੀ ਕੁੱਖੋਂ ਹੋਇਆ। ਉਹ ਇੰਡੀਅਨ ਅਰਮੀ ਵਿਚ ਸੈਂਟਰਲ ਇੰਡੀਅਨ ਹੌਰਸ ਰੈਜੀਮੈਂਟ ਦੇ 21 ਨੰਬਰ ਰਸਾਲੇ ਵਿਚ ਲਾਂਸ ਨਾਇਕ ਸਨ। ਉਹ ਸ਼ੁਰੂ ਤੋਂ ਹੀ ਸਿੱਖੀ ਜੀਵਨ ਜਾਚ ਤੋਂ ਪ੍ਰਭਾਵਿਤ ਸਨ, ਤੁਰਦੇ ਫਿਰਦੇ ਵੀ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ। ਸ਼ਹੀਦ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਉਨ੍ਹਾਂ ਦਾ ਵਿਆਹ ਬੀਬੀ ਪਾਲ ਕੌਰ ਪਿੰਡ ਰੂੜੀਵਾਲਾ, ਜਿਲ੍ਹਾ ਤਰਨ ਤਾਰਨ ਨਾਲ ਹੋਇਆ। ਬੀਬੀ ਪਾਲ ਕੌਰ ਨੇ ਕੋਈ ਸੰਤਾਨ ਨਾ ਹੋਣ ਦੇ ਬਾਵਜੂਦ ਦੂਸਰਾ ਵਿਆਹ ਨਹੀਂ ਕਰਵਾਇਆ ਅਤੇ ਨਾ ਹੀ ਸਹੁਰੇ ਪਰਿਵਾਰ ਤੋਂ ਆਪਣੇ ਸ਼ਹੀਦ ਪਤੀ ਦੀ ਜਾਇਦਾਦ ਦਾ ਹਿੱਸਾ ਲਿਆ। ਸ਼ਹੀਦ ਅਜਾਇਬ ਸਿੰਘ ਦੀ ਵੀ ਕੋਈ ਯਾਦਗਰ ਨਹੀਂ ਹੈ।

ਸ਼ਹੀਦ ਸਾਧੂ ਸਿੰਘ ਦਾ ਜਨਮ ਪਿੰਡ ਦਦੇਹਰ ਸਾਹਿਬ, ਜਿਲ੍ਹਾ ਤਰਨ ਤਾਰਨ ਵਿਚ ਸ. ਨੌਰੰਗ ਸਿੰਘ ਦੇ ਘਰ 1909 'ਚ ਹੋਇਆ। ਉਨ੍ਹਾਂ ਦੀ ਪਤਨੀ ਦਾ ਨਾਂ ਬਚਨ ਕੌਰ ਸੀ ਜਿਨ੍ਹਾਂ ਦਾ ਪੇਕਾ ਪਿੰਡ ਮਾਨੋਚਾਹਲ, ਜਿਲ੍ਹਾ ਤਰਨ ਤਾਰਨ ਸੀ। ਉਨ੍ਹਾਂ ਦਾ ਇੱਕ ਪੁੱਤਰ ਰਣਜੀਤ ਸਿੰਘ ਪਿਤਾ ਨੂੰ ਫਾਂਸੀ ਲੱਗਣ ਸਮੇਂ ਚਾਰ ਸਾਲ ਦਾ ਸੀ, ਜਿਸ ਦਾ ਪਰਿਵਾਰ ਹਣਿ ਦਦੇਹਰ ਸਾਹਿਬ ਹੀ ਰਹਿੰਦਾ ਹੈ। ਉਨ੍ਹਾਂ ਨੂੰ ਦੇਸ਼ ਭਗਤੀ ਦੀ ਲਗਨ ਆਪਣੇ ਹੀ ਪਿੰਡ ਦੇ ਗਦਰੀ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦੀ ਕੁਰਬਾਨੀ ਤੋਂ ਮਿਲੀ। ਕੋਈ ਯਾਦਗਰ ਨਹੀਂ ਬਣੀ।

**ਸੈਂਟਰਲ ਇੰਡੀਆ ਹਾਰਸ (21 ਨੰਬਰ ਰਸਾਲਾ) ਦੇ ਜਿਨ੍ਹਾਂ ਹੋਰ 106 ਬਾਗੀ ਫੌਜੀਆਂ ਨੂੰ ਬਾਮੁਸ਼ੱਕਤ ਕੈਦ ਦੀ ਸਜ਼ਾ ਦਿੱਤੀ ਗਈ, ਉਨ੍ਹਾਂ ਦੀ ਸੂਚੀ ਇਸ ਤਰ੍ਹਾਂ ਹੈ:**

**ਜਿਲ੍ਹਾ ਅੰਮ੍ਰਿਤਸਰ:** ਪਿੰਡ ਝਲਾੜੀ ਤੋਂ ਸ. ਬਸੰਤ ਸਿੰਘ, ਪਿੰਡ ਠੱਠੀਆਂ ਤੋਂ ਸ. ਕਰਤਾਰ ਸਿੰਘ, ਪਿੰਡ ਬੁਤਾਲਾ ਤੋਂ ਸ. ਅਮਰਜੀਤ ਸਿੰਘ, ਸ. ਉਜਾਗਰ ਸਿੰਘ, ਸ. ਬਹਾਦਰ ਸਿੰਘ, ਸ. ਦੇਵਾ ਸਿੰਘ, ਸ. ਕਰਤਾਰ ਸਿੰਘ, ਸ. ਸੁਦਾਗਰ ਸਿੰਘ, ਪਿੰਡ ਸਠਿਆਲਾ ਤੋਂ ਸ. ਗੁਰਬਚਨ ਸਿੰਘ ਤੇ ਸ. ਦਲੀਪ ਸਿੰਘ, ਵਡਾਲਾ ਕਲਾਂ ਤੋਂ ਸ. ਕਰਨੈਲ ਸਿੰਘ ਤੇ ਸ. ਕੁੰਦਨ ਸਿੰਘ, ਕੰਮੋਕੇ ਤੋਂ ਸ. ਚੰਨਣ ਸਿੰਘ, ਥਾਣੇਵਾਲ ਤੋਂ ਸ. ਸਾਧੂ ਸਿੰਘ, ਖਾਨਪੁਰ ਤੋਂ ਸ. ਪ੍ਰੀਤਮ ਸਿੰਘ, ਸਤੋਵਾਲ ਤੋਂ ਸ. ਇੰਦਰ ਸਿੰਘ, ਸ. ਪੂਰਨ ਸਿੰਘ, ਪਿੰਡ ਜੋਧੇ ਤੋਂ ਸ. ਕਰਮ ਸਿੰਘ, ਖਾਪੜਖੇੜੀ ਤੋਂ ਸ. ਹਜਾਰਾ ਸਿੰਘ, ਸ. ਬੰਤਾ ਸਿੰਘ, ਸ. ਮੱਖਣ ਸਿੰਘ, ਭਰਾੜੀਵਾਲ ਤੋਂ ਸ. ਅਤਰ ਸਿੰਘ, ਜਮਾਲਪੁਰ ਤੋਂ ਸ. ਦੀਦਾਰ ਸਿੰਘ, ਕਾਲੇਕੇ ਤੋਂ ਸ. ਬੂਟਾ ਸਿੰਘ, ਸ. ਠਾਕਰ ਸਿੰਘ, ਗੁਨੋਵਾਲ ਤੋਂ ਸ. ਬਲਵੰਤ ਸਿੰਘ, ਵਜੀਰ ਭੁੱਲਰ ਤੋਂ ਸ. ਟਹਿਲ ਸਿੰਘ ਅਤੇ ਖਾਨਪੁਰ ਤੋਂ ਸ. ਮੱਖਣ ਸਿੰਘ।

**ਜਿਲ੍ਹਾ ਤਰਨ ਤਾਰਨ:** ਪਿੰਡ ਨੰਦਪੁਰ ਤੋਂ ਸ. ਮੱਸਾ ਸਿੰਘ ਤੇ ਸ. ਲਛਮਣ ਸਿੰਘ, ਏਕਲਗੱਡਾ ਤੋਂ ਸ. ਦਲੀਪ ਸਿੰਘ, ਠੱਟਾ ਤੋਂ ਸ. ਸੱਜਣ ਸਿੰਘ, ਭਿੱਖੀਵਿੰਡ ਤੋਂ ਸ. ਨਿਰੰਜਨ ਸਿੰਘ, ਸ. ਗਿਆਨ ਸਿੰਘ ਤੇ ਸ. ਚੈਂਚਲ ਸਿੰਘ, ਚੇਲਾ ਤੋਂ ਸ. ਬਹਾਦਰ ਸਿੰਘ, ਵੀਰਮ ਤੋਂ ਸ. ਪ੍ਰੀਤਮ ਸਿੰਘ, ਦਲਾਵਲਪੁਰ ਤੋਂ ਸ. ਚੰਨਣ ਸਿੰਘ, ਸ. ਸੁਰਜਨ ਸਿੰਘ ਤੇ ਸ. ਗੁਰਬਖਸ਼ ਸਿੰਘ, ਠੱਠੀਖਾਰਾ ਤੋਂ ਸ. ਕਰਨੈਲ ਸਿੰਘ, ਜੌਹਲ ਢਾਏ ਵਾਲਾ ਤੋਂ ਸ. ਜਰਨੈਲ ਸਿੰਘ, ਸ. ਹਰਭਜਨ ਸਿੰਘ ਕੰਗ, ਭਰੋਵਾਲ ਤੋਂ ਸ. ਪਾਲ ਸਿੰਘ, ਕਸੇਲ ਤੋਂ ਸ. ਦਰਸ਼ਨ ਸਿੰਘ, ਭੈਣੀ ਤੋਂ ਸ. ਠਾਕਰ ਸਿੰਘ ਅਤੇ ਸ਼ਾਹਪੁਰ ਤੋਂ ਸ. ਸੁਰਜਨ ਸਿੰਘ।

**ਜਿਲ੍ਹਾ ਫਰੀਦਕੋਟ:** ਪਿੰਡ ਨੂਰਪੁਰ ਤੋਂ ਸ. ਪਰਦੁਮਣ ਸਿੰਘ, ਚੂਹੜਚਕ ਤੋਂ ਸ. ਕਰਤਾਰ ਸਿੰਘ ਤੇ ਸ. ਸੁਦਾਗਰ ਸਿੰਘ, ਸਮਾਧ ਭਾਈ ਤੋਂ ਸ. ਜਗੀਰ ਸਿੰਘ, ਕੋਕਰੀ ਕਲਾਂ ਤੋਂ ਸ. ਸੰਤਾ ਸਿੰਘ ਅਤੇ ਨੰਗਲ ਤੋਂ ਸ. ਫੂਲਾ ਸਿੰਘ।

**ਜਿਲ੍ਹਾ ਲੁਧਿਆਣਾ:** ਪਿੰਡ ਲਲਤੋਂ ਖੁਰਦ ਤੋਂ ਸ. ਪਿਆਰਾ ਸਿੰਘ, ਸ. ਭਗਵਾਨ ਸਿੰਘ, ਸ. ਮੱਘਰ ਸਿੰਘ, ਸ. ਤੇਜਾ ਸਿੰਘ ਤੇ ਸ. ਅਲਬੇਲ ਸਿੰਘ, ਭਾਨੀਰਾੜਾ ਤੋਂ ਸ. ਜੋਗਿੰਦਰ ਸਿੰਘ, ਦਾਖਾ ਤੋਂ ਸ. ਲਛਮਣ ਸਿੰਘ ਤੇ ਸ. ਬਚਨ ਸਿੰਘ, ਈਸੇਵਾਲ ਤੋਂ ਸ. ਅਜੀਤ ਸਿੰਘ, ਲਲਤੋਂ ਕਲਾਂ ਤੋਂ ਸ. ਨਾਹਰ ਸਿੰਘ, ਸ. ਜਗਮੇਲ ਸਿੰਘ ਤੇ ਸ. ਗੁਰਚਰਨ ਸਿੰਘ, ਸ. ਚਰਨ ਸਿੰਘ, ਬੱਦੋਵਾਲ ਤੋਂ ਸ. ਸਾਧੂ ਸਿੰਘ, ਥਰੀਕੇ ਤੋਂ ਸ. ਸਰਦਾਰਾ ਸਿੰਘ, ਸਾਹਨੇਵਾਲ ਤੋਂ ਸ. ਕਰਤਾਰ ਸਿੰਘ, ਨੰਗਲ ਖੁਰਦ ਤੋਂ ਸ. ਅਜਾਇਬ ਸਿੰਘ, ਗੁਜਰਵਾਲ ਤੋਂ ਸ. ਜੁਗਿੰਦਰ ਸਿੰਘ, ਬਿੰਜਲ ਤੋਂ ਸ. ਕਰਨੈਲ ਸਿੰਘ ਤੇ ਸ. ਰਾਏ ਸਿੰਘ, ਜੰਡ ਤੋਂ ਸ. ਵਜੀਰ ਸਿੰਘ, ਚਮਿੰਡੇ ਤੋਂ ਸ. ਦਲੀਪ ਸਿੰਘ, ਚੀਮਾ ਤੋਂ ਸ. ਬਖਤਾਵਰ ਸਿੰਘ, ਜੱਸੋਵਾਲ ਤੋਂ ਸ. ਮਹਾਂ ਸਿੰਘ, ਸਾਹਨੇਵਾਲ ਖੁਰਦ ਤੋਂ ਸ. ਉਦੇ ਸਿੰਘ, ਬੀਰ ਕਲਾਂ ਸ. ਗੁਰਬਖਸ਼ ਸਿੰਘ, ਕੋਹਲੀ ਕਲਾਂ ਤੋਂ ਸ. ਅਜੀਤ ਸਿੰਘ, ਪੱਖੋਵਾਲ ਤੋਂ ਸ. ਗੁਰਚਰਨ ਸਿੰਘ, ਰਾਸ਼ੀਨ ਤੋਂ ਸ. ਬਖਸ਼ੀਸ਼ ਸਿੰਘ, ਸੁਧਾਰ ਤੋਂ ਸ. ਜੋਗਿੰਦਰ ਸਿੰਘ, ਭਾਨੋਹੜ ਤੋਂ ਸ. ਦਲੀਪ ਸਿੰਘ, ਭੱਟੀਆਂ ਤੋਂ ਸ. ਮਹਿੰਦਰ ਸਿੰਘ, ਬੱਸੀਆਂ ਤੋਂ ਸ. ਕਿਰਪਾਲ ਸਿੰਘ ਤੇ ਸ. ਜੋਗਿੰਦਰ ਸਿੰਘ, ਰੰਗੂਵਾਲ ਤੋਂ ਸ. ਨਗਿੰਦਰ ਸਿੰਘ, ਢੀਂਡਸਾ ਤੋਂ ਸ. ਅਮਰ ਸਿੰਘ, ਈਸੜੂ ਤੋਂ ਸ. ਸਰਵਨ ਸਿੰਘ, ਕਾਲਾਟੋਹ ਤੋਂ ਸ. ਸੁਰਜਨ ਸਿੰਘ ਅਤੇ ਡੱਲਾ ਤੋਂ ਸ. ਬਖਤਾਵਰ ਸਿੰਘ।

**ਜਿਲ੍ਹਾ ਗੁਰਦਾਸਪੁਰ:** ਵੀਲਾਬੱਜੂ ਤੋਂ ਸ. ਰਣਜੀਤ ਸਿੰਘ, ਰਲਿਆਲੀ ਤੋਂ ਸ. ਜਰਨੈਲ ਸਿੰਘ ਤੇ ਸ. ਕਰਨੈਲ ਸਿੰਘ।

**ਜਿਲ੍ਹਾ ਸੰਗਰੂਰ:** ਸ਼ੇਰਪੁਰ ਤੋਂ ਸ. ਗੁਰਦਿਆਲ ਸਿੰਘ, ਚੁਹਾਨਕੇ ਤੋਂ ਸ. ਹਰਚੰਦ ਸਿੰਘ, ਬਾਦਾਰਾ ਤੋਂ ਸ. ਖਜਾਨ ਸਿੰਘ, ਅੱਕਾਂਵਾਲੀ ਤੋਂ ਸ. ਚੰਦ ਸਿੰਘ, ਮਿੱਠੇਵਾਲ ਤੋਂ ਸ. ਡੋਗਰ ਸਿੰਘ ਅਤੇ ਹਰੀਗੜ੍ਹ ਤੋਂ ਸ. ਅਜਾਇਬ ਸਿੰਘ।

ਜਿਲ੍ਹਾ ਜਲੰਧਰ ਦੇ ਪਿੰਡ ਤੇਜੇਵਾਲ ਤੋਂ ਸ. ਤਾਰਾ ਸਿੰਘ; ਹਰਿਆਣਾ ਦੇ ਜਿਲ੍ਹਾ ਹਿਸਾਰ ਦੇ ਪਿੰਡ ਮਾਹਨੀ ਤੋਂ ਸ. ਦੇਵਾ ਸਿੰਘ; ਰਾਜਸਥਾਨ ਦੇ ਜਿਲ੍ਹਾ ਭਰਤਪੁਰ ਦੇ ਪਿੰਡ ਜਲ ਨਿਆਸ ਤੋਂ ਸ. ਜਗਦੇਵ ਸਿੰਘ ਅਤੇ ਮੱਧ ਪ੍ਰਦੇਸ਼ ਦੇ ਪਿੰਡ ਗੁੰਨਾ ਤੋਂ ਇਬਰਾਹਿਮ ਖਾਨ ਤੇ ਯਾਕੂਬ ਖਾਨ।

ਇਨ੍ਹਾਂ 106 ਬਾਗੀ ਫੌਜੀਆਂ ਨੂੰ ਬਾਮੁਸ਼ੱਕਤ ਕੈਦ ਦੀ ਸਜ਼ਾ ਦੇ ਕੇ ਕਾਲੇ ਪਾਣੀ (ਅੰਡੇਮਾਨ ਦੀ ਸੈਲੂਲਰ ਜੇਲ੍ਹ) ਭੇਜ ਦਿੱਤਾ ਗਿਆ।

ਹਰ ਸਾਲ 6 ਸਤੰਬਰ ਦਾ ਦਿਨ ਸਾਨੂੰ ਇਨ੍ਹਾਂ ਮਹਾਨ ਸੂਰਬੀਰ ਫੌਜੀ ਯੋਧਿਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਿਰ ਨੌਕਰੀਆਂ, ਰੁਜਗਾਰ ਤੇ ਆਪਣੇ ਪਰਿਵਾਰਾਂ ਦੇ ਭਵਿੱਖ ਦੀ ਪਰਵਾਹ ਨਾ ਕੀਤੀ।

---

**ਚੌਧਰੀਵਾਲਾ, ਨੌਸ਼ਹਿਰਾ ਪੰਨੂੰਆਂ ਜਿਲ੍ਹਾ ਤਰਨ ਤਾਰਨ।*

## ਆਜ਼ਾਦੀ

ਉਂਜ ਕਹਿਣ ਨੂੰ ਤਾਂ ਭਾਵੇਂ
ਅਸੀਂ ਹੁਣ ਆਜ਼ਾਦ ਹੋ ਗਏ,
ਪਰ ਮਨੂੰ ਬਿਰਤੀਆਂ ਦੇ
ਕਿੰਨੇ ਹੀ ਗੁਲਾਮ ਹੋ ਗਏ।
ਬਣਾ ਗਏ ਸ਼ਾਸਕ ਗੋਰੇ
ਆਪਣੇ ਹੀ ਵਰਗਿਆਂ ਨੂੰ,
ਲਗਦਾ ਸੀ ਜ਼ੁਲਮ
ਹਿਸਾਬੋ-ਬੇਹਿਸਾਬ ਹੋ ਗਏ।
ਵੰਡ ਗਏ ਦੇਸ ਨੂੰ,
ਬੀਜ ਬੋ ਦਿਲਾਂ 'ਚ ਨਫਰਤ ਦੇ,
ਧਰਮੀ ਠੇਕੇਦਾਰਾਂ ਦੇ ਸੀ
ਪੂਰੇ ਫੇਰ ਚਾਅ ਹੋ ਗਏ।
ਆਪਣੇ ਹੀ ਆਪਣਿਆਂ ਦੇ ਹੱਥੋਂ
ਗਏ ਲੁੱਟੇ-ਪੁੱਟੇ ਸੀ,
ਹੋਏ ਘਰੋ ਬੇਘਰ ਮਹਿਲ ਸੀ
ਸਭ ਢਾਹ ਹੋ ਗਏ।
ਬਣ ਗਏ ਗੁਲਾਮ ਅਸੀਂ
ਧਰਮ ਤੇ ਜਾਤਾਂ-ਪਾਤਾਂ ਦੇ,
ਪੜ੍ਹ-ਲਿਖ ਕਰ ਵੀ ਕਿਉਂ
ਬੇਵੱਸ ਤੇ ਲਾਚਾਰ ਹੋ ਗਏ।
ਬਹੁਤੇ ਲੋਕੀਂ ਅੱਜ ਵੀ ਭੁੱਖੇ ਪੇਟ
ਸੜਕਾਂ 'ਤੇ ਸੌਂ ਜਾਂਦੇ,
ਉਂਜ ਭਾਵੇਂ ਦੇਸ ਨੂੰ ਆਜ਼ਾਦ ਹੋਇਆਂ
72 ਸਾਲ ਹੋ ਗਏ।
ਲੱਗਦਾ, ਰਹੀ ਨਾ ਸੋਚ ਲੀਡਰਾਂ 'ਚ
ਦੇਸ਼ ਭਗਤੀ ਵਾਲੀ,
ਤਾਂਹੀਓਂ ਬੁਰਾਈਆਂ ਵਾਲੇ
ਦੈਂਤ ਵੀ ਬੇ-ਲਗਾਮ ਹੋ ਗਏ।
ਭੁੱਲ ਗਏ ਨੇ ਮੁੱਦੇ ਸਭ
ਭ੍ਰਿਸ਼ਟਾਚਾਰ ਤੇ ਮਹਿੰਗਾਈ ਦੇ,
ਪਰ ਗਊ ਰੱਖਿਆ ਵਰਗੇ ਮੁੱਦੇ
ਆਮ ਤੋਂ ਖਾਸ ਹੋ ਗਏ।
ਆਓ, ਪਾਈਏ ਆਜ਼ਾਦੀ ਲੜ ਕੇ
ਖਿਲਾਫ ਅਗਿਆਨ ਦੇ,
ਮਿਟਾ ਕੇ ਸਭ ਜਾਤਾਂ-ਪਾਤਾਂ,
ਕਹੀਏ ਹੁਣ ਆਜ਼ਾਦ ਹੋ ਗਏ।
'ਮਨਦੀਪ' ਵੇਚ ਕੇ ਜਮੀਰਾਂ
ਐਵੇਂ ਨਾ ਪਾਈਏ ਵੋਟ ਕਿਸੇ ਨੂੰ,
ਜਿੱਥੋਂ ਦੀ ਜਨਤਾ ਹੋਵੇ ਜਾਗਰੂਕ
ਉਹ ਦੇਸ਼ ਆਬਾਦ ਹੋ ਗਏ।

*-ਮਨਦੀਪ ਗਿੱਲ ਧੜਾਕ*

---

## ਨਾਈ-ਭੂਤ

ਗੁੱਤਾਂ ਮੁੰਨੀਆਂ ਦੇ ਚਰਚੇ ਸ਼ੁਰੂ ਹੋ ਗਏ
ਵਾਹਵਾ ਮੱਚਿਆ ਦੇਸ਼ ਵਿਚ ਸ਼ੋਰ ਲੱਗਦੈ।
ਕਈ ਥਾਂਵਾਂ 'ਤੇ ਖੁਦ ਪਰਿਵਾਰ ਵਾਲੇ
'ਨਾਈ', ਨਹੀਂ ਬੇਗਾਨਾ ਕੋਈ ਹੋਰ ਲੱਗਦੈ।
ਉਸੇ ਖੇਤਰ ਵਿਚ ਗੁੱਤਾਂ ਜਾਣ ਮੁੰਨੀਆਂ
ਪਲੜਾ ਅਕਲ ਦਾ ਜਿੱਥੇ ਕਮਜ਼ੋਰ ਲੱਗਦੈ।
ਪਹਿਰੇ ਚਿੱਟਿਆਂ ਭੂਤਾਂ 'ਤੇ ਲਾਏ ਲੋਕਾਂ
ਨੀਲਾ, ਗੇਰੂਆ ਨਾ ਹੁਣ ਚੋਰ ਲੱਗਦੈ।
ਭੂਤ ਖੇਤਾਂ ਵਿਚ ਕਰਜੇ ਦਾ ਫਿਰੇ ਨੱਚਦਾ
ਸੰਕਟ ਜੱਟਾਂ 'ਤੇ ਛਾਇਆ ਘਨਘੋਰ ਲੱਗਦੈ।
ਜਿੰਨ-ਭੂਤ ਨਾਲ ਲਊਗਾ 'ਗਿੱਲ' ਪੰਗਾ
ਗੋਰੇ ਟਰੰਪ ਵਰਗਾ ਜੋ ਮੂੰਹ ਜੋਰ ਲੱਗਦੈ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

# ਜੋ ਕਿਛੁ ਪਾਇਆ ਸੁ ਏਕਾ ਵਾਰ

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

'ਵਾਰ' ਪੰਜਾਬੀ ਦਾ ਬਹੁਅਰਥਕ ਸ਼ਬਦ ਹੈ। ਇਸ ਦਾ ਇਕ ਰੁਪਾਂਤਰ ਜਾਂ ਕਹਿ ਲਵੋ ਭਿੰਨ ਉਚਾਰਣ 'ਬਾਰ' ਵੀ ਹੈ ਜੋ ਉਪ ਭਾਸ਼ਾਈ ਭਿੰਨਤਾ ਕਾਰਨ ਵੀ ਹੈ ਅਤੇ ਫਾਰਸੀ ਉਰਦੂ ਦੇ ਪ੍ਰਭਾਵ ਕਾਰਨ ਵੀ। ਇਸ ਸ਼ਬਦ ਦੇ ਕੁਝ ਹੋਰ ਰੁਪਾਂਤਰ ਵੀ ਹਨ ਪਰ ਉਨ੍ਹਾਂ ਦੀ ਗੱਲ ਵਿਚ ਵਿਚ ਹੁੰਦੀ ਰਹੇਗੀ। ਬਹੁਅਰਥਕ ਸ਼ਬਦ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕ, ਜਿਨ੍ਹਾਂ ਦਾ ਮੁੱਢ ਜਾਂ ਮੂਲ ਇਕੋ ਹੁੰਦਾ ਹੈ ਪਰ ਸਮਾਂ ਪੈ ਕੇ ਅਰਥਾਂ ਵਿਚ ਵਿਸਥਾਰ ਹੋ ਗਿਆ ਹੁੰਦਾ ਹੈ। ਦੂਜਾ, ਜਿਨ੍ਹਾਂ ਦਾ ਮੁੱਢ ਭਿੰਨ ਹੁੰਦਾ ਹੈ ਪਰ ਸਮਾਂ ਪਾ ਕੇ ਉਚਾਰਣ ਕਿਸੇ ਹੋਰ ਮੂਲ ਵਾਲੇ ਸ਼ਬਦ ਦੇ ਸਮਾਨ ਹੋ ਗਿਆ ਹੁੰਦਾ ਹੈ। ਕਈ ਵਾਰੀ ਕਿਸੇ ਹੋਰ ਭਾਸ਼ਾ ਤੋਂ ਉਧਾਰੇ ਲਏ ਸ਼ਬਦ ਦਾ ਰੂਪ ਵੀ ਕਿਸੇ ਹੋਰ ਸ਼ਬਦ ਨਾਲ ਸਮਾਨ ਹੋ ਸਕਦਾ ਹੈ, ਅਜਿਹੇ ਸ਼ਬਦਾਂ ਨੂੰ ਸਮਨਾਮ ਜਾਂ ਸਮਰੂਪਕ ਸ਼ਬਦ ਵੀ ਕਿਹਾ ਜਾਂਦਾ ਹੈ। ਮਿਸਾਲ ਵਜੋਂ ਤੀਰ: 1. ਬਾਣ 2. ਕਿਨਾਰਾ; ਬਾਲ: 1. ਬੱਚਾ 2. (ਅੰਗਰੇਜ਼ੀ ਵਲੋਂ) ਗੇਂਦ। ਵਾਰ ਸ਼ਬਦ ਦੋਨੋਂ ਕੋਟੀਆਂ ਵਿਚ ਆਉਂਦਾ ਹੈ।

ਪਹਿਲੀ ਕਿਸਮ ਦੇ 'ਵਾਰ' ਦੀ ਵਿਆਖਿਆ ਕਰਦੇ ਹਾਂ। ਵਾਰ ਸ਼ਬਦ ਦਾ ਮੁੱਖ ਅਰਥ ਦਫਾ, ਮਰਤਬਾ ਹੈ ਜਿਵੇਂ 'ਤੈਨੂੰ ਕਿੰਨੀ ਵਾਰ ਕਿਹਾ...', 'ਜੋ ਕਿਛੁ ਪਾਇਆ ਸੁ ਏਕਾ ਵਾਰ॥' (ਗੁਰੂ ਨਾਨਕ)। ਕਿੰਨੀ ਵਾਰ ਦੇ ਅਰਥ ਵਿਚ ਵਾਰ ਵਾਰ, ਬਾਰ ਬਾਰ ਜਾਂ ਬਾਰੰਬਾਰ ਉਕਤੀਆਂ ਵੀ ਵਰਤੀਆਂ ਜਾਂਦੀਆਂ ਹਨ। ਕਹਾਵਤ ਹੈ, ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹਦੀ। ਇਸ ਦਾ ਅਗਲਾ ਅਰਥ ਹੈ, ਵਾਰੀ ਜੋ ਖੁਦ ਇਸ ਵਾਰ ਸ਼ਬਦ ਦਾ ਹੀ ਰੁਪਾਂਤਰ ਹੈ, "ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥" (ਗੁਰੂ ਅਰਜਨ ਦੇਵ)

'ਹੁਣ ਤੇਰੀ ਵਾਰੀ ਹੈ।' 'ਵਾਰ ਵਾਰ' ਤੇ 'ਵਾਰੀ ਵਾਰੀ' ਦੇ ਅਰਥਾਂ ਵਿਚ ਫਰਕ ਇਨ੍ਹਾਂ ਵਾਕਾਂ ਤੋਂ ਸਮਝਿਆ ਜਾ ਸਕਦਾ ਹੈ: 'ਵਾਰ ਵਾਰ ਖੇਡੋ' ਤੇ 'ਵਾਰੀ ਵਾਰੀ ਖੇਡੋ।' ਵਾਰ ਸ਼ਬਦ ਦਾ ਇਕ ਹੋਰ ਅਹਿਮ ਅਰਥ ਹੈ, ਦਿਨ ਜਾਂ ਰੋਜ਼, 'ਬੌਂਦਲੇ ਹੋਏ ਬੰਦੇ ਨੂੰ ਤਿਥ-ਵਾਰ ਦਾ ਚੇਤਾ ਕਿੱਥੇ ਰਹਿੰਦੈ।' ਇਹ ਆਮ ਤੌਰ 'ਤੇ ਸਮਾਸੀ ਰੂਪ ਵਿਚ ਹੀ ਆਉਂਦਾ ਹੈ ਜਿਵੇਂ ਹਫਤੇ ਦੇ ਦਿਨਾਂ ਦੇ ਨਾਂਵਾਂ ਵਿਚ ਪਿਛੇਤਰ ਦੇ ਤੌਰ 'ਤੇ-ਐਤਵਾਰ, ਸੋਮਵਾਰ, ਮੰਗਲਵਾਰ ਆਦਿ। ਇਥੇ ਸੂਰਜ ਜਾਂ ਕਿਸੇ ਗ੍ਰਹਿ ਅਧੀਨ ਵਾਰੀ ਸਿਰ ਆ ਰਹੇ ਦਿਨ ਤੋਂ ਭਾਵ ਹੈ। ਮਿਸਾਲ ਵਜੋਂ ਮੰਗਲਵਾਰ ਦਾ ਭਾਵ ਹੈ, ਮੰਗਲ ਗ੍ਰਹਿ ਦੀ ਵਾਰੀ ਦਾ ਦਿਨ। 'ਵਾਰ ਐਤਵਾਰ' ਦਾ ਅਰਥ ਹੈ ਸਨਿਚਰਵਾਰ ਅਤੇ ਐਤਵਾਰ। ਅੰਗਰੇਜ਼ੀ ਵੀਕਐਂਡ ਲਈ ਇਹ ਇਕ ਢੁਕਵਾਂ ਪੰਜਾਬੀ ਸ਼ਬਦ ਹੈ।



ਵਾਰ ਦਾ ਅਗਲਾ ਅਰਥ ਹੈ-ਓੜਕ, ਅੰਤ। "ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ॥" (ਗੁਰੂ ਅਮਰਦਾਸ)। ਇਸ ਦਾ ਇਕ ਅਰਥ ਹੈ-(ਖਾਸ ਤੌਰ 'ਤੇ ਨਿਸਚਿਤ) ਸਮਾਂ, ਵਕਤ, ਮੌਕਾ, ਅਵਸਰ, ਵੇਲਾ। "ਨਾਨਕ ਸਿਝਿ ਇਵੇਹਾ ਵਾਰ॥" (ਗੁਰੂ ਅਰਜਨ ਦੇਵ); "ਬਿਨਸਿ ਜਾਇ ਖਿਨ ਵਾਰ॥" (ਗੁਰੂ ਅਮਰਦਾਸ)। "ਬਾਰ ਅੰਤ ਕੀ ਹੋਇ ਸਹਾਇ॥" (ਗੁਰੂ ਤੇਗ ਬਹਾਦਰ)।

ਦੋ ਧਿਰਾਂ ਦੀ ਲੜਾਈ ਵਿਚ ਇਕ ਧਿਰ ਵਲੋਂ ਕੀਤਾ ਹਮਲਾ, ਪ੍ਰਹਾਰ ਜਾਂ ਚੋਟ ਨੂੰ ਵੀ ਵਾਰ ਕਿਹਾ ਜਾਂਦਾ ਹੈ, "ਕਰਲਿਹੁ ਵਾਰ ਪ੍ਰਥਮ ਬਲ ਧਰਕੈ॥", 'ਛੂ ਮੰਤਰ ਕੀ ਡਾਲੀ ਡਾਲੀ, ਆਪਣਾ ਵਾਰ ਨਾ ਜਾਏ ਖਾਲੀ।' 'ਵਾਰ ਖਾਲੀ ਜਾਣਾ' ਮੁਹਾਵਰਾ ਵੀ ਹੈ। ਇੱਟਾਂ ਦੀ ਚਿਣਾਈ ਦੇ ਪ੍ਰਸੰਗ ਵਿਚ ਵਾਰ ਸ਼ਬਦ ਤੋਂ ਮੁਰਾਦ ਹੈ, ਰਦਾ।

ਵਾਰ ਸ਼ਬਦ ਦੇ ਉਪਰੋਕਤ ਅਰਥਾਂ ਤੋਂ ਨਤੀਜਾ ਕਢਿਆ ਜਾ ਸਕਦਾ ਹੈ ਕਿ ਸਭ ਵਿਚ ਦੁਹਰਾਉ, ਇਕ ਪਿਛੋਂ ਦੂਜੀ ਕ੍ਰਿਆ ਹੋਣ ਦਾ ਭਾਵ ਨਿਹਿਤ ਹੈ। ਇਸ ਅਰਥ ਵਿਚ ਵਾਰ ਸ਼ਬਦ ਪਿਛੇ 'ਵ੍ਰਿ' ਧਾਤੂ ਕੰਮ ਕਰ ਰਿਹਾ ਹੈ। ਇਸ ਧਾਤੂ ਵਿਚ ਹੋਰਨਾਂ ਤੋਂ ਇਲਾਵਾ ਘੇਰਨ, ਫੇਰਨ, ਲਪੇਟਣ, ਮੋੜਨ, ਘੁੰਮਣ, ਆਵਰਤਨ ਆਦਿ ਦਾ ਭਾਵ ਹੈ। ਅਜਿਹੇ ਭਾਵਾਂ ਤੋਂ ਹੀ ਦੁਹਰਾਉਣ ਦਾ ਅਰਥ ਵਿਕਸਿਤ ਹੁੰਦਾ ਹੈ। ਘੁਮਾਉ ਨਾਲ ਕੋਈ ਵਸਤੂ ਜਾਂ ਵਰਤਾਰਾ ਮੁੜ ਆਪਣੇ ਸਥਾਨ 'ਤੇ ਆ ਜਾਂਦਾ ਹੈ। ਇਸ ਲਈ ਵਾਰ ਦਾ ਅਰਥ ਮੁੜ ਉਸੇ ਅਵਸਥਾ ਵਿਚ ਆਉਣ, ਚੱਕਰ ਕੱਟਣ ਦਾ ਹੈ। ਇੱਟਾਂ ਦਾ ਰਦਾ ਮੁੜ ਮੁੜ ਉਸੇ ਸਥਾਨ ਤੋਂ ਸ਼ੁਰੂ ਹੁੰਦਾ ਹੈ ਭਾਵੇਂ ਹਰ ਵਾਰ ਇਕ ਦਰਜਾ ਉਚਾ ਹੋ ਜਾਂਦਾ ਹੈ। ਕਾਲ ਜਾਂ ਸਮਾਂ ਇਕ ਅਜਿਹਾ ਵਰਤਾਰਾ ਹੈ ਜਿਸ ਨੂੰ ਦੁਹਰਾਉ ਦੇ ਤੌਰ 'ਤੇ ਮਹਿਸੂਸ ਕੀਤਾ ਜਾਂਦਾ ਹੈ। ਵਾਰ ਵਾਰ ਉਹੀ ਰੁੱਤਾਂ ਆਉਂਦੀਆਂ ਹਨ, ਉਹੀ ਸਾਲ, ਮਹੀਨੇ, ਦਿਨ ਆਉਂਦੇ ਹਨ। ਇਸ ਲਈ ਹਫਤੇ ਦੇ ਦਿਨ ਲਈ ਵਾਰ ਸ਼ਬਦ ਰੂੜ ਹੋ ਗਿਆ ਹੈ।

ਲੜਾਈ ਦੇ ਹੀ ਪ੍ਰਸੰਗ ਵਿਚ ਵਾਰ ਦਾ ਇਕ ਅਰਥ ਉਹ ਕਾਵਿ ਹੈ ਜਿਸ ਵਿਚ ਕਿਸੇ ਜੰਗ ਵਿਚ ਦਿਖਾਈ ਗਈ ਵੀਰਤਾ ਦਾ ਬਿਰਤਾਂਤ ਹੋਵੇ। ਮਿਸਾਲ ਵਜੋਂ ਚੰਡੀ ਦੀ ਵਾਰ, ਨਜਾਬਤ ਦੀ ਵਾਰ। 'ਮਹਾਨ ਕੋਸ਼' ਅਨੁਸਾਰ ਵਾਰ ਸ਼ਬਦ ਦਾ ਅਰਥ "ਪੌੜੀ (ਨਿ:ਸ਼੍ਰੇਣੀ) ਛੰਦ ਭੀ ਹੋ ਗਿਆ ਹੈ, ਕਿਉਂਕਿ ਯੋਧਿਆਂ ਦੀ ਸੂਰਵੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ। ਦੇਖੋ, ਆਸਾ ਦੀ ਵਾਰ ਦੇ ਮੁੱਢ ਪਾਠ- "ਵਾਰ ਸਲੋਕਾਂ ਨਾਲਿ।" ਇਸ ਥਾਂ "ਵਾਰ" ਸ਼ਬਦ ਪੌੜੀ ਅਰਥ ਵਿਚ ਹੈ।" ਗ.ਸ. ਰਿਆਲ ਦਾ ਵਿਚਾਰ ਹੈ ਕਿ ਇਹ ਸ਼ਬਦ ਵਾਰਤਾ ਸ਼ਬਦ ਦਾ ਵਿਕਸਿਤ ਰੂਪ ਹੈ। ਕਵਿਤਾ ਵਿਚ ਸ਼ਬਦਾਂ, ਭਾਵਾਂ, ਤਾਲ, ਲੈਅ ਆਦਿ ਦਾ ਦੁਹਰਾਉ ਹੁੰਦਾ ਹੈ। ਜਿਵੇਂ ਅਸੀਂ ਦੇਖਿਆ ਹੈ, ਵਾਰ ਸ਼ਬਦ ਇਸ ਭਾਵ ਨੂੰ ਹੀ ਸਮੋਂਦਾ ਹੈ। ਸੋ, ਸੰਭਵ ਹੈ, ਵਾਰ ਸ਼ਬਦ ਵੀਰ-ਕਾਵਿ ਲਈ ਰੂੜ ਹੋ ਗਿਆ ਹੋਵੇ।

ਹਮਲਾ, ਪ੍ਰਹਾਰ ਦੇ ਅਰਥਾਂ ਵਿਚ ਵਾਰ ਤੋਂ ਮੁਰਾਦ ਹੈ-ਵਾਰੀ ਸਿਰ ਜਾਂ ਜਵਾਬੀ ਤੌਰ 'ਤੇ ਮਾਰੀ ਸੱਟ। ਇਸ ਤਰ੍ਹਾਂ ਵਾਰ ਵਿਚ ਇਕ ਤਰ੍ਹਾਂ ਮੁਕਾਬਲੇ ਜਾਂ ਟਾਕਰੇ ਦਾ ਭਾਵ ਆ ਜਾਂਦਾ ਹੈ ਜੋ ਹੋਰ ਅੱਗੇ ਜਾ ਕੇ ਬਰਾਬਰ ਦੇ ਭਾਵ ਦੇਣ ਲਗਦਾ ਹੈ। ਵਾਰ ਕਰਨਾ ਨੂੰ ਅਸੀਂ ਬਰਾਬਰ ਮਾਰਿਆ ਵੀ ਕਹਿ ਸਕਦੇ ਹਾਂ। ਅੰਗਰੇਜ਼ੀ ਸ਼ਬਦ ਵਾਰ (War) ਦਾ ਅਰਥ ਯੁੱਧ, ਜੰਗ ਜਾਂ ਲੜਾਈ ਹੈ। ਕਦੇ ਕਦਾਈਂ ਅਸੀਂ ਪੰਜਾਬੀ ਵੀ ਇਹ ਸ਼ਬਦ ਵਰਤ ਲੈਂਦੇ ਹਾਂ ਜਿਵੇਂ 'ਵਰਲਡ ਵਾਰ' ਵਿਚ। ਪਰ ਪੰਜਾਬੀ ਵਾਰ ਸ਼ਬਦ ਦੇ ਪਿਛੇ ਚਰਚਿਤ ਹਮਲਾ, ਪ੍ਰਹਾਰ ਆਦਿ ਵਾਲੇ ਅਰਥ ਤੋਂ ਇਸ ਨੂੰ ਸਮਾਨ ਧੁਨੀ ਦੇ ਆਧਾਰ 'ਤੇ ਹੀ ਅੰਗਰੇਜ਼ੀ War ਨਾਲ ਇਕੋ ਸ੍ਰੋਤ ਵਾਲੇ ਸ਼ਬਦ ਕਰਾਰ ਦੇਣਾ ਵੱਡੀ ਭੁੱਲ ਹੈ, ਜਿਵੇਂ ਗੁਰਬਾਣੀ ਵਿਦਵਾਨ ਹਰਭਜਨ ਸਿੰਘ ਦੇਹਰਾਦੂਨ ਨੇ ਕੀਤਾ ਹੈ। ਅਜਿਹਾ ਨਿਰਣਾ ਦੇਣ ਤੋਂ ਪਹਿਲਾਂ ਵਿਚਾਰ ਕਰਨਾ ਚਾਹੀਦਾ ਹੈ ਕਿ ਅੰਗਰੇਜ਼ੀ ਸ਼ਬਦ ਦਾ ਵੀ ਕੋਈ ਆਪਣਾ ਇਤਿਹਾਸ ਹੋ ਸਕਦਾ ਹੈ ਤੇ ਉਸ ਦਾ ਪੁਰਾਣਾ ਰੂਪ ਵਰਤਮਾਨ ਤੋਂ ਵੱਖਰਾ ਹੋ ਸਕਦਾ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਸ਼ਬਦ ਦਾ ਰੂਪ ਸੀ Wyrre ਜਾਂ Were ਜੋ ਅੱਗੋਂ ਪੁਰਾਣੀ ਉਤਰੀ ਫਰਾਂਸੀਸੀ ਦੇ ਅਜਿਹੇ ਰੂਪ ਤੋਂ ਅਪਨਾਇਆ ਗਿਆ ਸੀ। ਇਹ ਸ਼ਬਦ ਹੋਰ ਅੱਗੋਂ ਇਕ ਜਰਮੈਨਿਕ ਭਾਸ਼ਾ ਫਰੈਂਕਿਸ਼ ਦੇ ਸ਼ਬਦ Werra ਤੋਂ ਲਿਆ ਗਿਆ ਹੈ ਜੋ ਅੰਤਮ ਤੌਰ 'ਤੇ ਪ੍ਰਾਕ-ਜਰਮੈਨਿਕ ਮੂਲ Werz-a- ਤੋਂ ਉਗਮਿਆ ਹੈ। ਪੁਰਾਣੀ ਫਰਾਂਸੀਸੀ ਨੇ ਇਹ ਸ਼ਬਦ Guerre ਦੇ ਰੂਪ ਵਿਚ ਅਪਨਾਇਆ। ਆਧੁਨਿਕ ਫਰਾਂਸੀਸੀ ਵਿਚ ਵੀ ਇਹੋ ਰੂਪ ਹੈ। ਪੁਰਾਣੀ ਫਰਾਂਸੀਸੀ ਵਿਚ ਇਸ ਤੋਂ ਬਣੇ ਕੋਈ 200 ਦੇ ਕਰੀਬ ਸ਼ਬਦ ਹਨ। ਇਸ ਦਾ ਭਾਰੋਪੀ ਮੂਲ Wers ਕਲਪਿਆ ਗਿਆ ਹੈ ਜਿਸ ਵਿਚ ਮੁਢਲਾ ਭਾਵ ਗੜਬੜਾਉਣਾ, ਖਲਤ-ਮਲਤ ਕਰਨ ਦਾ ਹੈ। ਗੌਰਤਲਬ ਹੈ ਕਿ ਸਪੈਨਿਸ਼, ਪੁਰਤਗੀਜ਼ ਅਤੇ ਇਤਾਲਵੀ ਭਾਸ਼ਾਵਾਂ ਵਿਚ ਇਸ ਦਾ ਰੂਪ Guerra ਜਿਹਾ ਹੀ ਹੈ। ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਸਪੈਨਿਸ਼ ਤੋਂ ਅੰਗਰੇਜ਼ੀ ਵਿਚ ਦਾਖਲ ਹੋਏ ਸ਼ਬਦ ਗੁਰੀਲਾ ਵਿਚ ਸਪਸ਼ਟ ਤੌਰ 'ਤੇ Guerra ਝਲਕਦਾ ਹੈ। ਅੰਗਰੇਜ਼ੀ ਸ਼ਬਦ Worse ਅਤੇ Worst ਜੋ ਅੱਜ ਕਲ੍ਹ Bad ਅਤੇ Evil ਦੇ ਦੂਜੀ ਅਤੇ ਤੀਜੀ ਡਿਗਰੀ ਦੇ ਸ਼ਬਦ ਸਮਝੇ ਜਾਂਦੇ ਹਨ, ਅਸਲ ਵਿਚ ਇਸੇ ਮੂਲ ਤੋਂ ਉਪਜੇ ਹਨ।

---

## ਪਾਠਕ ਮੰਚ

# 'ਸਿਰ ਦਸਤਾਰ, ਗੁੱਟ 'ਤੇ ਧਾਗਾ'

**ਮਾਨਯੋਗ ਸੰਪਾਦਕ ਜੀਓ,**

ਪੰਜਾਬ ਟਾਈਮਜ਼ ਦੇ 26 ਅਗਸਤ ਦੇ ਪਰਚੇ ਵਿਚ ਬੀਬੀ ਗੁਰਜੀਤ ਕੌਰ ਦਾ ਲੇਖ 'ਸਿਰ ਦਸਤਾਰ, ਗੁੱਟ 'ਤੇ ਧਾਗਾ' ਪੜ੍ਹਿਆ ਜਿਸ ਵਿਚ ਉਨ੍ਹਾਂ ਠੋਸ ਦਲੀਲਾਂ ਤੇ ਗੁਰਬਾਣੀ ਦੇ ਹਵਾਲਿਆਂ ਨਾਲ ਰੱਖੜੀ ਬੰਧਨ ਦੇ ਰਿਵਾਜ਼ ਦਾ ਖੰਡਨ ਕੀਤਾ ਹੈ ਤੇ ਇਸ ਨੂੰ ਵਿਵੇਕ ਦੀ ਕਸੌਟੀ 'ਤੇ ਪਰਖਦਿਆਂ ਅਰਥਹੀਣ ਤੇ ਪਿਛਾਂਹ ਖਿੱਚੂ ਸੋਚ ਦਾ ਪ੍ਰਤੀਕ ਦੱਸਿਆ ਹੈ। ਉਨ੍ਹਾਂ ਅਨੁਸਾਰ ਇਕ ਬ੍ਰਾਹਮਣਵਾਦੀ ਪ੍ਰਥਾ ਹੈ ਤੇ ਅਜੋਕੇ ਸਮਾਜ, ਖਾਸ ਕਰ ਸਿੱਖਾਂ ਵਿਚ ਇਹ ਮਨਾਉਣ ਦੀ ਕੋਈ ਤੁਕ ਨਹੀਂ।

ਬੀਬੀ ਜੀ ਨੇ ਸਰਲ ਪਰ ਸਪਸ਼ਟ ਸ਼ਬਦਾਂ ਵਿਚ ਇਸ ਗੱਲ 'ਤੇ ਜੋਰ ਦਿੱਤਾ ਹੈ ਕਿ ਇਕ ਸਭਿਅ ਸਮਾਜ ਵਿਚ ਅੰਧ-ਵਿਸ਼ਵਾਸ ਤੇ ਪਖੰਡ ਲਈ ਕੋਈ ਥਾਂ ਨਹੀਂ। ਸਮਾਜਿਕ ਰਹੁ-ਰੀਤਾਂ ਤੇ ਤਿਉਹਾਰਾਂ ਦਾ ਨਿਰਣਾ ਵੀ ਤਰਕ-ਸੰਗਤ ਢੰਗ ਨਾਲ ਹੋਣਾ ਚਾਹੀਦਾ ਹੈ। ਤਰਕ ਰਹਿਤ ਕਾਰਜ ਮਨੁੱਖ ਦੀ ਸੋਚ ਨੂੰ ਡਾਵਾਂਡੋਲ ਕਰਦੇ ਹਨ। ਇਹ ਸਹੀ ਜਾਪਦਾ ਹੈ।

ਸਾਡੀ ਨੌਜਵਾਨ ਵਿਦਵਾਨ ਪੀੜ੍ਹੀ ਵਿਚ ਅਜਿਹੀ ਵਿਵੇਕਸ਼ੀਲ ਸੋਚ ਦਾ ਪੈਦਾ ਹੋਣਾ ਇਕ ਵਧੀਆ ਰੁਝਾਨ ਹੈ ਜਿਸ ਦੀ ਹਰ ਕਾਲ ਵਿਚ ਬੜੀ ਮਹੱਤਤਾ ਰਹੀ ਹੈ। ਪਰ ਅੱਜ ਦੇ ਪੱਛੜੇ ਭਾਰਤੀ ਸਮਾਜ ਵਿਚ ਜੋ ਸਦੀਆਂ ਤੋਂ ਦਕੀਆਨੂਸੀ ਵਿਚਾਰਧਾਰਾਵਾਂ ਨਾਲ ਜੂਝ ਰਿਹਾ ਹੈ, ਵਿਚ ਅਜਿਹੇ ਵਿਚਾਰਾਂ ਦੀ ਅਤਿਅੰਤ ਲੋੜ ਹੈ। ਜੇ ਗੁਰੂ ਨਾਨਕ ਨੇ ਪੰਜ ਸੌ ਸਾਲ ਪਹਿਲਾਂ ਜਨੇਊ ਦੇ ਸੂਤ ਨੂੰ ਨਿਰਾਰਥਕ ਕਹਿ ਕੇ ਸੌ ਦੀ ਇਕ ਸੁਣਾ ਦਿਤੀ ਸੀ ਤਾਂ ਅੱਜ ਵੀ ਇਹ ਸਮਾਜ ਰੱਖੜੀ ਦੇ ਧਾਗਿਆਂ ਵਿਚ ਕਿਉਂ ਉਲਝ ਰਿਹਾ ਹੈ? ਭੈਣ ਦੇ ਕੁਦਰਤੀ ਰਿਸ਼ਤੇ ਦੀ ਪਵਿਤਰਤਾ ਨੂੰ ਵਿਸ਼ਵਵਿਆਪੀ ਮਾਨਤਾ ਮਿਲੀ ਹੋਈ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਸਿਰਫ ਭਾਰਤ ਵਿਚ ਹੀ ਇਹ ਪਿਆਰ ਭਰਿਆ ਰਿਸ਼ਤਾ 'ਰੱਖੜੀ ਬੰਧਨ' ਜਿਹੇ ਵਾਧੂ ਸਾਲਾਨਾ ਰਿਵਾਜ਼ ਦਾ ਮੁਹਤਾਜ ਹੈ।

ਬੀਬੀ ਗੁਰਜੀਤ ਕੌਰ ਨੇ ਸਹੀ ਕਿਹਾ ਹੈ ਕਿ ਨੈਤਿਕ ਤੌਰ 'ਤੇ ਗਰਕ ਰਹੇ ਅਜੋਕੇ ਭਾਰਤੀ ਸਮਾਜ ਵਿਚ ਜਰੂਰਤ ਰੱਖੜੀ ਦੀ ਨਹੀਂ ਸਗੋਂ ਇਕ ਅਜਿਹੇ ਠੋਸ ਸਮਾਜੀਕਰਣ ਦੀ ਹੈ ਜਿਸ ਰਾਹੀਂ ਸਮੁੱਚੀ ਇਸਤਰੀ ਜਾਤੀ ਦੇ ਮਾਣ ਸਨਮਾਨ ਦਾ ਪਾਠ ਅਰੰਭ ਤੋਂ ਹੀ ਮਨੁੱਖੀ ਮਨ ਦੀਆਂ ਅੰਦਰੂਨੀ ਤਹਿਆਂ ਵਿਚ ਵਸਾਇਆ ਜਾਵੇ। ਇਸ ਤਰ੍ਹਾਂ ਕਰਨ ਨਾਲ ਕਿਸੇ ਇਸਤਰੀ ਵਿਸ਼ੇਸ਼ ਦੀ ਰੱਖਿਆ ਲਈ ਵਿਸ਼ੇਸ਼ ਪ੍ਰਬੰਧਾਂ ਜਾਂ ਰਸਮਾਂ ਰਿਵਾਜਾਂ ਦਾ ਇੰਤਜ਼ਾਮ ਕਰਨਾ ਹੀ ਨਹੀਂ ਪਵੇਗਾ। ਸੁਰੱਖਿਆ ਕੇਵਲ ਭੈਣ ਦੀ ਹੀ ਨਹੀਂ ਸਗੋਂ ਮਾਂ, ਪਤਨੀ, ਧੀ, ਭਰਜਾਈ, ਭੂਆ, ਭਤੀਜੀ, ਸਹਿਪਾਠਣ, ਸਹਿਕਰਮਣ-ਭਾਵ ਸਮਾਜਿਕ ਪੱਧਰ 'ਤੇ ਹਰ ਇਸਤਰੀ ਦੀ ਬਰਾਬਰ ਅਤੇ ਨਿਸ਼ਚਿਤ ਤੌਰ 'ਤੇ ਹੋਣੀ ਲੋੜੀਂਦੀ ਹੈ। ਇਹ ਕੇਵਲ ਭਰਾਵਾਂ ਦਾ ਭੈਣਾਂ ਪ੍ਰਤੀ ਹੀ ਨਹੀਂ ਸਗੋਂ ਸਭ ਮਰਦਾਂ ਦਾ ਸਭ ਇਸਤਰੀਆਂ ਪ੍ਰਤੀ ਜਰੂਰੀ ਕਰਤੱਵ ਸਵੀਕਾਰ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਜਿਨ੍ਹਾਂ ਔਰਤਾਂ ਦੇ ਆਪਣੇ ਸਕੇ ਭਰਾ ਨਹੀਂ, ਉਹ ਵੀ ਨਿਰਵਿਘਨ ਆਪਣੇ ਨਾਰੀਪਣ ਦੀ ਸੁਤੰਤਰਤਾ ਮਾਣ ਸਕਣਗੀਆਂ।

ਬੀਬੀ ਜੀ ਇਹ ਸੰਦੇਸ਼ ਵੀ ਦੇਣਾ ਚਾਹੁੰਦੇ ਹਨ ਕਿ ਅੱਜ ਦੀ ਭੈਣ ਇੰਨੀ ਕਮਜ਼ੋਰ ਵੀ ਨਹੀਂ ਕਿ ਉਹ ਆਪਣੀ ਰੱਖਿਆ ਲਈ ਆਪਣੇ ਭਰਾ ਜਾਂ ਕਿਸੇ ਹੋਰ 'ਤੇ ਨਿਰਭਰ ਬਣੀ ਰਹੇ। ਅਜੋਕੇ ਸਮਾਜ ਵਿਚ ਸਮੁੱਚੀਆਂ ਸਮਾਜਿਕ ਸ਼ਕਤੀਆਂ ਦੇ ਨਾਲ ਨਾਲ ਉਹ ਜੂਡੋ-ਕਰਾਟੇ ਜਿਹੇ ਸਵੈ-ਰੱਖਿਆ ਦੇ ਆਧੁਨਿਕ ਢੰਗਾਂ ਦਾ ਸਹਾਰਾ ਵੀ ਲੈ ਸਕਦੀ ਹੈ। ਅਜਿਹੇ ਢੰਗ ਤਾਂ ਉਸ ਲਈ ਸਗੋਂ ਉਥੇ ਵੀ ਸਾਕਾਰ ਸਿੱਧ ਹੋ ਸਕਦੇ ਹਨ ਜਿਥੇ ਕੋਈ ਭਰਾ ਜਾਂ ਕੋਈ ਹੋਰ ਮਰਦ ਰਖਿਅਕ ਹਾਜਰ ਨਾ ਹੋਵੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਰੱਖੜੀ ਜਿਹੀਆਂ ਪ੍ਰਥਾਵਾਂ ਨੇ ਮਨੁੱਖੀ ਸੋਚ ਨੂੰ ਸੌੜਾ ਕਰਕੇ ਉਸ ਦੀਆਂ ਸੂਖਮ ਭਾਵਨਾਵਾਂ ਨੂੰ ਨਪੀੜ ਦਿਤਾ ਹੈ। ਇਸ ਕਾਰਨ ਅਜੋਕਾ ਭਾਰਤੀ ਮਨੁੱਖ ਆਪਣੇ ਕਿਰਦਾਰ ਨੂੰ ਸੰਪੂਰਨ ਸਮਾਜਿਕ ਪਰਿਪੇਖ ਵਿਚ ਦੇਖਣ ਦੇ ਅਸਮਰਥ ਹੋ ਗਿਆ ਹੈ। ਬੀਬੀ ਗੁਰਜੀਤ ਕੌਰ ਨੇ ਇਸ ਤੰਗ-ਦਾਇਰੀ ਸੋਚ ਦਾ ਤਰਕਪੂਰਣ ਤੇ ਵਜ਼ਨਦਾਰ ਢੰਗ ਨਾਲ ਵਿਰੋਧ ਕੀਤਾ ਹੈ, ਜੋ ਸਰਾਹੁਣਯੋਗ ਹੈ।

ਜਿਵੇਂ ਉਪਰ ਕਿਹਾ ਗਿਆ ਹੈ, ਵਿਵੇਕਸ਼ੀਲਤਾ ਦੀ ਗੱਲ ਕਰਦਿਆਂ ਬੀਬੀ ਜੀ ਨੇ ਕਈ ਥਾਂਈ ਰੱਖੜੀ ਪ੍ਰਥਾ ਦੇ ਬ੍ਰਾਹਮਣਵਾਦੀ ਮੂਲ ਦਾ ਜ਼ਿਕਰ ਕੀਤਾ ਹੈ। ਅਜਿਹਾ ਕਰਦਿਆਂ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਅਰਥ ਕੇਵਲ ਮਨੂਵਾਦ ਤੀਕਰ ਹੀ ਸੀਮਤ ਨਹੀਂ ਰੱਖੇ ਸਗੋਂ ਪਿਛਾਖੜੀ-ਵੈਦਿਕ ਕਾਲ ਤੋਂ ਹੁਣ ਤੀਕ ਦੀ ਹਰ ਰੂੜੀਵਾਦੀ ਸਮਾਜਕ ਸੋਚ ਨਾਲ ਜੋੜੇ ਹਨ। ਉਹ ਇਸ ਮੱਤ ਦੇ ਧਾਰਨੀ ਹਨ ਕਿ ਵਿਵੇਕਹੀਣ ਪਰੰਪਰਾਵਾਦ ਦਾ ਨਾਂ ਹੀ ਬ੍ਰਾਹਮਣਵਾਦ ਹੈ ਭਾਵੇਂ ਇਹ ਕਿਸੇ ਸਮੁਦਾਏ ਦੀ ਸੋਚ ਦਾ ਹਿੱਸਾ ਹੋਵੇ।

ਉਨ੍ਹਾਂ ਨੇ ਵਿਵੇਕਹੀਣ ਸੋਚ ਵਾਲੇ ਅਖੌਤੀ ਸਿੱਖਾਂ ਨੂੰ ਵੀ ਨਹੀਂ ਬਖਸ਼ਿਆ ਜੋ ਸਿਰ 'ਤੇ ਦਸਤਾਰ ਅਤੇ ਗੁੱਟ 'ਤੇ ਰੱਖੜੀ ਬੰਨਦੇ ਹਨ। ਅਜਿਹੇ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਪੀਹੜੇ ਦੇ ਪਾਵਿਆਂ ਨਾਲ ਰੱਖੜੀ ਬੰਨਣ ਵਿਚ ਵੀ ਫਖਰ ਮਹਿਸੂਸ ਕਰਦੇ ਹਨ। ਬੀਬੀ ਜੀ ਦੀ ਇਸ ਦਲੀਲ ਦੇ ਵਿਸਤ੍ਰਿਤ ਪਰਿਪੇਖ ਵਿਚ ਕਈ ਹੋਰ ਸਿੱਖੀ ਪਰੰਪਰਾਵਾਂ ਵੀ ਵਿਵੇਕਸ਼ੀਲਤਾ ਦੇ ਕਟਹਿਰੇ ਵਿਚ ਆ ਖੜ੍ਹਦੀਆਂ ਹਨ।

ਮਿਸਾਲ ਵਜੋਂ ਜੇ ਕਿਸੇ ਸਿੱਖ ਨੇ ਮਜ਼ਲੂਮਾਂ ਦੀ ਰੱਖਿਆ ਲਈ ਕਿਰਪਾਨ ਪਹਿਨੀ ਹੀ ਹੋਈ ਹੈ ਤਾਂ ਉਸ ਲਈ ਭੈਣ ਦੀ ਵਿਸ਼ੇਸ਼ ਰੱਖਿਆ ਲਈ ਗੁੱਟ 'ਤੇ ਰੱਖੜੀ ਬੰਨਣ ਦੀ ਕੀ ਲੋੜ ਹੈ? ਜੇ ਸਿੱਖ ਨੇ ਕਿਰਪਾਨ ਪਹਿਨ ਕੇ ਕਿਸੇ ਮਜ਼ਲੂਮ ਦੀ ਰੱਖਿਆ ਕਰਨੀ ਹੀ ਨਹੀਂ ਤਾਂ ਫਿਰ ਕਿਰਪਾਨ ਧਾਰਨ ਕਰਨ ਦਾ ਕੀ ਤਰਕ ਹੈ? ਜੇ ਛੋਟੇ ਬੱਚੇ ਤੇ ਨਾਬਾਲਗ ਵਿਅਕਤੀ ਉਮਰ ਅਨੁਸਾਰ ਸ਼ਸ਼ਤਰ ਚਲਾਉਣ ਦੇ ਯੋਗ ਹੀ ਨਹੀਂ ਤਾਂ ਉਨ੍ਹਾਂ ਨੂੰ ਹਥਿਆਰ ਪਹਿਨਾਉਣ ਦਾ ਕੀ ਭਾਵ ਹੈ? ਜੇ ਗੁਰਬਾਣੀ ਸਮਝ ਵਿਚ ਨਹੀਂ ਆਉਂਦੀ ਤਾਂ ਉਸ ਦੇ ਰੋਜ਼ਾਨਾ ਰਟਵੇਂ ਪਾਠ ਦਾ ਕੀ ਤਰਕ ਲਾਭ ਹੈ? ਜੇ ਕਿਸੇ ਨੇ ਗੁਰਬਾਣੀ ਸੁਣਨੀ ਹੀ ਨਹੀਂ ਤਾਂ ਪਾਠਾਂ ਤੇ ਅਖੰਡ ਪਾਠਾਂ ਦੇ ਚਲਾਉਣ ਦਾ ਕੀ ਕੰਮ ਹੈ?

ਬੀਬੀ ਜੀ ਨੇ ਇਨ੍ਹਾਂ ਕਈ ਪਹਿਲੂਆਂ 'ਤੇ ਪਹਿਲਾਂ ਹੀ ਅਸਰਦਾਰ ਦਲੀਲਾਂ ਦਿੱਤੀਆਂ ਹੋਈਆਂ ਹਨ ਜੋ 'ਪੰਜਾਬ ਟਾਈਮਜ਼' (23 ਜੁਲਾਈ 2016) ਵਿਚ ਅਖੰਡ ਪਾਠਾਂ ਬਾਰੇ ਉਨ੍ਹਾਂ ਦੇ ਇਕ ਲੇਖ ਵਿਚ ਅੰਕਿਤ ਹਨ।

ਫਿਰ ਵੀ ਬੀਬੀ ਗੁਰਜੀਤ ਕੌਰ ਦੀ ਵਿਵੇਕਸ਼ੀਲਤਾ ਦੀ ਦਲੀਲ ਪਿੱਛੇ ਇਹ ਖਦਸ਼ਾ ਛੁਪਿਆ ਜਾਪਦਾ ਹੈ ਕਿ ਕਿਤੇ ਬ੍ਰਾਹਮਣਵਾਦ ਦਾ ਪ੍ਰਭਾਵ ਸਿੱਖੀ ਨੂੰ ਢਾਹ ਨਾ ਲਾ ਦੇਵੇ। ਅਜਿਹੇ ਡਰ ਪਹਿਲਾਂ ਭਾਈ ਕਾਹਨ ਸਿੰਘ ਨਾਭਾ (ਹਮ ਹਿੰਦੂ ਨਹੀਂ) ਤੇ ਕੁਲਬੀਰ ਸਿੰਘ ਕੌੜਾ (...ਤੇ ਸਿੱਖ ਵੀ ਨਿਗਲਿਆ ਗਿਆ) ਸਮੇਤ ਕਈ ਹੋਰ ਸਿੱਖ ਵਿਦਵਾਨ ਵੀ ਪ੍ਰਗਟਾ ਚੁਕੇ ਹਨ ਜੋ ਹੌਲੀ ਹੌਲੀ ਸਾਰੇ ਸਿੱਖ ਵਿਦਵਾਨਾਂ ਦੇ ਮਨਾਂ ਵਿਚ ਘਰ ਕਰ ਰਹੇ ਹਨ। ਪ੍ਰੰਤੂ ਜੋ ਵਿਦਵਾਨ ਅਜਿਹਾ ਭਰਮ ਪਾਲ ਰਹੇ ਹਨ, ਉਨ੍ਹਾਂ ਨੇ ਜਾਂ ਤਾਂ ਗੁਰਬਾਣੀ ਨੂੰ ਅੱਛੀ ਤਰ੍ਹਾਂ ਪੜ੍ਹਿਆ ਨਹੀਂ ਤੇ ਜੇ ਪੜ੍ਹਿਆ ਹੈ ਤਾਂ ਇਸ ਨੂੰ ਸੰਜੀਦਗੀ ਨਾਲ ਸਮਝਿਆ ਨਹੀਂ ਜਾਪਦਾ। ਦਰਅਸਲ ਸਿੱਖ ਸਿਧਾਂਤ ਇੰਨਾ ਵਿਗਿਆਨਕ ਤੇ ਸੱਚਾ ਹੈ ਕਿ ਕਈ ਬ੍ਰਾਹਮਣਵਾਦ ਇੱਕਠੇ ਹੋ ਕੇ ਵੀ ਇਸ ਦਾ ਵਾਲ ਵਿੰਗਾ ਨਹੀਂ ਕਰ ਸਕਦੇ। ਇਥੋਂ ਤੀਕਰ ਕਿ ਜੇ ਇਹ ਬ੍ਰਹਿਮੰਡ ਸੌ ਵਾਰ ਫਨਾਹ ਹੋਵੇ ਤੇ ਸੌ ਵਾਰ ਮੁੜ ਉਸਰੇ ਤਾਂ ਵੀ ਇਸ ਦੀ ਸੱਚਾਈ 'ਤੇ ਕੋਈ ਆਂਚ ਨਹੀਂ ਆਵੇਗੀ। ਹਾਂ ਜੇ ਕੋਈ ਇਸ ਨੂੰ ਨਾ ਪੜ੍ਹੇ ਤੇ ਨਾ ਸਮਝੇ, ਫਿਰ ਤਾਂ ਡਰ ਘੇਰ ਹੀ ਲੈਣਗੇ।

ਇਹ ਵਿਚਾਰ ਮੈਂ ਇਸ ਲਈ ਪੇਸ਼ ਨਹੀਂ ਕਰ ਰਿਹਾ ਕਿ ਮੈਂ ਸਿੱਖ ਧਰਮ ਦਾ ਅਥਾਹ ਸ਼ਰਧਾਲੂ ਹਾਂ ਤੇ ਇਸ ਵਿਚ ਵਿਸ਼ਵਾਸ ਕਰਨਾ ਮੇਰੀ ਕੋਈ ਸੰਸਕਾਰੀ ਮਜ਼ਬੂਰੀ ਹੈ। ਮੇਰਾ ਵਿਚਾਰ ਮੇਰੀ 16 ਸਾਲਾਂ ਦੀ ਨਿਰੰਤਰ ਤੇ ਨਿਰਪੱਖ ਖੋਜ ਦਾ ਨਿਚੋੜ ਹੈ ਜੋ ਮੇਰੀ ਪੁਸਤਕ 'ਟਰੂਥ ਅਬੱਵ ਆਲ' (Truth Above All) ਵਿਚ ਦਰਜ ਹੈ। ਜੇ ਕਿਸੇ ਪਾਠਕ ਨੇ ਇਸ ਵਿਚਾਰ ਦੀ ਪੁਸ਼ਟੀ ਕਰਨੀ ਹੋਵੇ ਤਾਂ ਦੂਰ ਜਾਣ ਦੀ ਲੋੜ ਨਹੀਂ, ਇੰਨਾ ਤਾਂ ਉਹ ਕੇਵਲ ਜਪੁਜੀ ਸਾਹਿਬ ਦੀਆਂ ਅਠੱਤੀ ਪੌੜੀਆਂ ਨੂੰ ਹੀ ਭਾਵਪੂਰਣ ਢੰਗ ਨਾਲ ਪੜ੍ਹ ਕੇ ਕਰ ਸਕਦਾ ਹੈ।

ਪਰ ਅਜਿਹਾ ਕੋਈ ਕਰ ਵੀ ਕਿਵੇਂ ਸਕੇਗਾ? 'ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥' ਦੇ ਵਾਕ ਅਨੁਸਾਰ ਵਿਗਿਆਨ ਨੂੰ ਸਮਝਣ ਲਈ ਵਿਗਿਆਨਕ ਇਲਮ ਦੀ ਲੋੜ ਹੈ। ਬਹੁਤੇ ਸਿੱਖ ਵਿਦਵਾਨ ਤਾਂ ਵਿਗਿਆਨ ਤੋਂ ਉਕੇ ਹੀ ਕੋਰੇ ਹਨ। ਜਿਨ੍ਹਾਂ ਨੇ ਵਿਗਿਆਨਕ ਸਿਖਿਆ ਪ੍ਰਾਪਤ ਕੀਤੀ ਵੀ ਹੈ, ਉਹ ਵੀ ਇਸ ਦੀ ਵਰਤੋਂ ਨਹੀਂ ਕਰਦੇ। ਖਾਸ ਕਰਕੇ ਧਰਮ ਗ੍ਰੰਥਾਂ ਦੇ ਅਧਿਐਨ ਵੇਲੇ ਤਾਂ ਉਹ ਇਸ ਨੂੰ ਨੇੜੇ ਨਹੀਂ ਫਟਕਣ ਦਿੰਦੇ। ਸਿਖਿਆ ਤੇ ਸੰਸਕਾਰ ਹੀ ਅਜਿਹੇ ਹਨ ਕਿ ਉਨ੍ਹਾਂ ਨੂੰ ਧਰਮ ਤੇ ਵਿਗਿਆਨ ਵਿਚ ਅਮਿਟ ਟਕਰਾਓ ਨਜ਼ਰ ਆਉਂਦਾ ਹੈ।

ਇਸ ਲਈ ਸਿੱਖੀ ਦੇ ਸਭ ਪੈਰੋਕਾਰ ਇਸ ਨੂੰ ਦੂਜੇ ਕਰਮਕਾਂਡੀ ਧਰਮਾਂ ਵਰਗਾ ਹੀ ਮੰਨਦਿਆਂ ਹਰ ਗੱਲ ਵਿਚ ਉਨ੍ਹਾਂ ਦੀ ਰੀਸ ਜਾਂ ਉਨ੍ਹਾਂ ਨਾਲ ਮੁਕਾਬਲਾ ਕਰਦੇ ਦਿਖਾਈ ਦਿੰਦੇ ਹਨ। ਘਟੋ ਘਟ ਮੈਂ ਅਜੇ ਤੀਕਰ ਅਜਿਹਾ ਕੋਈ ਸਿੱਖ ਵਿਦਵਾਨ, ਰਾਗੀ, ਪਾਠੀ ਜਾਂ ਪ੍ਰਚਾਰਕ ਪੜ੍ਹਿਆ ਜਾਂ ਸੁਣਿਆ ਨਹੀਂ ਹੈ ਜਿਸ ਨੇ ਸਿੱਖੀ ਦੀ ਤਰਕਪੂਰਣ ਵਿਆਖਿਆ ਕੀਤੀ ਹੋਵੇ ਤੇ ਇਸ ਵਿਚਲੇ ਵਿਗਿਆਨ ਨੂੰ ਛੂਹਿਆ ਹੋਵੇ। ਉਹ ਸਿੱਖੀ ਦੀ ਮਹਾਨਤਾ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਉਨ੍ਹਾਂ ਨੂੰ ਇਸ ਦੀ ਅਸਲ ਮਹਾਨਤਾ ਦਾ ਪਤਾ ਹੀ ਨਹੀਂ ਹੈ।

ਅਜਿਹੇ ਸਿੱਖ ਵਿਦਵਾਨਾਂ ਦਾ ਕਈ ਤਰ੍ਹਾਂ ਦੇ ਭਰਮਾਂ ਤੇ ਸ਼ੰਕਿਆਂ ਦਾ ਸ਼ਿਕਾਰ ਹੋਣਾ ਸੁਭਾਵਿਕ ਹੈ। ਇਸ ਲਈ ਸਿੱਖੀ ਵਿਰਸੇ ਦੇ ਮਾਲਕਾਂ ਨੂੰ ਕਿਸੇ ਡਰ ਤੋਂ ਪ੍ਰੇਰਿਤ ਹੋ ਕੇ ਚਿੰਤਾਤੁਰ ਹੋਣ ਦੀ ਲੋੜ ਨਹੀਂ ਕਿਉਂਕਿ ਸਿੱਖ ਮੱਤ ਇਕ ਵਿਗਿਆਨਕ ਵਿਚਾਰਧਾਰਾ ਹੈ ਅਤੇ ਵਿਗਿਆਨ ਕਦੇ ਮਿਟਦਾ ਨਹੀਂ। ਲੋੜ ਕੇਵਲ ਗੁਰੂ ਸਾਹਿਬਾਨ ਜਿਹੀ ਉਚ-ਪੱਧਰੀ ਵਿਗਿਆਨਕ ਸੋਚ ਪੈਦਾ ਕਰਨ ਦੀ ਹੈ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਦੇ ਮੂਲ ਵਿਚਾਰਾਂ ਦੀ ਨਿੱਗਰਤਾ ਨੂੰ ਪਹਿਚਾਨਣ ਦੀ ਹੈ।

-ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

## ਦੇਹ ਤੋਂ ਸ਼ਬਦ

ਦੇਹ ਤੋਂ ਸ਼ਬਦਾਂ ਵੱਲ ਜਦੋਂ ਕੋਈ ਹਿਲਦਾ ਹੈ।
ਜੜ੍ਹ ਤੋਂ ਚੇਤਨ ਵੱਲ ਦਾ ਰਸਤਾ ਮਿਲਦਾ ਹੈ।
ਨਾ ਹੀ ਦੇਹ ਕੋਈ ਗੁਰੂ ਜਾਂ ਚੇਲਾ ਬਣਦੀ ਏ,
ਗਿਆਨ ਗੁਰੂ ਹੀ ਸੁਰਤ ਨੂੰ ਲੈ ਕੇ ਠਿਲ੍ਹਦਾ ਹੈ।
ਮਨ ਤਾਂ ਅਕਸਰ ਬਦਲ ਪੁਸ਼ਾਕਾਂ ਪਾਉਂਦਾ ਹੈ,
ਰੂਹ ਵਰਗਾ ਨਾ ਲੀੜਾ ਇਸ ਤੋਂ ਸਿਲਦਾ ਹੈ।
ਜਦ ਵੀ ਕੋਈ ਦੇਹ ਤੋਂ ਅੱਗੇ ਲੰਘਦਾ ਏ,
ਕਹੇ ਪੁਜਾਰੀ ਪੰਗਾ ਵਕਤੀ ਢਿੱਲ ਦਾ ਹੈ।
ਸੱਚ ਸੁਣਾਉਣੋਂ ਪਹਿਲਾਂ ਖੁਦ ਅਪਨਾਏ ਜੋ,
ਲੋਕੀਂ ਕਹਿਣ ਬੇਚਾਰਾ ਰੋਗੀ ਦਿਲ ਦਾ ਹੈ।
ਆੜ ਸ਼ਬਦ ਦੀ, ਓਹਲੇ ਦੇਹ ਹੀ ਭੁਗਤੀ ਹੈ,
ਸੱਚ ਤਰਕ ਤਵੱਕਿਆਂ ਅੰਦਰ ਛਿਲਦਾ ਹੈ।
ਧਰਮ ਦੀ ਆੜੇ ਪੰਥ-ਮਜ਼ਹਬ ਦੀ ਗੱਲ ਹੁੰਦੀ,
ਕੋਟਨ ਮੇ ਹੀ ਕੋਊ ਨਾਨਕ ਖਿਲਦਾ ਹੈ।

-ਗੁਰਮੀਤ ਸਿੰਘ ਬਰਸਾਲ

# ਜਦ ਉਦਾਸ ਹੋਵਾਂ...

**ਸਿੰਮਦੇ ਸ਼ਬਦ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਜਗ ਜਨਨੀ ਮਾਂ ਦੀਆਂ ਰਹਿਮਤਾਂ ਦੀ ਗੱਲ ਕਰਦਿਆਂ ਕਿਹਾ ਸੀ ਕਿ ਮਾਂ ਬੱਚਿਆਂ ਦੀ ਸਭ ਤੋਂ ਵੱਡੀ ਰਹਿਨੁਮਾ। ਉਨ੍ਹਾਂ ਦੀ ਮਾਰਗ ਦਰਸ਼ਕ, ਉਨ੍ਹਾਂ ਦੇ ਰਾਹਾਂ ਵਿਚੋਂ ਕੰਡੇ ਚੁਗ ਕੇ ਆਪਣੇ ਪੋਟਿਆਂ ਨੂੰ ਪੀੜ-ਪੀੜ ਕਰਨ ਵਾਲੀ ਅਤੇ ਲਾਡਲਿਆਂ ਨੂੰ ਰੋੜਾਂ ਦੀ ਚੁਭਣ ਤੋਂ ਬਚਾਉਣ ਲਈ ਮਲੂਕ ਪੈਰਾਂ ਹੇਠ ਤਲੀਆਂ ਧਰਨ ਵਾਲੀ।... ਮਾਂ ਤੋਂ ਬਗੈਰ ਤਾਂ ਤੁਸੀਂ ਆਪਣੀ ਹੋਂਦ ਵੀ ਨਹੀਂ ਚਿੱਤਵ ਸਕਦੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਰਿਸ਼ਤਿਆਂ ਦੀ ਗੱਲ ਕੀਤੀ ਹੈ ਕਿ ਕਿਵੇਂ ਦੋਸਤ ਤੁਹਾਡੀ ਆਤਮਾ ਲਈ ਬਹੁਤ ਵੱਡਾ ਆਸਰਾ ਬਣਦੇ ਹਨ। ਨਿਜੀ ਰਿਸ਼ਤਿਆਂ ਦੀ ਆਪਣੀ ਅਹਿਮੀਅਤ ਹੈ। ਇਸੇ ਕਰਕੇ ਉਹ ਕਹਿੰਦੇ ਹਨ, ਕਾਸ਼! ਅਸੀਂ ਆਪਣੇ ਬਜ਼ੁਰਗਾਂ ਦੇ ਸਿਦਕ, ਸਮਰਪਣ ਅਤੇ ਸੰਵੇਦਨਾ ਦੇ ਹਾਣੀ ਹੋ ਸਕੀਏ। ਅਫਸੋਸ! ਸਾਨੂੰ ਆਪਣੀ ਜ਼ਿੰਦਗੀ ਦੀ ਮਕੈਨੀਕਲ ਦੌੜ ਵਿਚੋਂ ਸਮਾਂ ਹੀ ਨਹੀਂ ਮਿਲਦਾ ਆਪਣੇ ਬਜ਼ੁਰਗਾਂ ਦੀ ਅਹਿਮੀਅਤ ਨੂੰ ਕਿਆਸਣ ਦਾ। -ਸੰਪਾਦਕ***

ਮੈਂ ਅਕਸਰ ਉਦਾਸ ਹੋ ਜਾਂਦਾ ਹਾਂ। ਸੰਵੇਦਨਸ਼ੀਲ ਲੋਕਾਂ ਨਾਲ ਅਜਿਹਾ ਹੋਣਾ ਸੁਭਾਵਿਕ ਹੈ। ਉਨ੍ਹਾਂ ਦੀ ਸੋਚ ਦੀ ਤਾਸੀਰ ਹੀ ਅਜਿਹੀ ਹੁੰਦੀ ਏ ਕਿ ਉਹ ਹਰ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਨੇ। ਉਹ ਵਕਤ ਦੇ ਵਰਤਾਰੇ ਦੀ ਤਹਿ ਵਿਚ ਜਾਂਦੇ ਹਨ ਅਤੇ ਫਿਰ ਇਸ ਦੀਆਂ ਵੱਖ-ਵੱਖ ਪਰਤਾਂ ਨੂੰ ਆਪਣੇ ਨਜ਼ਰੀਏ ਤੋਂ ਫਰੋਲਦੇ, ਇਸ ਵਿਚਲੇ ਸਰੋਕਾਰਾਂ ਦੀ ਨਬਜ਼ ਨੂੰ ਪਕੜਨ ਦੀ ਕੋਸ਼ਿਸ਼ ਕਰਦੇ ਨੇ। ਅਜਿਹਾ ਫਿਕਰਮੰਦ ਲੋਕਾਂ ਦੀ ਹੋਣੀ ਹੁੰਦਾ ਏ ਅਤੇ ਉਦਾਸੀ, ਉਨ੍ਹਾਂ ਦੀ ਜੀਵਨ ਜਾਚ ਦਾ ਅਹਿਮ-ਅੰਗ।

ਮੈਂ ਜਦ ਨਿਰਮੋਹੇ ਲੋਕਾਂ ਵਿਚ ਘਿਰਿਆ ਉਦਾਸ ਹੋਵਾਂ ਤਾਂ ਮੈਂ ਆਪਣੇ ਪਿੰਡ ਦੀ ਜੂਹ ਵਿਚ ਪਹੁੰਚ, ਸਬਰ-ਸੰਤੋਖ ਨਾਲ ਜਿਉਂਦੇ ਆਪਣੇ ਬਜ਼ੁਰਗਾਂ ਦੀ ਅਕੀਦਤ ਕਰਦਾ ਹਾਂ। ਦਿਲਾਂ ਦੇ ਅਮੀਰ, ਪਿੰਡਾਂ ਦੇ ਭੋਲੇ-ਭਾਲੇ ਲੋਕਾਂ ਨੂੰ ਜ਼ਿੰਦਗੀ ਜਿਉਣ ਦੀ ਜਾਚ ਸੀ ਅਤੇ ਉਹ ਖੁਸ਼ ਜ਼ਿੰਦਗੀ ਜਿਉਂਦੇ ਲੋੜ ਵੇਲੇ ਆਪਣੇ ਸ਼ਰੀਕੇ-ਭਾਈਚਾਰੇ ਲਈ ਤੂਤ ਦਾ ਮੋਢਾ ਬਣ ਜਾਂਦੇ ਸਨ। ਪਿੰਡ ਦੀ ਧੀ-ਭੈਣ ਦੇ ਵਿਆਹ ਸਮੇਂ ਦੁੱਧ-ਲੱਸੀ ਅਤੇ ਬਿਸਤਰੇ ਇਕੱਠੇ ਕਰਨ ਤੋਂ ਲੈ ਕੇ, ਆਪਣਾ ਸਮੁੱਚ ਦੂਜੀ ਧਿਰ ਲਈ ਹਾਜ਼ਰ ਕਰ ਦਿੰਦੇ ਤਾਂ ਕਿ ਪਿੰਡ ਦੀ ਇੱਜਤ ਨੂੰ ਕੋਈ ਠੇਸ ਨਾ ਪਹੁੰਚੇ। ਹਰ ਅਮੀਰ ਅਤੇ ਗਰੀਬ ਦੇ ਸਮਾਗਮ ਦੀ ਸਫਲਤਾ ਲਈ ਸਾਰਾ ਪਿੰਡ ਇਕ ਹੁੰਦਾ ਸੀ। ਉਨ੍ਹਾਂ ਲਈ ਕਿਸੇ ਦਾ ਧਨ ਖੋਹ ਕੇ ਆਪਣੀਆਂ ਪੀੜ੍ਹੀਆਂ ਲਈ ਜੋੜਨ ਦੇ ਕੋਈ ਬਹੁਤੇ ਅਰਥ ਨਹੀਂ ਸਨ ਹੁੰਦੇ ਅਤੇ ਉਹ ਭਾਈਚਾਰਕ ਸਾਂਝ ਦਾ ਜਿਉਂਦਾ ਜਾਗਦਾ ਸਬੂਤ ਸਨ। ਪੈਸੇ ਟਕੇ ਵਲੋਂ ਖਾਲੀ ਹੁੰਦਿਆਂ ਵੀ ਅਮੀਰਾਂ ਵਾਲੀ ਜ਼ਿੰਦਗੀ ਜਿਉਂਦੇ ਸਨ ਪਰ ਆਰਥਿਕ ਪੱਖੋਂ ਖੁਸ਼ਹਾਲ ਤੇ ਹੋਰ ਬੜਾ ਕੁਝ ਹੁੰਦਿਆਂ ਵੀ ਆਪਣੇ ਆਪ ਨੂੰ ਗਰੀਬ ਸਮਝਣ ਵਾਲੇ ਲੋਕ ਮਨਾਂ ਦੇ ਗਰੀਬ ਹੁੰਦੇ ਹਨ। ਕੋਈ ਵੀ ਵਿਅਕਤੀ ਅਮੀਰ ਜਾਂ ਗਰੀਬ ਨਹੀਂ ਹੁੰਦਾ, ਇਹ ਸਾਡੀ ਮਾਨਸਿਕਤਾ ਹੁੰਦੀ ਹੈ ਜੋ ਸਾਨੂੰ ਅਮੀਰ ਜਾਂ ਗਰੀਬ ਦੀ ਸ਼੍ਰੇਣੀ ਵਿਚ ਖੜ੍ਹੀ ਕਰ ਦਿੰਦੀ ਹੈ। ਲੋੜ ਹੈ, ਆਪਣੀ ਮਾਨਸਿਕਤਾ ਨੂੰ ਜੀਵਨ ਜਾਚ ਦੇ ਹਾਣੀ ਕਰੇਂਦਿਆਂ, ਹਰ ਪਲ ਨੂੰ ਭਰਪੂਰ ਜਿਉਣ ਦਾ ਅਹਿਦ ਕਰੀਏ।

ਮੈਂ ਜਦ ਕਦੇ ਰਿਸ਼ਤਿਆਂ ਵਿਚ ਮਰ ਚੁਕੀ ਅਪਣੱਤ ਅਤੇ ਸੰਜੀਦਗੀ ਨੂੰ ਨਿਹਾਰਦਾ ਉਦਾਸੀ ਦੀ ਪਰਤ ਵਿਚ ਲਪੇਟਿਆ ਜਾਂਦਾ ਹਾਂ ਤਾਂ ਆਪਣੇ ਦੋਸਤ ਦੀ ਨਿੱਘੀ ਸੰਗਤ ਨੂੰ ਮਾਣਦਾ ਹਾਂ। ਦੋਸਤ, ਜਿਸ ਦਾ ਰੱਬ ਨੇ ਸਖਤ ਇਮਤਿਹਾਨ ਲੈਂਦਿਆਂ ਛੋਟੇ ਹੁੰਦਿਆਂ ਹੀ ਮਾਂ-ਬਾਪ, ਭੈਣ-ਭਰਾ ਤੋਂ ਵਿਰਵਾ ਰੱਖਿਆ ਸੀ। ਉਸ ਦੇ ਮਨ ਵਿਚ ਇਕ ਕਸਕ ਉਠਦੀ, ਉਹ ਕੁਝ ਰਾਹਤ ਅਤੇ ਸਕੂਨ ਲੈਣ ਲਈ ਆਪਣੀਆਂ ਮਾਸੀਆਂ-ਚਾਚੀਆਂ ਦੀ ਬੁੱਕਲ ਵਿਚ ਲੁੱਕਣਾ ਚਾਹੁੰਦਾ। ਉਸ ਦੀਆਂ ਅੱਖਾਂ ਵਿਚ ਜੰਮ ਚੁਕੇ ਅੱਥਰੂ, ਅਣ-ਕਹੇ ਦਰਦ ਦਾ ਜੰਮਿਆ ਦਰਿਆ ਨੇ ਅਤੇ ਉਸ ਦੇ ਮੁੱਖ 'ਤੇ ਤੈਰਦੀ ਹਾਸੀ, ਦਰਦਾਂ ਅਤੇ ਗਮਾਂ ਦੀ ਤ੍ਰਾਸਦੀ ਅੱਗੇ ਹਾਰਨ ਤੋਂ ਆਕੀ ਏ। ਉਹ ਜ਼ਿੰਦਗੀ ਨੂੰ ਉਸ ਦੇ ਮੌਜੂਦਾ ਰੂਪ ਵਿਚ ਮਾਣਦਾ ਅੱਜ ਕੱਲ ਸੰਪੂਰਨ ਅਤੇ ਸੰਤੁਸ਼ਟ ਪਰਿਵਾਰ ਦਾ ਮੁਖੀ ਏ। ਉਸ ਲਈ ਰਿਸ਼ਤਿਆਂ ਦੇ ਬਦਲਦੇ ਰੰਗਾਂ ਦਾ ਤਸੱਵਰ, ਜੀਵਨ ਦੀ ਕੁੜੱਤਣ ਨਹੀਂ, ਸਗੋਂ ਜੀਵਨ ਦਾ ਕਠੋਰ ਸੱਚ ਏ ਜਿਸ ਦੇ ਰੂਬਰੂ ਹੁੰਦਿਆਂ ਉਸ ਨੇ ਜ਼ਿੰਦਗੀ ਨੂੰ ਕਰੂਰ ਹਾਲਤਾਂ ਵਿਚ ਵੀ ਜਿਉਣ ਦੀ ਜਾਚ ਸਿੱਖੀ, ਰਿਸ਼ਤਿਆਂ ਦੇ ਫਿੱਕੇਪਣ ਵਿਚੋਂ ਜੀਵਨ ਦੀ ਮਿਠਾਸ ਨੂੰ ਮਾਣਿਆ ਏ।

ਰਿਸ਼ਤਿਆਂ 'ਤੇ ਨਿਰਭਰਤਾ ਤੁਹਾਨੂੰ ਅਪਾਹਜ ਬਣਾਉਣ ਤੋਂ ਸਿਵਾਏ, ਕੁਝ ਵੀ ਕਰਨ ਦੇ ਸਮਰੱਥ ਨਹੀਂ ਹੈ। ਰਿਸ਼ਤੇ ਨਿੱਭਣ ਅਤੇ ਨਿਭਾਉਣ ਲਈ ਹੁੰਦੇ ਨੇ ਪਰ ਜੇ ਰਿਸ਼ਤੇ ਆਪਣੀ ਹੋਂਦ ਤੋਂ ਹੀ ਮੁਨਕਰ ਹੋ ਜਾਣ ਤਾਂ ਆਪਣੇ ਆਪ

***ਰਿਸ਼ਤਿਆਂ 'ਤੇ ਨਿਰਭਰਤਾ ਤੁਹਾਨੂੰ ਅਪਾਹਜ ਬਣਾਉਣ ਤੋਂ ਸਿਵਾਏ, ਕੁਝ ਵੀ ਕਰਨ ਦੇ ਸਮਰੱਥ ਨਹੀਂ ਹੈ। ਰਿਸ਼ਤੇ ਨਿੱਭਣ ਅਤੇ ਨਿਭਾਉਣ ਲਈ ਹੁੰਦੇ ਨੇ ਪਰ ਜੇ ਰਿਸ਼ਤੇ ਆਪਣੀ ਹੋਂਦ ਤੋਂ ਹੀ ਮੁਨਕਰ ਹੋ ਜਾਣ ਤਾਂ ਆਪਣੇ ਆਪ ਨੂੰ ਇੰਨਾ ਤਕੜਾ ਕਰੋ ਕਿ ਉਹੀ ਰਿਸ਼ਤੇ ਤੁਹਾਡਾ ਸਿਰਨਾਂਵਾਂ ਭਾਲਦੇ ਭਾਲਦੇ ਜ਼ਿੰਦਗੀ ਤੋਂ ਹਾਰ ਜਾਣ। ਸਮਾਜਿਕ ਰਿਸ਼ਤਿਆਂ ਤੋਂ ਉਪਰ ਵੀ ਕੁਝ ਦੋਸਤੀਆਂ ਵਰਗੇ ਨਿੱਘੇ ਰਿਸ਼ਤੇ ਹੁੰਦੇ ਨੇ ਜੋ ਤੁਹਾਡੀਆਂ ਬਾਂਹਾਂ ਬਣਦੇ ਨੇ। ਇਹ ਤੁਹਾਡੀਆਂ ਆਂਦਰਾਂ ਬਣ ਕੇ ਤੁਹਾਡੇ ਸਾਹਾਂ ਦੀ ਮਹਿਕ ਬਣਦੇ ਨੇ ਅਤੇ ਜੀਵਨ ਦਾ ਸੰਦਲਾ ਸਰੂਪ ਤੁਹਾਨੂੰ ਜੀਵਨ ਦੀ ਭਰਪੂਰਤਾ ਬਖਸ਼ਦਾ ਏ।***

ਨੂੰ ਇੰਨਾ ਤਕੜਾ ਕਰੋ ਕਿ ਉਹੀ ਰਿਸ਼ਤੇ ਤੁਹਾਡਾ ਸਿਰਨਾਂਵਾਂ ਭਾਲਦੇ ਭਾਲਦੇ ਜ਼ਿੰਦਗੀ ਤੋਂ ਹਾਰ ਜਾਣ। ਸਮਾਜਿਕ ਰਿਸ਼ਤਿਆਂ ਤੋਂ ਉਪਰ ਵੀ ਕੁਝ ਦੋਸਤੀਆਂ ਵਰਗੇ ਨਿੱਘੇ ਰਿਸ਼ਤੇ ਹੁੰਦੇ ਨੇ ਜੋ ਤੁਹਾਡੀਆਂ ਬਾਂਹਾਂ ਬਣਦੇ ਨੇ। ਇਹ ਤੁਹਾਡੀਆਂ ਆਂਦਰਾਂ ਬਣ ਕੇ ਤੁਹਾਡੇ ਸਾਹਾਂ ਦੀ ਮਹਿਕ ਬਣਦੇ ਨੇ ਅਤੇ ਜੀਵਨ ਦਾ ਸੰਦਲਾ ਸਰੂਪ ਤੁਹਾਨੂੰ ਜੀਵਨ ਦੀ ਭਰਪੂਰਤਾ ਬਖਸ਼ਦਾ ਏ।

ਮੈਂ ਜਦ ਜ਼ਿਆਦਾ ਉਦਾਸ ਹੋ ਕੇ ਇਕੱਲ ਨਾਲ ਭਰ ਜਾਂਦਾ ਹਾਂ ਤਾਂ ਮੇਰੇ ਬਾਪ ਦਾ ਅਸੀਸ ਰੂਪੀ ਹੱਥ ਮੇਰੇ ਅੰਗ-ਸੰਗ ਰਹਿੰਦਾ, ਮੈਨੂੰ ਸਰਬ-ਸਾਥ ਦਾ ਅਹਿਸਾਸ ਕਰਵਾਉਂਦਾ ਏ। ਆਪਣੇ ਲਡਿੱਕਿਆਂ ਦੀ ਚੜ੍ਹਦੀ ਕਲਾ ਦੀ ਅਰਦਾਸ ਵਰਗੇ ਮਾਪੇ ਜਿੰਨਾ ਚਿਰ ਜਿਉਂਦੇ ਨੇ, ਤੁਹਾਨੂੰ ਆਪਣੇ ਆਪ 'ਤੇ ਇੰਨਾ ਵਿਸ਼ਵਾਸ ਹੁੰਦਾ ਏ ਕਿ ਜੀਵਨ ਦੀਆਂ ਤਮਾਮ ਮੁਸ਼ਕਿਲਾਂ ਤੁਹਾਡੀਆਂ ਮੰਜ਼ਿਲਾਂ ਦਾ ਸਿਰਨਾਂਵਾਂ ਬਣ ਜਾਂਦੀਆਂ ਨੇ। ਹਲ ਵਾਹ ਕੇ ਆਪਣੇ ਬੱਚਿਆਂ ਨੂੰ ਉਚ ਵਿਦਿਆ ਦੇਣ ਵਾਲੇ ਅਨਪੜ੍ਹ ਬਾਪ ਦੀ ਦੇਣ ਤਾਂ ਮੈਂ ਦੇ ਹੀ ਨਹੀਂ ਸਕਦਾ। ਆਪਣੇ ਬੱਚਿਆਂ ਨੂੰ ਵਿਦਿਆ ਦਿੰਦਾ ਸੋਚਦਾ ਹਾਂ ਕਿ ਮੈਂ ਆਪਣੇ ਬਾਪ ਦੀ ਕਦੇ ਬਰਾਬਰੀ ਨਹੀਂ ਕਰ ਸਕਾਂਗਾ ਜਿਸ ਨੇ ਖਾਲੀ ਹੱਥ, ਨਿਰੋਲ ਆਪਣੇ ਸਿਰੜ ਅਤੇ ਮਿਹਨਤ ਨਾਲ ਜ਼ਿੰਦਗੀ ਨੂੰ ਸੂਹੀ ਰੰਗਤ ਬਖਸ਼ੀ, ਜੋ ਉਸ ਦੇ ਪਰਿਵਾਰ ਦੇ ਹਰ ਵਿਹੜੇ ਵਿਚ ਪਸਰੀ ਹੋਈ ਏ। ਕਾਸ਼! ਅਸੀਂ ਆਪਣੇ ਬਜ਼ੁਰਗਾਂ ਦੇ ਸਿਦਕ, ਸਮਰਪਣ ਅਤੇ ਸੰਵੇਦਨਾ ਦੇ ਹਾਣੀ ਹੋ ਸਕੀਏ। ਅਫਸੋਸ! ਸਾਨੂੰ ਆਪਣੀ ਜ਼ਿੰਦਗੀ ਦੀ ਮਕੈਨੀਕਲ ਦੌੜ ਵਿਚੋਂ ਸਮਾਂ ਹੀ ਨਹੀਂ ਮਿਲਦਾ ਆਪਣੇ ਬਜ਼ੁਰਗਾਂ ਦੀ ਅਹਿਮੀਅਤ ਨੂੰ ਕਿਆਸਣ ਦਾ।

ਜਦ ਮੈਂ ਜ਼ਿਆਦਾ ਹੀ ਉਦਾਸ ਹੋ ਜਾਵਾਂ ਤਾਂ ਔਝੜ ਰਾਹਾਂ ਵਿਚ ਮਾਰਗ ਦਰਸ਼ਨ ਕਰਨ ਵਾਲੇ ਮਿੱਤਰਾਂ ਦੀ ਸੁਹਬਤ ਮੇਰੀ ਸੋਚ ਆਣ ਮੱਲਦੀ ਏ ਜਿਨ੍ਹਾਂ ਨੇ ਮੈਨੂੰ ਮੇਰੇ ਆਪੇ ਦੇ ਰੂਬਰੂ ਕਰਦਿਆਂ ਮੇਰੇ ਰੁੱਸੇ ਹੋਏ ਪਲਾਂ ਨੂੰ ਮੋੜ ਕੇ ਲਿਆਂਦਾ। ਨਿਜੀ ਮੁਫਾਦ ਤੋਂ ਉਪਰ ਉਠ ਕੇ ਕਿਸੇ ਲਈ ਕੁਝ ਕਰਨ ਵਾਲੇ ਦੋਸਤ ਤੁਹਾਡੀ ਜ਼ਿੰਦਗੀ ਦਾ ਉਹ ਸਰਮਾਇਆ ਹੁੰਦੇ ਹਨ ਜਿਸ 'ਤੇ ਤੁਸੀਂ ਨਾਜ਼ ਕਰ ਸਕਦੇ ਹੋ। ਇਹ ਤੁਹਾਡੀ ਉਮਰ ਭਰ ਦੀ ਕਮਾਈ ਹੁੰਦੀ ਹੈ ਅਤੇ ਤੁਸੀਂ ਭੋਰਾ ਭੋਰਾ ਕਰਕੇ ਇਸ ਨੂੰ ਖਾਂਦੇ, ਇਸ 'ਚੋਂ ਲੱਜਤ ਪ੍ਰਾਪਤ ਕਰਦੇ ਹੋ। ਆਪਣਿਆਂ ਵਰਗੇ ਦੋਸਤਾਂ ਦੀ ਦੁਨੀਆਂ ਤੁਹਾਡੇ ਵਿਅਕਤੀਤਵ ਦਾ ਉਹ ਹਿੱਸਾ ਹੈ ਜੋ ਤੁਹਾਨੂੰ ਜੀਵਨ ਨਾਲ ਜੋੜੀ ਰੱਖਦਾ ਏ। ਜਾਣ-ਪਛਾਣ ਬਹੁਤ ਹੋ ਸਕਦੀ ਏ ਪਰ ਦੋਸਤੀਆਂ ਵਿਰਲੀਆਂ ਹੁੰਦੀਆਂ ਨੇ ਅਤੇ ਉਨ੍ਹਾਂ ਵਿਰਲਿਆਂ ਵਿਚੋਂ ਇਕ ਦੋ ਅਜਿਹੇ ਹੁੰਦੇ ਨੇ ਜਿਨ੍ਹਾਂ ਦੀ ਸਾਂਝ ਉਮਰਾਂ ਨਾਲ ਨਿੱਭ ਜਾਂਦੀ ਏ। ਅਜਿਹੇ ਦੋਸਤਾਂ ਦੀ ਮਾਨਸਿਕ ਸਾਂਝ ਮੇਰੀ ਉਦਾਸੀ ਨੂੰ ਪੇਤਲੀ ਕਰ ਮੈਨੂੰ ਜੀਵਨ ਧਾਰਾ ਨਾਲ ਜੋੜ ਦਿੰਦੀ ਹੈ।

ਜਦ ਕਦੇ ਮੈਂ ਬਹੁਤ ਜ਼ਿਆਦਾ ਉਦਾਸ ਹੋਵਾਂ ਤਾਂ ਆਪਣੀ ਪਰਦੇਸਣ ਧੀ ਨਾਲ ਗੱਲਾਂ ਕਰਦਾ ਹਾਂ। ਉਸ ਦੀਆਂ ਨਸੀਹਤਾਂ ਮੇਰੀਆਂ ਉਦਾਸੀ ਨੂੰ ਆਪਣੇ ਵਿਚ ਹਜ਼ਮ ਕਰ ਲੈਂਦੀਆਂ ਨੇ। ਉਸ ਦੀਆਂ ਸਲਾਹਾਂ, ਮੇਰੇ ਲਈ ਜਿਉਣ ਦਾ ਆਹਰ ਬਣਦੀਆਂ ਨੇ। ਉਸ ਦਾ ਛੇਤੀ ਮਿਲਣ ਦਾ ਲਾਰਾ ਮੈਨੂੰ ਇਕ ਉਡੀਕ ਨਾਲ ਭਰ ਦਿੰਦਾ ਏ ਅਤੇ ਇਸ ਉਡੀਕ ਵਿਚ ਆਪਣੀ ਆਂਦਰ ਨੂੰ ਮਿਲਣ ਦਾ ਵਿਸਮਾਦ ਹੁੰਦਾ ਏ। ਕਦੇ ਕਦੇ ਮੈਂ ਆਪਣੀ ਧੀ ਨੂੰ ਖਤ ਵੀ ਲਿਖਦਾ ਹਾਂ। ਖਤ ਕਿ ਜਿਸ ਵਿਚ ਮਨ ਦੀਆਂ ਪਰਤਾਂ ਖੋਲਦਾ ਹਾਂ, ਜੋ ਉਸ ਦੀ ਜੀਵਨ ਜਾਚ ਲਈ ਮਾਰਗ ਵੀ ਬਣਦੀਆਂ ਨੇ। ਆਪਣੇ ਜੀਵਨ ਨੂੰ ਭਰਪੂਰਤਾ ਨਾਲ ਜਿਉਣ ਵਾਲੀ ਧੀ ਦੇ ਮਿੱਠੜੇ ਬੋਲ, ਮੇਰੀ ਲਈ ਇਕ ਆਹਰ ਲੈ ਕੇ ਆਉਂਦੇ ਨੇ ਜੋ ਮੇਰੀ ਜ਼ਿੰਦਗੀ ਨੂੰ ਸਕੂਨ ਬਖਸ਼ਦੇ ਨੇ।

ਜਦ ਉਦਾਸੀ ਸੌਣ ਤੋਂ ਲਾਚਾਰ ਕਰ ਦੇਵੇ ਤਾਂ ਮੈਂ ਅੱਖਰਾਂ ਦੀ ਪਨਾਹ ਵਿਚ ਚਲੇ ਜਾਂਦਾ ਹਾਂ। ਹਰਫਾਂ ਨੂੰ ਆਪਣੀ ਵੇਦਨਾ ਦੱਸਦਾ ਹਾਂ। ਉਹ ਮੇਰੇ ਅੰਦਰਲੇ ਨੂੰ ਆਪਣੇ ਵਿਚ ਸਮਾਉਂਦੇ ਵਰਕੇ 'ਤੇ ਫੈਲ ਜਾਂਦੇ ਨੇ ਅਤੇ ਨਾਲ ਹੀ ਤਹਿਜ਼ੀਬ ਦੇ ਵਰਕੇ 'ਤੇ ਪਸਰ ਜਾਂਦੀਆਂ ਨੇ ਮੇਰੀਆਂ ਸੰਵੇਦਨਾਵਾਂ। ਕਲਮ ਤੇ ਵਰਕੇ, ਮੇਰੇ ਸਾਥੀ ਬਣ ਜਾਂਦੇ ਨੇ ਅਤੇ ਇਹ ਹਰਫ ਕਈ ਪਰਤਾਂ ਵਿਚ ਬਹੁਰੂਪੀ ਅਰਥ ਸਮੇਟਦੇ ਮੈਨੂੰ ਆਪਣੇ ਆਗੋਸ਼ ਵਿਚ ਲੈ ਲੈਂਦੇ ਨੇ। ਮੈਂ ਆਪਣੇ ਆਪ ਨੂੰ ਹਰਫਾਂ ਦੀ ਧੂਣੀ ਵਿਚ ਰਮਾਉਂਦਾ ਹਾਂ। ਆਪਣੇ ਅੰਦਰਲੇ ਸੇਕ ਨਾਲ ਅੱਗ ਮਚਾਉਂਦਾ, ਕੁਝ ਲੋਅ ਅਤੇ ਸੇਕ ਦੇਣ ਦੇ ਯਤਨ ਵਿਚੋਂ ਸਕੂਨ ਪ੍ਰਾਪਤ ਕਰਦਾ ਹਾਂ। ਮੇਰੀ ਉਦਾਸੀ, ਇਕ ਰਾਹਤ ਬਣ ਕੇ ਮੇਰੇ ਦਰਾਂ ਵਿਚ ਦਸਤਕ ਬਣ ਜਾਂਦੀ ਹੈ ਅਤੇ ਮੇਰੀਆਂ ਮਾਨਸਿਕ ਨਿਵਾਣਾਂ ਨੂੰ ਪਰਬਤੀ ਮੁਹਾਣ ਬਖਸ਼ਦੀ ਏ। ਮੈਂ ਆਪਣਾ ਉਦਾਸ ਉਛਾੜ ਲਾਹ ਕੇ, ਇਕ ਸੁਰਖ ਲਿਬਾਸ ਪਾ ਲੈਂਦਾ ਹਾਂ ਅਤੇ ਆਪਣੀ ਜੀਵਨ ਜੋਤ ਨੂੰ ਆਤਮਿਕ ਜੋਤ ਨਾਲ ਪ੍ਰਕਾਸ਼ਦਾ ਹਾਂ।

ਜਦ ਬਹੁਤਾ ਹੀ ਉਦਾਸ ਹੋਵਾਂ ਤਾਂ ਆਪਣੇ ਅੰਦਰ ਉਤਰ ਜਾਂਦਾ ਹਾਂ ਅਤੇ ਆਪਣੇ ਆਪ ਨਾਲ ਅੰਤਰ-ਸੰਵਾਦ ਰਚਾਉਂਦਾ ਹਾਂ। ਆਪ ਹੀ ਪ੍ਰਸ਼ਨ ਅਤੇ ਆਪ ਹੀ ਜਵਾਬ ਬਣਦਾ ਹਾਂ। ਆਪਣੀਆਂ ਖੁਨਾਮੀਆਂ ਤੇ ਕੁਤਾਹੀਆਂ ਦਾ ਹਿਸਾਬ ਲਾਉਂਦਾ ਹਾਂ। ਆਪਣੀ ਹਉਮੈ ਅਤੇ ਹੰਕਾਰ ਨੂੰ ਮਾਪਦਾ ਹਾਂ। ਆਪਣੀ ਨੀਚਤਾ ਨੂੰ ਕਿਆਸਦਾ, ਆਪਣੇ ਆਪ ਨੂੰ ਦੁਰਕਾਰਦਾ ਹਾਂ। ਆਪਣੇ ਆਪ ਲਈ ਲਾਹਨਤ ਅਤੇ ਨੀਚਾਂ ਹੂੰ ਅੱਤ ਨੀਚ ਬਣ ਆਪਣੇ ਅੰਤਰੀਵੀ ਸੰਵਾਦ ਨਾਲ ਖੁਦ ਨੂੰ ਫਿਟਕਾਰਦਾ ਹਾਂ। ਮੇਰੀਆਂ ਸੰਭਾਵਨਾਵਾਂ ਅਤੇ ਪ੍ਰਾਪਤੀਆਂ ਵਿਚਲਾ ਫਾਸਲਾ ਮੈਨੂੰ ਸ਼ਰਮਸ਼ਾਰ ਕਰਦਾ ਏ।

ਜੇ ਮੈਨੂੰ ਉਦਾਸੀ ਤੋਂ ਕੋਈ ਰਾਹਤ ਮਿਲਣ ਦੀ ਆਸ ਨਜ਼ਰ ਨਾ ਆਵੇ ਤਾਂ ਮੈਂ ਚੁੱਪ ਹੋ ਜਾਂਦਾ ਹਾਂ। ਮੇਰੇ ਲਈ ਸਭ ਤੋਂ ਬਿਹਤਰ ਹੁੰਦਾ ਹੈ, ਚੁੱਪ ਦਾ ਸਾਥ। ਇਹ ਡੂੰਘੇਰੀ ਚੁੱਪ, ਮੇਰੀ ਉਦਾਸੀ ਲਈ ਇਕ ਮਰਹਮ ਬਣਦੀ ਏ। ਸੋਚਦਾ ਹਾਂ, ਜ਼ਿੰਦਗੀ ਵਿਚ ਵਾਪਰ ਰਿਹਾ ਬੜਾ ਕੁਝ ਤੁਹਾਡਾ ਇਮਤਿਹਾਨ ਲੈਂਦਾ ਏ। ਤੁਸੀਂ ਇਨ੍ਹਾਂ ਉਦਾਸ ਰੁੱਤਾਂ ਨੂੰ ਕਿਵੇਂ ਬਹਾਰਾਂ ਵਿਚ ਬਦਲਨਾ ਹੈ, ਤੁਸੀਂ ਇਨ੍ਹਾਂ ਉਦਾਸੀਆਂ ਨੂੰ ਬਾਬੇ ਨਾਨਕ ਵਾਲੀ ਰੰਗਤ ਕਿਵੇਂ ਬਖਸ਼ਣੀ ਏ, ਇਹ ਤੁਹਾਡੇ 'ਤੇ ਮੁਨੱਸਰ ਕਰਦਾ ਏ, ਤੁਹਾਡਾ ਜੀਵਨ ਦ੍ਰਿਸ਼ਟੀਕੋਣ ਏ, ਤੁਹਾਡੇ ਅੰਦਰਲੇ ਦੀ ਆਭਾ ਏ। ਉਦਾਸੀ ਦੀ ਰੂਹਾਨੀਅਤ ਰੰਗਤ ਨੂੰ ਮਾਣਨ ਲਈ ਅੱਜ ਕੱਲ ਮੈਂ ਚੁੱਪ ਹੀ ਰਹਿੰਦਾ ਹਾਂ ਅਤੇ ਇਸ ਉਦਾਸ ਰੁੱਤ 'ਚੋਂ ਆਪਣੇ ਆਪ ਨੂੰ ਵਿਸਤਾਰਨ ਦੀ ਜੁਗਤ ਵਿਚ ਰੁੱਝਿਆ, ਸੰਵੇਦਨਸ਼ੀਲ ਚੁੱਪ ਦਾ ਸਾਥ ਮਾਣਦਾ ਹਾਂ। ਅਜਿਹੀ ਚੁੱਪ ਦਾ ਸਾਥ ਬਹੁਤ ਵਿਰਲਿਆਂ ਨੂੰ ਨਸੀਬ ਹੁੰਦਾ ਏ। ਕਾਸ਼! ਅਸੀਂ ਸਾਰੇ ਭਾਗਾਂ-ਭਰੀ ਚੁੱਪ ਦੀ ਰਹਿਬਰੀ ਦਾ ਸਾਥ ਹਾਸਲ ਕਰ ਸਕੀਏ।

## ਇਹ ਜੂਨ

ਮੇਰੀ ਜਾਤ ਕਿਹੜੀ, ਮੇਰਾ ਧਰਮ ਕਿਹੜਾ,
ਜੋ ਮਿਲਿਆ ਮੇਰੇ ਤੋਂ ਪੁਛਦਾ ਰਿਹਾ।
ਭੀੜਾਂ 'ਚੋਂ ਉਤਰ ਮੈਂ ਲੱਭਦਾ ਰਿਹਾ,
ਮੈਂ ਕੌਣ ਹਾਂ, ਜ਼ਖਮ ਇਹ ਰਿਸਦਾ ਰਿਹਾ।
ਇਸ ਜਨਮ ਦੀ ਮੈਲ ਮੈਂ ਧੋਂਦਾ ਰਿਹਾ,
ਗੰਗਾ, ਜਮਨਾ ਦੇ ਵਿਚ ਹੀ ਪਿਸਦਾ ਰਿਹਾ।
ਮੋਹਰ ਲਾਈ ਸੀ ਜਿਸ ਨੇ ਜਨਮ ਵੇਲੇ,
ਜਾਤ-ਧਰਮ ਉਹ ਧੂਹ ਕੇ ਖਿਚਦਾ ਰਿਹਾ।
ਮੰਡੀਕਰਨ ਅਤੇ ਸੌਦੇਬਾਜ਼ੀਆਂ ਦਾ,
ਘਰ ਰੱਬ ਦਾ ਹਰ ਥਾਂ ਦਿਸਦਾ ਰਿਹਾ।
ਚੇਲੇ-ਗੁਰੂ ਨੇ ਰਲ ਦੁਕਾਨ ਖੋਲ੍ਹੀ,
ਕੂੜਾ ਰੱਬ ਦੇ ਨਾਂ 'ਤੇ ਵਿਕਦਾ ਰਿਹਾ ।
ਕਈ ਜੂਨਾਂ ਦੇ ਗਿਆਨ ਨੂੰ ਭਠ ਪਾਵਾਂ,
ਇਸ ਜੂਨ ਦੀ ਜੂਨ 'ਤੇ ਖਿਝਦਾ ਰਿਹਾ।

***-ਦਿਲਜੋਧ ਸਿੰਘ ਵਿਸਕਾਨਸਿਨ***
*diljodh@yahoo.com*

---

## ਦੋਸਤ

ਦੋਸਤ ਰੱਬ ਦਾ ਰੂਪ ਨੇ ਹੁੰਦੇ,
ਕਰਨ ਭਰੋਸਾ ਵਾਂਗ ਭਰਾਵਾਂ।
ਪੀੜ ਪਵੇ ਤਾਂ ਵੀ ਸਾਥ ਨਾ ਛੱਡਦੇ
ਲੈਂਦੇ ਯਾਰ ਦੇ ਸਾਹ ਵਿਚ ਸਾਹਵਾਂ।

ਚੁਗਲਖੋਰ ਚਾਪਲੂਸ ਜੇ ਬਣ ਜਾਏ
ਫਿਰ ਕਿਸੇ ਦੀ ਖੈਰ ਨਹੀਂ।
ਗਿਣ ਗਿਣ ਬਦਲੇ ਲੈਂਦਾ ਹੈ
ਫਿਰ ਇਸ ਤੋਂ ਵੱਡਾ ਵੈਰ ਨਹੀਂ।
ਪਰ ਕਪਟੀ ਜੇ ਹੋ ਜਾਏ ਕਿਧਰੇ
ਉਸ ਵਰਗਾ ਦੁਸ਼ਮਣ ਨਾ ਕੋਈ।
ਢਾਹ ਕੇ ਰੱਖ ਦੇਵੇ ਫਿਰ ਲੰਕਾ
ਸਿਰ ਤੋਂ ਸ਼ਰਮ ਦੀ ਲਾਹ ਕੇ ਲੋਈ।

ਪਲਟੀਏ ਜ਼ਰਾ ਇਤਿਹਾਸ-ਮਿਥਿਹਾਸ
ਜਿਥੇ ਕਈ ਪਾਤਰ ਨੇ ਆਉਂਦੇ।
ਕ੍ਰਿਸ਼ਨ-ਸੁਦਾਮਾ ਵਰਗਾ ਨਾ ਕੋਈ
ਜੋ ਜ਼ਿੰਦਗੀ ਭਰ ਦਾ ਸਾਥ ਨਿਭਾਉਂਦੇ।
ਈਸਾ ਨੂੰ ਸੂਲੀ ਚੜ੍ਹਾਉਣ ਪਿੱਛੇ ਵੀ
ਦੋਸਤ ਦਾ ਹੀ ਤਾਂ ਹੱਥ ਸੀ।
ਝੂਠੀ ਗਵਾਹੀ ਮਿੱਤਰ ਨੇ ਦਿੱਤੀ
ਭਾਵੇਂ ਉਹ ਆਪ ਨਿਹੱਕ ਸੀ।

ਮਨਸੂਰ ਨੂੰ ਸੂਲੀ ਚੜ੍ਹਨ ਤੋਂ ਪਹਿਲਾਂ
ਦੋਸਤ ਨੇ ਹੀ ਸਨ ਫੁੱਲ ਮਾਰੇ।
ਪੱਥਰਾਂ ਦੀ ਸੱਟ ਨਹੀਂ ਸੀ ਪੋਹੀ
ਫਿਰ ਫੱਟ ਵੱਜ ਗਏ ਸਨ ਭਾਰੇ।
ਸਾਹ ਸ਼ੂਜਾ ਤੇ ਰਣਜੀਤ ਸਿੰਘ ਵਾਂਗ
ਨਹੀਂ ਕੋਈ ਸਦਾ ਪੱਗ ਵਟਾਉਂਦਾ।
ਸਾਰੀ ਦੁਨੀਆਂ ਉਜੜ ਜਾਏ ਭਾਵੇਂ
ਪਰ ਫਿਰ ਇਸ ਦੀ ਲਾਜ ਰਖਾਉਂਦਾ।
ਕਾਰਲ ਮਾਰਕਸ ਤੇ ਏਂਜਲ ਵਰਗਾ
ਸ਼ਾਇਦ ਕੋਈ ਵਿਰਲਾ ਸੰਗ ਨਿਭਾਵੇ।
ਲੱਤ ਮਾਰ ਦੁਨੀਆਂ ਦੀ ਦੌਲਤ ਨੂੰ
ਊਚ-ਨੀਚ ਦਾ ਭੇਦ ਮਿਟਾਵੇ।

ਬੜੀ ਔਖੀ ਕਸਵੱਟੀ ਹੈ ਯਾਰੋ
ਪਹਿਲਾਂ ਇਸ 'ਤੇ ਤੁਲਨਾ ਪੈਂਦਾ।
ਛਲ ਕਪਟ ਦੇ ਸਭ ਵਲ ਖੋਲ੍ਹ ਕੇ
ਫਿਰ ਆਪ ਵਿਚੋਂ ਭੁੱਲਣਾ ਪੈਂਦਾ।
ਪਾ ਕੇ ਚਿੱਟੇ ਕੱਪੜੇ 'ਨੂਰਪੁਰੀ'
ਐਵੇਂ ਗੰਦ 'ਚ ਨਾ ਪੱਥਰ ਮਾਰ।
ਤੇਰੇ ਉਤੇ ਵੀ ਛਿੱਟੇ ਪੈਣਗੇ
ਪਹਿਲਾਂ ਤੂੰ ਆਪਣਾ ਆਪ ਸੰਵਾਰ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***
***ਫੋਨ: 408-912-3438***

---

## ਵਿਕਾਸ-ਹਨੇਰੀ

ਜਦ ਤੋਂ ਉਥੇ ਪਰਵਾਸੀ ਅਖਵਾਇਆ ਹੈ।
ਸੌਖਾ ਕੰਮ ਵੀ ਔਖਾ ਬਣ ਕੇ ਆਇਆ ਹੈ।
ਜਿਸ ਦਫਤਰ ਜਿਸ ਵੀ ਕੰਮ ਲਈ ਜਾਂਦਾ ਸੀ,
ਕਰਮਚਾਰੀਆਂ ਬਿਨ ਦੇਖੇ ਟਰਕਾਇਆ ਹੈ।
ਦੂਜੇ ਦਾ ਹੱਕ ਖਾਣਾ ਕਿੰਜ ਹਰਾਮ ਕਹੂ,
ਜਿਸ ਨੇ ਛੱਡ ਕਤਾਰ, ਜੁਗਾੜ ਲਾਇਆ ਹੈ।
ਆਪਣੀ ਵਾਰੀ ਕਾਹਤੋਂ ਕੋਈ ਉਡੀਕੇਗਾ,
'ਧੁਸ-ਦੇਣਾ' ਹੀ ਜੇ ਗਿਆ ਸਿਖਾਇਆ ਹੈ।
ਇਮਾਨਦਾਰੀ ਦੇ ਪੜ੍ਹੇ ਪਾਠ ਸਭ ਰੁਲ ਜਾਂਦੇ,
ਹੇਰ-ਫੇਰ ਹੀ ਜਾਵੇ ਜਦ ਵਡਿਆਇਆ ਹੈ।
ਜੋ-ਜੋ ਕੰਮ ਲਈ ਛੁੱਟੀਆਂ ਲੈ ਕੇ ਪੁੱਜਾ ਸੀ,
ਅਗਲਿਆਂ ਮਿਥ ਕੇ ਛੁੱਟੀਓਂ ਕੰਮ ਵਧਾਇਆ ਹੈ।
'ਮਾਫ ਕਰੀਂ' ਜਾਂ 'ਧੰਨਵਾਦ' ਜੇ ਕਹਿ ਬੈਠਾ,
ਅਗਲੇ ਸਮਝਣ ਮੂਰਖ ਦਾ ਹਮਸਾਇਆ ਹੈ।
ਹਰ ਕੋਈ ਸੋਚੇ ਪੱਕਾ ਮੱਥਾ ਟੇਕ ਦਿਆਂ,
ਜਦ ਵੀ ਮੱਥਾ ਬੇਮੱਥਿਆਂ ਸੰਗ ਲਾਇਆ ਹੈ।
ਰਸਾਇਣਾਂ ਬਾਝੋਂ ਅੰਨ ਵੀ ਉਗਣਾ ਛੱਡ ਦਿੱਤਾ,
ਪੌਣ-ਪਾਣੀ ਵੀ ਫਿਰਦਾ ਅੱਜ ਕੁਮਲਾਇਆ ਹੈ।
ਜ਼ਹਿਰੀ ਵਾਤਾਵਰਣ ਨੇ ਸਭ ਹੜੱਪ ਜਾਣਾ,
ਚਿੜੀਆਂ ਮੁੱਕਣ ਲੱਗੀਆਂ ਬਿਗਲ ਬਜਾਇਆ ਹੈ।
ਸਾਰੀਆਂ ਛੁੱਟੀਆਂ ਦੋ-ਤਿੰਨ ਕੰਮਾਂ ਵਿਚ ਗੁਆ,
ਥੱਕ ਟੁੱਟ ਕੇ ਜਦ ਘਰ ਆ ਟੀ.ਵੀ. ਲਾਇਆ ਹੈ।
ਵਿਕਾਸ ਹਨੇਰੀ ਦਾ ਕੋਈ ਏਥੇ ਸਾਨੀ ਨਹੀਂ,
ਨੇਤਾ ਜੀ ਨੇ ਖਬਰਾਂ ਵਿਚ ਫੁਰਮਾਇਆ ਹੈ।

***-ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ***

---

## ਇਕ ਕਹਾਣੀ

ਸੁਣਦੇ ਲਈ ਬੱਸ ਇਕ ਕਹਾਣੀ
ਜਿਸ 'ਤੇ ਬੀਤੀ ਉਸ ਨੇ ਜਾਣੀ।
ਇਕ ਸੀ ਰਾਜਾ, ਇਕ ਸੀ ਰਾਣੀ
ਪਿੰਡ ਸ਼ਹਿਰ ਸਭ ਮੌਲ ਰਹੇ ਸੀ,
ਨਦੀ ਸੀ ਵਗਦੀ ਜੀਵਨ ਧਾਰਾ
ਕਲ-ਕਲ ਵਗਦਾ ਉਸ ਦਾ ਪਾਣੀ।

ਸੁਣਦੇ ਲਈ ਬੱਸ ਇਕ ਕਹਾਣੀ
ਜਿਸ 'ਤੇ ਬੀਤੀ ਉਸ ਨੇ ਜਾਣੀ।
ਫਿਰ ਅਵਸ਼ੇਸ਼ ਰਹਿ ਗਏ
ਸਭਿਅਤਾ ਦੀ ਨਿਸ਼ਾਨੀ।
ਇਕ ਪ੍ਰੇਮੀ ਤੇ ਇਕ ਪ੍ਰੇਮਿਕਾ
ਚੰਨ ਧਰਤੀ ਜਿਉਂ ਦੂਰ ਵੀ ਨੇੜੇ
ਕਬੂਤਰ ਕਾਸਦ ਉਨ੍ਹਾਂ ਦਾ
ਲੰਮੀ ਚੱਲੀ ਇਹ ਪ੍ਰੇਮ ਕਹਾਣੀ।

ਸੁਣਦੇ ਲਈ ਬੱਸ ਇਕ ਕਹਾਣੀ
ਜਿਸ 'ਤੇ ਬੀਤੀ ਉਸ ਨੇ ਜਾਣੀ।
ਜੋਬਨ ਮੱਤੀ ਹੁਸਨ ਕਹਿਰ ਦਾ
ਸੱਜਣ ਸੰਗ ਅਠਖੇਲੀਆਂ ਕਰਦੀ
ਰੱਖਦੀ ਸਾਂਭ ਕੇ ਪਿਆਰ ਨਿਸ਼ਾਨੀ।
ਬਿਨ ਦੱਸੇ ਪਰਦੇਸੀਂ ਤੁਰ ਗਿਆ
ਘੁਣ ਦੇ ਵਾਂਗਰ ਖਾ ਗਿਆ ਬਿਰਹਾ
ਚੰਦਨ ਜਿਹੀ ਅਨਮੋਲ ਜਵਾਨੀ।

ਸੁਣਦੇ ਲਈ ਬੱਸ ਇਕ ਕਹਾਣੀ
ਜਿਸ 'ਤੇ ਬੀਤੀ ਉਸ ਨੇ ਜਾਣੀ।
ਇੱਕ ਸੀ ਉਥੇ ਫਕੀਰ ਸਾਈਂ ਦਾ
ਰਾਤੀਂ ਰੋਂਦਾ, ਦਿਨੇ ਸੀ ਗਾਉਂਦਾ
ਕੁੱਲ ਖਲਕਤ ਦੇ ਦੁੱਖ ਵੰਡਾਉਂਦਾ
ਉਸ ਦੀ ਵੇਦਨ ਕਿਸੇ ਨਾ ਜਾਣੀ।
ਸੁਣਦੇ ਲਈ ਬੱਸ ਇਕ ਕਹਾਣੀ
ਜਿਸ 'ਤੇ ਬੀਤੀ ਉਸ ਨੇ ਜਾਣੀ।

***-ਸ਼ਮਿੰਦਰ ਕੌਰ ਪਰਵਾਜ਼***
*shaminderbrar83@gmail.com*

*ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉਰਫ ਗੁਰਮੀਤ ਸਿੰਘ ਸਿੱਧੂ ਵਾਲੇ ਕਾਂਡ ਬਾਰੇ ਬੜਾ ਕੁਝ ਲਿਖਿਆ-ਵਿਚਾਰਿਆ ਗਿਆ ਹੈ। ਵੱਖ ਵੱਖ ਪੱਖਾਂ ਬਾਰੇ ਖੂਬ ਚਰਚਾ ਹੋਈ ਹੈ; ਪਰ ਪੰਜਾਬ ਦੇ ਜ਼ਹੀਨ ਬੁੱਧੀਜੀਵੀ ਸੁਮੇਲ ਸਿੰਘ ਸਿੱਧੂ ਨੇ ਇਸ ਸਮੁੱਚੇ ਕਾਂਡ ਬਾਰੇ ਨਿਵੇਕਲੇ ਪੱਖ ਤੋਂ ਚਰਚਾ ਕਰ ਕੇ ਕੁਝ ਨੁਕਤਿਆਂ ਦੀ ਚੀਰ-ਫਾੜ ਕੀਤੀ ਹੈ। ਇਹ ਉਹ ਨੁਕਤੇ ਹਨ ਜਿਨ੍ਹਾਂ ਬਾਰੇ ਚਰਚਾ ਕਰਦਿਆਂ ਸਾਡੇ ਬੁੱਧੀਜੀਵੀ ਅਕਸਰ ਘੇਸਲ ਮਾਰ ਜਾਂਦੇ ਹਨ। ਲੇਖਕ ਨੇ ਡੇਰੇ ਦੇ 'ਪ੍ਰਤਾਪ' ਵਿਚ ਕਮਿਊਨਿਸਟਾਂ ਅਤੇ ਸਿੱਖਾਂ ਦੀ ਅਸਿੱਧੀ ਸ਼ਮੂਲੀਅਤ ਦੀ ਨਿਸ਼ਾਨਦੇਹੀ ਕਰਦਿਆਂ ਮਸਲੇ ਦੀਆਂ ਜੜ੍ਹਾਂ ਫਰੋਲਣ ਦਾ ਹੀਆ ਕੀਤਾ ਹੈ। ਅਸੀਂ ਆਪਣੇ ਪਾਠਕਾਂ ਲਈ ਇਹ ਵਿਚਾਰ-ਉਕਸਾਊ ਲਿਖਤ ਛਾਪ ਰਹੇ ਹਾਂ। ਇਸ ਸਬੰਧ ਵਿਚ ਆਏ ਹੋਰ ਵਿਚਾਰਾਂ ਨੂੰ ਬਣਦੀ ਥਾਂ ਦਿੱਤੀ ਜਾਵੇਗੀ; ਖਿਆਲ ਬੱਸ ਇਕ ਹੀ ਰੱਖਣਾ ਹੈ ਕਿ ਤਰਕ ਅਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ*

# 'ਹਾਲ ਮੁਰੀਦਾਂ ਦਾ': ਮਾਛੀਵਾੜੇ ਤੋਂ ਪੰਚਕੂਲਾ ਤੱਕ

ਕੋਈ ਚਾਲੀ ਕੁ ਬੰਦੇ, ਬੰਦੇ ਨਹੀਂ ਸਗੋਂ ਪ੍ਰੇਮੀ ਪੁਲਿਸ ਦਸਤਿਆਂ ਦੀ ਗੋਲੀ ਦਾ ਸ਼ਿਕਾਰ ਹੋਏ ਹਨ। ਲੋਥ ਬਣ ਚੁੱਕੇ ਮਨੁੱਖਾਂ, ਮਨੁੱਖਾਂ ਨਹੀਂ, ਪ੍ਰੇਮੀਆਂ ਦੇ ਮੋਬਾਈਲ ਉਨ੍ਹਾਂ ਦੀਆਂ ਜੇਬਾਂ ਵਿਚ ਵੱਜਦੇ ਰਹੇ। ਉਨ੍ਹਾਂ ਦੇ ਪਰਿਵਾਰ ਸੁੱਖ-ਸਾਂਦ ਲਈ, ਹਾਲਾਤ ਜਾਣਨ ਲਈ ਜਾਂ ਮਾੜੀਆਂ ਖਬਰਾਂ ਤੋਂ ਡਰੇ ਹੋਏ ਵਾਪਸ ਮੁੜ ਆਉਣ ਲਈ ਕਹਿਣਾ ਚਾਹੁੰਦੇ ਹੋਣਗੇ!

ਕੋਈ ਕਹਿਰ ਵਾਪਰ ਗਿਆ ਲਗਦਾ ਹੈ। ਦੇਖੋ, ਸਾਰਾ ਮਾਲਵਾ ਕਰਫਿਊ ਹੇਠ ਹੈ, ਜਿਵੇਂ



ਜੂਨ '84 ਵੇਲੇ ਸੀ। ਕੜੀਆਂ ਵਰਗੇ ਪੰਜਾਬੀ ਗੱਭਰੂ ਇਕ ਤਾਂ ਘਰੇ ਬਿਠਾ ਦਿੱਤੇ, ਤੇ ਦੂਜਾ ਇੰਟਰਨੈਟ ਤੋਂ ਵਿਰਵੇ ਹਨ। ਇਨ੍ਹਾਂ ਮਾਸੂਮਾਂ ਦੀ ਹਾਅ ਲੱਗੀ ਐ, ਤੇ ਚਾਲੀ

**ਡਾ. ਸੁਮੇਲ ਸਿੰਘ ਸਿੱਧੂ**
**ਫੋਨ: +91-94649-84010**

ਮਨੁੱਖ, ਕਿਹੜੇ ਮਨੁੱਖ, ਸਗੋਂ ਪ੍ਰੇਮੀ ਮਾਰੇ ਹੀ ਜਾਣੇ ਸਨ!

ਸਰਬੰਸ-ਦਾਨੀ ਦਸਮੇਸ਼ ਪਿਤਾ ਦਾ ਸਵਾਂਗ ਧਾਰਨ ਵਾਲੇ ਨੂੰ ਪਿਤਾ ਜੀ ਆਖਣ ਵਾਲਿਆਂ ਨੇ ਸਾਡੀ ਜਵਾਨੀ ਦੇ ਕੀਮਤੀ ਗਹਿਣੇ- ਮੋਬਾਈਲ ਫੋਨ, ਸੈਲਫੀਆਂ, ਲਾਈਕ, ਸ਼ੇਅਰ, ਫਾਰਵਰਡ, 'ਅੱਤ', 'ਘੈਂਟ', ਵਗੈਰਾ ਵਗੈਰਾ-ਨਕਾਰਾ ਕਰ ਦਿੱਤੇ ਹਨ। ਇਸ ਇਕੱਲ ਵਿਚੋਂ ਜੇ ਭਲਾ ਕੋਈ ਖੁਦਕੁਸ਼ੀ ਕਰ ਜਾਂਦਾ! ਕੋਈ ਚਾਲੀ ਜੀਅ, ਜੀਅ ਨਹੀਂ, ਪ੍ਰੇਮੀ ਮਾਰੇ ਗਏ ਹਨ।

ਸ਼ਾਇਦ ਹੁਣ ਪੰਜਾਬ ਦੇ ਸਾਰੇ ਸੰਕਟ ਟਲ ਜਾਣਗੇ। ਨਵੀਂ ਹਵਾ ਰੁਮਕੇਗੀ। ਸਾਡਾ ਭਾਈਚਾਰਾ ਮੁੜ ਤੋਂ ਜੁੜ ਜਾਵੇਗਾ। ਸਨਦ ਰਹੇ ਕਿ ਸਾਕਾ ਨੀਲਾ ਤਾਰਾ ਪਿੱਛੇ ਵੀ ਸਰਕਾਰ ਵੱਲੋਂ ਇਹੀ ਤਰਕ ਦਿੱਤਾ ਜਾ ਰਿਹਾ ਸੀ।

ਵੈਸੇ ਪੰਚਕੂਲਾ ਵਿਚ ਡੇਰਾ ਸੱਚਾ ਸੌਦਾ ਦੇ ਮੁਖੀ 'ਤੇ ਬਲਾਤਕਾਰ ਦੇ ਦੋਸ਼ ਹੇਠ ਚੱਲ ਰਹੇ ਮੁਕੱਦਮੇ 'ਤੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਪਤਿਤ ਸਿੱਖ ਜਾਂ ਗੈਰ-ਸਿੱਖ ਜੱਜ ਜਗਦੀਪ ਸਿੰਘ ਨੇ ਸਾਰੇ ਸਿਆਸੀ ਦਬਾਅ ਨੂੰ ਪਰ੍ਹੇ ਧੱਕਦਿਆਂ, ਭਾਰਤੀ ਨਿਆਂਪਾਲਕਾ ਦੀ ਲਾਜ ਰੱਖਦਿਆਂ ਵੀਹ ਸਾਲਾਂ ਦੀ ਕੈਦ ਬੋਲ ਦਿੱਤੀ। ਦੋ ਕਤਲਾਂ ਦੇ ਮੁਕੱਦਮੇ ਪਹਿਲੋਂ ਹੀ ਚੱਲ ਰਹੇ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਮੁਸਲਸਲ ਨਜ਼ਰਸਾਨੀ ਨੇ ਵੀ ਮਿਸਾਲੀ ਰੋਲ ਅਦਾ ਕੀਤਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਜਦੋਂ ਪੀੜਤ ਸਾਧਵੀਆਂ ਦੀ ਚਿੱਠੀ 'ਤੇ ਸਾਲਾਂ ਬੱਧੀ ਗੌਰ ਨਾ ਕੀਤਾ ਤਾਂ ਦੋ ਬੰਦਿਆਂ, ਇਕ ਹਿੰਦੂ ਹੈ ਤੇ ਦੂਜਾ ਪਤਿਤ ਸਿੱਖ, ਨੇ ਹਾਈ ਕੋਰਟ ਵਿਚ ਲੜਾਈ ਲੜ ਕੇ ਕੇਸ ਦਰਜ ਹੋਣ ਵਿਚ ਭੂਮਿਕਾ ਨਿਭਾਈ। ਇਨਕੁਆਰੀ ਅਫਸਰ ਵੀ ਗੈਰ-ਸਿੱਖ ਹੀ ਸੀ।

ਸਾਧਵੀਆਂ ਵੱਲੋਂ ਆਪਣੇ ਨਾਲ ਹੋਏ ਕੁਕਰਮ ਨੂੰ ਬਿਆਨ ਕਰਨ ਦਾ ਹੌਸਲਾ ਸਾਡੇ ਸਮਾਜ ਵਿਚ ਦੁਰਲੱਭ ਹੈ ਜਿਨ੍ਹਾਂ ਨੇ ਸ਼ਰਮ, ਲਾਜ, ਪਰਦਾਦਾਰੀ ਦੀ ਦਲਦਲ ਨੂੰ ਪਾਰ ਕੀਤਾ; ਪਰ ਕੋਈ ਅਦਾਰਾ ਜਾਂ ਅਖਬਾਰ ਉਨ੍ਹਾਂ ਦੇ ਮਸਲੇ ਨੂੰ ਸੰਜੀਦਗੀ ਨਾਲ ਲੈਣ ਨੂੰ ਤਿਆਰ ਨਹੀਂ ਸੀ। ਨਿਓਟੇ, ਨਿਆਸਰੇ, ਨਿਥਾਂਵੇਂ ਪੀੜਤਾਂ ਨੂੰ ਹਿੰਦੂ ਮਿਥਿਹਾਸ ਦੇ ਪਾਤਰ, ਸਾਰੇ ਭਾਰਤੀਆਂ ਵਿਚ ਸਤਿਕਾਰੇ ਜਾਂਦੇ, ਭਗਵਾਨ ਵਿਸ਼ਨੂੰ ਦੇ ਸੱਤਵੇਂ ਅਵਤਾਰ, ਸ੍ਰੀ ਰਾਮ ਚੰਦਰ ਦੇ ਨਾਂ ਵਾਲੇ ਪੱਤਰਕਾਰ ਨੇ ਆਪਣੇ ਛੋਟੇ ਜਿਹੇ ਅਖਬਾਰ 'ਪੂਰਾ ਸੱਚ' ਵਿਚ ਛਾਪਣ ਦਾ ਹੀਆ ਕੀਤਾ।

ਪੀੜਤਾਂ ਦੇ ਦਮਨ ਖਿਲਾਫ ਲਗਾਤਾਰ ਪੰਦਰਾਂ ਸਾਲ ਉਨ੍ਹਾਂ ਪਰਿਵਾਰਾਂ ਨੂੰ ਹੌਸਲਾ ਦਿੰਦਿਆਂ ਇਨਸਾਫ ਦੀ ਲੜਾਈ ਲੜਨ ਲਈ ਪਤਿਤ-ਸਿੱਖ ਜਾਂ ਗੈਰ-ਸਿੱਖ ਹੀ ਅੱਗੇ ਆਏ। ਦਮਨ ਝੱਲਿਆ। ਸ਼ਹੀਦੀ ਪਾਈ। ਸਮੇਂ ਦੀਆਂ ਸਰਕਾਰਾਂ ਦੇ ਦਬਾਅ ਅੱਗੇ ਈਨ ਨਹੀਂ ਮੰਨੀ। ਸਿੱਖੀ ਸਪਿਰਟ ਦੇ ਦਰਸ਼ਨ ਜੇ ਗੈਰ-ਸਿੱਖਾਂ ਅਤੇ ਪਤਿਤ ਸਿੱਖਾਂ ਦੇ ਹੌਸਲੇ 'ਚੋਂ ਹੋਏ, ਤਾਂ ਦੂਜੇ ਪਾਸੇ ਸਿੱਖ ਪੰਥ ਦੇ ਮੁਹਰੈਲ, ਕੁਰਬਾਨੀਆਂ ਨਾਲ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸ ਮਸਲੇ ਨੂੰ ਸਿੱਖਾਂ ਦਾ ਮਸਲਾ ਹੀ ਨਾ ਹੋਣ ਦਾ ਐਲਾਨ ਕਰ ਦਿੱਤਾ। ਕਈ ਬਹੁਤ ਸੁਹਿਰਦ ਸਿੱਖਾਂ ਨੇ ਸਾਰੇ ਪੰਥ ਨੂੰ ਸ਼ਾਂਤ ਰਹਿ ਕੇ 'ਤਮਾਸ਼ਾ ਦੇਖਣ' ਦੀ ਨੇਕ ਸਲਾਹ ਸੋਸ਼ਲ ਮੀਡੀਆ ਰਾਹੀਂ ਪੁੱਜਦੀ ਕੀਤੀ। ਕਿਸੇ ਅਦਿੱਖ ਸਾਂਝ ਦੀ ਪੀਡੀ ਡੋਰ ਨਾਲ ਬੱਝਾ ਪੰਥ ਹੁਲਾਰੇ ਲੈਂਦਾ ਦਿਸਦਾ ਸੀ। ਪੀੜਤਾਂ ਦੀ ਲੜਾਈ ਜਾਂ ਇਨਸਾਫ ਹੋਣ ਨਾਲੋਂ ਆਪਣੇ 'ਪਰਮ ਪਿਤਾ' ਦਾ ਸਵਾਂਗ ਧਾਰਨ ਵਾਲੇ ਪਖੰਡੀ ਸਾਧ ਦਾ



ਜਾਨਲੇਵਾ: *ਪੰਚਕੂਲਾ ਵਿਚ ਸ਼ਿਸ਼ਤ ਬੰਨ੍ਹ ਕੇ ਲਾਏ ਜਾ ਰਹੇ ਨਿਸ਼ਾਨਿਆਂ ਦੀ ਤਸਵੀਰ।*

ਨਾਸ ਹੋਣਾ ਪੰਥ ਲਈ ਵਡੇਰੀ ਹਸਤੀ ਰੱਖਦਾ ਸੀ। ਆਖਰ ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਦਾ ਇਹ ਕਥਨ ਪੰਥ 'ਤੇ ਕਿੰਨਾ ਸਹੀ ਢੁੱਕਦਾ ਹੈ: 'ਕਰੋੜਾਂ ਲੋਕਾਂ ਦੀ ਭਾਵਨਾ ਸਾਹਮਣੇ ਇਕ ਬੰਦੇ ਦੇ ਬਿਆਨ/ਸ਼ਿਕਾਇਤ/ਪੀੜਾ ਦਾ ਕੀ ਮੁੱਲ ਹੈ?'

ਪੜ੍ਹਾਈ ਵਿਚ ਹੋਣਹਾਰ ਲੜਕੀ ਨੂੰ ਉਸ ਦੇ ਭਰਾ ਰਣਜੀਤ ਸਿੰਘ ਵੱਲੋਂ ਸੱਚਾ ਸੌਦਾ ਡੇਰੇ ਨਾਲ ਜੋੜਿਆ ਗਿਆ। ਇਹ ਲੜਕਾ 2002 ਵਿਚ ਡੇਰੇ ਦੇ ਪ੍ਰਬੰਧ ਦਾ ਮੈਨੇਜਰ ਸੀ। ਇਨ੍ਹਾਂ ਪੰਦਰਾਂ ਸਾਲਾਂ ਵਿਚ ਜਦੋਂ ਡੇਰੇ ਦਾ ਬਹੁਤ ਫੈਲਾਅ ਹੋਇਆ ਹੈ ਤਾਂ 'ਆਇਲੈਟਸ' ਦੇ ਸੱਤ ਬੈਂਡ ਹਾਸਲ ਕਰਨ ਵਾਲਿਆਂ ਵਾਂਗ ਉਸ ਦਾ ਕੈਰੀਅਰ 'ਬ੍ਰਾਈਟ' ਸੀ। ਜਦੋਂ ਬਹੁਤੇ ਲੋਕ ਡੇਰੇ ਦੇ ਪੈਰੋਕਾਰਾਂ ਨੂੰ ਗੁੰਡੇ, ਬਦਮਾਸ਼, ਹਿੰਸਕ, ਜਨੂੰਨੀ, ਅੰਨ੍ਹੇ ਆਦਿਕ ਆਖ ਰਹੇ ਹਨ ਤਾਂ ਓਪਰੀ ਨਜ਼ਰੇ ਕਤਲ ਹੋਇਆ ਰਣਜੀਤ ਸਿੰਘ ਵੀ ਇਸੇ ਚੌਖਟੇ ਵਿਚ ਫਿੱਟ ਹੁੰਦਾ ਹੈ ਜਿਸ ਨੇ ਆਪਣੀ ਸ਼ਰਧਾ-ਵਸ, ਸਕੀ ਭੈਣ ਨੂੰ ਸਾਧਵੀ ਬਣ ਜਾਣ ਲਈ ਤਿਆਰ ਕੀਤਾ।

ਸੋ, ਸਿੱਖੀ ਵਰਗੇ ਮਹਾਨ ਧਰਮ ਤੋਂ ਬੇਮੁਖ ਹੋ ਕੇ 'ਪ੍ਰੇਮੀ' ਬਣ ਗਏ ਡੇਰੇ ਦੇ ਹੋਰ ਸਾਧਾਰਨ, ਮੂਰਖ ਪੈਰੋਕਾਰਾਂ ਵਾਂਗ ਇਨ੍ਹਾਂ ਨਾਲ ਦਮਨ, ਧੱਕਾ ਹੋਣਾ ਤਾਂ ਤੈਅ ਹੀ ਸੀ! ਨਵਾਂ ਕੀ ਹੋਇਆ? ਉਦੋਂ ਡੇਰੇ 'ਵੱਲੋਂ' ਦੋ ਜਣਿਆਂ ਦਾ ਕਤਲ ਹੋਇਆ ਦੱਸੀਂਦਾ ਹੈ ਅਤੇ ਹੁਣ 25 ਅਗਸਤ ਨੂੰ ਡੇਰੇ 'ਕਰ ਕੇ' ਕੋਈ 40 ਜਣਿਆਂ ਦੀ ਜਾਨ ਗਈ ਹੈ। ਨਵਾਂ ਕੀ ਹੋਇਆ? ਜਾਤ ਦੇ ਪ੍ਰੇਮੀਆਂ ਨੇ ਜੇ ਸ਼ਤੀਰਾਂ ਨੂੰ ਜੱਫੇ ਪਾਉਣ ਦਾ ਵਿੱਢ ਵਿੱਢਿਆ ਹੈ ਤਾਂ ਇਹ ਤਾਂ ਹੋਣਾ ਈ ਸੀ। ਨਵਾਂ ਕੀ ਹੋਇਆ?

ਨਵਾਂ ਇਹ ਹੋਇਆ ਕਿ ਆਪਣੀ ਭੈਣ ਨਾਲ ਹੋਏ ਦਮਨ ਨੂੰ ਉਸ ਦੇ ਭਰਾ ਨੇ ਬੇਪਰਦ ਕਰਨ ਦਾ ਧਰਮ ਯੁੱਧ ਵਿੱਢ ਲਿਆ। ਆਪਣੀ ਭੈਣ ਨਾਲ ਸਨੇਹ, ਰੱਖੜੀ ਬੰਨ੍ਹੀ ਹੋਣ ਦੀ ਲੱਜ ਪਾਲਦਿਆਂ ਉਸ ਨੇ ਨਿਗੂਣੇ ਸਾਧਨਾਂ ਨਾਲ ਐਡੀ ਵੱਡੀ, ਮੂੰਹਜ਼ੋਰ ਤਾਕਤ ਨਾਲ ਭਿੜਨ ਦਾ ਜੇਰਾ ਕਰ ਲਿਆ। ਹਿੰਦੀ ਕਵੀ ਆਲੋਕ ਧਨਵਾ ਦੇ ਕਹਿਣ ਵਾਂਗ 'ਇਹ ਛੋਟੀ ਜਿਹੀ ਪਰ ਮਹਾਨ ਵਾਰਤਾ ਹੈ।'

ਉਂਜ ਜੇ ਉਹ ਘਰ-ਬਾਰ ਦੀ ਕਮਾਈ ਇੱਜਤ ਦਾ ਹਵਾਲਾ ਦੇ ਕੇ, ਆਪਣਾ ਹੀ ਢਿੱਡ ਨੰਗਾ ਹੋਣ ਦਾ ਵਾਸਤਾ ਪਾ ਕੇ, 'ਤਮਾਸ਼ਾ ਦੇਖਣ' ਵਾਲਿਆਂ ਦਾ ਮਨੋਰੰਜਨ ਹੋਣ ਦੀ ਬਾਤ ਪਾਉਂਦਾ ਤਾਂ ਸ਼ਾਇਦ ਉਹ ਆਪਣੀ ਭੈਣ ਨੂੰ ਇਸ ਬਦਨਾਮੀ ਖੱਟਣ ਵਾਲੇ ਰਾਹ ਪੈਣੋਂ ਰੋਕ ਵੀ ਸਕਦਾ ਸੀ। ਨਾਲੇ ਇਨਸਾਫ ਕਿਹੜਾ ਧਰਿਆ ਪਿਆ ਹੁੰਦੈ, ਉਮਰਾਂ ਬੀਤ ਜਾਂਦੀਆਂ ਨੇ, ਕੱਖ ਪੱਲੇ ਨਹੀਂ ਪੈਂਦਾ। ਛੇਤੀ ਵਿਆਹ ਵੀ ਧਰਿਆ ਜਾ ਸਕਦਾ ਸੀ, ਸਾਰੀ ਗੱਲ ਠੱਪ-ਮੁੱਕ ਜਾਣੀ ਸੀ। ਪਰ੍ਹੇ-ਪੰਚਾਇਤ ਜਾਂ ਭਾਈਚਾਰਾ ਇਸ ਗੱਲ ਵਿਚ ਬਹੁਤ ਸਹਾਈ ਹੁੰਦਾ ਆਇਆ ਹੈ, ਆਖਰ ਉਨ੍ਹਾਂ ਨੇ ਵੀ ਆਪਣੀਆਂ ਕੁੜੀਆਂ ਦੇ ਹੱਥ ਪੀਲੇ ਕਰ ਕੇ ਸੁਰਖਰੂ ਹੋਣਾ ਹੁੰਦਾ ਹੈ! ਇਕ ਲੜਕੀ ਕਰ ਕੇ ਬਾਕੀਆਂ ਦਾ ਭਵਿਖ ਵੀ ਗ੍ਰਹਿਣਿਆ ਜਾ ਸਕਦਾ ਹੈ। ਨਾਲ ਹੀ ਰਣਜੀਤ ਸਿੰਘ ਦੀ ਡੇਰੇ ਦੇ ਕਾਰ-ਵਿਹਾਰ ਵਿਚ ਹੋਰ ਤਰੱਕੀ ਹੋ ਜਾਣੀ ਸੀ, ਪਰ ਜਿਵੇਂ ਪ੍ਰੇਮੀ ਅਕਲ ਦੇ ਅੰਨ੍ਹੇ ਹੁੰਦੇ ਹੀ ਨੇ, ਉਸ ਨੇ ਵਿਹਾਰਕ ਹੋਣ ਨਾਲੋਂ ਸਿਦਕਵਾਨ ਭਰਾ ਹੋਣ ਨੂੰ ਪਹਿਲ ਦਿੱਤੀ। ਅਖੀਰ ਮਾਰਿਆ ਗਿਆ। 'ਤਮਾਸ਼ਾ ਦੇਖਣ' ਵਾਲਿਆਂ ਨੂੰ ਇਹ ਪਹਿਲੋਂ ਹੀ ਪਤਾ ਹੁੰਦਾ ਹੈ।

ਆਪਣੇ ਭਾਈ ਵਰਗੀ ਅਕਲ ਦੀ ਦੁਸ਼ਮਣ ਅਤੇ ਪ੍ਰੇਮੀਆਂ ਵਰਗੀ ਜਨੂੰਨੀ ਹੀ ਉਹਦੀ ਭੈਣ ਸੀ, ਉਤੋਂ ਸਹੇਲੀ ਵੀ ਨਾਲ ਰਲ ਗਈ। ਆਪਣੇ ਦਮਨ ਦੀ ਦੁਹਾਈ ਦੇ ਕੇ ਪਹਿਲਾਂ ਭਾਈ ਮਰਵਾ ਲਿਆ, ਤੇ ਫਿਰ ਕਮਲੀ ਨੇ ਆਪ ਬਲਦੀ 'ਚ ਛਾਲ ਮਾਰ ਦਿੱਤੀ। ਅਖੇ, ਉਹਦੀ ਮੌਤ ਅਜਾਈਂ ਨਾ ਚਲੀ ਜਾਵੇ! ਭੈਣ-ਭਾਈ ਦਾ ਪਿਆਰ ਤਾਂ ਚਲੋ ਹੁੰਦਾ ਈ ਐ, ਪਰ ਇਹ ਤਾਂ ਬੀਅ-ਨਾਸ ਵੱਲ ਤੁਰ ਪਏ! ਤਕੜਿਆਂ ਦੇ ਰਾਜ-ਭਾਗ ਵਿਚ ਇਨਸਾਫ ਦੀ ਦੁਹਾਈ ਦੇਣ ਨਾਲ, ਆਪਣਾ ਢਿੱਡ ਨੰਗਾ ਕਰਨ ਨਾਲ ਐਵੇਂ ਜਗ-ਹਸਾਈ ਤੇ ਬਦਨਾਮੀ ਝੋਲੀ 'ਚ ਪੈਣ ਦਾ ਬਹਾਨਾ ਬਣ ਜਾਂਦੈ। ਕੁੜੀਆਂ-ਚਿੜੀਆਂ

> ***ਸਾਧਵੀਆਂ ਵੱਲੋਂ ਆਪਣੇ ਨਾਲ ਹੋਏ ਦੁਰਕਰਮ ਨੂੰ ਬਿਆਨ ਕਰਨ ਦਾ ਹੌਸਲਾ ਸਾਡੇ ਸਮਾਜ ਵਿਚ ਦੁਰਲੱਭ ਹੈ ਜਿਨ੍ਹਾਂ ਨੇ ਸ਼ਰਮ, ਲਾਜ, ਪਰਦਾਦਾਰੀ ਦੀ ਦਲਦਲ ਨੂੰ ਪਾਰ ਕੀਤਾ; ਪਰ ਕੋਈ ਅਦਾਰਾ ਜਾਂ ਅਖ਼ਬਾਰ ਉਨ੍ਹਾਂ ਨਾਲ ਦੇ ਮਸਲੇ ਨੂੰ ਸੰਜੀਦਗੀ ਨਾਲ ਲੈਣ ਨੂੰ ਤਿਆਰ ਨਹੀਂ ਸੀ। ਨਿਓਟੇ, ਨਿਆਸਰੇ, ਨਿਥਾਂਵੇਂ ਪੀੜਤਾਂ ਨੂੰ ਹਿੰਦੂ ਮਿਥਿਹਾਸ ਦੇ ਪਾਤਰ, ਸਾਰੇ ਭਾਰਤੀਆਂ ਵਿਚ ਸਤਿਕਾਰੇ ਜਾਂਦੇ, ਭਗਵਾਨ ਵਿਸ਼ਨੂੰ ਦੇ ਸੱਤਵੇਂ ਅਵਤਾਰ, ਸ੍ਰੀ ਰਾਮ ਚੰਦਰ ਦੇ ਨਾਂ ਵਾਲੇ ਪੱਤਰਕਾਰ ਨੇ ਆਪਣੇ ਛੋਟੇ ਜਿਹੇ ਅਖ਼ਬਾਰ 'ਪੂਰਾ ਸੱਚ' ਵਿਚ ਛਾਪਣ ਦਾ ਹੀਆ ਕੀਤਾ।***

ਇਹ ਕਰਦੀਆਂ ਚੰਗੀਆਂ ਨਹੀਂ ਲਗਦੀਆਂ। 'ਤਮਾਸ਼ਬੀਨਾਂ' ਦੇ ਭਾਈਚਾਰੇ 'ਚ ਇਸੇ ਕਰ ਕੇ ਮੁੰਡਿਆਂ ਦੀ ਸੁੱਖ ਸੁੱਖੀ ਜਾਂਦੀ ਹੈ। ਹੋਰ ਸਾਰੇ ਫਿਰਕਿਆਂ ਨਾਲੋਂ 'ਤਮਾਸ਼ਾ ਦੇਖਣ' ਵਾਲਿਆਂ ਦੇ ਭਾਈਚਾਰੇ ਵਿਚ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਸਭ ਤੋਂ ਘੱਟ ਹੈ।

ਸਿੱਖ ਭਾਈਚਾਰਾ ਪਿਛਲੇ ਕੁਝ ਅਰਸੇ ਤੋਂ ਆਪਣੀ ਵਿਲੱਖਣ ਪਛਾਣ ਦੀ ਘਾੜਤ ਦੇ ਆਹਰ ਵਿਚ ਤਨਦੇਹੀ ਨਾਲ ਜੁਟਿਆ ਹੋਇਆ ਹੈ। ਆਦਿ ਗ੍ਰੰਥ ਦੇ ਪੰਨਿਆਂ ਨੂੰ 'ਅੰਗ' ਆਖਦਾ/ਅਖਵਾਉਂਦਾ ਹੈ। ਪੋਥੀ ਨੂੰ 'ਦੇਹ' ਆਖਦਾ/ਅਖਵਾਉਂਦਾ ਹੈ। ਨਾਨਕਸ਼ਾਹੀ ਕੈਲੰਡਰ ਅਪਨਾ ਕੇ ਤਰੀਕਾਂ ਅੱਗੇ-ਪਿੱਛੇ ਕਰੀ ਰੱਖਦਾ ਹੈ। ਪਹਿਲਾਂ ਸੈਂਕੜੇ ਸਾਲਾਂ ਤੋਂ ਦੀਵਾਲੀ ਨੂੰ ਦੀਵਾਲੀ ਹੀ ਕਹਿੰਦਾ ਆਇਆ ਹੈ, ਨਾਲ ਇਹ ਜੋੜ ਕੇ ਕਿ ਇਸੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਹੋ ਕੇ ਆਏ ਤਾਂ ਰਾਮਦਾਸਪੁਰ ਵਿਚ ਦੀਪਮਾਲਾ ਹੋਈ। ਹੁਣ ਪਰ, 'ਦੀਵਾਲੀ' ਵੀ ਕਹਿਣਾ ਛੱਡ ਕੇ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਕਹਿਣ ਦਾ ਸਿਲਸਿਲਾ ਚਾਲੂ ਕਰ ਲਿਆ ਹੈ। ਆਨੀਂ ਬਹਾਨੀਂ ਦੀਵਾਲੀ ਮੌਕੇ ਕਿਸੇ ਦੁਰਘਟਨਾ ਦਾ ਹਵਾਲਾ ਦੇ ਕੇ ਇਸ ਤਿਉਹਾਰ ਨੂੰ ਮਨਾਉਣੋਂ ਰੋਕਣ ਦਾ ਸੂਖਮ ਦਬਾਅ ਬਣਾਇਆ ਜਾਂਦਾ ਹੈ। ਜੇ ਕੋਈ ਮਨਾ ਲਵੇ ਤਾਂ ਹਿੰਦੂ ਭਾਈਚਾਰੇ ਅੰਦਰਲੀ ਮੰਦਭਾਵਨਾ ਦਾ ਇਸ਼ਤਿਹਾਰ ਬਣ ਜਾਂਦਾ ਹੈ ਅਤੇ ਸਿੱਖ ਹਿਰਦੇ ਛਲਣੀ-ਛਲਣੀ ਹੋਣ ਲਈ ਤਿਆਰ-ਬਰ-ਤਿਆਰ ਮਿਲਦੇ ਹਨ।

ਇਹੋ ਜਿਹੇ ਹੋਰ ਮੁੱਦਿਆਂ ਦੇ ਓਟ-ਆਸਰੇ ਨੰਗੀਆਂ ਤਲਵਾਰਾਂ, ਸ਼ੂਕਦੇ ਮੋਟਰਸਾਈਕਲ, ਸਿੱਖਾਂ ਨਾਲ ਵਿਤਕਰਾ, ਹਿੰਦੂਵਾਦ ਤੋਂ ਖਤਰਾ, ਸਿੱਖ ਵਿਰਾਸਤ ਦਾ ਸਵਾਲ, ਨੂੰਹਾਂ-ਧੀਆਂ ਬਚਾਉਣ ਦੇ ਹਵਾਲੇ ਆਦਿ ਦਾ ਅਤੁੱਟ ਲੰਗਰ ਵਰਤਣ ਲਗਦਾ ਹੈ। ਜਥਿਆਂ ਵੱਲੋਂ ਉਗਰਾਹੀ, ਕਾਫਲਿਆਂ ਵੱਲੋਂ ਮਾਰਚ, ਪੰਥਕ ਕਨਵੈਨਸ਼ਨਾਂ, 'ਸਿੱਖ ਵਿਦਵਾਨਾਂ' ਦੀਆਂ ਇਕੱਤਰਤਾਵਾਂ, ਗੁਰਮਤੇ, ਵਿਚਾਰਾਂ, ਪ੍ਰੈਸ ਕਾਨਫਰੰਸਾਂ, ਕਥਾ-ਕੀਰਤਨ ਦਰਬਾਰਾਂ, ਵੱਖ-ਵੱਖ ਸੰਤਾਂ ਦੀਆਂ 'ਫੌਜਾਂ' ਪੰਜਾਬ ਵਿਚ ਸਰਗਰਮੀ ਵਿੱਢ ਲੈਂਦੀਆਂ ਹਨ। ਵਿਚੇ-ਵਿਚ ਰਾਮਦੇਵ ਕੌਡੀ ਪਾ ਜਾਂਦਾ ਹੈ। 'ਸੌਦਾ ਸਾਧ' ਮਨਭਾਉਂਦਾ ਵਿਸ਼ਾ ਹੋ ਨਿਬੜਦਾ ਹੈ।

ਸਾਰੇ ਪੰਥ ਦੀ ਏਕਤਾ ਕਾਇਮ ਰੱਖਣ ਲਈ ਕਿਸੇ ਸਾਂਝੇ ਦੁਸ਼ਮਣ ਦਾ ਹਊਆ ਖੜ੍ਹਾ ਕਰੀ ਰੱਖਣਾ ਲਾਜ਼ਮੀ ਹੋ ਗਿਆ ਹੈ। ਖਾੜਕੂ ਸਿੱਖ ਲਹਿਰ ਨੇ ਇਹ ਭੱਖੜਾ ਆਪਣੀ ਵਿਰਾਸਤ ਵਜੋਂ ਅਗਲੇਰੀਆਂ ਪੁਸ਼ਤਾਂ ਲਈ ਬੀਜ ਰੱਖਿਆ ਹੈ। ਮੇਘਾਲਿਆ ਵਿਚ ਇਸਾਈ ਫਿਰਕੇ ਦੇ ਪ੍ਰਭਾਵਸ਼ਾਲੀ ਤਬਕੇ ਨੇ ਵੀ ਇਹੋ ਤਕਨੀਕ ਅਪਨਾਈ ਹੋਈ ਹੈ। ਜਿਵੇਂ ਮੁਸਲਮਾਨਾਂ ਨੂੰ ਜਨੂੰਨੀ, ਬਲਾਤਕਾਰੀ, ਲਵ-ਜਹਾਦੀ, ਗਾਂ ਖਾਣ ਵਾਲੇ ਆਦਿਕ ਆਖ ਕੇ ਦੰਗਾ ਜਾਂ ਕਤਲੇਆਮ ਹੁੰਦਾ ਆ ਰਿਹਾ ਹੈ, ਉਵੇਂ ਹੀ ਪੰਜਾਬ ਵਿਚ ਪ੍ਰੇਮੀਆਂ ਦਾ ਸਮਾਜਕ ਬਾਈਕਾਟ, 'ਨਾਮ ਚਰਚਾ' ਉਤੇ ਪਾਬੰਦੀ ਦੀ ਮੰਗ, ਦਸਮੇਸ਼ ਪਿਤਾ ਦਾ ਸਵਾਂਗ ਧਾਰ ਕੇ ਕੀਤੀ ਬੇਅਦਬੀ ਆਦਿ ਮੁੱਦੇ ਬਣੇ ਰਹੇ ਹਨ। ਯਾਦ ਰਹੇ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਦੋਸ਼ ਸਭ ਤੋਂ ਪਹਿਲਾਂ ਪ੍ਰੇਮੀਆਂ 'ਤੇ ਹੀ ਲਾਇਆ ਜਾ ਰਿਹਾ ਸੀ, ਪਰ ਸੰਗਤ ਨੇ ਵਿਵੇਕ ਕਾਇਮ ਰੱਖਦਿਆਂ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।

ਖਾੜਕੂ ਲਹਿਰ ਦਾ ਦੌਰ ਖਤਮ ਹੋਇਆ ਤਾਂ ਦੇਹਧਾਰੀ ਗੁਰੂਆਂ ਦੀ ਸਰਗਰਮੀ ਵਧਦੀ ਗਈ। ਦਮਦਮੀ ਟਕਸਾਲ ਦੀ ਚੜ੍ਹਾਈ ਅਤੇ ਫਿਰ ਉਤਰਾਈ ਨੇ ਅਜਿਹੇ ਸੰਪਰਦਾਵਾਂ, ਟਕਸਾਲਾਂ, ਦਰਬਾਰਾਂ, ਡੇਰਿਆਂ ਨੂੰ ਕੁਝ ਜ਼ਰੂਰੀ ਸਬਕ ਦਿੱਤੇ। ਪਹਿਲਾ, ਆਪਣੀ ਤਾਕਤ ਨੂੰ, ਪ੍ਰਭਾਵ ਨੂੰ, ਸੰਪਰਕਾਂ ਨੂੰ ਵਧਾਇਆ ਵੀ ਜਾਵੇ ਅਤੇ ਦੂਜਾ ਸਰਕਾਰਾਂ, ਦਰਬਾਰਾਂ, ਅਹਿਲਕਾਰਾਂ ਨਾਲ ਰਿਸ਼ਤਾ ਵੀ ਗੰਢ ਕੇ ਰੱਖਿਆ ਜਾਵੇ। ਡੇਰਾ ਸੱਚਾ ਸੌਦਾ ਇਸ ਵਰਤਾਰੇ ਦੀ ਨੁਮਾਇਆ ਮਿਸਾਲ ਬਣ ਗਿਆ।

ਇਕ ਹੋਰ ਵਰਤਾਰਾ ਵੀ ਇਸ ਵਿਚ ਰਲ ਗਿਆ। ਹਰੇ ਇਨਕਲਾਬ ਦੀ ਜੋਗ 90ਵਿਆਂ ਵਿਚ ਹੰਭ ਕੇ ਖੜ੍ਹ ਗਈ। ਖਾੜਕੂ ਦੌਰ ਦੀ ਹਿੰਸਾ-ਪ੍ਰਤਿਹਿੰਸਾ ਦੇ ਸਾਂਝੇ ਪੜੁੱਲ ਨੇ ਸਾਰਾ ਸੰਸਥਾਈ ਅਤੇ ਪ੍ਰਸ਼ਾਸਕੀ ਢਾਂਚਾ ਭੁਰਭੁਰਾ ਕਰ ਦਿੱਤਾ। ਸਰਕਾਰ ਨੂੰ ਛੁਟਕਾਰਾ ਮਿਲ ਗਿਆ। ਨਾਗਰਿਕਾਂ ਨੂੰ ਮਿਲਣ ਵਾਲੀਆਂ ਸੇਵਾਵਾਂ- ਸਿੱਖਿਆ, ਸਿਹਤ, ਰੋਜ਼ਗਾਰ ਦੀ ਕਾਇਮੀ ਆਦਿ- ਐਨ ਖੰਡਰ ਬਣ ਗਈਆਂ। ਖਾਂਦੇ-ਹੰਢਾਉਂਦੇ ਤੇ ਗਰੀਬ ਲੋਕਾਂ ਦਾ ਪਾੜਾ ਵਧ ਗਿਆ ਸੀ। ਪ੍ਰਾਈਵੇਟ ਅੰਗਰੇਜ਼ੀ ਸਕੂਲ, ਮਹਿੰਗੀ ਸਿੱਖਿਆ ਦੇ ਕਾਰੋਬਾਰ ਨੇ ਕਿਸੇ ਸਾਂਝੇ ਅਨੁਭਵ ਜ਼ਮੀਨ ਬਣਾ ਸਕਣ ਦੀ ਸੰਭਾਵਨਾ ਦਾ ਵੀ ਬਲਾਤਕਾਰ ਕਰ ਦਿੱਤਾ। ਪਰੰਪਰਕ ਕਿਸਮ ਦਾ ਜਾਤ-ਪਾਤੀ ਦਮਨ ਤਾਂ ਸਭਿਆਚਾਰ ਆਖਿਆ ਹੀ ਜਾਂਦਾ ਹੈ, ਪਰ ਹੁਣ ਇਸ ਦਾ ਪੇਂਡੂ ਸਮਾਜ ਵਿਚ ਵਿਰੋਧ ਜ਼ਰਾ ਮਜ਼ਬੂਤੀ ਨਾਲ ਹੋਣਾ ਸ਼ੁਰੂ ਹੋ ਗਿਆ।

ਸਿੱਖ ਪੰਥ ਜਦੋਂ ਖਾਲਸਾ ਸਾਜਣ ਦੇ 300 ਸਾਲਾਂ ਦਾ ਜਸ਼ਨ ਮਨਾਉਣ ਲਈ ਕਮਰਕੱਸਾ ਕੱਸ ਰਿਹਾ ਸੀ ਤਾਂ ਪਤਾ ਲੱਗਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ ਸਾਰੇ ਨਗਰ ਨੂੰ ਚਿੱਟਾ ਰੰਗ ਕਰਦਿਆਂ ਭਾਈ ਜੈਤਾ ਵਾਲੀ ਯਾਦਗਾਰ ਨੂੰ ਛੱਡ ਦਿੱਤਾ ਗਿਆ ਸੀ। ਮਗਰੋਂ ਪ੍ਰੈਸ ਵਿਚ ਰੌਲਾ ਪੈਣ ਕਰ ਕੇ ਰੰਗ ਹੋਇਆ। ਪਿੰਡੋ-ਪਿੰਡੀ ਜਾਤਾਂ ਦੇ ਆਪੋ-ਆਪਣੇ ਗੁਰਦੁਆਰੇ, ਸ਼ਮਸ਼ਾਨਘਾਟ, ਧਰਮਸ਼ਾਲਾਵਾਂ ਡਟ ਕੇ ਬਣਦੀਆਂ ਗਈਆਂ। ਹੁਣੇ ਹੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਅਧੀਨ ਚੱਲਣ ਵਾਲੇ ਅਤੇ ਸਭ ਤੋਂ ਵੱਧ ਫੀਸਾਂ ਉਗਰਾਹੁਣ ਵਾਲੇ ਕਾਲਜਾਂ ਨੂੰ ਜਦੋਂ ਘੱਟ-ਗਿਣਤੀ ਅਦਾਰੇ ਹੋਣ ਦਾ ਹੱਕ ਮਿਲਿਆ ਤਾਂ ਇਸ ਵਿਚ ਦਲਿਤ ਵਿਦਿਆਰਥੀਆਂ ਨੂੰ ਦਾਖਲੇ ਦਾ ਸੰਵਿਧਾਨਕ ਅਧਿਕਾਰ ਗਾਇਬ ਹੈ।

ਇਸ ਸਭ ਨੂੰ ਸਿੱਖ ਪੰਥ ਨੇ ਦੇਖ ਕੇ ਅਣਡਿੱਠ ਕਰ ਦਿੱਤਾ। ਸਾਡੇ ਸਮਾਜ ਵਿਚ ਮਨੁੱਖੀ ਹਸਤੀ ਦਾ ਬੁਨਿਆਦੀ ਸਵਾਲ ਖੜ੍ਹਾ ਹੋਇਆ ਤਾਂ ਪੰਥ ਨੇ ਇਸ ਨੂੰ ਸਿੱਖੀ ਦੇ ਭਵਿਖ ਲਈ ਕੇਂਦਰੀ ਸਵਾਲ ਹੀ ਨਾ ਮੰਨਿਆ। ਇਤਿਹਾਸ ਦੀ ਜਾੜ੍ਹ ਥੱਲੇ ਆ ਕੇ ਤ੍ਰੇੜਿਆ ਜਾ ਰਿਹਾ ਭਾਈਚਾਰਾ ਆਪਣੇ ਲਈ ਰਾਹ ਲੱਭਦਾ-ਲੱਭਦਾ ਵੱਖੋ-ਵੱਖਰੇ ਡੇਰਿਆਂ ਨੂੰ ਤੁਰ ਪਿਆ ਤਾਂ ਇਸ ਵਿਚ ਸਿੱਖੀ ਦੀਆਂ ਕ੍ਰਾਂਤੀਕਾਰੀ ਕਦਰਾਂ-ਕੀਮਤਾਂ ਨੂੰ ਸਿੱਖਾਂ ਦੇ ਵਡੇਰੇ ਤਬਕੇ ਵੱਲੋਂ ਪਿੱਠ ਦੇ ਕੇ ਖੜ੍ਹ ਜਾਣ ਪ੍ਰਤੀ ਰੋਹ ਵੀ ਸੀ। ਮੌਜੂਦਾ ਧਨਾਢਾਂ ਦੀ ਲਿਸ਼ਕੀ-ਪੁਸ਼ਕੀ ਸਿੱਖੀ ਦਾ ਨਕਾਰ ਵੀ ਸੀ, ਪਰ ਸਭ ਤੋਂ ਵੱਧ ਆਪਣੀ ਸਨਮਾਨਯੋਗ ਸ਼ਨਾਖਤ ਖੜ੍ਹੀ ਕਰਨ ਦਾ ਦ੍ਰਿੜ੍ਹ ਇਰਾਦਾ ਵੀ ਸੀ। ਨਵੇਂ ਨਸ਼ਿਆਂ, ਇੰਟਰਨੈਟ ਪੈਕਾਂ, ਹੇਅਰ ਸਟਾਈਲਿੰਗ ਜੈਲਾਂ, ਗੈਂਗਸਟਰਾਂ ਦੀ ਚੜ੍ਹਾਈ ਵੀ ਵਿੰਗੇ-ਟੇਢੇ ਢੰਗ ਨਾਲ ਇਹੋ ਬਾਤ ਪਾ ਰਹੀ ਹੈ। ਪੰਥਕ ਵਿਚਾਰਾਂ ਇਸ ਸਾਰੇ ਵਰਤਾਰੇ ਸਾਹਮਣੇ ਮੂੰਹ ਹਿਲਾਉਂਦੀਆਂ ਰਹੀਆਂ, ਪਰ ਕਿਸੇ ਢੁੱਕਵੀਂ ਸਰਗਰਮੀ ਤੱਕ ਨਾ ਪੁੱਜੀਆਂ। ਸਾਂਝੇ

*(ਬਾਕੀ ਅਗਲੇ ਸਫੇ 'ਤੇ)*

ਦੁਸ਼ਮਣ ਘੜਨ ਦੀ ਸੌਖੀ, ਸਸਤੀ ਅਤੇ ਟਿਕਾਊ ਹਿੰਦੂਤਵੀ+ਡੋਨਲਡ ਟਰੰਪ ਦੀ ਰਣਨੀਤੀ ਦੀ ਨਕਲ ਕਰਦਿਆਂ ਸਾਰੀ ਸਿੱਖੀ ਦਾ ਸਿਦਕ ਪ੍ਰੇਮੀਆਂ ਨੂੰ ਸਬਕ ਸਿਖਾਉਣ ਦੇ ਮੁੱਦੇ 'ਤੇ ਕੇਂਦਰਿਤ ਹੁੰਦਾ ਰਿਹਾ ਹੈ। ਸਿੱਖ ਪੰਥ ਦੀ ਇਸ ਅਦੁੱਤੀ ਘਾਲਣਾ ਨੂੰ ਲੰਘੀ 25 ਅਗਸਤ ਨੂੰ ਬੂਰ ਪੈ ਗਿਆ ਜਦੋਂ ਪਤਿਤ ਸਿੱਖਾਂ ਤੇ ਗੈਰ-ਸਿੱਖਾਂ (ਹਿੰਦੂ ਪੱਖੀ?), ਨਿਆਂਪਾਲਕਾ ਅਤੇ (ਬਲੈਕਮੇਲੀਏ?) ਛੋਟੇ ਅਖਬਾਰਾਂ ਨੇ ਡੇਰਾ ਮੁਖੀ ਦਾ ਭਾਂਡਾ ਭੰਨ ਕੇ ਰੱਖ ਦਿੱਤਾ।

'ਤਮਾਸ਼ਾ ਦੇਖਣ' ਵਾਲਿਆਂ ਤੋਂ ਉਲਟ ਸਾਧਾਰਨ ਲੋਕਾਂ ਨੇ ਆਪਣੀ ਏਕਤਾ ਰੱਖਦਿਆਂ, ਸਿਦਕ ਧਾਰ ਕੇ ਡੇਰੇ ਵਿਚਲੇ ਦਮਨ ਤੰਤਰ ਅਤੇ ਸ਼ੋਸ਼ਣ ਦੇ ਸਾਮਰਾਜ ਨਾਲ ਹੱਕੀ ਲੜਾਈ ਲੜਨ ਦਾ ਨਿਸਚਾ ਕਰ ਲਿਆ। ਪਤਿਤ ਸਿੱਖਾਂ ਤੇ ਗੈਰ-ਸਿੱਖਾਂ ਨੇ ਗਰੀਬ ਸਾਧਾਰਨ ਪਰਿਵਾਰ ਦੀ ਬਾਂਹ ਫੜੀ। ਡਾਢਿਆਂ ਹੱਥੋਂ ਮਾਸੂਮ ਲੜਕੀਆਂ ਦੇ ਸਰੀਰਕ ਸ਼ੋਸ਼ਣ ਨੂੰ ਗੰਭੀਰਤਾ ਨਾਲ ਲਿਆ। ਪਰਿਵਾਰਕ ਮੈਂਬਰ ਅਤੇ ਗਵਾਹ ਅਡੋਲ ਰਹੇ। ਆਪਣੀ ਜਾਨ ਵਾਰ ਦਿੱਤੀ। ਸ਼ਤਾਬਦੀਆਂ ਮਨਾਉਣ ਵਿਚ ਮਸ਼ਰੂਫ ਕਿਸੇ ਸਿੱਖ ਜਥੇਬੰਦੀ ਨੇ, ਕਿਸੇ ਸਿੱਖ ਵਿਦਵਾਨ ਨੇ, ਕਥਾਕਾਰ-ਕੀਰਤਨੀਏ ਨੇ, ਫੌਜਦਾਰਾਂ ਨੇ ਡੱਕਾ ਦੂਹਰਾ ਨਹੀਂ ਕੀਤਾ। ਸਿੱਖੀ ਦੀ ਰੌਸ਼ਨ ਵਿਰਾਸਤ ਨੂੰ ਇੰਜ ਦਾਗੀ ਕਰਨ ਵਾਲਿਆਂ ਦੀ ਮਾਨਸਿਕਤਾ ਵਿਚ ਡੇਰਿਆਂ, ਧਾਮਾਂ ਆਦਿ ਵਿਚ ਔਰਤਾਂ ਦੇ ਸਰੀਰਕ ਸ਼ੋਸ਼ਣ ਦਾ ਵਿਰੋਧ ਜਾਂ ਇਨਸਾਫ-ਪਸੰਦ ਸਭਿਆਚਾਰ ਖੜ੍ਹਾ ਕਰਨਾ ਗੰਭੀਰ ਮੁੱਦਾ ਨਹੀਂ ਹੈ। ਤਕੜੇ ਏਵੇਂ ਕਰਦੇ ਆਏ ਹਨ। ਗਰੀਬ ਬੰਦਾ ਬੋਲਦਾ ਹੈ, ਫਿਰ ਹਾਰ ਕੇ ਚੁੱਪ ਕਰ ਜਾਂਦਾ ਹੈ। ਕੋਈ ਪਹਿਲੀ ਵਾਰ ਤਾਂ ਹੋਇਆ ਨਹੀਂ। ਹੁੰਦਾ ਆਇਆ ਹੈ। ਇਹਦੇ 'ਚ ਕੀ ਲੜਾਈ ਬਣਦੀ ਐ? ਮੁੱਦਾ ਤਾਂ ਸਵਾਂਗ ਧਾਰਨ ਕਰਨ ਵਾਲਾ ਹੀ ਬਣਦਾ ਐ।

ਅਜੋਕਾ ਪੰਥ ਇਨਸਾਫ ਦੀ ਗਾਰੇ-ਮਿੱਟੀ ਨਾਲ ਲਿੱਬੜੀ ਲੜਾਈ ਤੋਂ ਦੂਰੀ ਬਣਾ ਕੇ ਆਪਣੀ ਚਿੱਟੀ ਚਾਦਰ ਦੇ ਚਾਨਣ ਵਿਚ ਕਿਸੇ ਤਮਾਸ਼ੇ ਨੂੰ ਵੇਖ ਰਿਹਾ ਹੈ। ਇਹ ਪੰਥ ਹੁਣ ਸਿਰਫ ਆਪਣੇ ਭਾਈਚਾਰਕ ਹਿੱਤਾਂ ਦੀ ਸੌੜੀ ਸਿਆਸਤ ਕਰਨ ਜੋਗਾ ਹੀ ਬਚਿਆ ਰਹਿ ਗਿਆ ਹੈ। ਹਥਲੇ ਮਸਲੇ ਵਿਚ ਪੰਥ ਦਰਅਸਲ ਕਹਿ ਇਹ ਰਿਹਾ ਹੈ ਕਿ ਗਰੀਬ ਹੀ ਨਾ ਹੋਵੋ। ਨਾ ਗਰੀਬੀ ਹੋਵੇ, ਨਾ ਲੜਕੀਆਂ ਨੂੰ ਇਉਂ ਬਿਗਾਨੀਆਂ ਥਾਂਵਾਂ 'ਤੇ ਜਾ ਕੇ ਜ਼ਲੀਲ ਹੋਣਾ ਪਵੇ। ਹੁਣ ਗਰੀਬੀ ਕਿਵੇਂ ਦੂਰ ਹੋਵੇ? ਸੌਖਾ, ਸਸਤਾ ਤੇ ਟਿਕਾਊ ਰਾਹ ਹੈ, ਬਾਹਰਲੇ ਦੇਸੋਂ ਆਏ ਪੱਕੀ ਉਮਰ ਦੇ ਮਰਦਾਂ ਨਾਲ ਆਪਣੀ ਜਵਾਨ ਧੀ-ਭੈਣ ਤੋਰ ਦਿਉ। ਅੱਗਿਉਂ ਉਹਦੀ ਪੌੜੀ ਬਣਾ ਕੇ ਸਾਰਾ ਟੱਬਰ ਬਾਹਰ ਜਾ ਕੇ ਗਰੀਬੀ ਤੋਂ ਖਹਿੜਾ ਛੁਡਾ ਲਵੇ। ਮੁੜ ਗੁਰੂ ਮਾਅਰਾਜ ਦੀ ਅਪਾਰ ਕਿਰਪਾ ਦਾ ਸ਼ੁਕਰਾਨਾ ਕਰਨ ਲਈ ਅਖੰਡ ਪਾਠਾਂ ਦੀ ਲੜੀ ਰਖਵਾਵੇ, ਦਰਬਾਰ ਸਾਹਿਬ ਮੱਥਾ ਟੇਕੇ ਅਤੇ ਬਾਰਾਮਾਸੀ ਚੱਲਣ ਵਾਲੀ ਕਾਰ ਸੇਵਾ ਲਈ ਸੋਨਾ-ਚਾਂਦੀ ਜਾਂ ਮਾਇਆ ਭੇਟ ਕਰ ਕੇ ਆਪਣਾ ਜਨਮ ਸਫਲਾ ਕਰੇ। ਜੇ ਡੇਰੇ ਵਿਚ ਇਹ ਕੁਕਰਮ ਹੁੰਦਾ ਹੀ ਆਇਆ ਹੈ ਤਾਂ ਬਾਕੀ ਦੇ ਪੰਜਾਬੀ ਵੀ ਆਪਣੀਆਂ ਧੀਆਂ-ਭੈਣਾਂ ਨੂੰ ਪਰਿਵਾਰ ਦੀ ਤਰੱਕੀ ਲਈ ਯੋਜਨਾਬੱਧ ਢੰਗ ਨਾਲ ਸਰੀਰਕ ਸ਼ੋਸ਼ਣ ਲਈ ਤਿਆਰ ਕਰਦੇ ਆ ਰਹੇ ਹਨ।

ਰਣਜੀਤ ਸਿੰਘ ਨੇ ਇਸ ਵੇਸਵਾਗਮਨੀ ਦੀ ਸ਼ਤਰੰਜ ਵਾਲੀ ਬਿਸਾਤ ਨੂੰ ਖਿਲਾਰ ਕੇ ਰੱਖ ਦਿੱਤਾ ਹੈ। ਇਸ ਵਾਰਤਾ 'ਚੋਂ ਮੇਰੀ ਜਾਚੇ ਅਹਿਮ ਸਿੱਟਾ ਇਹ ਨਿਕਲਦਾ ਹੈ ਕਿ ਪ੍ਰੇਮੀ ਮੂਰਖ ਜਾਂ ਅੰਨ੍ਹੇ ਸ਼ਰਧਾਲੂ ਨਹੀਂ; ਸਗੋਂ ਲੱਜਪਾਲ, ਬੁਲੰਦ ਕਿਰਦਾਰ ਵਾਲੇ ਲੋਕ ਹਨ। ਅਜਿਹੇ ਦਲੇਰ ਲੋਕ ਜੇ ਪਤਿਤ ਸਿੱਖ ਹਨ, ਜਾਂ ਸਿੱਖੀ ਦੀਆਂ ਮਹਾਨ ਰਵਾਇਤਾਂ ਤੋਂ ਮੂੰਹ ਭੁਵਾ ਕੇ ਖੜ੍ਹੇ ਹਨ, ਜਾਂ ਡੇਰਿਆਂ ਵੱਲ ਗਏ ਹਨ ਤਾਂ ਸਾਨੂੰ ਆਪਣੇ 'ਤੇ ਸ਼ੱਕ ਕਰਨਾ ਚਾਹੀਦਾ ਹੈ। ਥੋੜ੍ਹੀ ਸ਼ਰਮ ਮੰਨਣੀ ਚਾਹੀਦੀ ਹੈ। ਸ਼ਤਾਬਦੀਆਂ ਮਨਾਉਣ ਦੀ ਪੰਥਕ ਜ਼ਿੰਮੇਵਾਰੀ ਤੋਂ ਵਿਹਲੇ ਹੋ ਗਏ ਤਾਂ ਫਿਰ ਸ਼ਾਇਦ ਇਹ ਕੰਮ ਵੀ ਸਿਰੇ ਚੜ੍ਹ ਜਾਵੇਗਾ। ਗੁਰੂ ਭਲੀ ਕਰਨਗੇ!

ਸਿੱਖ ਪੰਥ ਵਿਚ ਪਸਰ ਚੁੱਕੀ, ਅਣਮਨੁੱਖੀ ਹੱਦ ਤੱਕ ਜਾ ਪਹੁੰਚੀ ਅੰਨ੍ਹੀ ਸ਼ਰਧਾ ਅਤੇ ਜਨੂੰਨੀ ਧਾਰਮਿਕਤਾ ਨੇ ਵਿਵੇਕ ਸਿੰਜਣ ਦੀ ਮੁਸ਼ੱਕਤ ਤੋਂ ਨਿਜਾਤ ਹਾਸਲ ਕਰ ਕੇ ਹਿੰਸਾ ਦੇ ਸਭਿਅਚਾਰ ਨਾਲ ਗੰਢ ਚਿਤਰਾਵਾ ਕਰ ਲਿਆ ਹੈ। 'ਅਸੀਂ' ਬਨਾਮ 'ਬਿਗਾਨੇ' ਦਾ ਅਸ਼ਲੀਲ ਤਰਕ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਘੁਣ ਵਾਂਗ ਲੱਗ ਗਿਆ ਹੈ। ਇਸ ਵਿਚੋਂ 'ਸਾਂਝੀਵਾਲਤਾ', 'ਸਗਲਿ ਸੰਗ', 'ਸਰਬੱਤ ਦਾ ਭਲਾ', 'ਸਚ ਆਚਾਰ' ਆਦਿਕ ਸੰਕਲਪ ਬੋਲ ਵਿਚ ਤਾਂ ਆ ਜਾਂਦੇ ਹਨ, ਪਰ ਇਨ੍ਹਾਂ ਦੀ ਸੇਧ ਮੁਤਾਬਕ ਨਿਆਂਕਾਰੀ, ਕਰੁਣਾਧਰਮੀ, ਸਹਿਜਭਾਵੀ, ਇਨਸਾਨੀ ਬਰਾਬਰੀ ਵਾਲਾ 'ਨਿਰਭਉ ਨਿਰਵੈਰ' ਸਮਾਜ ਸਿਰਜਣ ਦੀ ਜੱਦੋਜਹਿਦ ਕਰਨ ਦਾ ਇਖਲਾਕੀ ਇਕਰਾਰ ਮੁਕੰਮਲ ਤੌਰ 'ਤੇ ਗਾਇਬ ਹੈ। ਆਪੋ-ਆਪਣੇ ਕਰਮ ਖੇਤਰ ਵਿਚ ਸਾਡਾ ਕਿਰਦਾਰ ਡੇਰਾ ਮੁਖੀ ਨਾਲੋਂ ਬਹੁਤਾ ਵੱਖਰਾ ਨਹੀਂ ਹੈ। ਆਪਣੇ ਸੰਕਟ ਦੀ ਸਹੀ ਪਛਾਣ ਹੀ ਨਾ ਕਰ ਸਕਣ ਕਰ ਕੇ ਇਸ ਭਾਈਚਾਰੇ ਦਾ ਹਾਲ ਵੀ ਐਨ ਪ੍ਰੇਮੀਆਂ ਵਾਲਾ ਹੀ ਹੈ। ਉਨ੍ਹਾਂ ਵਿਚਲੇ ਕੁਝ ਜੁਝਾਰੂਆਂ ਨੇ ਇਨਸਾਫ ਦੀ ਲੜਾਈ ਲੜ ਕੇ, ਜਾਨ ਵਾਰ ਕੇ ਆਪਣੇ ਕੱਚ-ਸੱਚ ਨੂੰ ਚੌਰਾਹੇ ਲਿਆ ਧਰਿਆ ਹੈ। ਕੀ ਸਿੱਖਾਂ ਵਿਚ ਵੀ ਅਜਿਹੇ ਸ਼ਖਸ ਮੌਜੂਦ ਹਨ ਜੋ ਪੰਥ ਨੂੰ ਆਪਣੇ ਕੱਚ-ਸੱਚ ਬਾਬਤ ਪਾਰਦਰਸ਼ੀ ਹੋਣ ਦੀ ਚੁਣੌਤੀ ਰੱਖ ਸਕਣ?

ਨਾਲ ਜੁੜਦਾ ਸਵਾਲ ਖੱਬੇ-ਪੱਖੀਆਂ ਲਈ ਵੀ ਹੈ। ਇਹ ਸਾਰੇ ਪ੍ਰੇਮੀ ਬੁਨਿਆਦੀ ਤੌਰ 'ਤੇ ਥੁੜ੍ਹੇ-ਟੁੱਟੇ ਤਬਕੇ ਨਾਲ ਸਬੰਧਤ ਹਨ ਜੋ ਖੱਬੇ-ਪੱਖੀਆਂ ਦੀ ਕੁਦਰਤੀ ਧਿਰ ਹੋਣੇ ਚਾਹੀਦੇ ਸਨ। ਡੇਰੇ ਪ੍ਰਤੀ ਪ੍ਰੇਮੀਆਂ ਦੀ ਰੂਹਾਨੀ-ਇਖਲਾਕੀ-ਸਮਾਜੀ ਪ੍ਰਤੀਬੱਧਤਾ ਨੂੰ ਸਿਰਫ 'ਧਾਰਮਿਕ ਜਨੂੰਨ' ਜਾਂ 'ਅੰਨ੍ਹੀ ਸ਼ਰਧਾ ਦੇ ਕੈਦੀ' ਆਖ ਕੇ ਡੰਗ ਤਾਂ ਟਪਾਇਆ ਜਾ ਸਕਦਾ ਹੈ, ਪਰ ਨਾਲ ਹੀ ਇਹ ਕਿਸੇ ਲੋਕ-ਪੱਖੀ ਧਿਰ ਦੀ ਡੂੰਘੀ ਰਣਨੀਤਕ-ਵਿਚਾਰਧਾਰਕ ਸ਼ਿਕਸਤ ਦਾ ਵੀ ਨਿਸ਼ਾਨ ਹੈ।

ਆਪਸ ਵਿਚ ਲੱਖ ਲੜਾਈ ਦੇ ਹੁੰਦਿਆਂ-ਸੁੰਦਿਆਂ ਇਹ ਹਾਰ ਸਿੱਖ ਪੰਥ ਵਾਲਿਆਂ ਦੀ ਅਤੇ ਖੱਬੇ-ਪੱਖੀਆਂ ਦੇ ਸਾਂਝੇ ਲੱਛਣ, ਵਿਹਾਰ ਅਤੇ ਅਭਿਆਸ ਵੱਲ ਇਸ਼ਾਰਾ ਕਰਦੀ ਹੈ। ਮਿਸਾਲ ਵਜੋਂ ਦੋਵਾਂ ਧਿਰਾਂ ਨੂੰ ਆਪਣੀ ਸਿਧਾਂਤਕ ਪਕਿਆਈ ਦੇ ਸਰੋਤਾਂ 'ਤੇ ਜਾਇਜ਼ ਵਿਸ਼ਵਾਸ ਹੈ। ਆਪਣੇ ਲੋਕਾਂ ਦੀ ਜਾਂ ਪੰਥ ਦੀ ਅੰਤਿਮ ਜਿੱਤ ਬਾਰੇ ਵੀ ਕੋਈ ਦੋ ਰਾਵਾਂ ਨਹੀਂ। ਸਿੱਖਾਂ ਲਈ ਗੁਰੂ ਦੇ ਕਲਿਆਣਕਾਰੀ ਮਾਰਗ ਤੋਂ ਵਿੱਛੜ ਕੇ ਦੇਹਧਾਰੀ ਬਾਬਿਆਂ ਦੇ ਸਸਤੇ ਪ੍ਰਵਚਨਾਂ ਅਤੇ ਅਡੰਬਰ ਕਰਨ ਵਾਲੇ ਕੁਕਰਮੀ ਸਾਧਾਂ ਦੇ ਲੜ ਲੱਗਣ ਵਾਲਿਆਂ ਦੀ ਲਗਾਤਾਰ ਵਧਦੀ ਗਿਣਤੀ ਰਹੱਸ ਬਣੀ ਹੋਈ ਹੈ। ਐਨੇ ਮਜ਼ਬੂਤ ਸਿਧਾਂਤ, ਸ਼ਾਨਾਂਮੱਤੇ ਇਤਿਹਾਸ ਵਾਲੇ ਪੰਥ ਦਾ ਵਰਤਮਾਨ ਅਤੇ ਨੇੜ-ਭਵਿਖ ਐਸਾ ਬਦਸ਼ਕਲ ਕਿਉਂ ਹੈ? ਸਿੱਖਾਂ ਲਈ ਇਹ ਸਵਾਲ ਬਿਪਤਾ ਬਣਿਆ ਹੋਇਆ ਹੈ। ਕਦੇ ਹਥਿਆਰਾਂ ਨਾਲ, ਕਦੇ ਵੋਟਾਂ ਆਸਰੇ, ਕਦੇ ਰੈਣ-ਸਬਾਈ ਕੀਰਤਨ ਦਰਬਾਰਾਂ ਨਾਲ, ਕਦੇ ਅੰਮ੍ਰਿਤ ਸੰਚਾਰ ਸਦਕਾ, ਕਦੇ 24 ਘੰਟੇ ਦੇ ਗੁਰਬਾਣੀ ਪ੍ਰਸਾਰਨ ਨਾਲ, ਕਦੇ ਇੰਟਰਨੈਟ ਨਾਲ, ਉਹ ਇਸ ਮੂੰਹ ਵਿਚ ਆਈ ਕੋਹੜ ਕਿਰਲੀ ਨਾਲ ਨਜਿੱਠਣ ਲਈ ਤਤਪਰ ਹਨ। ਕੋਈ ਪੇਸ਼ ਨਹੀਂ ਜਾ ਰਹੀ।

ਇਵੇਂ ਹੀ ਖੱਬੇ-ਪੱਖ ਦੀਆਂ ਸਿਧਾਂਤਕ ਬੁਨਿਆਦਾਂ ਦੀ ਪਕਿਆਈ, ਲੱਖ ਚੁਣੌਤੀਆਂ ਦੇ ਬਾਵਜੂਦ, ਇਕ ਇਤਿਹਾਸਕ ਪ੍ਰਾਪਤੀ ਹੈ। ਲੋਕਾਈ ਨੇ ਇਸ ਸਿਧਾਂਤ ਨੂੰ ਅਭਿਆਸ ਵਿਚ ਢਾਲ ਕੇ, ਜਥੇਬੰਦ ਹੋ ਕੇ, ਸ਼ਹੀਦੀਆਂ ਨਾਲ ਸਿੰਜ ਕੇ ਵੱਡੀਆਂ ਮੱਲਾਂ ਮਾਰੀਆਂ ਹਨ। ਅਜਿਹੀ ਇਕ ਪ੍ਰਾਪਤੀ 1917 ਦਾ ਬਾਲਸ਼ਵਿਕ ਇਨਕਲਾਬ ਹੈ ਜਿਸ ਦੀ ਪਹਿਲੀ ਸ਼ਤਾਬਦੀ ਇਸੇ ਸਾਲ 2017 ਵਿਚ ਢੁੱਕੀ ਹੈ। ਪੰਜਾਬ ਵਿਚ ਵੀ ਖੱਬੇ-ਪੱਖੀਆਂ ਦੀ ਅਜੋਕੀ ਸ਼ਿਕਸਤਾ ਹਾਲਤ ਦੇ ਬਾਵਜੂਦ ਇਨ੍ਹਾਂ ਦਾ ਪੰਜਾਬ ਵਿਚ ਬੇਮਿਸਾਲ ਯੋਗਦਾਨ ਹੈ। ਸਿੱਖੀ ਦੀਆਂ ਲੋਕ-ਹਿਤੂ, ਕ੍ਰਾਂਤੀਕਾਰੀ ਰਵਾਇਤਾਂ ਨੂੰ ਪੰਜਾਬ ਦੇ ਖੱਬੇ-ਪੱਖੀਆਂ ਦੇ ਕਿਰਦਾਰ, ਕੁਰਬਾਨੀ ਅਤੇ ਕਰਮਸ਼ੀਲਤਾ ਰਾਹੀਂ ਵੀ ਸਾਕਾਰ ਕੀਤਾ ਗਿਆ ਹੈ, ਪਰ ਇਨ੍ਹਾਂ ਦੇ ਆਗੂਆਂ ਅਤੇ ਹੁਣ ਦੇ ਵਿਚਾਰਕਾਂ ਲਈ ਵੀ ਮੁੱਦਿਆਂ ਦੀ ਵੰਡ ਤੱਤ ਰੂਪ ਵਿਚ ਸਿੱਖ ਪੰਥ ਦੇ ਲੀਡਰਾਂ ਵਾਂਗ ਹੀ ਰਹੀ ਹੈ। ਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਡੇਰੇ ਦੇ ਪੈਰੋਕਾਰਾਂ ਦਾ ਮਸਲਾ ਸਿੱਖ ਮਸਲਾ ਨਹੀਂ, ਤਾਂ ਖੱਬੇ-ਪੱਖੀਆਂ ਲਈ ਵੀ ਇਹ ਕੋਈ ਲੋਕ ਮਸਲਾ ਨਹੀਂ ਹੈ। ਲੈ ਦੇ ਕੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਸ਼ੁਭ-ਭਾਵਨਾ ਦੇ ਪੈਗਾਮ ਤੋਂ ਬਿਨਾ ਖੱਬੇ-ਪੱਖ ਕੋਲ ਕੋਈ ਢੁੱਕਵੀਂ ਲੀਹ ਨਹੀਂ ਹੈ।

ਖੱਬੇ-ਪੱਖੀ ਵੀ ਸਿੱਖਾਂ ਵਾਂਗ ਹੈਰਾਨ ਹਨ ਕਿ ਲੋਕ ਵਾਰ-ਵਾਰ ਵਰਗਲਾਏ ਜਾ ਰਹੇ ਹਨ। ਕਦੇ ਭਿੰਡਰਾਂਵਾਲੇ ਦੇ ਮਗਰ, ਫਿਰ ਬਾਦਲਾਂ ਦੇ ਮਗਰ, ਕਦੇ ਕੈਪਟਨ, ਕਦੇ ਬਸਪਾ ਅਤੇ ਹੁਣ ਆਮ ਆਦਮੀ ਪਾਰਟੀ ਦੇ ਠੱਗਾਂ ਨੇ ਲੋਕ ਠੱਗ ਲਏ ਹਨ। ਲੋਕ ਖੱਬੇ-ਪੱਖ ਦੇ ਸਿਧਾਂਤ, ਕਿਰਦਾਰ ਅਤੇ ਅਭਿਆਸ ਤੇ ਬਿਲਕੁਲ ਹੀ ਕਾਟਾ ਕਿਉਂ ਫੇਰੀ ਬੈਠੇ ਹਨ? ਕਦੇ ਸਿਸਟਮ 'ਚੋਂ ਆਟਾ-ਦਾਲ ਰਾਹੀਂ; ਕਦੇ ਕਾਲੇ ਧਨ ਨੂੰ ਵਾਪਸ ਲਿਆਉਣ ਨਾਲ ਅਮੀਰ ਹੋ ਜਾਣ ਦੇ ਸੁਪਨੇ ਰਾਹੀਂ; ਕਦੇ ਨੋਟਬੰਦੀ ਰਾਹੀਂ ਭ੍ਰਿਸ਼ਟਾਚਾਰ ਦੇ ਖਾਤਮੇ ਰਾਹੀਂ; ਕਦੇ ਪਾਕਿਸਤਾਨ ਨਾਲ ਜੰਗ ਕਰ ਕੇ-ਗੱਲ ਕੀ ਕੋਈ ਰਾਹ ਹੀ ਨਹੀਂ ਛੱਡਿਆ। ਨਵੀਆਂ ਪਾਰਟੀਆਂ, ਨਵੇਂ ਨਾਅਰੇ ਜਾਂ ਨਵੇਂ ਚਿਹਰੇ, ਖੱਬੇ-ਪੱਖ ਦੀ ਸਿਆਸਤ ਨੂੰ ਭੁਆਟਣੀਆਂ ਦੇਈ ਫਿਰਦੇ ਹਨ, ਹਾਲਾਂਕਿ ਅੰਤਿਮ ਜਿੱਤ ਇਨ੍ਹਾਂ ਦੀ ਹੀ ਹੋਣੀ ਹੈ!

ਸਿੱਖਾਂ ਅਤੇ ਖੱਬੇ-ਪੱਖੀਆਂ ਦੀ ਆਪਾ ਪੜਚੋਲ ਨਾ ਕਰ ਸਕਣ ਦੀ ਮਜਬੂਰੀ 'ਚੋਂ ਨਿੱਸਰੀ ਸਾਂਝੀ ਵਿਉਂਤਬੰਦੀ ਹੈ। ਦੋਵੇਂ ਧਿਰਾਂ ਆਪਣੇ ਅੰਦਰਲੇ ਵਿਰੋਧੀਆਂ ਨੂੰ ਚਿੱਤ ਕਰਨ ਲਈ ਇਕੋ ਜਿਹੇ ਤਰੀਕਾਕਾਰ ਅਪਨਾਉਂਦੀਆਂ ਹਨ। ਦੋਵਾਂ ਦਾ ਆਪੋ-ਆਪਣੇ ਦਾਇਰੇ ਦੀਆਂ ਹੱਦਾਂ ਦੀ ਰਾਖੀ ਲਈ ਬੇਹਦ ਚੌਕਸੀ ਰੱਖਣ ਦਾ ਲੰਬਾ ਅਭਿਆਸ ਹੈ। ਦੋਵਾਂ ਨੇ ਇਕ ਦੂਜੇ ਨਾਲ ਸਾਰਥਕ ਸੰਵਾਦ ਦਾ ਰਾਹ ਤਿਆਗਿਆ ਹੋਇਆ ਹੈ, ਸਗੋਂ ਨਕਾਰਨ ਦੇ ਕਾਰਨਾਂ ਦੀ ਸੂਚੀ ਨੂੰ ਹਰ ਨਾਜ਼ੁਕ ਮਰਹਲੇ 'ਤੇ ਸਿਮਰਿਆ ਜਾਂਦਾ ਹੈ, ਪਰ ਦੋਵੇਂ ਮਾਯੂਸ ਵੀ ਹਨ। ਅੰਦਰੋਂ ਸੱਚੀ ਪੀੜ ਵੀ ਮੰਨਦੇ ਹਨ। ਦੇਹ ਨੂੰ ਅਸਲੀ ਵੈਲ ਇਹ ਲੱਗਾ ਹੋਇਆ ਹੈ ਕਿ ਆਪਣੇ ਹਾਸ਼ੀਏ 'ਤੇ ਚਲੇ ਜਾਣ ਦੇ ਕਾਰਨਾਂ ਦੀ ਇਖਲਾਕੀ ਪੜਚੋਲ ਕਿਤੇ ਕੋਈ ਨਵਾਂ ਚੰਦ ਨਾ ਚਾੜ੍ਹ ਦੇਵੇ। ਡੇਰੇ ਵੀ ਇਨ੍ਹਾਂ ਧਿਰਾਂ ਦੀ ਇਸੇ ਨੈਤਿਕ ਕਾਇਰਤਾ ਵਿਚੋਂ ਆਪਣੇ ਜੋਗੀ ਆਕਸੀਜਨ ਖਿੱਚ ਲੈਂਦੇ ਹਨ ਅਤੇ ਆਮ ਆਦਮੀ ਪਾਰਟੀ ਵਰਗੇ ਲੋਕ-ਉਭਾਰ ਵੀ ਅਖੀਰ ਨੂੰ ਪਾਰਟੀ (ਡੇਰਾ) ਪ੍ਰਧਾਨ (ਪਿਤਾ ਜੀ) ਦੀ ਜੇਬ ਵਿਚ ਤਕੀਆ ਲਾ ਲੈਂਦੇ ਹਨ। ਸਰਬੱਤ ਲਈ ਚਾਨਣ-ਮੁਨਾਰੇ ਰੂਸੀ ਇਨਕਲਾਬ ਦੀ ਸ਼ਤਾਬਦੀ ਇਸੇ ਵਜ੍ਹਾ ਕਰ ਕੇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਤੋਂ ਬਾਹਰ ਕਿਸੇ ਨੂੰ ਰੜਕੇਗੀ ਵੀ ਨਹੀਂ।

ਪੰਜਾਬੀ ਇਤਿਹਾਸ ਵਿਚ ਵੱਡਾ ਉਸਾਰੂ ਰੋਲ ਨਿਭਾਉਣ ਵਾਲੀਆਂ ਇਹ ਧਿਰਾਂ-ਸਿੱਖ ਪੰਥ ਅਤੇ ਖੱਬੇ ਪੱਖੀ, ਜਦੋਂ ਲਗਭਗ ਤਮਾਸ਼ਾ ਦੇਖਣ ਤੱਕ ਸੁੰਗੜ ਗਏ ਹੋਣ, ਤਾਂ ਫਿਰ ਕੀ ਬਣੇ? ਸਾਧਨਹੀਣ ਆਮ ਆਦਮੀ, ਭਾਸ਼ਾਈ ਮੀਡੀਆ ਦੇ ਛੋਟੇ ਅਖਬਾਰ, ਜਾਂਚ ਅਫਸਰ ਅਤੇ ਛੋਟੇ ਜੱਜਾਂ ਨੇ ਵੱਡੇ ਖੱਬੀਖਾਨ ਤੇ ਜਿੰਨ ਮੁੜ ਬੋਤਲ ਵਿਚ ਪਾ ਲਏ ਹਨ। ਕਈ ਪ੍ਰੇਮੀਆਂ ਬਾਰੇ ਖਬਰ ਆਈ ਕਿ ਪੰਚਕੂਲੇ ਜਾਣ ਤੋਂ ਪਹਿਲਾਂ ਆਪਣੇ ਪਿੰਡਾਂ ਦੀਆਂ ਹੱਟੀਆਂ 'ਤੇ ਜਾ ਕੇ ਦੇਣਦਾਰੀ ਮੁਕਾ ਆਏ, ਇਹ ਕਹਿ ਕੇ ਕਿ 'ਹੁਣ ਪਤਾ ਨਹੀਂ ਮੁੜਾਂਗੇ ਕਿ ਨਹੀਂ।'

ਅੱਗਾਂ ਲਾਉਣ ਵਾਲੇ ਅਤੇ ਪੁਲਿਸ ਦੀ ਗੋਲੀ ਨਾਲ ਮਰਨ ਵਾਲੇ ਅਕਸਰ ਅੱਡ-ਅੱਡ ਹੁੰਦੇ ਹਨ। ਹਿੰਸਾ ਜਦੋਂ ਖਾਂਦੇ-ਪੀਂਦੇ ਲੋਕਾਂ ਦੇ ਨੇੜੇ ਆ ਜਾਂਦੀ ਹੈ ਤਾਂ ਪ੍ਰਤਿਹਿੰਸਾ ਦਾ ਸਰਕਾਰੀ ਦਮਨ-ਤੰਤਰ ਆਪਣੇ ਜੋਬਨ 'ਤੇ ਆ ਜਾਂਦਾ ਹੈ। ਪੰਜਾਬੀਆਂ ਨੇ ਇਹ ਦਮਨ ਹੰਢਾਇਆ ਹੈ। ਕਸ਼ਮੀਰੀ ਹੰਢਾ ਰਹੇ ਹਨ; ਤੇ ਹੁਣ ਕੋਈ ਚਾਲੀ ਕੁ ਬੰਦੇ, ਬੰਦੇ ਨਹੀਂ ਸਗੋਂ ਪ੍ਰੇਮੀ ਮਾਰੇ ਗਏ ਹਨ... ਉਨ੍ਹਾਂ ਦੇ ਸਨੇਹੀ ਉਨ੍ਹਾਂ ਨੂੰ ਫੋਨ ਕਰ ਰਹੇ ਹਨ। ਲੋਥਾਂ, ਲੋਥਾਂ ਨਹੀਂ ਪ੍ਰੇਮੀ, ਕਿਸੇ ਗਹਿਰੀ ਖਾਮੋਸ਼ੀ 'ਚ ਹਨ। ਅੱਜ ਨਹੀਂ ਤਾਂ ਕੱਲ੍ਹ, ਉਹ ਬੋਲਣਗੇ, ਜ਼ਰੂਰ ਬੋਲਣਗੇ!

ਸ਼ਾਇਦ ਪੀੜਤ ਸਾਧਵੀਆਂ ਅਤੇ ਰਾਮਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਦੇ ਜ਼ਖਮਾਂ ਅਤੇ ਦੁੱਖ ਨੂੰ ਦਿਲੋਂ ਮਹਿਸੂਸ ਕਰ ਕੇ ਕਿਸੇ ਨਰੋਏ ਅਤੇ ਨਿਗਰ ਵਿਵੇਕ ਦਾ ਨਿਰਮਾਣ ਕਰ ਕੇ ਹੀ ਪ੍ਰੇਮੀ ਆਪਣੀ ਆਸਥਾ ਦੇ ਸੰਕਟ ਅਤੇ ਗਹਿਰੇ ਦੁੱਖ ਤੋਂ ਪਾਰ ਜਾ ਸਕਣਗੇ। ਪੰਜਾਬੀਆਂ ਦੀ ਪੱਥਰ ਹੁੰਦੀ ਜਾਂਦੀ ਸੰਵੇਦਨਾ, ਇਹਦੀਆਂ ਜ਼ਿੰਮੇਵਾਰ ਧਿਰਾਂ ਦੇ ਸੰਕੀਰਨ ਅਤੇ ਸੰਪਰਦਾਈ ਵਿਹਾਰ ਵਾਲੇ ਸੱਜੇ-ਖੱਬਿਆਂ ਨੂੰ ਉਹ ਕਹਿ ਗਏ ਹਨ:

'ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।'



ਪੰਚਕੂਲਾ ਵਿਚੋਂ ਖਦੇੜੇ ਜਾਣ ਤੋਂ ਪਹਿਲਾਂ ਸਰਕਾਰੀ ਸਰਪ੍ਰਸਤੀ ਹੇਠ ਜਮ੍ਹਾਂ ਹੋਏ ਡੇਰਾ ਪ੍ਰੇਮੀ।

---

## ਪਖੰਡੀ ਸਿਰਸਾ ਸਾਧ

ਸਿਰਸੇ ਵਾਲਾ ਸਾਧ ਪਖੰਡੀ,
ਪਾ ਗਿਆ ਸਾਰੇ ਮੁਲਕ 'ਚ ਭੰਡੀ।
ਬਾਬੇ 'ਤੇ ਕੇਹੀ ਚੜ੍ਹੀ ਜਵਾਨੀ,
ਬਾਬਾ ਬਣ ਗਿਆ ਸਾਧ ਤੂਫਾਨੀ।

ਸਾਧ ਨੇ ਐਸਾ ਸ੍ਵਾਂਗ ਰਚਾਇਆ,
ਕੁਲ ਦੁਨੀਆਂ ਨੂੰ ਮਗਰੇ ਲਾਇਆ।
ਹੱਟਾ-ਕੱਟਾ ਤੇ ਗਿੱਠਾ ਬਾਬਾ,
ਪਰ ਸੀ ਮੂੰਹ ਦਾ ਮਿੱਠਾ ਬਾਬਾ।

ਸਿਰਸੇ ਦਾ ਫਿਰ ਚਮਕਿਆ ਨਾਂ,
ਬੈਠਣ ਨੂੰ ਓਥੇ ਮਿਲੇ ਨਾ ਥਾਂ।
ਚੇਲਿਆਂ ਦਾ ਉਹ 'ਬਾਪ' ਬਣ ਗਿਆ,
ਮੁਲਕ ਦੇ ਲਈ ਸਰਾਪ ਬਣ ਗਿਆ।

ਤੱਕ ਲੋਕਾਂ ਦੀਆਂ ਧੀਆਂ ਜਵਾਨ,
ਸਾਧ ਸੀ ਬਣ ਬੈਠਾ ਸ਼ੈਤਾਨ।
'ਲਵ ਚਾਰਜਰ' ਜਿਹੇ ਗਾਣੇ ਗਾਵੇ,
ਟੱਪ ਟੱਪ ਧਰਤੀ ਪੁਟਦਾ ਜਾਵੇ।

ਨਿਤ ਕੁੜੀਆਂ ਦੀਆਂ ਇੱਜਤਾਂ ਲੁੱਟੇ,
ਜੇ ਕੋਈ ਬੋਲੇ, ਮਾਰ ਹੀ ਸੁੱਟੇ।
ਹਨੀਪ੍ਰੀਤ ਨੂੰ ਧੀ ਬਣਾ ਕੇ,
ਸ਼ਰਮ ਧਰਮ ਸਭ ਖੂਹ 'ਚ ਪਾ ਕੇ।

ਰੱਬ ਦੇ ਨਾਂ 'ਤੇ ਸਿਰਸਾ ਸਾਧ,
ਕਰਦਾ ਰਿਹਾ ਘੋਰ ਅਪਰਾਧ।
ਸੁੱਤੇ ਧਰਮ, ਸਮਾਜ ਵੀ ਸੌਂ ਗਏ,
ਤਖਤਾਂ ਦੇ ਨਾਲ ਤਾਜ ਵੀ ਸੌਂ ਗਏ।

ਵੱਡੇ ਲੀਡਰ ਤੇ ਸਰਕਾਰ,
ਆਉਂਦੇ ਸਿਰਸੇ ਦੇ ਦਰਬਾਰ।
ਹੱਥ ਸਾਧ ਦੇ ਪੈਰੀਂ ਲਾਉਂਦੇ,
ਵੋਟਾਂ ਮੰਗਦੇ ਤਰਲੇ ਪਾਉਂਦੇ।

ਸਾਧ ਕੋਲ ਸੀ ਲੱਖਾਂ ਵੋਟ,
ਸਾਧ ਕੋਲ ਸੀ ਅਰਬਾਂ ਨੋਟ।
ਜਿਸ ਨੂੰ ਮਰਜ਼ੀ ਵੋਟ ਪੁਆਵੇ,
ਜਿਸ ਨੂੰ ਮਰਜ਼ੀ ਤਖਤ ਬਿਠਾਵੇ।

ਸਾਧ ਨੇ ਚੁਕ ਲਈ ਬਹੁਤੀ ਅੱਤ,
ਸਾਧ ਦੀ ਮਾਰੀ ਗਈ ਸੀ ਮੱਤ।
ਵਿਚ ਗੁਫਾ ਦੇ ਵੜ ਕੇ ਬਹਿੰਦਾ,
ਪਾਪ ਕਰਮ ਸੀ ਕਰਦਾ ਰਹਿੰਦਾ।

ਪਾਪ ਦਾ ਭਾਂਡਾ ਇਕ ਦਿਨ ਭੱਜਿਆ,
ਸੱਚ ਵਾਂਗਰਾਂ ਸ਼ੇਰ ਦੇ ਗੱਜਿਆ।
ਇਕ ਬੇਟੀ ਨੇ ਲਾਈ ਗੁਹਾਰ,
ਨਾਲੇ ਰੋਈ ਉਹ ਧਾਹਾਂ ਮਾਰ।

ਸੀ. ਬੀ. ਆਈ. ਪਈ ਸੀ ਜਾਗ,
ਬਾਬੇ ਨੂੰ ਭੁਲ ਗਏ ਰੰਗ ਰਾਗ।
ਜੱਜ ਜਗਦੀਪ ਸਿੰਘ ਬਣ ਸ਼ੇਰ,
ਪੰਚਕੂਲੇ ਵਿਚ ਗੱਜਿਆ ਫੇਰ।

ਵੀਹ ਸਾਲ ਦੀ ਕੈਦ ਸੁਣਾਈ,
ਸੱਚ ਦੀ ਇੱਜਤ ਰੱਖ ਵਿਖਾਈ।

ਬਾਬਾ ਧਾਹਾਂ ਮਾਰ ਸੀ ਰੋਇਆ,
ਆਖੇ ਰੱਬਾ ਇਹ ਕੀਹ ਹੋਇਆ।

ਖੇਡੀ ਗਈ ਫਿਰ ਖੂਨ ਦੀ ਹੋਲੀ,
ਮਰੀ ਬਥੇਰੀ ਜਨਤਾ ਭੋਲੀ।
ਕਿੰਜ ਸਮਝਾਈਏ ਇਨ੍ਹਾਂ ਲੋਕਾਂ,
ਸਾਧ ਨੇ ਲੱਗੀਆਂ ਧਰਮ ਨੂੰ ਜੋਕਾਂ।

ਸਭ ਧਰਮਾਂ ਤੋਂ ਸਾਧ ਨੇ ਉਤੇ,
ਖਾਣ ਸਮਾਜ ਨੂੰ ਜਾਗਦੇ ਸੁਤੇ।
ਉਠੋ ਵੇ ਹੁਣ ਸੁੱਤਿਓ ਲੋਕੋ,
ਰੱਬ ਵਿਸਾਰ ਵਿਗੁਤਿਓ ਲੋਕੋ।

ਨਾ ਸਾਧਾਂ ਦੇ ਡੇਰੇ ਜਾਵੋ,
ਡੇਰਿਆਂ ਤਾਈਂ ਬੰਦ ਕਰਾਵੋ।

ਸੱਚੇ ਰੱਬ ਨੂੰ ਕਰੋ ਪ੍ਰੀਤ,
ਜੱਗ ਵਿਚ ਹੋ ਜਾਵੋ 'ਸੁਰਜੀਤ'।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

## ਆਸਾ ਰਾਮ-ਰਾਮ ਪਾਲ-ਰਾਮ ਰਹੀਮ

ਵੱਜਦੇ ਤਿੰਨ ਤਾਂ ਉਠ ਖੜਾਉਂਦਾ
ਝਾੜੂ ਜੇਲ੍ਹ ਦੇ ਵਿਚ ਲਗਾਉਂਦਾ।
ਫਸਿਆ ਆਸਾ ਰਾਮ ਕਸੂਤਾ
ਜੋ ਬਾਬਾ ਅਖਵਾਉਂਦਾ ਸੀ।
ਕੁੱਬਾ ਹੋ ਗਿਆ ਸੁੱਕ ਕੇ ਤੀਲਾ
ਜਿਹੜਾ ਭੰਗੜੇ ਪਾਉਂਦਾ ਸੀ।

ਉਧਰ ਰਾਮ ਪਾਲ ਸੀ ਜਿਹੜਾ
ਕਹਿੰਦਾ ਬਹੁਤ ਵੱਡਾ ਹੈ ਵਿਹੜਾ।
ਫਿਰ ਵੀ ਸਾਰੇ ਪਾਣੀ ਛਿੜਕਾਂ
ਕਰ ਕੋਈ ਰੀਸ ਨਾ ਸਕਦਾ ਜੀ।
ਭਾਵੇਂ ਖਾਧੀਆਂ ਦੁੱਧ-ਮਲਾਈਆਂ
ਪਰ ਬੁਰਾ ਹਾਲ ਹੈ ਲੱਕ ਦਾ ਜੀ।

ਆਟਾ ਗੁੰਨ ਪਲੇਥਣ ਲਾਉਂਦਾ
ਤੇ ਲੋਹੀਏ ਬੇਲ ਬੇਲ ਕੇ ਪਾਉਂਦਾ।
ਦੋਸ਼ੀ ਸਾਧ ਤਵੇ 'ਤੇ ਵਿੰਗੀਆਂ
ਟੇਡੀਆਂ ਰੋਟੀਆਂ ਲਾਹੁੰਦਾ ਏ।
ਆਸਾ ਰਾਮ ਦੇ ਸੁੱਕੀ ਨਾ ਲੰਘੇ
ਪਾਣੀ ਨਾਲ ਲੰਘਾਉਂਦਾ ਏ।

ਤਿੰਨੇ ਬੈਠੇ ਕਰਨ ਵਿਚਾਰਾਂ
ਜੋ ਮੌਜਾਂ ਲੈ ਲਈਆਂ ਬੜੀਆਂ ਯਾਰਾਂ।
ਲੁੱਟੀਆਂ ਇੱਜਤਾਂ ਅਸਾਂ ਨੇ ਵੀ
ਜੋ ਕੰਜਕਾਂ ਕਈ ਹਜ਼ਾਰਾਂ ਨੇ।
ਤਾਹੀਓਂ ਹੱਥ ਧੋ ਕੇ ਹੀ
ਪਿੱਛੇ ਗਈਆਂ ਪੈ ਸਰਕਾਰਾਂ ਨੇ।
ਆਪਾਂ ਤਾਂ ਹੁਣ ਜੇਲ੍ਹ 'ਚ ਆ'ਗੇ
ਕਿਉਂਕਿ ਲੀਡਰ ਦਗਾ ਕਮਾ'ਗੇ।
ਆਪਾਂ ਫਸੀ ਨਿਬੇੜਾਂਗੇ ਹੁਣ
ਅਗਲੀ ਕਿਸ ਦੀ ਵਾਰੀ ਐ।
ਆਖੇ ਵਹਿਣੀ ਵਾਲੀਆ ਦਿਆਲ
ਬੁੱਝੋ ਖਾਂ ਕਿਸ ਦੀ ਤਿਆਰੀ ਐ!

***-ਹਰਦਿਆਲ ਸਿੰਘ ਚੀਮਾ***
***ਸਿਆਟਲ।***

## ਗਜ਼ਲ

ਉਚਿਆਂ ਦੇ ਸੰਗ ਲਾ ਕੇ ਬਹਿ ਗਿਆਂ
ਜਿੰਦ ਗਮਾਂ ਵਿਚ ਪਾ ਕੇ ਬਹਿ ਗਿਆਂ।
ਚੰਗਾ ਭਲਾ ਸੀ ਜਸ਼ਨ ਮਨਾਉਂਦਾ
ਦੁੱਖਾਂ ਦੀ ਮਹਿਫਿਲ ਸਜਾ ਕੇ ਬਹਿ ਗਿਆਂ।
ਜਿਹੜੀ ਟਾਹਣੀ ਸੀ ਟੁੱਟਣ ਨੂੰ ਕਾਹਲੀ
ਪੀਂਘ ਪਿਆਰ ਦੀ ਝੁਲਾ ਕੇ ਬਹਿ ਗਿਆਂ।
ਪਤਾ ਸੀ ਉਨ੍ਹਾਂ ਮੇਰਾ ਕਦੇ ਨਹੀਂ ਹੋਣਾ
ਬਸ ਦਿਲ ਵਿਚ ਆਸ ਲਾ ਕੇ ਬਹਿ ਗਿਆਂ।
ਚੰਗਾ ਭਲਾ ਸੀ ਜਿਸਮ ਅਰੋਗੀ
ਐਵੇਂ ਬੁੱਤ ਬਣਾ ਕੇ ਬਹਿ ਗਿਆਂ।

***-ਬਲਜਿੰਦਰ ਆਲੀਕੇ***
***ਫੋਨ: 91-94645-62678***



ਸ਼ੌਰਟ ਕੱਟ
ਵਾਇਆ
ਲੌਂਗ ਰੂਟ
8

ਅਮਰੀਕ ਸਿੰਘ ਬਲ
ਫੋਨ: 34602835897

# ਸਾਹਾਂ ਦੀਆਂ ਤੰਦਾਂ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਅੱਠਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ 'ਚੋਂ ਵੀ ਲੰਘਣਾ ਪੈਣਾ ਹੈ... ਤੇ ਫਿਰ ਔਖੇ ਹਾਲਾਤ ਨਾਲ ਘੁਲਦਿਆਂ 20 ਵਰ੍ਹਿਆਂ ਦਾ ਸੋਨੂੰ ਆਪਣਿਆਂ ਤੋਂ ਇੰਨੇ ਹਜ਼ਾਰ ਮੀਲ ਦੂਰ ਅਲਵਿਦਾ ਆਖ ਗਿਆ। ਹੁਣ ਪੜ੍ਹੋ ਇਸ ਤੋਂ ਅੱਗੇ...***

ਆਖ਼ਰਕਾਰ ਸੰਘਰਸ਼-ਵਿਰਾਮ ਹੋਇਆ, ਜੀਪਾਂ ਰੁਕ ਗਈਆਂ। ਮੈਂ ਬੜੇ ਯਤਨ ਨਾਲ ਥੱਲੇ ਉਤਰਿਆ ਤੇ ਉਥੇ ਹੀ ਢੇਰੀ ਹੋ ਗਿਆ। ਸਰੀਰ ਬੇਜਾਨ ਹੋ ਗਿਆ ਸੀ, ਮੂੰਹ 'ਚੋਂ ਬੋਲਣ ਦੀ ਤਾਕਤ ਵੀ ਨਹੀਂ ਰਹੀ ਸੀ ਜਿਵੇਂ। ਚਾਰ-ਪੰਜ ਜਣੇ ਹੋਰ ਵੀ ਰੇਤ 'ਤੇ ਮਿੱਟੀ ਹੋਏ ਪਏ ਸਨ। ਬਾਕੀ ਇਕ ਪਾਸੇ ਪਾਣੀ ਲਈ ਕਤਾਰ ਲਾ ਰਹੇ ਸਨ। ਮੈਂ ਮਸੀਂ ਉਨ੍ਹਾਂ ਤਕ ਜਾ ਸਕਿਆ।

ਦੋ-ਤਿੰਨ ਕੈਨੀਆਂ ਹੀ ਬਚੀਆਂ ਸਨ, ਇਸ ਲਈ ਪਾਣੀ ਘੱਟ ਮਿਲ ਰਿਹਾ ਸੀ। ਕੱਪ ਵਿਚ ਪਾਣੀ ਮਿਲਿਆ, ਮੇਰੇ ਕੰਬਦੇ ਹੱਥਾਂ ਅਤੇ ਮੇਰੇ ਚਿਹਰੇ ਦੇ ਹਾਵ-ਭਾਵ ਵਿਚ ਡੌਂਕਰ ਨੂੰ ਖੌਰੇ ਕੀ ਦਿਸਿਆ, ਉਸ ਨੇ ਮੈਨੂੰ ਦੋ ਘੁੱਟ ਪਾਣੀ ਵੱਧ ਦਿੱਤਾ। ਸ਼ਾਇਦ ਮੇਰੀ ਅੰਦਰਲੀ ਤਰਸਯੋਗ ਦੁਰਦਸ਼ਾ ਜ਼ਰੂਰ ਮੇਰੇ ਚਿਹਰੇ 'ਤੇ ਵੀ ਉਕਰੀ ਪਈ ਸੀ, ਪਰ ਇੰਨੇ ਕੁ ਪਾਣੀ ਨੇ ਕੁਝ ਖ਼ਾਸ ਅਸਰ ਨਹੀਂ ਸੀ ਪਾਇਆ, ਸਿਰਫ਼ ਗਲੇ ਨੂੰ ਕੁਝ ਰਾਹਤ ਮਿਲੀ ਸੀ, ਪਿਆਸ ਉਂਜ ਦੀ ਉਂਜ ਕਾਇਮ ਸੀ।

ਆਪਣੀ ਜੀਪ 'ਚ ਬੈਠੇ ਮੁੰਡਿਆਂ ਦੀ ਮਿੰਨਤ ਕੀਤੀ, "ਥੋੜ੍ਹਾ ਜਿਹਾ ਪਾਣੀ... ਕੈਨੀ 'ਚੋਂ ਹੋਰ ਦੇ ਦਿਓ... ਮੈਂ ਸੱਚੀਂ ਮਰ ਚੱਲਿਆਂ...।" ਤਰਲੇ ਪਾਉਂਦੀ ਕੰਬਦੀ ਆਵਾਜ਼ ਦੀ ਬੇਵਸੀ ਮਹਿਸੂਸ ਕਰ ਕੇ ਇਕ ਵਾਰ ਤਾਂ ਮੈਂ ਖ਼ੁਦ ਵੀ ਡਰ ਗਿਆ ਸੀ। ਅੱਖਾਂ ਭਰ ਆਈਆਂ। ਇੰਨੀ ਲਾਚਾਰੀ, ਇੰਨੀ ਬੇਚਾਰਗੀ, ਇੰਨੀ ਬੇਵਸੀ, ਤੌਬਾ! ਮੈਨੂੰ ਖ਼ੁਦ 'ਤੇ, ਮਰਦੇ ਹੋਏ 'ਤੇ ਤਰਸ ਆਇਆ।

ਬਿੱਕਰ ਨੇ ਸਾਫ ਜਵਾਬ ਦੇ ਦਿੱਤਾ- "ਸਭ ਨੂੰ ਇਕੋ ਜਿੰਨਾ ਹੀ ਪਾਣੀ ਮਿਲਣਾ ਹੈ।" ਮੈਂ ਫਿਰ ਤਰਲਾ ਮਾਰਿਆ, "ਜੇ ਮਰਨ ਕਿਨਾਰੇ ਹੋਇਆ... ਤਾਂ ਫਿਰ ਵੀ ਪਾਣੀ ਪਿਲਾਉਂਦੇ ਫਿਰੋਗੇ, ਹੁਣੇ ਥੋੜ੍ਹਾ ਦੇ ਦਿਓ...", ਪਰ ਉਸ ਨੇ ਸਿਰ ਫੇਰ ਦਿੱਤਾ। ਪਤਾ ਨਹੀਂ ਜਿਸਮ ਦੀ ਕਿਸ ਨੁੱਕਰ 'ਚੋਂ ਬਚਿਆ-ਖੁਚਿਆ ਰੋਹ-ਗੁੱਸਾ ਬਲ ਉਠਿਆ। ਮੈਂ ਰੋਂਦੇ-ਕਲਪਦੇ, ਗਾਲ੍ਹਾਂ ਕੱਢਦੇ ਨੇ ਦੋ-ਤਿੰਨ ਖਾਲੀ ਕੈਨੀਆਂ ਵਗਾਹ ਕੇ ਪਰਾਂ ਮਾਰੀਆਂ ਤੇ ਚੱਕਰ ਖਾ ਕੇ ਥੱਲੇ ਡਿੱਗ ਪਿਆ। ਹਿੰਮਤ ਨਹੀਂ ਸੀ ਰਹੀ ਕਿ ਹੋਰ ਬੋਲ ਸਕਾਂ, ਹੋਰ ਤਾਕਤ ਨਹੀਂ ਸੀ ਰਹੀ ਕਿ ਹੋਰ ਖੜ੍ਹਿਆ ਰਹਿ ਸਕਾਂ। ਇੰਨੇ ਨਾਲ ਹੀ ਮੈਂ ਸਾਹੋ-ਸਾਹੀ ਹੋ ਗਿਆ ਸਾਂ, ਬੁਰੀ ਤਰ੍ਹਾਂ ਹੌਂਕਦਾ ਰੇਤ 'ਤੇ ਚੌਫਾਲ ਪਿਆ ਸਾਂ।

ਸਾਡੀ ਗੱਡੀ ਦਾ ਹੈਲਪਰ ਮੁੰਡਾ ਮੇਰੀ ਮੰਦੀ ਹਾਲਤ 'ਤੇ ਤਰਸ ਖਾ ਕੇ ਇਕ ਕੱਪ ਪਾਣੀ ਲੈ ਕੇ ਆ ਗਿਆ। ਮੈਂ ਇਕੋ ਸਾਹੇ ਪਾਣੀ ਪੀ ਗਿਆ ਤੇ ਉਸ ਨੂੰ ਦੁਆਵਾਂ ਦੇਣ ਲੱਗਾ। ਉਸ ਵਕਤ ਮੇਰੇ ਚਿਹਰੇ 'ਤੇ ਕ੍ਰਿਤਗਤਾ ਦੇ ਉਹ ਸੱਚੇ-ਸੁੱਚੇ ਭਾਵ ਸਨ, ਜਿਵੇਂ ਕਿਸੇ ਮਰਦੇ ਨੂੰ ਆਖ਼ਿਰੀ ਪਲਾਂ 'ਤੇ ਜ਼ਿੰਦਗੀ ਦੇ ਦਿੱਤੀ ਗਈ ਹੋਵੇ।

ਮੈਨੂੰ ਧਿਆਨ ਆਇਆ ਤੇ ਮੈਂ ਜੇਬ ਵਿਚ ਪਏ ਦੋ ਡਾਲਰ ਕੱਢ ਕੇ ਉਸ ਨੂੰ ਫੜਾਏ। ਉਸ ਵੇਲੇ ਮੇਰੀ ਜੇਬ 'ਚ ਹੋਰ ਵੀ ਹੁੰਦੇ ਤਾਂ ਦੇ ਦੇਣੇ ਸਨ। ਇਹ ਪਾਣੀ ਦੀ ਕੀਮਤ ਨਹੀਂ ਸੀ, ਉਹ ਤਾਂ ਮੈਂ ਪੀ ਹੀ ਚੁੱਕਿਆ ਸਾਂ। ਇਹ ਉਸ ਦੀ ਭਲੀ ਸੋਚ ਦੇ ਸ਼ੁਕਰਾਨੇ ਵਜੋਂ ਸੀ, ਉਸ ਜਜ਼ਬੇ ਦਾ ਇਨਾਮ ਸੀ ਜੋ ਇਕ ਇਨਸਾਨ ਦਾ ਦੂਜੇ ਪ੍ਰਤੀ ਹੁੰਦਾ ਏ- ਦਇਆ ਦਾ ਜਜ਼ਬਾ।

ਹੁਣ ਕੁਝ ਟਿਕਾਅ ਜਿਹਾ ਆ ਰਿਹਾ ਸੀ। ਇਕ ਪਾਸਿਓਂ ਦੁੱਧ ਵਾਲਾ ਪਾਣੀ ਮਿੰਨਤਾਂ ਕਰ ਕੇ ਪੀਤਾ ਤਾਂ ਸਰੀਰ ਵਿਚ ਕੁਝ ਜਾਨ ਮੁੜਦੀ ਮਹਿਸੂਸ ਹੋਈ। ਕੁਝ ਆਰਾਮ, ਕੁਝ ਪਾਣੀ, ਕੁਝ ਠੰਢੇ ਹੁੰਦੇ ਵਾਤਾਵਰਣ ਨੇ ਰਲ-ਮਿਲ ਕੇ ਮੈਨੂੰ ਭਿਆਨਕ ਅੰਜਾਮ ਵੱਲ ਜਾਣ ਤੋਂ ਬਚਾ ਲਿਆ ਸੀ। 38 ਤੋਂ 37 ਹੋਣੋਂ ਵਾਲ-ਵਾਲ ਬਚੇ ਸਨ, ਪਰ ਦੋ ਕੁ ਜਣੇ ਅਜੇ ਵੀ ਗੰਭੀਰ ਹਾਲਤ ਵੱਲ ਵਧਦੇ ਜਾਪਦੇ ਸੀ। ਢਹਿੰਦੇ ਜਾਂਦੇ ਮੋਹਕਮ ਨੂੰ ਮੈਂ ਬੈਗ 'ਚੋਂ ਕੱਢ ਕੇ ਬਿਸਕੁਟ ਦਿੱਤੇ ਤੇ ਖ਼ੁਦ ਵੀ ਖਾਧੇ। ਹੁਣ ਮੈਨੂੰ ਲੱਗਣ ਲੱਗਾ ਸੀ ਕਿ ਥੋੜ੍ਹੇ-ਬਹੁਤੇ ਮਿਲਦੇ ਚੌਲ ਨਾ ਖਾ ਕੇ ਮੈਂ ਭੁੱਲ ਕੀਤੀ ਸੀ। ਜੋ ਵੀ ਮਿਲਦਾ ਹੈ, ਖਾ ਲੈਣਾ ਚਾਹੀਦਾ।

ਅਧੇੜ ਉਮਰ ਦੇ 'ਬਜ਼ੁਰਗ ਭਾਜੀ' (ਦਵਿੰਦਰ ਸਿੰਘ) ਨੂੰ ਬੇਰਹਿਮ ਸਫ਼ਰ ਅਤੇ ਘੱਟ ਖਾਣੇ-ਪਾਣੀ ਨੇ ਜ਼ਿਆਦਾ ਬੇਹਾਲ ਕਰ ਸੁੱਟਿਆ ਸੀ। ਉਸ ਦੇ ਨਾਂ ਦੀ ਆੜ ਵਿਚ ਝੂਠਾ, ਸੁਆਰਥੀ ਹਮਦਰਦ 'ਲੱਕੀ ਫ਼ਗਵਾੜਾ' ਵਾਧੂ ਮਿਲਦੇ ਪਾਣੀ 'ਚੋਂ ਅੱਧਾ ਖ਼ੁਦ ਪੀ ਲੈਂਦਾ ਸੀ, ਥੋੜ੍ਹੀ ਵੱਧ ਮਿਲਦੀ ਖ਼ੁਰਾਕ ਵਿਚੋਂ ਅੱਧਾ ਖ਼ੁਦ ਨਿਗਲ ਜਾਂਦਾ ਸੀ। ਬਜ਼ੁਰਗ ਭਾਜੀ ਤੋਂ ਪੈਸੇ ਲੈ ਕੇ, ਡੌਂਕਰਾਂ ਤੋਂ ਫ਼ਾਲਤੂ ਖਰੀਦੇ ਪਾਣੀ ਵਿਚੋਂ ਕਾਫੀ ਸਾਰਾ ਖ਼ੁਦ ਪੀਂਦਾ ਰਹਿੰਦਾ। 'ਮਾਲੀ' ਵਿਚ ਵੀ ਉਸ ਤੋਂ ਉਧਾਰ ਪੈਸੇ ਲੈ ਕੇ ਵਰਤਦਾ ਰਿਹਾ ਸੀ ਕਿ 'ਅੱਗੇ ਜਾ ਕੇ ਮੋੜ ਦੇਵਾਂਗਾ', ਪਰ ਸੱਚ ਇਹ ਸੀ ਕਿ ਅਖੀਰ ਤਕ ਉਸ ਨੇ ਇਕ ਪੈਸਾ ਵੀ ਨਹੀਂ ਮੋੜਿਆ। ਤਕਰੀਬਨ ਸਾਰੇ ਜਣੇ ਬਜ਼ੁਰਗ ਭਾਜੀ ਦੀ ਦੇਖ-ਭਾਲ ਕਰਦੇ ਸਨ। ਉਹ ਰੱਬ ਦਾ ਨਾਂ ਲੈਣ ਵਾਲਾ ਸਾਊ ਸ਼ਖ਼ਸ, ਮਿਲਦਾ ਮੱਛੀ-ਮਾਸ ਦੂਜਿਆਂ (ਲੱਕੀ) ਨੂੰ ਦੇ ਕੇ, ਰੁੱਖੀ-ਸੁੱਕੀ ਖਾ ਲੈਂਦਾ। ਉਹ ਸਭ ਦੀਆਂ ਹਮਦਰਦੀ ਭਰੀਆਂ ਨਿਗਾਹਾਂ ਦਾ ਪਾਤਰ, ਅਰਬ ਦੇਸ਼ ਤੋਂ ਯੂਰਪ ਵੱਲ ਕਿਹੜੀਆਂ ਬੇਰਹਿਮ, ਘਾਤਕ ਰਾਹਾਂ 'ਤੇ ਤੁਰ ਪਿਆ ਸੀ ਇਸ ਉਮਰੇ!

ਸਭ ਨੇ ਪੁਰ-ਜ਼ੋਰ ਤੇ ਰੋਹ ਭਰੇ ਲਹਿਜੇ ਵਿਚ ਡੌਂਕਰਾਂ ਨੂੰ ਕਿਹਾ ਕਿ ਪਾਣੀ ਵਾਲੇ ਪਾਸੇ ਲੈ ਕੇ ਚੱਲੋ ਜਾਂ ਕੋਈ ਜੀਪ ਪਾਣੀ ਲੈ ਕੇ ਆਏ, ਬਿਨਾਂ ਪਾਣੀ ਦੇ ਅਸੀਂ ਅੱਗੇ ਨਹੀਂ ਜਾਣਾ। ਉਨ੍ਹਾਂ ਹੌਸਲਾ ਦਿਵਾਇਆ ਕਿ ਮੰਜ਼ਿਲ 'ਤੇ ਛੇਤੀ ਹੀ ਪਹੁੰਚਣ ਵਾਲੇ ਹਾਂ। ਉਨ੍ਹਾਂ ਵਲੋਂ ਰੇਤ 'ਤੇ ਨਕਸ਼ੇ ਜਿਹੇ ਉਕੇਰਦਿਆਂ, ਬਹਿਸਦਿਆਂ ਅਤੇ ਫੋਨ 'ਤੇ ਗੱਲਾਂ ਕਰਦਿਆਂ ਮਹਿਸੂਸ ਹੋਇਆ, ਸ਼ਾਇਦ ਉਹ ਰਸਤਾ ਵੀ ਭਟਕ ਗਏ ਜਾਪਦੇ ਸਨ। ਫਿਰ ਸਭ ਨੂੰ ਗੱਡੀਆਂ 'ਤੇ ਚੜ੍ਹਨ ਦੇ ਇਸ਼ਾਰੇ ਹੋ ਗਏ। ਸਾਨੂੰ ਉਮੀਦ ਸੀ ਕਿ ਜ਼ਰੂਰ ਕਿਤੇ ਪਾਣੀ ਵਾਲੇ ਪਾਸੇ ਚੱਲੇ ਸਨ। ਜੀਪਾਂ ਲਗਾਤਾਰ 3-4 ਘੰਟੇ ਦੌੜਦੀਆਂ ਰਹੀਆਂ। ਪਾਣੀ ਦੀ ਉਮੀਦ ਵਿਚ ਦੂਰ-ਦੂਰ ਤਕ ਨਿਗਾਹਾਂ ਭਟਕਦੀਆਂ ਰਹੀਆਂ, ਪਰ ਅਖ਼ੀਰ ਰਾਤ ਦੇ ਪਹਿਲੇ ਪਹਿਰ ਤੱਕ, ਜੀਪਾਂ ਦੇ ਰੁਕਣ ਤਕ ਵੀ, ਪਾਣੀ ਕਿਧਰੇ ਨਹੀਂ ਦਿਸਿਆ। ਜ਼ਾਹਿਰ ਸੀ, ਨੇੜੇ-ਤੇੜੇ ਕਿਤੇ ਵੀ ਪਾਣੀ ਨਹੀਂ ਸੀ। ਅਸੀਂ ਨਿਰਾਸ਼ਾ ਭਰੇ, ਥੱਕੇ-ਹਾਰੇ, ਅੱਧਮੋਏ ਰੇਤ 'ਤੇ ਜਾ ਪਏ।

ਥੋੜ੍ਹੇ-ਥੋੜ੍ਹੇ ਚੌਲ ਮਿਲੇ, ਦੋ-ਦੋ ਚੂਲੀਆਂ ਪਾਣੀ। ਬਚਿਆ-ਖੁਚਿਆ, ਚੂਲੀ-ਚੂਲੀ ਪਾਣੀ ਸਵੇਰ ਲਈ ਸਾਂਭ ਲਿਆ ਗਿਆ। ਸਭ ਕੁੜ੍ਹਦੇ-ਕਲਪਦੇ ਲੰਮੇ ਪੈ ਗਏ। ਨਿਢਾਲ-ਟੁੱਟੇ ਜਿਸਮ ਸੌਣਾ ਚਾਹੁੰਦੇ ਸਨ, ਗਲ ਅਤੇ ਬੁੱਲਾਂ 'ਤੇ ਜੰਮੀ ਪਿਆਸ ਤੜਫਾਉਂਦੀ ਜਾਂਦੀ ਸੀ। ਇਸ ਕਸ਼ਮਕਸ਼ ਵਿਚ ਵਾਰ-ਵਾਰ ਸੁੱਤਿਆਂ ਦੀ ਨੀਂਦ ਉਖੜ ਜਾਂਦੀ। ਘੜੀ ਕੁ ਅੱਖ ਲੱਗਦੀ, ਫਿਰ ਖੁੱਲ੍ਹ ਜਾਂਦੀ।

ਦਿਸਹੱਦੇ ਤਕ ਰੇਤ ਹੀ ਰੇਤ ਸੀ...। ਕੱਪੜਿਆਂ 'ਚ ਰੇਤ, ਸਿਰਾਂ 'ਚ ਰੇਤ, ਅੱਖਾਂ 'ਚ ਰੇਤ। ਸੋਚਾਂ ਵਿਚ ਰੇਤ ਘੁਸਦੀ ਜਾਂਦੀ ਸੀ... ਖ਼ਾਬਾਂ 'ਚ ਰੇਤ ਪਸਰਦੀ ਜਾਂਦੀ ਸੀ। ਇਥੋਂ ਤਕ ਕਿ ਮਹਿਸੂਸ ਹੁੰਦਾ, ਸਾਡੇ ਵਜੂਦ ਰੇਤਲੇ ਹੁੰਦੇ ਗਏ ਸਨ, ਜਿਸਮ ਰੇਤ ਦੇ ਢਾਂਚਿਆਂ ਵਿਚ ਤਬਦੀਲ ਹੁੰਦੇ ਗਏ ਸਨ ਜੋ ਹਵਾ ਦੀ ਛੋਹ ਨਾਲ ਹੀ ਕਿਨਾਰਿਆਂ ਤੋਂ ਹੌਲੀ-ਹੌਲੀ ਭੁਰਦੇ ਜਾ ਰਹੇ ਸਨ, ਕਿਰਦੇ ਜਾ ਰਹੇ ਸਨ।



***ਦੋ-ਤਿੰਨ ਕੈਨੀਆਂ ਹੀ ਬਚੀਆਂ ਸਨ, ਇਸ ਲਈ ਪਾਣੀ ਘੱਟ ਮਿਲ ਰਿਹਾ ਸੀ।... ਆਪਣੀ ਜੀਪ 'ਚ ਬੈਠੇ ਮੁੰਡਿਆਂ ਦੀ ਮਿੰਨਤ ਕੀਤੀ, "ਥੋੜ੍ਹਾ ਜਿਹਾ ਪਾਣੀ... ਮੈਂ ਸੱਚੀਂ ਮਰ ਚੱਲਿਆਂ...।" ਤਰਲੇ ਪਾਉਂਦੀ ਕੰਬਦੀ ਆਵਾਜ਼ ਦੀ ਬੇਵਸੀ ਮਹਿਸੂਸ ਕਰ ਕੇ ਇਕ ਵਾਰ ਤਾਂ ਮੈਂ ਖ਼ੁਦ ਵੀ ਡਰ ਗਿਆ ਸੀ। ਅੱਖਾਂ ਭਰ ਆਈਆਂ। ਇੰਨੀ ਲਾਚਾਰੀ, ਇੰਨੀ ਬੇਚਾਰਗੀ, ਇੰਨੀ ਬੇਵਸੀ, ਤੌਬਾ!... ਅਖ਼ੀਰ ਰਾਤ ਦੇ ਪਹਿਲੇ ਪਹਿਰ ਤੱਕ, ਜੀਪਾਂ ਦੇ ਰੁਕਣ ਤਕ ਵੀ, ਪਾਣੀ ਕਿਧਰੇ ਨਹੀਂ ਦਿਸਿਆ। ਜ਼ਾਹਿਰ ਸੀ, ਨੇੜੇ-ਤੇੜੇ ਕਿਤੇ ਵੀ ਪਾਣੀ ਨਹੀਂ ਸੀ। ਅਸੀਂ ਨਿਰਾਸ਼ਾ ਭਰੇ, ਥੱਕੇ-ਹਾਰੇ, ਅੱਧਮੋਏ ਰੇਤ 'ਤੇ ਜਾ ਪਏ।***

ਅਚਾਨਕ ਲੱਗਿਆ, ਹਨੇਰੇ ਵਿਚ ਗ੍ਰਹਿਣ ਲੱਗਿਆ ਧੁੰਦਲਾਇਆ ਜਿਹਾ ਸੂਰਜ ਸਾਡਿਆਂ ਸਿਰਾਂ 'ਤੇ ਦਮਕ ਰਿਹਾ ਸੀ, ਕਿਸੇ ਵਿਸ਼ਾਲ ਜੁਗਨੂੰ ਵਾਂਗ... ਹਨੇਰਾ ਵੀ ਸੀ ਤੇ ਰੌਸ਼ਨੀ ਵੀ। ਅਸੀਂ ਦੂਰ ਤਕ ਫ਼ੈਲੇ ਪਾਣੀ 'ਚ ਹੱਥ-ਪੈਰ ਮਾਰਦੇ ਕਿਨਾਰਾ ਲੱਭਣ ਦੀ ਕੋਸ਼ਿਸ਼ ਕਰ ਰਹੇ ਸਾਂ। ਫਿਰ ਪਾਣੀ ਦਾ ਸਮੁੰਦਰ ਰੇਤ ਵਿਚ ਤਬਦੀਲ ਹੋ ਗਿਆ। ਸਾਰੇ ਮੁੰਡੇ ਰੇਤ ਵਿਚ ਤੈਰਦੇ ਕੋਈ ਸਹਾਰਾ ਜਾਂ ਕਿਨਾਰਾ ਲੱਭਦੇ ਦੂਰ ਨਿਕਲ ਗਏ। ਕੁਝ ਡੁੱਬ ਗਏ ਸਨ। ਡੌਂਕਰ ਪਹਿਲਾਂ ਹੀ ਸਾਡਿਆਂ ਸਿਰਾਂ 'ਤੇ ਪੈਰ ਰੱਖਦੇ ਇਥੋਂ ਬਚ ਕੇ ਨਿਕਲ ਗਏ ਸਨ। ਮੈਂ ਰੇਤਲੇ ਸਮੁੰਦਰ 'ਚ ਵਾਹੋ-ਦਾਹੀ ਹੱਥ-ਪੈਰ ਮਾਰਦਾ ਅਚਾਨਕ ਰੇਤ ਦੇ ਵੱਡੇ ਭੰਵਰ ਦੀ ਲਪੇਟ ਵਿਚ ਆ ਗਿਆ। ਘੁੰਮਣ-ਘੇਰੀਆਂ ਨੇ ਮੈਨੂੰ ਪਟਕਣੀਆਂ ਮਾਰ-ਮਾਰ ਕੇ ਨਿਗਲਣਾ ਸ਼ੁਰੂ ਕਰ ਦਿੱਤਾ। ਖ਼ੌਫ਼ ਨਾਲ ਫਟੀਆਂ ਅੱਖਾਂ ਲਈ, ਛਟਪਟਾਉਂਦਾ ਲਹਿਰਾਂ ਨਾਲ ਘੁਲ ਰਿਹਾ ਸਾਂ। ਫਿਰ ਬੁਰੀ ਤਰ੍ਹਾਂ ਭੈਭੀਤ ਹੋਇਆ ਭੰਵਰ ਦੀਆਂ ਡੂੰਘਾਈਆਂ ਵਿਚ ਗਹਿਰਾਉਂਦਾ ਚਲਾ ਗਿਆ। ਦੂਰੋਂ ਕਿਤੋਂ ਆਉਂਦੀ ਫ਼ਿਕਰਾਂ ਮਾਰੀ ਕੰਬਦੀ ਅਵਾਜ਼ ਲਰਜ਼ੀ, "ਪੁੱਤ! ਆਪਣਾ ਖਿਆਲ ਰੱਖੀਂ, ਸੰਭਲ ਕੇ ਰਹੀਦਾ... ਰੋਟੀ ਟੈਮ ਨਾਲ ਖਾ ਲਿਆ ਕਰੀਂ...।" ਮੈਂ ਰੋਣਾ ਚਾਹਿਆ, ਅੱਖਾਂ 'ਚ ਰੇਤ ਭਰ ਗਈ। ਮੈਂ ਚੀਕ ਕੇ ਮੰਮੀ ਨੂੰ ਪੁਕਾਰਨਾ ਚਾਹਿਆ, ਰੇਤ ਦਾ ਸਮੁੰਦਰ ਮੂੰਹ ਥਾਣੀਂ ਮੇਰੇ ਅੰਦਰ ਦਾਖਲ ਹੋ ਗਿਆ। ਫਿਰ ਦੂਜੀ ਮੱਧਮ-ਮਹੀਨ ਕੁਰਲਾਹਟ ਮਸੀਂ ਮੇਰੇ ਕੰਨਾਂ 'ਚ ਫੁਸਫੁਸਾਈ, "ਤੁਸੀਂ ਕਿਥੇ ਚੱਲੇ ਓ... ਨਾ ਜਾਓ... ਮੈਂ ਮਰਜੂੰ, ਮੈਂ ਸੱਚੀਂ ਮਰਜੂੰ...।" ਮੈਂ ਪੱਥਰ ਹੋਇਆ ਫਿਰ ਰੇਤ ਦੇ ਸਮੁੰਦਰ ਵਿਚ ਗਰਕ ਹੋ ਗਿਆ। ਮੇਰਾ ਸਾਹ ਬੰਦ ਹੁੰਦਾ ਗਿਆ, ਮੈਂ ਤੜਫ ਕੇ ਪੂਰੇ ਜ਼ੋਰ ਨਾਲ ਹੰਭਲਾ ਮਾਰ ਕੇ ਉਛਲਿਆ। ਮੈਂ ਰੇਤ ਦੇ ਸਮੁੰਦਰ 'ਤੇ ਜਿਊਂਦਾ-ਜਾਗਦਾ ਬੈਠਾ ਸਾਂ। ਖ਼ਾਬਾਂ ਦੇ ਭੰਵਰ 'ਚੋਂ ਬਾਹਰ ਨਿਕਲ ਆਇਆ ਸਾਂ। ਸਾਹ ਨਾਲ ਸਾਹ ਨਹੀਂ ਸੀ ਰਲਦਾ, ਅੱਖਾਂ ਭਿੱਜੀਆਂ ਪਈਆਂ ਸਨ। ਸਾਰੇ ਪਾਸੇ ਚੁੱਪ-ਚਾਂਅ ਪਸਰੀ ਪਈ ਸੀ। ਮੈਂ ਫਿਸ ਪਿਆ, ਰੇਤ ਭਰੇ ਅੱਥਰੂ ਵਹਿ ਤੁਰੇ। ਉਚੀ-ਉਚੀ ਰੋਣ ਦੀ ਇੱਛਾ ਨੂੰ ਮਸੀਂ ਦੱਬਦਿਆਂ, ਮੈਂ ਬੇਵਸੀ ਨਾਲ ਮੂੰਹ ਘੁੱਟੀ ਫਿਰ ਲੰਮਾ ਪੈ ਗਿਆ।

ਰੇਗਿਸਤਾਨ ਨੇ ਜਿਵੇਂ ਸਾਡੀਆਂ ਜ਼ਿੰਦਗੀਆਂ, ਵਜੂਦਾਂ 'ਤੇ ਅਧਿਕਾਰ ਜਮਾ ਲਿਆ ਸੀ। ਹੰਝੂਆਂ ਨਾਲ ਰੇਤ ਨਿਕਲਦੀ ਸੀ, ਬੋਲਦੇ ਸਾਂ... ਮੂੰਹ 'ਚੋਂ ਰੇਤਲੇ ਸ਼ਬਦ ਨਿਕਲਦੇ ਸਨ, ਕੰਨਾਂ ਥਾਣੀਂ ਅੰਦਰ ਜਾਂਦੀ ਰੇਤ ਦੇ ਜ਼ਰੀਏ ਜਿਵੇਂ ਰੇਗਿਸਤਾਨ ਸਾਨੂੰ ਕੁਝ ਕਹਿੰਦਾ ਮਹਿਸੂਸ ਹੁੰਦਾ ਸੀ ਜੋ ਅਸੀਂ ਸੁਣ ਨਹੀਂ ਸੀ ਪਾਉਂਦੇ। ਸਾਡੇ ਧੁਰ ਅੰਦਰ ਤਕ ਰੇਤ ਵਿਛ ਗਈ ਸੀ, ਸੋਚਾਂ ਵੀ ਰੇਤਲੀਆਂ... ਹੌਸਲੇ ਵੀ ਰੇਤਲੇ... ਸੁਫ਼ਨੇ ਵੀ ਰੇਤਲੇ!

ਆਪਣੇ ਸੁਫ਼ਨਿਆਂ ਦੀ ਪੈੜ ਲੱਭਦੇ, ਅਚਾਨਕ ਵਕਤ ਦੀ ਗਰਦਿਸ਼ ਦੀ ਲਪੇਟ ਵਿਚ ਆਏ ਅਣਭੋਲ 38 ਸਾਹ ਲੈਂਦੇ ਸਰੀਰਕ ਢਾਂਚੇ ਆਲੇ-ਦੁਆਲੇ ਖਿੱਲਰੇ ਪਏ ਸਨ। ਮੇਰੇ ਵਾਂਗ, ਹਨੇਰੇ ਦੀ ਬਾਦਸ਼ਾਹਤ 'ਚ ਖ਼ੌਰੇ ਕਿੰਨੇ ਨੇਤਰਾਂ 'ਤੇ ਹੰਝੂਆਂ ਦੇ ਜੁਗਨੂੰ ਟਿਮਟਿਮਾ ਕੇ ਬੁਝ ਗਏ, ਖ਼ੌਰੇ ਕਿੰਨੀਆਂ ਕੁ ਆਸਾਂ-ਉਮੀਦਾਂ ਦੇ ਚਿਰਾਗਾਂ ਦੀ ਲੋਅ ਮੱਧਮ, ਹੋਰ ਮੱਧਮ ਹੁੰਦੀ ਜਾ ਰਹੀ ਸੀ। ਹਨੇਰੇ ਨੇ ਸਭ ਦੀਆਂ ਹੋਂਦ ਨੂੰ ਹੌਲੀ-ਹੌਲੀ ਆਪਣੀ ਕਾਲੀ ਬੁੱਕਲ 'ਚ ਲਪੇਟ ਲਿਆ ਸੀ। ਹੁਣ ਠੰਢੀ ਹਵਾ ਦੀ ਸ਼ੂਕ ਤੇ ਨਿੰਮ੍ਹੀ-ਨਿੰਮ੍ਹੀ ਗੂੰਜ ਤੋਂ ਇਲਾਵਾ ਗਹਿਰ-ਗੰਭੀਰ ਖਮੋਸ਼ੀ ਹਰ ਪਾਸੇ ਪਸਰੀ ਜਾਂਦੀ ਸੀ, ਜੋ ਰਹਿ-ਰਹਿ ਕੇ ਇਨ੍ਹਾਂ ਵੀਰਾਨਿਆਂ ਨੂੰ ਹੋਰ ਰਹੱਸਮਈ ਤੇ ਡਰਾਉਣਾ ਬਣਾਉਂਦੀ ਜਾ ਰਹੀ ਸੀ। ਮੈਂ ਲੰਮਾ ਸਰਦ ਹੌਕਾ ਭਰਿਆ ਤੇ ਘਬਰਾ ਕੇ ਮੂੰਹ ਉਪਰ ਜੈਕੇਟ ਲੈ ਲਈ।

ਸਵੇਰ ਨੂੰ ਬਚਿਆ ਪਾਣੀ ਪੀ ਕੇ ਸਭ ਜੀਪਾਂ ਵਿਚ ਚੜ੍ਹ ਗਏ। ਥੋੜ੍ਹੀ ਗਰਮਜੋਸ਼ੀ ਨਾਲ ਦਿਲਾਸਾ ਮਿਲਿਆ ਸੀ ਕਿ ਅੱਜ ਮੰਜ਼ਿਲ 'ਤੇ ਪਹੁੰਚ ਜਾਵਾਂਗੇ, ਪਰ ਕਿਹੜੀ ਮੰਜ਼ਿਲ? ਇਸ ਬਾਰੇ ਸਾਨੂੰ ਕੋਈ ਖ਼ਬਰ-ਸਾਰ ਨਹੀਂ ਸੀ। ਫਿਲਹਾਲ ਅਸੀਂ ਨਵੀਂ ਆਸ ਨਾਲ ਰੇਗਿਸਤਾਨ ਨੂੰ ਦੂਰ-ਦੂਰ ਤਕ ਨਿਹਾਰਨ ਲੱਗੇ ਸਾਂ। ਹੌਲੀ-ਹੌਲੀ ਜੰਡ, ਮਲ੍ਹੇ, ਥੋਹਰ, ਕਿੱਕਰ, ਕੰਢਿਆਲੇ ਝਾੜਾਂ ਦਾ ਵਿਰਲਾ-ਟਾਂਵਾਂ ਸਿਲਸਿਲਾ ਸ਼ੁਰੂ ਹੋ ਗਿਆ ਸੀ। ਇਹ ਸਾਨੂੰ ਨੇੜੇ ਕਿਤੇ ਵਸਦੀ ਜ਼ਿੰਦਗੀ ਦੇ ਪਰਮਾਣ ਲੱਗਦੇ ਸਨ।

ਦੁਪਿਹਰ ਦਾ ਵਕਤ ਹੋ ਚੱਲਿਆ ਸੀ। ਦਿਲ ਫਿਰ ਬੇਚੈਨ ਤੇ ਕਾਹਲੇ ਪੈਣ ਲੱਗੇ। ਪਾਣੀ ਦੀ ਤੋਟ ਬੁਰੀ ਤਰ੍ਹਾਂ ਰੜਕ ਰਹੀ ਸੀ। ਅਖ਼ੀਰ ਡੌਂਕਰਾਂ ਨੇ ਤਰਸ ਖਾ ਕੇ ਅੱਗੇ ਸੰਭਾਲੀਆਂ ਅੱਧ-ਪਚੱਧੀਆਂ ਦੋ ਕੈਨੀਆਂ 'ਚੋਂ ਥੋੜ੍ਹਾ-ਥੋੜ੍ਹਾ ਪਾਣੀ ਸਭ ਨੂੰ ਪਿਲਾਇਆ। ਮੈਨੂੰ ਹੈਲਪਰ ਡੌਂਕਰ ਨੇ ਫਿਰ ਥੋੜ੍ਹਾ ਵੱਧ ਪਾਣੀ ਪਿਲਾਇਆ, ਪਰ ਹੁਣ ਮੇਰੀ ਜੇਬ 'ਚ ਉਸ ਲਈ ਕੁਝ ਨਹੀਂ ਸੀ!

ਫਿਰ ਤਿੰਨ ਕੁ ਘੰਟੇ ਸਫ਼ਰ ਰਵਾਂ ਰਿਹਾ, ਫਿਰ ਥੋੜ੍ਹਾ ਆਰਾਮ ਮਿਲਿਆ। ਇਕ ਪਹਾੜੀ ਦੀ ਛਾਂਵੇਂ ਬੈਠੇ ਸਾਂ ਕਿ ਦੂਰੋਂ ਜੀਪ ਆਉਂਦੀ ਦਿਸੀ। ਡਰਾਇਵਰਾਂ ਨੇ ਫੁਰਤੀ ਨਾਲ ਗੱਡੀਆਂ ਸਟਾਰਟ ਕੀਤੀਆਂ। ਭੜਥੂ ਪੈ ਗਿਆ, ਸਭ ਜੀਪਾਂ ਵਿਚ ਕੁਦ ਗਏ ਤੇ ਜੀਪਾਂ ਦੌੜ ਪਈਆਂ। ਡੌਂਕਰਾਂ ਦਾ ਇਕ ਸਹਾਇਕ ਪਰੇ ਜੰਗਲ-ਪਾਣੀ ਗਿਆ ਸੀ (ਭਾਵੇਂ ਨਾ ਉਥੇ ਕਿਤੇ ਜੰਗਲ ਸੀ, ਨਾ ਹੀ ਪਾਣੀ), ਉਹ ਰੌਲਾ ਪਾਉਂਦਾ ਪਿੱਛੇ ਭੱਜਾ। ਛੇਤੀ-ਛੇਤੀ ਉਸ ਨੂੰ ਵਿਚ ਬਿਠਾਇਆ, ਪਰ ਇੰਨੇ ਵਿਚ ਅਗਲੀ ਜੀਪ ਵਾਲੇ ਨੇ ਪਛਾਣ ਕੇ ਗੱਡੀਆਂ ਰੋਕਣ ਦਾ ਇਸ਼ਾਰਾ ਕੀਤਾ। ਉਹ ਅਜਨਬੀ ਸਾਡੇ ਅਗਲੇ ਡੌਂਕਰ ਸਨ। ਸਭ ਦੇ ਦਿਲ ਟਿਕਾਣੇ ਆਏ। ਜੀਪਾਂ ਉਸ ਨਵੀਂ ਜੀਪ ਦੇ ਪਿੱਛੇ ਚੱਲ ਪਈਆਂ।

ਹੁਣ ਰਾਹਤ ਮਹਿਸੂਸ ਹੋ ਰਹੀ ਸੀ ਕਿ ਸਹਾਰਾ ਦਾ ਬੇਰਹਿਮ, ਭਿਅੰਕਰ, ਜਾਨਲੇਵਾ ਸਫ਼ਰ ਆਪਣੇ ਆਖ਼ਰੀ ਪੜਾਅ 'ਤੇ ਪਹੁੰਚ ਰਿਹਾ ਸੀ। 11 ਦਿਨਾਂ ਅਤੇ 10 ਰਾਤਾਂ ਦਾ ਸਫ਼ਰ। ਇੰਜ ਜਾਪਦਾ ਸੀ, ਜਿਵੇਂ ਕਈ ਮਹੀਨੇ ਗੁਜ਼ਰ ਗਏ ਸਨ ਇਨ੍ਹਾਂ ਖ਼ੌਫ਼ਨਾਕ ਰਾਹਾਂ 'ਤੇ। ਲੱਗਿਆ ਜਿਵੇਂ ਮੌਤ ਦੇ ਪੰਜੇ 'ਚੋਂ ਐਨ ਆਖਰੀ ਪਲਾਂ ਵਿਚ ਨਿਕਲੇ ਸਾਂ। ਸਫ਼ਰ ਭਾਵੇਂ ਅੱਗੇ ਵੀ ਸੀ, ਪਰ ਹੁਣ ਆਸ ਕਰਦੇ ਸਾਂ ਕਿ ਤੰਗੀਆਂ, ਮੁਸ਼ਕਿਲਾਂ, ਪਰੇਸ਼ਾਨੀਆਂ ਸਾਡੇ ਸਿਰਾਂ 'ਤੇ ਘੱਟ ਗਿਣਤੀ ਵਿਚ ਡਿੱਗਣ, ਤੇ ਇਹ ਪੂਰੀ ਤਰ੍ਹਾਂ ਮੁਨਹਸਰ ਸੀ, ਨਵੇਂ ਡੌਂਕਰਾਂ ਦੇ ਸੁਭਾਅ ਉਤੇ।

ਨਵੇਂ ਡੌਂਕਰ ਦਾ ਨਾਂ ਮਕਸੂਦ ਸੀ ਜਿਸ ਨੇ ਜਿੰਮੀ ਦੇ ਹਵਾਲੇ ਨਾਲ ਪਹਿਲਾਂ ਵੀ ਦੋ ਵਾਰ ਸਾਡੇ ਨਾਲ ਫੋਨ 'ਤੇ ਅੰਗਰੇਜ਼ੀ 'ਚ ਗੱਲ ਕੀਤੀ ਸੀ। ਕੁੱਲ ਤਿੰਨ ਜੀਪਾਂ ਸਨ ਤੇ ਦੋ ਉਸ ਦੇ ਸਾਥੀ। ਸਾਨੂੰ ਖਾਣੇ 'ਚ ਚੌਲ, ਗੰਢੇ, ਆਲੂ ਤੇ ਖੋਬਸ (ਬਰੈਡ) ਹਾਸਿਲ ਹੋ ਚੁੱਕੇ ਸਨ। ਰੱਬ ਦੀ ਵੱਡੀ ਨੇਮਤ ਖੁਲ੍ਹੇ-ਡੁੱਲ੍ਹੇ ਪਾਣੀ ਦੇ ਰੂਪ 'ਚ ਸਾਡੇ ਸਾਹਮਣੇ ਸੀ। 38 ਜਣੇ ਅਲੱਗ-ਅਲੱਗ ਤਿੰਨ ਰੁੱਖਾਂ ਦੀ ਛਾਨਣੀ ਵਰਗੀ ਛਾਂ ਹੇਠ ਆਰਾਮ ਕਰ ਰਹੇ ਸਨ।

ਸਾਡੇ ਏਜੰਟਾਂ ਵੱਲੋਂ 'ਚਾਚੇ ਤਰੀ' ਦੀ ਜ਼ਿੰਮੇਵਾਰੀ 'ਚ ਭੇਜੇ ਗਏ 44000 ਡਾਲਰਾਂ ਵਾਲਾ 'ਕੱਚ ਦਾ ਸਾਮਾਨ' ਨਾਮੀ ਬੈਗ ਮਕਸੂਦ ਦੇ ਹਵਾਲੇ ਕਰ ਦਿੱਤਾ ਜੋ ਮੇਰੇ ਸਮੇਤ ਸਿਰਫ਼ ਹੋਰ ਦੋ ਕੁ ਜਣਿਆਂ ਦੀ ਜਾਣਕਾਰੀ ਵਿਚ ਹੀ ਸੀ। ਉਸ ਨੇ ਸਾਡੇ ਪੁਰਾਣੇ ਡੌਂਕਰਾਂ ਨੂੰ ਉਨ੍ਹਾਂ ਦਾ ਤੈਅ ਹਿੱਸਾ ਅਤੇ ਖ਼ਾਣਾ-ਪਾਣੀ ਦੇ ਕੇ ਰੁਖ਼ਸਤ ਕੀਤਾ।

ਇੰਜ ਹਿੱਸੇਦਾਰੀਆਂ ਵਿਚ ਕੜੀ-ਦਰ-ਕੜੀ ਵੰਡਿਆ ਇਹ ਗ਼ੈਰਕਾਨੂੰਨੀ ਕਾਰੋਬਾਰ (ਇਨਸਾਨੀ ਸਮਗਲਿੰਗ) ਫਿਲਹਾਲ ਵੱਧ-ਫੁਲ ਰਿਹਾ ਸੀ। ਇਨ੍ਹਾਂ ਡੌਂਕਰਾਂ ਨੇ ਸਾਨੂੰ ਅੱਗੇ ਕਿਸੇ ਨਿਸ਼ਚਿਤ, ਨਾਮਾਲੂਮ ਟਿਕਾਣੇ 'ਤੇ ਪਹੁੰਚਦਾ ਕਰਨਾ ਸੀ। ਕਿਵੇਂ? ਕਦੋਂ? ਕਿਥੇ? ਇਹ ਉਹ ਸਵਾਲ ਸਨ ਜਿਹੜੇ ਸਾਡੇ ਲਈ ਮਹੱਤਵਪੂਰਨ ਹੋ ਸਕਦੇ ਸਨ, ਪਰ ਡੌਂਕਰਾਂ ਲਈ ਜ਼ਰੂਰੀ ਨਹੀਂ ਸੀ ਸਾਨੂੰ ਜਵਾਬ ਦੇਣ। ਉਨ੍ਹਾਂ ਦਾ ਸਾਰਾ ਹਿੱਸਾ ਸਾਨੂੰ ਅਗਲੇ ਥਾਂ-ਟਿਕਾਣੇ 'ਤੇ ਪਹੁੰਚਣ ਤੋਂ ਬਾਅਦ ਹੀ ਮਿਲਣਾ ਸੀ। ਹੁਣ ਸਾਨੂੰ ਜ਼ਿਆਦਾ ਫ਼ਿਕਰ ਤਾਂ ਨਹੀਂ ਸੀ, ਪਰ ਉਤਾਵਲਾਪਨ ਜ਼ਰੂਰ ਸੀ, ਥੋੜ੍ਹੀ ਕਾਹਲ ਜ਼ਰੂਰ ਸੀ।

ਮਕਸੂਦ ਦੂਰਅੰਦੇਸ਼, ਗੰਭੀਰ ਤੇ ਦਿਆਲੂ ਇਨਸਾਨ ਸੀ। ਸਾਡੀ ਹਾਲਤ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਕਿਵੇਂ ਇੰਨਾ ਵੱਡਾ ਰੇਗਿਸਤਾਨ ਪਾਰ ਕੀਤਾ ਗਿਆ ਹੋਵੇਗਾ। ਭਰ-ਪੇਟ ਖਾਣੇ ਅਤੇ ਆਰਾਮ ਤੋਂ ਬਾਅਦ ਉਸ ਨੇ ਖ਼ੁਦ ਸਭ ਦੇ ਸਿਰਾਂ-ਪਿੰਡਿਆਂ 'ਤੇ ਪਾਣੀ ਪਾਇਆ।

ਘੁਸਮੁਸਾ ਹੋਇਆ ਤਾਂ ਜੀਪਾਂ ਮੱਧਮ ਗਤੀ ਨਾਲ ਕਿਸੇ ਅਗਿਆਤ ਦਿਸ਼ਾ ਵੱਲ ਰਵਾਨਾ ਹੋਈਆਂ। ਤਿੰਨਾਂ ਗੱਡੀਆਂ 'ਚ ਤੇਲ ਦਾ ਇਕ-ਇਕ ਡਰੰਮ, ਪਾਣੀ ਦੀਆਂ ਕੈਨੀਆਂ ਤੇ ਸਾਰਿਆਂ ਦੇ ਬੈਗ ਸਨ। 11-10-11 ਦੇ ਹਿਸਾਬ ਨਾਲ ਮੁੰਡੇ ਤਿੰਨਾਂ ਗੱਡੀਆਂ 'ਚ ਪਿੱਛੇ ਖੁਲ੍ਹੇ-ਡੁੱਲ੍ਹੇ ਬੈਠ ਗਏ, ਕਿਉਂਕਿ 2-2 ਜਣੇ ਅੱਗੇ ਡਰਾਇਵਰਾਂ ਨਾਲ ਸਨ। ਉਨ੍ਹਾਂ ਨੇ ਹੁਣ ਸਾਨੂੰ ਮੋਰੱਕੋ ਦਾ ਬਾਰਡਰ ਪਾਰ ਕਰਾਉਣਾ ਸੀ। ਕੰਮ ਤਾਂ ਘੰਟੇ ਕੁ ਦਾ ਸੀ, ਪਰ ਬਾਰਡਰ ਉਤੇ 'ਸਕਿਓਰਟੀ ਸੈਟਿੰਗ' ਅਤੇ ਸਹੀ ਸਮੇਂ ਦੇ ਇੰਤਜ਼ਾਰ ਵਿਚ ਸਾਨੂੰ ਤਿੰਨ ਦਿਨ ਤੇ ਤਿੰਨ ਰਾਤਾਂ ਛੋਟੀਆਂ-ਵੱਡੀਆ ਰੇਤਲੀਆਂ ਪਹਾੜੀਆਂ ਦੇ ਦਰਮਿਆਨ ਦੋ ਕੁ ਰੁੱਖਾਂ ਦੀ ਸ਼ਰਨ ਵਿਚ ਗੁਜ਼ਾਰਨੇ ਪਏ।

ਖਾਣ ਲਈ ਪਹਿਲੀ ਰਾਤ ਹੀ ਤਾਜ਼ੀਆਂ ਖ਼ਜੂਰਾਂ, ਮੱਛੀ ਦੀਆਂ ਬੰਦ ਡੱਬੀਆਂ, ਦਾਲਾਂ, ਗੰਢੇ, ਆਲੂ, ਚੌਲ ਕਾਫੀ ਕੁਝ ਮਿਲ ਗਿਆ ਸੀ। ਦੋ ਵਾਰ ਜੀਪਾਂ ਕਿਤਿਓਂ ਪਾਣੀ ਵੀ ਭਰ ਲਿਆਈਆਂ ਸਨ। ਸਾਰਾ ਦਿਨ ਲੰਮੇ ਪਏ ਰਹਿੰਦੇ, ਗੱਲਾਂ ਕਰ ਲੈਂਦੇ। 8-9 ਦਿਨਾਂ ਬਾਅਦ ਇਥੇ ਮੈਨੂੰ ਜੰਗਲ-ਪਾਣੀ ਜਾਣ ਦੀ ਜ਼ਰੂਰਤ ਪਈ, ਉਹ ਵੀ ਮਮੂਲੀ ਜਿਹੀ।

ਮਕਸੂਦ ਅਤੇ ਉਸ ਦੇ ਸਾਥੀ ਵਾਰੀ-ਵਾਰੀ ਪਹਾੜੀ 'ਤੇ ਲੰਮੇ ਪੈ ਕੇ ਦੂਰਬੀਨ ਨਾਲ ਪਰਲੇ ਪਾਸੇ ਨਜ਼ਰਾਂ ਟਿਕਾਈ ਰੱਖਦੇ। ਬੇਸ਼ੱਕ! ਬਾਰਡਰ ਦੀਆਂ ਸਰਗਰਮੀਆਂ ਦਾ, ਸਕਿਓਰਿਟੀ ਦਾ ਜਾਇਜ਼ਾ ਲੈਂਦੇ ਸਨ। ਹੁਣ ਤਕ ਸਾਨੂੰ ਹਿਸਾਬ-ਕਿਤਾਬ ਸੀ, ਕਿਹੜਾ ਦਿਨ ਹੈ ਤੇ ਕੀ ਤਾਰੀਖ਼ ਹੈ।

***(ਚਲਦਾ)***

ਕਹਾਣੀ

# ਅਧੂਰੀਆਂ ਕਹਾਣੀਆਂ ਦੇ ਪਾਤਰ

*ਅਮਰਜੀਤ ਕੌਰ ਪੰਨੂੰ ਦੀਆਂ ਕਹਾਣੀਆਂ ਪੰਜਾਬੀ ਦੇ ਸਿਰਮੌਰ ਪਰਚੇ 'ਨਾਗਮਣੀ' ਵਿਚ ਛਪਦੀਆਂ ਰਹੀਆਂ ਹਨ। ਉਸ ਦੀਆਂ ਕਹਾਣੀਆਂ ਭਾਵੁਕਤਾ ਵਿਚ ਰੰਗੀਆਂ ਹੁੰਦੀਆਂ ਹਨ ਅਤੇ ਪਾਠਕ ਸੁਤੇਸਿਧ ਹੀ ਭਾਵੁਕਤਾ ਵਿਚ ਰੰਗ ਹੋ ਜਾਂਦਾ ਹੈ। ਹੁਣ ਕੈਲੀਫੋਰਨੀਆ ਆ ਵੱਸੀ ਅਮਰਜੀਤ ਕੌਰ ਪੰਨੂੰ ਦੀ ਇਸ ਕਹਾਣੀ ਵਿਚੋਂ ਦਰਦ ਦਾ ਇਕ ਅਜਿਹਾ ਲਾਂਬੂ ਉਠਦਾ ਹੈ ਕਿ ਪਾਠਕ ਧੁਰ ਅੰਦਰ ਤੱਕ ਝੰਬਿਆ ਜਾਂਦਾ ਹੈ। -ਸੰਪਾਦਕ*

**ਅਮਰਜੀਤ ਕੌਰ ਪੰਨੂੰ**
amarjitpannu@sbcglobal.net

ਪੰਦਰਾਂ ਨੰਬਰ ਬੈਡ 'ਤੇ ਨਵੇਂ ਆਏ ਮਰੀਜ਼ ਵੱਲ ਵੇਖਦਿਆਂ ਹੀ ਰਾਜੀ ਦੇ ਪੈਰ ਠਠੰਬਰ ਕੇ ਖਲੋ ਗਏ, ਤੇ ਉਸ ਦੇ ਪੈਰਾਂ ਵਾਂਗ ਹੀ ਵਕਤ ਵੀ ਜਿਵੇਂ ਠਠੰਬਰ ਕੇ ਖਲੋ ਗਿਆ ਸੀ। ਉਹੀ ਮੁਹਾਂਦਰਾ, ਉਹੀ ਮੱਥਾ ਤੇ ਉਸ ਵਰਗੀਆਂ ਹੀ ਡੌਰ ਭੌਰੀਆਂ ਕਿਧਰੇ ਵੀ ਨਾ ਤੱਕ ਰਹੀਆਂ ਸੱਖਣੀਆਂ ਜਿਹੀਆਂ ਅੱਖਾਂ! ਰਾਜੀ ਦੇ ਅੰਦਰੋਂ ਇੱਕੋ ਝਮੱਕੇ ਨਾਲ ਕੁਝ ਬੁਝ ਜਿਹਾ ਗਿਆ, ਤੇ ਬੈਡ 'ਤੇ ਪਿਆ ਮਨੁੱਖੀ ਪਿੰਜਰ ਕਦੇ ਉਸ ਨੂੰ ਦਿਸਣੋਂ ਹਟ ਜਾਂਦਾ ਤੇ ਕਦੇ ਦਿਸਣ ਲੱਗ ਪੈਂਦਾ।

ਰਾਜੀ ਨੂੰ ਜਾਪਿਆ, ਉਸ ਦੇ ਪੈਰਾਂ ਨਾਲ ਜੁੜ ਕੇ ਖਲੋਤਾ ਵਕਤ ਜਿਵੇਂ ਪਿਛਾਂਹ ਵੱਲ ਨੂੰ ਭੱਜ ਤੁਰਿਆ ਹੋਵੇ ਤੇ ਇੱਕ ਵਾ-ਵਰੋਲੇ ਵਾਂਗ ਦਸਾਂ ਵਰ੍ਹਿਆਂ ਦਾ ਚੱਕਰ ਕੱਢ ਕੇ ਫੇਰ ਉਸ ਦੇ ਸਾਹਮਣੇ ਆ ਖਲੋਤਾ ਹੋਵੇ। ਇੱਕ ਦਬੀ ਚੀਕ ਉਸ ਦੇ ਕਾਲਜੇ 'ਚੋਂ ਉਠੀ ਤੇ ਬਾਹਰ ਨਿਕਲਣ ਤੋਂ ਪਹਿਲਾਂ ਹੀ ਦਫਨ ਹੋ ਗਈ। ਪਰ ਉਹ ਚੀਕ ਹਸਪਤਾਲ ਦੀਆਂ ਕੰਧਾਂ ਨੇ ਸੁਣ ਲਈ ਸੀ, ਉਸ ਚੀਕ ਦੀ ਮੱਧਮ ਜਿਹੀ ਆਵਾਜ਼ ਸ਼ਾਇਦ ਬੈਡ 'ਤੇ ਪਏ ਪਿੰਜਰ ਤੱਕ ਵੀ ਪਹੁੰਚ ਗਈ ਹੋਵੇ, ਪਰ ਉਹ ਖਾਲੀ-ਖਾਲੀ ਅੱਖਾਂ ਨਾਲ ਛੱਤ ਵੱਲ ਤੱਕਦਾ ਵੀ ਸ਼ਾਇਦ ਕਿਧਰੇ ਵੀ ਨਾ ਤੱਕਦਾ ਰਿਹਾ।

ਹਰਪਾਲ ਨੂੰ ਤਾਂ ਰਾਜੀ ਨੇ ਆਪਣੇ ਹੱਥੀਂ ਤੋਰਿਆ ਸੀ, ਉਸ ਦੀਆਂ ਅਸਥੀਆਂ ਉਸ ਆਪ ਜਲ-ਪ੍ਰਵਾਹ ਕੀਤੀਆਂ ਸਨ। ਉਹ ਤੀਲਾ-ਤੀਲਾ ਹੋਈ ਕੁਝ ਪਲ ਉਸ ਵੱਲ ਤੱਕਦੀ ਰਹੀ ਤੇ ਫੇਰ ਆਪਣੇ ਆਪ ਨੂੰ ਹੂੰਝ ਕੇ ਇਕੱਠਿਆਂ ਕਰਦੀ ਉਸ ਦੇ ਮੰਜੇ ਦੀ ਬਾਹੀ ਲਾਗੇ ਪਿਆ ਚਾਰਟ ਵੇਖਣ ਲੱਗੀ। ਨਾਮ ਬੈਂਜੇਮਿਨ ਸਮਿੱਥ, ਉਮਰ ਅਠੱਤੀ ਸਾਲ, ਤੇ ਬਿਮਾਰੀ ਐਡਵਾਂਸ ਸਟੇਜ ਔਫ ਏਡਜ਼, ਪਰ ਪਾਲ ਨੇ ਤਾਂ ਹੁਣ ਨੂੰ ਸੰਤਾਲੀਵਾਂ ਵਰ੍ਹਾ ਟੱਪ ਜਾਣਾ ਸੀ, ਨਾਲੇ ਇਹ ਤਾਂ ਹੈ ਵੀ ਕੋਈ ਅਮਰੀਕਨ ਗੋਰਾ, ਪਰ ਕਿੰਨਾ ਪਾਲ ਵਰਗਾ ਲਗਦਾ ਸੀ। ਉਹ ਸੋਚਾਂ ਵਿਚ ਪੈ ਗਈ, ਕੀ ਮੈਂ ਮੌਤ ਦਾ ਮੁਹਾਂਦਰਾ ਵੇਖ ਰਹੀ ਹਾਂ, ਕੀ ਮੌਤ ਦੀ ਕੋਈ ਨੁਹਾਰ ਹੁੰਦੀ ਹੈ, ਕੋਈ ਰੰਗ ਹੁੰਦਾ ਹੈ? ਮੌਤ ਦੇ ਕੋਈ ਨਕਸ਼ ਹੁੰਦੇ ਹਨ, ਕੋਈ ਜਾਤ ਹੁੰਦੀ ਹੈ?

ਮੌਤ ਤਾਂ ਸਭ ਨੂੰ ਇੱਕੋ ਜਿਹੀ ਆਉਂਦੀ ਹੈ, ਨਹੀਂ ਮੌਤ ਸਭ ਨੂੰ ਇੱਕੋ ਜਿਹਾ ਕਰ ਦਿੰਦੀ ਹੈ। ਹਰਪਾਲ ਵੀ ਮਰਨ ਤੋਂ ਪਹਿਲਾਂ ਕਿੰਨਾ ਬੈਂਜੇਮਿਨ ਵਰਗਾ ਲਗਦਾ ਸੀ, ਨਹੀਂ ਬੈਂਜੇਮਿਨ ਕਿੰਨਾ ਪਾਲ ਵਰਗਾ ਲਗਦਾ ਹੈ।

ਰਾਜੀ ਦੀਆਂ ਸੋਚਾਂ ਦੀ ਕਿਸ਼ਤੀ ਘੁੰਮਣ ਘੇਰੀਆਂ ਖਾਂਦੀ ਕਦੇ ਦਸ ਵਰ੍ਹੇ ਪਿਛਾਂਹ ਪਰਤ ਜਾਂਦੀ, ਤੇ ਕਦੇ ਦਸ ਵਰ੍ਹੇ ਅਗਾਂਹ। ਬੈਡ 'ਤੇ ਪਿਆ ਮਨੁੱਖੀ ਪਿੰਜਰ ਕਦੇ ਪਾਲ ਬਣ ਜਾਂਦਾ, ਕਦੇ ਬੈਂਜੇਮਿਨ, ਤੇ ਕਦੇ ਫੇਰ ਪਾਲ।

ਰਾਜੀ ਨੇ ਅੱਗੇ ਵੀ ਕਈ ਏਡਜ਼ ਦੇ ਮਰੀਜ਼ ਵੇਖੇ ਸਨ, ਕੈਂਸਰ ਦੇ ਮਰੀਜ਼ ਤੇ ਬੁਢੇਪੇ ਦੀਆਂ ਬਿਮਾਰੀਆਂ ਦੇ ਮਰੀਜ਼ ਵੇਖੇ ਸਨ। ਇਸ ਛੋਟੇ ਜਿਹੇ ਹਸਪਤਾਲ ਦੇ ਇੱਕ ਪਾਸੇ ਬਿਮਾਰ ਬੁੱਢਿਆਂ ਦਾ ਵਾਰਡ, ਵਰ੍ਹਿਆਂ ਦੇ ਵਰ੍ਹੇ ਹੰਢਾ ਚੁੱਕੇ ਅੱਧਮਰੇ ਜਿਹੇ ਹੱਡ ਪੈਰ, ਜੱਗ ਤਮਾਸ਼ਾ ਤੱਕ ਤੱਕ ਕੇ ਹਾਰੀਆਂ ਅੱਖਾਂ ਦੀਆਂ ਪੁਤਲੀਆਂ, ਪਰ ਕੁਝ ਚਿਰ ਹਾਲੀ ਹੋਰ ਜਿਉਣ ਲਈ ਤਰਸਦੇ ਦਿਲ।

ਹਸਪਤਾਲ ਦੇ ਦੂਜੇ ਪਾਸੇ ਏਡਜ਼ ਤੇ ਕੈਂਸਰ ਨਾਲ ਘੁਲਦੀਆਂ ਗਲ ਸੜ ਰਹੀਆਂ ਜਵਾਨੀਆਂ, ਤੇ ਚੁਫੇਰੇ ਪੱਸਰੀ ਮਾਤਮੀ ਚੁੱਪ, ਚੁੱਪ ਜੋ ਕਿਸੇ ਦੇ ਪਾਸਾ ਪਰਤਣ ਲੱਗਿਆਂ ਨਿਕਲੀ ਕਰਾਹਟ ਨਾਲ ਪਲ ਭਰ ਲਈ ਟੁੱਟਦੀ, ਤੇ ਫੇਰ ਉਹੀ ਮਾਤਮੀ ਚੁੱਪ, ਤੇ ਉਹੀ ਮੁਰਝਾਏ ਚਿਹਰੇ।

ਪਰ ਹਰ ਬੁੱਧਵਾਰ ਹਸਪਤਾਲ ਦੇ ਇਸ ਮਰੇ ਜਿਹੇ ਮਾਹੌਲ ਵਿਚ ਜਿਵੇਂ ਕਿਸੇ ਨੇ ਜ਼ਿੰਦਗੀ ਦਾ ਛੱਟਾ ਦੇ ਦਿੱਤਾ ਹੋਵੇ, ਸੋਗੀ ਚਿਹਰਿਆਂ 'ਤੇ ਰੰਗਤ ਜਿਹੀ ਆ ਜਾਂਦੀ, ਜਿਉਣ ਤੋਂ ਮੁਨਕਰ ਹੋ ਰਹੀਆਂ ਅੱਖਾਂ ਵਿਚ ਆਸ ਦੀ ਜੋਤ ਜਗ ਪੈਂਦੀ, ਹਸਪਤਾਲ ਦੀ ਕੁੱਬੀ ਹੋ ਚੁੱਕੀ ਹਵਾ ਵੀ ਮਿਨੀ-ਮਿਨੀ ਖੁਸ਼ਬੂ ਭਰੀ ਪੌਣ ਵਾਂਗੂੰ ਰੁਮਕਣ ਲੱਗ ਪੈਂਦੀ। ਰਾਜੀ ਇੱਕ ਪੋਲੇ ਜਿਹੇ ਹਵਾ ਦੇ ਬੁੱਲੇ ਵਾਂਗ ਆਉਂਦੀ, ਕਿਸੇ ਦੇ ਪੈਰਾਂ ਦੀਆਂ ਤਲੀਆਂ ਝੱਸਦੀ, ਹੱਸਦੀ ਕਿਸੇ ਦੇ ਵਾਲ ਸਵਾਰਦੀ, ਕਿਸੇ ਨੂੰ ਸਹਾਰਾ ਦੇ ਕੇ ਬਿਠਾ ਦਿੰਦੀ, ਸਾਰਾ ਦਿਨ ਉਨ੍ਹਾਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ, ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਸੁਣਦੀ।

ਪਤਾ ਨਹੀਂ ਕੀ ਖਿੱਚ ਸੀ ਰਾਜੀ ਦੇ ਹੱਥਾਂ ਦੀ ਛੋਹ ਵਿਚ, ਜਾਂ ਉਸ ਦੇ ਚਿਹਰੇ 'ਤੇ ਫੈਲੀ ਰੂਹਾਨੀ ਰੰਗਤ ਵਿਚ, ਕਈਆਂ ਨੂੰ ਤਾਂ ਵਹਿਮ ਜਿਹਾ ਹੋ ਗਿਆ ਸੀ ਕਿ ਉਸ ਦੇ ਹੱਥਾਂ ਦੀ ਛੋਹ ਨਾਲ ਪੀੜ ਵੀ ਹਰ ਹੋ ਜਾਂਦੀ ਹੈ।

ਪਰ ਅੱਜ ਬੈਂਜੇਮਿਨ ਨੂੰ ਤੱਕਦਿਆਂ ਹੀ ਰਾਜੀ ਦੀ ਰੂਹ ਵਿਲਕ ਉਠੀ, ਪੀੜਾਂ ਚੁਗਣ ਵਾਲੀ ਰਾਜੀ ਅੱਜ ਆਪ ਪੀੜ ਨਾਲ ਪਰੁੰਨੀ ਪਈ ਸੀ। ਉਹ ਕੁਝ ਪਲਾਂ ਤੋਂ ਵੱਧ ਉਥੇ ਖਲੋ ਨਾ ਸਕੀ ਤੇ ਪੈਰ ਘਸੀਟਦੀ ਘਰ ਨੂੰ ਮੁੜ ਪਈ।

ਸਾਰੀ ਰਾਤ ਉਹ ਸੌਂ ਨਾ ਸਕੀ, ਪਲ ਕੁ ਅੱਖ ਲਗਦੀ ਤਾਂ ਪਾਲ ਉਸ ਦੇ ਸਾਹਮਣੇ ਹੁੰਦਾ, ਪਰ ਉਸ ਦੇ ਕੋਈ ਗੱਲ ਕਰਨ ਤੋਂ ਪਹਿਲਾਂ ਹੀ ਰਾਜੀ ਦੀ ਤ੍ਰਭਕ ਕੇ ਜਾਗ ਖੁੱਲ ਜਾਂਦੀ। ਜਿਉਂਦੇ ਜੀ ਵੀ ਤਾਂ ਪਾਲ ਨੇ ਰਾਜੀ ਨਾਲ ਗਿਣਤੀ ਦੇ ਬੋਲ ਹੀ ਸਾਂਝੇ ਕੀਤੇ ਸਨ, ਤੇ ਉਨ੍ਹਾਂ ਗਿਣਤੀ ਦੇ ਬੋਲਾਂ ਵਿਚੋਂ ਪਿਆਰ ਦੇ ਬੋਲ ਸਿਰਫ ਉਹ ਸਨ ਜੋ ਦਸ ਦਿਨ ਉਨ੍ਹਾਂ ਇਕੱਠਿਆਂ ਬਿਤਾਏ ਸਨ ਤੇ ਕੁਝ ਉਹ ਸਨ ਜੋ ਉਸ ਚਿੱਠੀ ਵਿਚ ਲਿਖ ਕੇ ਬੋਲੇ ਸਨ, ਬਾਕੀ ਦੇ ਰਹਿੰਦੇ ਬੋਲਾਂ ਵਿਚ ਮਜਬੂਰੀਆਂ ਸਨ, ਪਛਤਾਵੇ ਸਨ, ਉਦਾਸੀਆਂ ਤੇ ਲਾਚਾਰੀਆਂ ਸਨ, ਤੇ ਸਭ ਤੋਂ ਵੱਧ ਖਾਮੋਸ਼ੀਆਂ ਸਨ।

ਅੱਜ ਫੇਰ ਕਈ ਵਰ੍ਹਿਆਂ ਪਿਛੋਂ ਰਾਜੀ ਇਨ੍ਹਾਂ ਮੋਏ ਪਲਾਂ ਦੇ ਮਲਬੇ ਵਿਚੋਂ ਕੁਝ ਸਹਿਕਦੇ ਪਲਾਂ ਨੂੰ ਫਰੋਲਣ ਲੱਗ ਪਈ ਸੀ ਜਿਵੇਂ ਰਾਖ ਦੇ ਢੇਰ ਵਿਚੋਂ ਕੋਈ ਚੰਗਿਆੜੀ ਲੱਭ ਰਿਹਾ ਹੋਵੇ, ਸੋਚਾਂ ਸੋਚਦਿਆਂ ਤੇ ਆਪਣੇ ਆਪ ਨਾਲ ਗੱਲਾਂ ਕਰਦਿਆਂ ਉਸ ਸਾਰੀ ਰਾਤ ਲੰਘਾ ਲਈ।

ਇਹ ਕਿਹੋ ਜਿਹਾ ਪਿਆਰ ਸੀ ਤੇਰਾ ਜੋ ਤੈਨੂੰ ਮੌਤ ਵੱਲ ਲੈ ਤੁਰਿਆ, ਮੌਤ ਨੂੰ ਸਿੱਖਣਾ ਨਹੀਂ ਪੈਂਦਾ, ਇਹ ਤਾਂ ਆਪ ਹੀ ਆ ਜਾਂਦੀ ਏ, ਸਿੱਖਣਾ ਤਾਂ ਜ਼ਿੰਦਗੀ ਨੂੰ ਪੈਂਦਾ ਏ, ਤੇ ਪਿਆਰ ਜ਼ਿੰਦਗੀ ਸਿਖਾਉਂਦਾ ਏ, ਤੇਰਾ ਪਿਆਰ ਤਾਂ ਸ਼ਾਇਦ ਕਦੇ ਵੀ ਪਿਆਰ ਨਹੀਂ ਸੀ।

ਜਦ ਤੂੰ ਚਿੱਠੀ ਵਿਚ ਲਿਖਿਆ ਸੀ, 'ਧਰਤੀ ਤੇ ਅਸਮਾਨ ਵੀ ਦਿਸਹੱਦੇ 'ਤੇ ਮਿਲ ਪੈਂਦੇ ਨੇ ਰਾਜੀਏ, ਤੇਰੀ ਨੁਹਾਰ ਨੂੰ ਲੱਭਦਾ ਮੈਂ ਤਾਂ ਬਹੁਤ ਦੂਰ ਨਿਕਲ ਗਿਆ ਹਾਂ, ਬਹੁਤ ਦੂਰ। ਤੇ ਮੈਨੂੰ ਜਾਪਿਆ ਸੀ, ਸ਼ਾਇਦ ਤੂੰ ਕਵੀ ਹੋ ਗਿਆ ਏਂ। ਪਰ ਮੇਰੇ ਖਤਾਂ ਦਾ ਜੁਆਬ ਸਿਰਫ ਏਨਾ ਕੁ ਹੀ ਆਇਆ ਸੀ, ਮੈਂ ਉਖੜ ਗਿਆ ਹਾਂ ਰਾਜੀਏ, ਮੈਂ ਭਟਕ ਗਿਆ ਹਾਂ।'

ਤੇ ਉਸ ਤੋਂ ਬਾਅਦ ਉਮਰਾਂ ਜੇਡੀ ਲੰਮੀ ਚੁੱਪ। ਤੇਰੀ ਚਿੱਠੀ ਦੇ ਨਾਲ ਹੀ ਦਿੱਲੀ ਵਾਲੀ ਚਿੱਠੀ ਨੇ ਵੀ ਚੁੱਪ ਧਾਰ ਲਈ ਸੀ। ਉਨ੍ਹਾਂ ਵੀ ਸਿਰਫ ਇੱਕ ਵਾਰ ਏਨਾ ਕੁ ਹੀ ਲਿਖਿਆ ਸੀ ਕਿ ਤੁਹਾਡੇ ਫਾਈਲ ਕੀਤੇ ਕਾਗਜ਼ ਅੰਬੈਸੀ ਨੂੰ ਪਹੁੰਚ ਗਏ ਹਨ, ਬਾਕੀ ਦੀ ਇਨਫਰਮੇਸ਼ਨ ਉਹ ਬਾਅਦ 'ਚ ਭੇਜਣਗੇ, ਤੇ ਉਸ ਤੋਂ ਬਾਅਦ ਸਿਰਫ ਚੁੱਪ ਸੀ।

ਨਾ ਮੈਨੂੰ ਤੇਰੀ ਚੁੱਪ ਦਾ ਕਾਰਨ ਪਤਾ ਸੀ, ਨਾ ਦਿੱਲੀ ਵਾਲੀ ਚਿੱਠੀ ਦੀ ਚੁੱਪ ਦਾ, ਪਰ ਇਸ ਚੁੱਪ ਦਾ ਚੀਕ ਚਿਹਾੜਾ ਬਿਜਲੀ ਵਾਂਗ ਕੜਕਦਾ ਮੇਰੀਆਂ ਹੱਡੀਆਂ ਕੜਕਾ ਜਾਂਦਾ।

ਫੇਰ ਤਾਂ ਤੂੰ ਕਦੇ ਆਪਣੀ ਬੱਚੀ ਦਾ ਹਾਲ ਵੀ ਨਾ ਪੁੱਛਿਆ, ਪੰਘੂੜੇ ਵਿਚ ਪਈ ਨੂੰ ਤੇਰੀਆਂ ਚਿੱਠੀਆਂ ਪੜ੍ਹ ਕੇ ਸੁਣਾਇਆ ਕਰਦੀ ਸਾਂ, ਤੇ ਫੇਰ ਉਸ ਮਲਕੜੇ ਜਿਹੇ ਹੀ ਪੰਘੂੜੇ 'ਚੋਂ ਆਪਣਾ ਪੱਬ ਧਰਤੀ 'ਤੇ ਰੱਖ ਲਿਆ ਸੀ ਤੇ ਨਿੱਕਾ ਜਿਹਾ ਬਸਤਾ ਗਲ ਵਿਚ ਪਾਈ ਉਹ ਸਕੂਲ ਵੀ ਜਾਣ ਲੱਗ ਪਈ, ਪਰ ਹੁਣ ਉਸ ਨੂੰ ਸੁਣਾਉਣ ਲਈ ਮੇਰੇ ਕੋਲ ਕੋਈ ਚਿੱਠੀ ਨਹੀਂ ਸੀ ਪਹੁੰਚਦੀ।

ਆਪਣੀ ਧੀ ਨੂੰ ਗਲ ਨਾਲ ਲਾਈ ਚੁੱਪ ਚੁਪੀਤੀ ਟਿਕ ਕੇ ਬੈਠ ਗਈ ਸਾਂ, ਪਰ ਸੋਚਾਂ ਦੇ ਪੰਛੀਆਂ ਦਾ ਕੀ ਕਰਦੀ ਜੋ ਕੁਤਰੇ ਹੋਏ ਖੰਭਾਂ ਨਾਲ ਵੀ ਉਡਾਰੀ ਮਾਰਨੋਂ ਨਾ ਹਟਦੇ, ਬੰਦ ਦਰਵਾਜ਼ਿਆਂ ਤੇ ਉਚੀਆਂ ਕੰਧਾਂ ਨਾਲ ਟਕਰਾ ਕੇ ਲਹੂ ਲੁਹਾਣ ਹੋਈ ਜਾਂਦੇ।

ਅੱਜ ਦਾਦੀ ਮਾਂ ਦੀ ਗੱਲ ਪਤਾ ਨਹੀਂ ਕਿਉਂ ਚੇਤੇ ਆ ਗਈ ਏ। ਆਖਦੀ ਹੁੰਦੀ ਸੀ, 'ਕਰਮਾਂ ਵਾਲੀ ਹੋਵੇਂ ਧੀਏ' ਤੇ ਮੈਂ ਹੱਸ ਕੇ ਆਖ ਦੇਣਾ, 'ਕਿਹੜੇ ਕਰਮਾਂ ਵਾਲੀ, ਕਰਮ ਤਾਂ ਚੰਗੇ ਵੀ ਹੁੰਦੇ ਨੇ ਤੇ ਮਾੜੇ ਵੀ।' ਪਰ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮਾਂ ਨੇ ਝਿੜਕ ਦੇਣਾ, 'ਐਵੇਂ ਨਾਂ ਚੰਦਰੀ ਜਬਾਨ ਬੋਲੀਦੀ, ਕਰਮਾਂ ਵਾਲੀ ਚੰਗਿਆਂ ਕਰਮਾਂ ਵਾਲੀ ਹੀ ਹੁੰਦੀ ਏ।'

ਉਦੋਂ ਤਾਂ ਚੰਗੇ ਕਰਮਾਂ ਵਾਲੀ ਹੀ ਸਾਂ, ਪਰ ਝੱਟ ਹੀ ਮਾੜੇ ਕਰਮਾਂ ਵਾਲੀ ਹੋ ਗਈ ਜਦ ਪਾਪਾ ਦੀ ਲਾਸ਼ ਸੜਕ ਦੇ ਕੰਢੇ ਇੱਕ ਟੋਏ 'ਚੋਂ ਲੱਭੀ ਸੀ, ਤੇ ਕੁਝ ਦਿਨਾਂ ਪਿੱਛੋਂ ਦਾਦੀ ਵੀ ਸਵੇਰੇ ਸੁੱਤੀ ਨਹੀਂ ਸੀ ਉਠੀ, ਮਾਂ ਕਿੰਨਾਂ ਚਿਰ ਗੁੰਮ-ਸੁੰਮ ਰਹਿਣ ਪਿੱਛੋਂ ਹੌਲੀ ਹੌਲੀ ਰਾਜੀ ਹੋਣ ਲੱਗੀ ਸੀ।

ਇੱਕ ਵਾਰ ਫੇਰ ਮੈਂ ਚੰਗੇ ਕਰਮਾਂ ਵਾਲੀ ਹੋ ਗਈ ਸਾਂ, ਜਦ ਤੂੰ ਮੱਥੇ 'ਤੇ ਸਿਹਰਾ ਬੰਨ੍ਹ ਕੇ ਆਇਆ ਸੈਂ, ਤੇ ਦਸਾਂ ਕੁ ਦਿਨਾਂ ਪਿੱਛੋਂ ਫੇਰ ਮਾੜੇ ਕਰਮਾਂ ਵਾਲੀ ਹੋ ਗਈ ਜਦ ਤੈਨੂੰ ਏਅਰ ਪੋਰਟ ਤੋਂ ਚੜ੍ਹਾ ਕੇ ਮੈਂ ਵਾਪਸ ਆਈ ਸਾਂ।

ਉਸ ਰਾਤ ਵਾਲਾ ਸੁਪਨਾ ਹਾਲੇ ਵੀ ਚੰਗੀ ਤਰ੍ਹਾਂ ਯਾਦ ਏ, ਤੇ ਉਹ ਪੁਲ ਅਜੇ ਵੀ ਐਨ ਉਸੇ ਤਰ੍ਹਾਂ ਹੀ ਦਿਸਦਾ ਏ, ਪੁਲ ਦੇ ਪਾਸਿਆਂ ਤੇ ਉਚੇ ਉਚੇ ਜੰਗਲੇ, ਤੇ ਜੰਗਲਿਆਂ ਉਤੇ ਵੱਡੇ ਵੱਡੇ ਬਲਬਾਂ ਦੀ ਤੇਜ਼ ਰੌਸ਼ਨੀ ਅਜੇ ਵੀ ਅੱਖਾਂ ਚੁੰਧਿਆ ਦਿੰਦੀ ਏ। ਜੰਗਲੇ ਤੋਂ ਹੇਠਾਂ ਵੱਲ ਤੱਕਦਿਆਂ ਸਿਰਫ ਹਨੇਰਾ, ਤੇ ਤੇਰਾ ਘੁੱਟ ਕੇ ਫੜ੍ਹਿਆ ਹੱਥ ਪਤਾ ਨਹੀਂ ਕਿਵੇਂ ਮੇਰੇ ਹੱਥਾਂ ਵਿਚੋਂ ਤਿਲਕ ਜਾਂਦਾ ਏ, ਪਾਣੀ ਵਾਂਗ ਵਹਿ ਜਾਂਦਾ ਏ, ਤੇ ਤੂੰ ਜੰਗਲੇ ਦੇ ਹੇਠਾਂ ਘੁੱਪ ਹਨੇਰੇ ਵਿਚ ਹਵਾ ਵਾਂਗ ਰਲ ਗਿਆ। ਮੇਰੀ ਸੁਪਨੇ ਵਿਚ ਨਿਕਲੀ ਚੀਕ ਨੇ ਮੈਨੂੰ ਜਗਾ ਦਿੱਤਾ ਸੀ।

ਉਸ ਦਿਨ ਪਿੱਛੋਂ ਇੱਕ ਜ਼ਿੰਦਗੀ ਸੁਪਨਿਆਂ ਵਿਚ ਜਿਉਂਦੀ ਰਹੀ, ਤੇ ਇੱਕ ਜਾਗਦਿਆਂ। ਪਤਾ ਨਹੀਂ ਦੋਵਾਂ ਵਿਚੋਂ ਕਿਹੜੀ ਸੱਚ ਸੀ ਤੇ ਕਿਹੜੀ ਝੂਠ। ਸ਼ਾਇਦ ਦੋਵੇਂ ਸੱਚ ਸਨ ਜਾਂ ਦੋਵੇਂ ਝੂਠ। ਜਦ ਬੱਚੀ ਦਾ ਜਨਮ ਹੋਇਆ ਤਾਂ ਸਭ ਸੱਚ ਜਾਪਿਆ, ਜਦ ਤੇਰਾ ਖਤ ਆਉਣਾ ਬੰਦ ਹੋਇਆ ਤਾਂ 'ਸਭ ਝੂਠ' ਜਾਪਿਆ, ਤੇ ਮੇਰੀ ਰੂਹ ਇਸ ਝੂਠ ਤੇ ਸੱਚ ਦੀ ਚੱਕੀ ਦੇ ਪੁੜਾਂ ਵਿਚਕਾਰ ਪਿਸਦੀ ਰਹੀ।

ਤੇ ਫੇਰ ਦਿੱਲੀ ਵਾਲੀ ਚਿੱਠੀ ਇੱਕ ਸੱਚ ਜਿਹਾ ਬਣ ਕੇ ਆ ਗਈ ਤੇ ਤੇਰੇ ਵੱਲੋਂ ਇੱਕ ਚਿੱਠੀ 'ਸਭ ਝੂਠ' ਜਿਹਾ ਬਣ ਕੇ ਆ ਗਈ, ਜਿਸ ਵਿਚ ਤੂੰ ਮੈਨੂੰ ਤੇ ਬੱਚੀ ਨੂੰ ਤੇਰੇ ਕੋਲ ਆਉਣ ਤੋਂ ਵਰਜ ਘੱਲਿਆ ਸੀ।

ਪਰ ਮੈਂ ਇੱਕ ਹੱਥ ਨਾਲ ਦਿੱਲੀ ਵਾਲੀ ਚਿੱਠੀ ਦੇ ਸੱਚ ਨੂੰ ਫੜਦੀ ਤੇ ਦੂਜੇ ਹੱਥ ਨਾਲ ਬੱਚੀ ਦੇ ਸੱਚ ਨੂੰ ਫੜਦੀ ਤੇਰੇ ਕੋਲ ਆ ਗਈ ਸਾਂ। ਤੇਰਾ ਪੀਲਾ ਜ਼ਰਦ ਚਿਹਰਾ ਤੱਕਦਿਆਂ ਹੀ ਮੈਨੂੰ ਕੁਝ ਝੂਠ ਵਰਗਾ ਜਾਪਿਆ, ਪਰ ਤੇਰੀਆਂ ਅੱਖਾਂ ਵਿਚ ਪਿਆਰ ਮੈਨੂੰ ਅਜੇ ਵੀ ਸੱਚ ਜਾਪਿਆ।

ਤੇਰਾ ਮੇਰੇ ਤੋਂ ਹਮੇਸ਼ਾਂ ਪਰ੍ਹੇ ਰਹਿਣਾ ਕਿੰਨਾ ਸੱਚ ਸੀ, ਪਰ ਕਿੰਨਾ ਝੂਠ ਵੀ ਇਸ ਵਿਚ ਰਲਿਆ ਹੋਇਆ ਸੀ। ਤੇਰੀ ਬੇਰੁਖੀ ਤੋਂ ਮੈਨੂੰ ਇੰਜ ਜਾਪਦਾ ਜਿਵੇਂ ਤੈਨੂੰ ਮੇਰੇ ਨਾਲ ਕੋਈ ਗਿਲਾ ਸੀ, ਪਰ ਤੇਰੀ ਤੱਕਣੀ ਤੋਂ ਇੰਜ ਲਗਦਾ ਜਿਵੇਂ ਤੇਰੀ ਕੋਈ ਮਜਬੂਰੀ ਸੀ। ਤੇਰਾ ਹਰ ਹਫਤੇ ਮੇਜ਼ 'ਤੇ ਪੈਸੇ ਰੱਖ ਦੇਣਾ ਤੇ ਮੇਰਾ ਹਰ ਹਫਤੇ ਮੇਜ਼ ਤੋਂ ਪੈਸੇ ਚੁੱਕਣ ਲੱਗਿਆਂ ਹੱਥ ਦਾ ਕੰਬ ਜਾਣਾ, ਧੁਰ ਅੰਦਰ ਤੀਕ ਮੇਰੀ ਰੂਹ ਦਾ ਕੰਬ ਜਾਣਾ, ਪਤਾ ਨਹੀਂ ਝੂਠ ਸੀ ਜਾਂ ਸੱਚ, ਪਰ ਆਂਦਰਾਂ ਦੀ ਭੁੱਖ ਤਾਂ ਸੱਚ ਸੀ ਜੋ ਮੇਜ਼ ਤੋਂ ਪੈਸੇ ਚੁੱਕ ਕੇ ਗਰੋਸਰੀ ਸਟੋਰ ਵੱਲ ਮੇਰੇ ਪੈਰਾਂ ਨੂੰ ਤੋਰ ਦਿੰਦੀ।

ਤੇ ਫੇਰ ਇੱਕ ਦਿਨ ਇਸ ਝੂਠ ਤੇ ਸੱਚ ਦੇ ਛਲਾਵਿਆਂ ਤੋਂ ਮੈਂ ਅੱਕ ਗਈ ਸਾਂ। ਮੇਰਾ ਆਪਾ ਪ੍ਰਸ਼ਨ ਚਿੰਨ੍ਹਾਂ ਨਾਲ ਵਿੰਨ੍ਹਿਆ ਗਿਆ ਸੀ। ਮੈਂ ਕੌਣ ਹਾਂ?, ਏਥੇ ਕਿਉਂ ਆਈ ਹਾਂ? ਕਿਉਂ ਰਹਿਣੀ ਆਂ? ਕਿਉਂ ਜੀਣੀ ਆਂ? ਤੇ ਇਸ ਕਿਉਂ ਵਿਚੋਂ ਗੁੱਸਾ ਭੜਕ ਉਠਿਆ ਸੀ। ਗੁੱਸੇ ਤੇ ਪੀੜਾ ਦੀ ਅੱਗ ਨਾਲ ਮੇਰੇ ਸਾਹ ਧੁਆਂਖੇ ਗਏ, ਮੇਰਾ ਜ਼ਿਹਨ ਭੁੱਬਲ ਵਰਗਾ ਹੋ ਗਿਆ ਸੀ। ਮੇਰੇ ਆਪਣੇ ਹੀ ਅੰਦਰੋਂ ਨਿਕਲੀ ਅੱਗ ਨੇ ਮੈਨੂੰ ਸਾਰੀ ਦੀ ਸਾਰੀ ਨੂੰ ਨਿਗਲ ਲਿਆ, ਤੇ ਮੈਂ ਭਾਂਬੜ ਵਾਂਗ ਮੱਚ ਉਠੀ ਸਾਂ। ਉਸ ਦਿਨ, ਧਰਤੀ ਤੇ ਅਸਮਾਨ ਸਾਰਾ ਕੁਝ ਫੂਕ ਦੇਣ ਨੂੰ ਜੀ ਕਰ ਉਠਿਆ ਸੀ।

ਪਰ ਤੂੰ ਸ਼ਾਂਤ ਬੈਠਾ ਸਭ ਕੁਝ ਸੁਣਦਾ ਰਿਹਾ, ਤੇਰੇ ਚਿਹਰੇ ਦੀ ਪਿਲੱਤਣ ਹੋਰ ਵੀ ਗੂੜ੍ਹੀ ਹੋ ਗਈ, ਤੇਰੀਆਂ ਅੱਖਾਂ ਵਿਚ ਅੱਥਰੂ ਮੈਂ ਉਸ ਦਿਨ ਪਹਿਲੀ ਵਾਰ ਵੇਖੇ ਸਨ, ਉਦੋਂ ਤਾਂ ਮੈਨੂੰ ਏਡਜ਼ ਦੇ ਨਾਂ ਦਾ ਵੀ ਨਹੀਂ ਸੀ ਪਤਾ, ਤੂੰ ਕਿੰਨਾ ਚਿਰ ਮੈਨੂੰ ਸਮਝਾਉਂਦਾ ਰਿਹਾ, ਤੇ ਗੁੱਸੇ ਦੀ ਅੱਗ ਹੰਝੂਆਂ ਦੇ ਹੜ੍ਹ ਵਿਚ ਡੁੱਬਦੀ ਤਰਦੀ ਬੁਝ ਗਈ, ਤੇ ਫੇਰ ਅਗਲੇ ਦਿਨ ਹੀ ਤੂੰ ਮੈਨੂੰ ਕੰਮ 'ਤੇ ਛੱਡ ਆਇਆ ਸੈਂ। ਆਪ ਤੂੰ ਕਿੰਨੇ ਦਿਨ ਕੰਮ ਤੇ ਨਹੀਂ ਸੀ ਜਾ ਸਕਿਆ, ਤੇ ਫੇਰ ਕੰਮ ਕਰਨਾ ਤੇਰੇ ਵੱਸ ਵਿਚ ਨਹੀਂ ਸੀ ਰਿਹਾ।

ਕੰਮ ਦਾ ਧਿਆਨ ਆਉਂਦਿਆਂ ਹੀ ਰਾਜੀ ਜਿਵੇਂ ਕਿਸੇ ਦੂਸਰੀ ਦੁਨੀਆਂ 'ਚੋਂ ਵਾਪਸ ਪਰਤ ਆਈ ਹੋਵੇ। ਵੀਰਵਾਰ ਦੀ ਸਵੇਰ ਹੋ ਗਈ ਸੀ। ਉਸ ਨੇ ਅੱਜ ਹਸਪਤਾਲ ਨਹੀਂ ਸੀ ਜਾਣਾ। ਜਦ ਤਾਸ਼ਾ ਦੀ ਕੰਪਨੀ 2-3 ਸਾਲਾਂ ਵਿਚ ਹੀ ਕਾਫੀ ਤਰੱਕੀ ਕਰ ਗਈ ਤਾਂ ਉਸ ਰਾਜੀ ਨੂੰ ਕੰਮ ਕਰਨ ਤੋਂ ਰੋਕ ਦਿੱਤਾ ਸੀ। ਪਰ ਉਹ ਫੇਰ ਵੀ ਹਰ ਬੁੱਧਵਾਰ ਮਰੀਜ਼ਾਂ ਦੀ ਸੇਵਾ ਲਈ ਹਸਪਤਾਲ ਜਾਂਦੀ ਰਹੀ। ਰਾਜੀ ਦੀ ਧੀ ਤਾਸ਼ਾ ਰਾਜੀ ਦਾ ਸਰਵਣ ਪੁੱਤਰ ਸੀ। ਰਾਜੀ ਨੇ ਅੱਜ ਹਸਪਤਾਲ ਨਹੀਂ ਸੀ ਜਾਣਾ, ਪਰ ਪਤਾ ਨਹੀਂ ਕਿਉਂ ਉਸ ਦੇ ਪੈਰ ਆਪ ਮੁਹਾਰੇ ਹਸਪਤਾਲ ਵੱਲ ਉਠ ਤੁਰੇ! ਅਜੇ ਕੱਲ ਹੀ ਬਜ਼ੁਰਗਾਂ ਦੇ ਵਾਰਡ ਵਿਚ ਜਦ ਉਸ ਨਵੇਂ ਆਏ ਬੁੱਢੇ ਡੇਵਿਡ ਦੇ ਹੱਥਾਂ ਪੈਰਾਂ ਦੀ ਮਾਲਸ਼ ਕੀਤੀ ਤਾਂ ਉਸ ਪੁੱਛਿਆ ਸੀ, "ਕੀ ਤੂੰ ਕੱਲ ਨੂੰ ਫੇਰ ਆਵੇਂਗੀ?"

ਜਦ ਰਾਜੀ ਨੇ ਉਸ ਨੂੰ ਦੱਸਿਆ ਕਿ ਉਹ ਤਾਂ ਸਿਰਫ ਬੁੱਧਵਾਰ ਹੀ ਮਰੀਜ਼ਾਂ ਦੀ ਸੇਵਾ ਕਰਨ ਆਉਂਦੀ ਹੈ, ਤਾਂ ਬੁੱਢਾ ਡੇਵਿਡ ਜਿਵੇਂ ਮਨ ਦੇ ਪੋਟਿਆਂ 'ਤੇ ਅੱਜ ਤੋਂ ਲੈ ਕੇ ਅਗਲੇ ਬੁੱਧਵਾਰ ਤਕ ਦੇ ਦਿਨ ਗਿਣਨ ਲੱਗ ਪਿਆ ਸੀ।

ਰਾਜੀ ਇੱਕ ਸੁਪਨੇ ਵਾਂਗ ਹੀ ਬੈਂਜੇਮਿਨ ਦੇ ਬੈਡ ਕੋਲ ਆ ਖਲੋਤੀ। ਅੱਜ ਬੈਂਜੇਮਿਨ ਨੇ ਉਸ ਨੂੰ ਆਉਂਦਿਆਂ ਵੇਖ ਲਿਆ ਸੀ, ਵੇਖਿਆ ਤਾਂ ਸ਼ਾਇਦ ਕੱਲ ਵੀ ਹੋਵੇ, ਪਰ ਰਾਜੀ ਉਥੋਂ ਪਿਛਲੇ ਪੈਰੀਂ ਹੀ ਪਰਤ ਆਈ ਸੀ। ਬੈਂਜੇਮਿਨ ਨੇ ਪੂਰਾ ਤਾਣ ਲਾ ਕੇ ਆਪਣਾ ਕਮਜ਼ੋਰ ਜਿਹਾ ਹੱਥ ਕੰਬਲ 'ਚੋਂ ਬਾਹਰ ਕੱਢਿਆ। ਉਸ ਦੇ ਮੈਦੇ ਰੰਗੇ ਹੱਥ ਨੂੰ ਰਾਜੀ ਦੇ ਕਣਕ ਰੰਗੇ ਹੱਥਾਂ ਵਿਚੋਂ ਜਿਵੇਂ ਕੋਈ ਤਾਕਤ ਮਿਲ ਗਈ ਹੋਵੇ, ਉਸ ਦੀਆਂ ਬੁਝੂੰ-ਬੁਝੂੰ ਕਰਦੀਆਂ ਅੱਖਾਂ ਇਕ ਵਾਰ ਫੇਰ ਚਮਕ ਪਈਆਂ, "ਤੂੰ ਬਿਲਕੁਲ ਠੀਕ ਹੋ ਜਾਵੇਂਗਾ, ਬੈਂਜੇਮਿਨ!"

ਕਿੰਨੀ ਝੂਠੀ ਗੱਲ ਆਖੀ ਸੀ ਰਾਜੀ ਨੇ, ਤੇ ਉਸ ਝੂਠ ਦਾ ਪਤਾ ਰਾਜੀ ਨੂੰ ਵੀ ਸੀ ਤੇ ਬੈਂਜੇਮਿਨ ਨੂੰ ਵੀ, ਪਰ ਉਹ ਫੇਰ ਵੀ ਹੱਸ ਪਿਆ ਤੇ ਉਸ ਨਿੱਕੇ ਜਿਹੇ ਹਾਸੇ ਨਾਲ ਹੀ ਉਹ ਕਿੰਨਾ ਥੱਕ ਗਿਆ ਸੀ, ਹੌਂਕਣ ਲੱਗ ਪਿਆ ਸੀ।

"ਪਾਲ ਵੀ ਕਿੰਨੀ ਛੇਤੀ ਥੱਕ ਜਾਇਆ ਕਰਦਾ ਸੀ।" ਰਾਜੀ ਫੇਰ ਸੋਚਾਂ ਵਿਚ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਈ। ਉਹ ਕਈ-ਕਈ ਦਿਨ ਇਕ ਲਫਜ਼ ਵੀ ਨਾ ਬੋਲਦਾ, ਤੇ ਇਕ ਵਾਰੀ ਕਿੰਨੇ ਹੀ ਦਿਨਾਂ ਦੀ ਇਕੱਠੀ ਕੀਤੀ ਤਾਕਤ ਨਾਲ ਉਸ ਆਖਿਆ ਸੀ, "ਜਦ ਇਨਸਾਨ ਰਸਤਾ ਭੁੱਲ ਜਾਂਦਾ ਏ, ਗਵਾਚ ਜਾਂਦਾ ਏ, ਤਾਂ ਉਹ ਹੋਰ ਵੀ ਤੇਜ਼ ਦੌੜਨ ਲਗਦਾ ਏ, ਮੈਂ ਤਾਂ ਦੌੜਦਾ-ਦੌੜਦਾ ਬਹੁਤ ਦੂਰ ਨਿਕਲ ਗਿਆ, ਪਤਾ ਨਹੀਂ ਕਿਹੜੀ ਪਗਡੰਡੀ ਕਿੱਥੋਂ ਨਿੱਖੜਦੀ ਤੇ ਕਿੱਥੇ ਜਾ ਕੇ ਕਿਹੜੀ ਸੜਕ ਨੂੰ ਮਿਲਦੀ ਸੀ, ਮੈਨੂੰ ਕਦੇ ਮਾਫ ਨਾ ਕਰੀਂ ਰਾਜੀ, ਮੈਂ ਤੇਰਾ ਵੱਡਾ ਗੁਨਾਹਗਾਰ ਹਾਂ।"

ਬੋਲਦੇ-ਬੋਲਦੇ ਪਾਲ ਨੂੰ ਸਾਹ ਚੜ੍ਹ ਗਿਆ ਤੇ ਰਾਜੀ ਨੇ ਆਪਣਾ ਹੱਥ ਉਸ ਦੇ ਮੂੰਹ ਉਤੇ ਰੱਖ ਦਿੱਤਾ ਸੀ।

ਰਾਜੀ ਨੇ ਵੇਖਿਆ, ਬੈਂਜੇਮਿਨ ਦਾ ਸਾਹ ਕਾਹਲਾ-ਕਾਹਲਾ ਚੱਲ ਰਿਹਾ ਸੀ ਤੇ ਉਹ ਅੱਖਾਂ ਬੰਦ ਕਰ ਕੇ ਨਿਢਾਲ ਜਿਹਾ ਪਿਆ ਰਿਹਾ। ਰਾਜੀ ਉਸ ਦੇ ਕੋਲ ਬੈਠੀ ਕਦੀ ਬੀਤੇ ਵਿਚ ਪਹੁੰਚ ਜਾਂਦੀ ਤੇ ਕਦੇ ਮੁੜ ਵਰਤਮਾਨ ਵਿਚ ਪਰਤ ਆਉਂਦੀ।

ਅਗਲੇ ਦਿਨ ਬੈਂਜੇਮਿਨ ਨੇ ਰਾਜੀ ਨੂੰ ਦੱਸਿਆ, ਕਈ ਵਰ੍ਹੇ ਪਹਿਲਾਂ ਇੱਕ ਕਾਰ ਐਕਸੀਡੈਂਟ ਤੋਂ ਬਾਅਦ ਉਸ ਨੂੰ ਖੂਨ ਦਿੱਤਾ ਗਿਆ ਸੀ ਤੇ ਉਸ ਖੂਨ ਦੇ ਨਾਲ ਹੀ ਏਡਜ਼, ਜੋ ਕਈ ਵਰ੍ਹੇ ਉਸ ਦੇ ਅੰਦਰ ਚੁੱਪ ਕਰਕੇ ਬੈਠੀ ਰਹੀ। ਵਿਆਹ ਤੋਂ ਕੁਝ ਦੇਰ ਉਹ ਬਿਮਾਰ ਰਹਿਣ ਲੱਗ ਪਿਆ ਸੀ। ਜਦ ਡਾਕਟਰਾਂ ਨੇ ਉਸ ਨੂੰ ਏਡਜ਼ ਬਾਰੇ ਦੱਸਿਆ ਤਾਂ ਆਪਣੀ ਮੰਗੇਤਰ ਨੂੰ ਬਿਨਾ ਦੱਸੇ ਹੀ ਉਹ ਘਰੋਂ ਨੱਸ ਆਇਆ ਸੀ। ਬੈਂਜੇਮਿਨ ਨੇ ਇੱਕ ਮੁਚੜੀ ਜਿਹੀ ਤਸਵੀਰ ਰਾਜੀ ਦੇ ਸਾਹਮਣੇ ਕਰ ਦਿੱਤੀ। ਇੱਕ ਭੋਲੀ ਜਿਹੀ ਬਿੱਲੀਆਂ ਅੱਖਾਂ ਵਾਲੀ ਕੁੜੀ ਡਰੀ-ਡਰੀ ਜਿਹੀ ਉਸ ਵੱਲ ਤੱਕ ਰਹੀ ਸੀ।

ਤਸਵੀਰ ਵੱਲ ਵੇਖਦਿਆਂ ਹੀ ਰਾਜੀ ਦੇ ਅੰਦਰੋਂ ਕੁਝ ਬੋਲ ਉਠਿਆ, ਮੈਂ ਵੀ ਕਿੰਨਾ ਡਰ ਗਈ ਸਾਂ, ਪਾਲ ਵੱਲ ਵੇਖ ਕੇ, ਜਦ ਇੱਕ ਸਵੇਰ ਚਮਚ ਨਾਲ ਚਾਹ ਦਾ ਘੁੱਟ ਉਸ ਦੇ ਮੂੰਹ ਵਿਚ ਪਾਉਣ ਲੱਗੀ ਤਾਂ ਉਸ ਪੁੱਛਿਆ ਸੀ, "ਕਿੱਥੇ ਹੈਂ, ਤੂੰ ਰਾਜੀ?"

"ਆਹ ਵੇਖਾਂ, ਮੈਂ ਤਾਂ ਤੇਰੇ ਸਾਹਮਣੇ ਆਂ।"

ਪਰ ਰਾਜੀ ਉਸ ਦੇ ਸਾਹਮਣੇ ਖੜ੍ਹੀ ਵੀ ਉਸ ਨੂੰ ਹੁਣ ਨਹੀਂ ਸੀ ਦਿਸਦੀ। ਪਾਲ ਦੀਆਂ ਖੁੱਲ੍ਹੀਆਂ ਅੱਖਾਂ ਵਿਚ ਕੋਈ ਹਰਕਤ ਨਹੀਂ ਸੀ, ਕੋਈ ਜੋਤ ਨਹੀਂ ਸੀ। ਰਾਜੀ ਨੇ ਉਸ ਦਾ ਹੱਥ ਫੜ ਕੇ ਆਪਣੇ ਚਿਹਰੇ ਨਾਲ ਛੁਹਾਇਆ, ਤਾਂ ਉਸ ਦੀਆਂ ਉਂਗਲਾਂ ਦੇ ਪੋਟੇ ਢੇਰ ਚਿਰ ਤਕ ਰਾਜੀ ਦੇ ਮੂੰਹ ਵੱਲ ਤੱਕਦੇ ਰਹੇ। ਅਗਲੇ ਦਿਨ ਪਾਲ ਦੀਆਂ ਉਂਗਲਾਂ ਦੇ ਪੋਟੇ ਵੀ ਉਸ ਦੀਆਂ ਅੱਖਾਂ ਵਾਂਗ ਹੀ ਨਿਰਜਿੰਦ ਹੋ ਗਏ।

ਕਿੰਨੇ ਘੱਟ ਲੋਕ ਆਏ ਸਨ ਉਨ੍ਹਾਂ ਦੇ ਘਰ। ਸਾਰਾ ਕਾਰ ਵਿਹਾਰ ਦੋਹ ਚੌਂਹ ਦਿਨਾਂ ਵਿਚ ਹੀ ਨਿੱਬੜ ਗਿਆ ਸੀ। ਉਸ ਦੇ ਤੁਰ ਜਾਣ ਪਿੱਛੋਂ ਨੌਕਰੀ ਕਰਨੀ ਵੀ ਕਿੰਨੀ ਔਖੀ ਹੋ ਗਈ ਸੀ। ਜਿੱਥੇ ਵੀ ਜਾਂਦੀ, ਕੁਝ ਚਿਰ ਪਿੱਛੋਂ ਉਥੇ ਘੁਸਰ-ਮੁਸਰ ਹੋਣ ਲੱਗ ਪੈਂਦੀ। ਕਈ ਪੰਜਾਬੀ ਔਰਤਾਂ ਤਾਂ ਤੁਰੀ ਆਉਂਦੀ ਨੂੰ ਵੇਖ ਕੇ ਹੀ ਲਾਂਭੇ ਹੋ ਜਾਂਦੀਆਂ ਜਿਵੇਂ ਉਸ ਦੇ ਪਰਛਾਵੇਂ ਤੋਂ ਹੀ ਉਨ੍ਹਾਂ ਨੂੰ ਏਡਜ਼ ਹੋ ਜਾਵੇਗੀ, ਤੇ ਕਈ ਆਪਣੇ ਸਵਾਲਾਂ ਦੇ ਤੀਲਿਆਂ ਨਾਲ ਉਸ ਦੀ ਹਿੱਕ ਦੇ ਜ਼ਖਮਾਂ ਨੂੰ ਖੁਰਚ-ਖੁਰਚ ਕੇ ਛਿੱਲੜੇ ਲਾਹ ਦਿੰਦੀਆਂ। ਕਿੰਨੀ ਥਾਈਂ ਕੰਮ ਬਦਲਨਾ ਪਿਆ ਸੀ ਰਾਜੀ ਨੂੰ। ਕੰਪਿਊਟਰਾਂ ਦੇ ਪੁਰਜ਼ੇ ਬਣਾਉਣ ਵਾਲੀ ਫੈਕਟਰੀ, ਬੱਚਿਆਂ ਦੇ ਖਿਡੌਣੇ ਪੈਕ ਕਰਨ ਵਾਲੀ ਥਾਂ, ਤੇ ਹੋਰ ਕਿੰਨੇ ਹੀ ਸਟੋਰ, ਤੇ ਅਖੀਰ ਵਿਚ ਇਹ ਹਸਪਤਾਲ।

ਬੀਤਿਆ ਵੇਲਾ ਪਤਾ ਨਹੀਂ ਕਿਉਂ ਉਸ ਦੇ ਨਾਲ ਚੰਬੜ ਕੇ ਬੈਠ ਗਿਆ ਸੀ, ਜਾਂ ਰਾਜੀ ਹੀ ਪਿਛਾਂਹ ਪਰਤ ਕੇ ਬੀਤੇ ਨੂੰ ਫੜ੍ਹ ਬੈਠੀ ਸੀ। ਉਸ ਦੀ ਸੋਚ ਫੇਰ ਕੰਬ ਉਠੀ, "ਕਿੰਨਾ ਹਨੇਰਾ ਪਸਰਨ ਲੱਗ ਪਿਆ ਸੀ ਮੇਰੇ ਅੰਦਰ, ਹਨੇਰਾ ਮੇਰੀਆਂ ਬਰੂਹਾਂ ਦੀਆਂ ਝੀਤਾਂ ਥਾਣੀ ਸਰਕਦਾ ਮੇਰੇ ਵਿਹੜੇ ਵਿਚ ਸਮਾ ਗਿਆ ਸੀ, ਹਨੇਰਾ ਮੇਰੇ ਕੱਪੜਿਆਂ ਤੇ ਮੇਰੇ ਜਿਸਮ ਵਿਚ ਸਮਾ ਗਿਆ। ਮੈਂ ਚਾਨਣ ਦੀ ਕੰਨੀ ਖਿੱਚ-ਖਿੱਚ ਹਾਰ ਗਈ ਸਾਂ। ਰਾਤ ਮੁੱਕ ਜਾਇਆ ਕਰਦੀ ਪਰ ਕਦੇ ਦਿਨ ਨਹੀਂ ਸੀ ਚੜ੍ਹਦਾ, ਦਿਲ 'ਤੇ ਪਈਆਂ ਰਾਤਾਂ ਦੀ ਸ਼ਾਇਦ ਕੋਈ ਸਵੇਰ ਨਹੀਂ ਹੁੰਦੀ।

ਪਰ ਇੱਕ ਚਿੱਪਰ ਜਿਹੀ ਚਾਨਣ ਦੀ ਮੈਂ ਹਨੇਰਿਆਂ ਤੋਂ ਲੁਕੋ ਲਈ ਸੀ, ਆਪਣੇ ਜ਼ਿਹਨ ਦੀ ਅੰਦਰਲੀ ਡੂੰਘੀ ਗੁਫਾ ਵਿਚ। ਰਾਜੀ ਦੀਆਂ ਸੋਚਾਂ ਦੀ ਲੜੀ ਟੁੱਟੀ, ਬੈਂਜੇਮਿਨ ਆਖ ਰਿਹਾ ਸੀ, "ਕਿੱਥੇ ਚਲੀ ਗਈ ਏਂ ਤੂੰ ਰਾਜੀ, ਏਨਾ ਕੰਬਦੀ ਕਿਉਂ ਪਈ ਏਂ?"

ਰਾਜੀ ਅਜੇ ਵੀ ਉਸ ਕੁੜੀ ਦੀ ਤਸਵੀਰ ਵੱਲ ਵੇਖ ਰਹੀ ਸੀ, ਨਹੀਂ, ਉਹ ਤਾਂ ਸ਼ਾਇਦ ਆਪਣੇ ਆਪ ਵੱਲ ਹੀ ਵੇਖ ਰਹੀ ਸੀ।

"ਮੈਂ ਕੱਲ ਫੇਰ ਆਵਾਂਗੀ ਬੈਂਜੇਮਿਨ!" ਆਖ ਕੇ ਰਾਜੀ ਉਥੋਂ ਤੁਰ ਆਈ ਪਰ ਸੋਚਾਂ ਦਾ ਪਰਾਗਾ ਭਰ ਕੇ ਆਪਣੇ ਨਾਲ ਹੀ ਲੈ ਆਈ ਸੀ।

ਅਗਲੇ ਦਿਨ ਰਾਜੀ ਦੇ ਪਹੁੰਚਣ ਤੋਂ ਪਹਿਲਾਂ ਹੀ ਬੈਂਜੇਮਿਨ ਇੱਕ ਅਧੂਰੀ ਕਹਾਣੀ ਦੇ ਪਾਤਰ ਵਾਂਗ ਤੁਰ ਗਿਆ ਸੀ, ਤੇ ਰਾਜੀ ਇੱਕ ਵਾਰ ਫੇਰ ਹਨੇਰੇ ਨੂੰ ਟਟੋਲਦੀ ਘਰ ਨੂੰ ਮੁੜ ਆਈ। ਕਮਰੇ ਵਿਚ ਤਾਸ਼ਾ ਦੀ ਨਿੱਕੀ ਹੁੰਦੀ ਦੀ ਤਸਵੀਰ 'ਤੇ ਨਜ਼ਰ ਪੈਂਦਿਆਂ ਹੀ ਰਾਜੀ ਦੀ ਰੂਹ ਬੋਲ ਉਠੀ, "ਤੂੰ ਹੀ ਮੇਰੀ ਉਹ ਚਾਨਣ ਦੀ ਚਿੱਪਰ ਏਂ ਤਾਸ਼ਾ ਜੋ ਮੈਂ ਹਨੇਰਿਆਂ ਤੋਂ ਲੁਕੋ ਲਈ ਸੀ। ਜਦ ਫਿਕਰਾਂ ਤੇ ਉਦਾਸੀ ਭਰਿਆ ਸਿਰ ਮੈਂ ਤੇਰੇ ਨਿੱਕੇ ਜਿਹੇ ਮੋਢੇ 'ਤੇ ਰੱਖ ਲੈਂਦੀ ਤਾਂ ਮੈਨੂੰ ਰੱਬ ਵਰਗਾ ਆਸਰਾ ਮਿਲਦਾ, ਤੇਰੀਆਂ ਨਿੱਕੀਆਂ-ਨਿੱਕੀਆਂ ਗੱਲਾਂ ਜੁਗਨੂੰਆਂ ਵਾਂਗ ਜਗਦੀਆਂ ਮੇਰੇ ਅੰਦਰ ਪੱਸਰੇ ਹਨੇਰੇ ਨੂੰ ਰੁਸ਼ਨਾ ਦਿੰਦੀਆਂ, ਇਹ ਨਿੱਕੇ-ਨਿੱਕੇ ਜੁਗਨੂੰਆਂ ਦੀ ਰੌਸ਼ਨੀ ਮੇਰਾ ਸੂਰਜ ਬਣਦੀ ਗਈ, ਤੇ ਮੇਰੀ ਰੂਹ ਰੁਸ਼ਨਾਉਂਦੀ ਗਈ।"

ਰਾਜੀ ਨੂੰ ਜਾਪਿਆ ਤਾਸ਼ਾ ਤਸਵੀਰ ਵਿਚੋਂ ਉਠ ਕੇ ਉਸ ਦੀ ਬੁੱਕਲ ਵਿਚ ਆ ਬੈਠੀ ਸੀ ਤੇ ਨਿੱਕੇ-ਨਿੱਕੇ ਜੁਗਨੂੰਆਂ ਦੀ ਰੌਸ਼ਨੀ ਉਸ ਦੇ ਅੰਦਰ ਫੈਲ ਰਹੇ ਹਨੇਰੇ ਨੂੰ ਫਿਰ ਤੋਂ ਰੁਸ਼ਨਾਉਣ ਲੱਗ ਪਈ।

# ਪੰਜਾਬੀ ਜੁੱਸਿਆਂ ਨੂੰ ਖਾ ਗਈਆਂ ਬਿਮਾਰੀਆਂ



*ਵਲੈਤ ਵੱਸਦੇ ਪਾਕਿਸਤਾਨੀ ਮੂਲ ਦੇ ਲਿਖਾਰੀ ਗੁਲਾਮ ਮੁਸਤਫਾ ਡੋਗਰ ਨੇ 21ਵੀਂ ਸਦੀ ਵਿਚ ਰਹਿ ਰਹੇ ਪੰਜਾਬੀਆਂ ਬਾਰੇ ਕੁਝ ਫਿਕਰ ਸਾਂਝੇ ਕੀਤੇ ਹਨ। ਆਧੁਨਿਕਤਾ ਦੇ ਇਸ ਦੌਰ ਵਿਚ ਅਸੀਂ ਉਹ ਸਾਰਾ ਕੁਝ ਗੁਆ ਰਹੇ ਹਾਂ ਜਿਹੜਾ ਪਹਿਲਾਂ ਸਾਡੇ ਜੀਵਨ ਦੀ ਬੁਨਿਆਦ ਹੁੰਦਾ ਸੀ। ਹੁਣ ਜਦੋਂ ਬੁਨਿਆਦਾਂ ਹੀ ਬੋਦੀਆਂ ਹੋ ਗਈਆਂ ਹਨ ਤਾਂ ਇਸ ਦਾ ਅਸਰ ਅਗਲੀਆਂ ਪੀੜ੍ਹੀਆਂ ਉਤੇ ਦਿਸਣਾ ਅਰੰਭ ਹੋ ਗਿਆ ਹੈ। ਜਨਾਬ ਡੋਗਰ ਨੇ ਆਪਣੇ ਇਸ ਲੇਖ ਵਿਚ ਪੰਜਾਬੀਆਂ ਨੂੰ ਆਪਣੇ ਵਿਰਸੇ ਬਾਰੇ ਚੇਤਾ ਕਰਵਾਉਂਦਿਆਂ ਪਿਛਾਂਹ ਝਾਤੀ ਮਾਰਨ ਦਾ ਹੋਕਾ ਦਿੱਤਾ ਹੈ ਤਾਂ ਕਿ ਲੀਹੋਂ ਲਹਿ ਰਹੇ ਜੀਵਨ ਨੂੰ ਮੁੜ ਲੀਹ ਉਤੇ ਪਾ ਕੇ ਜੀਵਨ ਵਿਚ ਖੁਸ਼ਹਾਲੀ ਦੇ ਰਾਹ ਮੋਕਲੇ ਕੀਤੇ ਜਾ ਸਕਣ। -ਸੰਪਾਦਕ*

ਆਪਣੀ ਸਿਹਤ ਆਪਣੇ ਹੱਥ ਹੈ। ਚੰਗੀ ਅਤੇ ਅਰੋਗ ਸਿਹਤ ਖ਼ੁਸ਼ਹਾਲ ਜੀਵਨ ਦੀ ਨਿਸ਼ਾਨੀ ਹੈ। ਗੱਲ ਸ਼ੁਰੂ ਕਰਦੇ ਹਾਂ ਟੌਫੀ ਸਿੰਘ ਤੋਂ: ਮੇਰੇ ਦੋਸਤ ਨੇ ਗੱਲ ਸੁਣਾਈ ਸੀ ਕਿ ਉਨ੍ਹਾਂ ਨਾਲ ਕੋਈ ਨਵਾਂ ਮੁੰਡਾ ਨੌਕਰੀ 'ਤੇ ਲੱਗਾ ਜਿਸ ਨੂੰ ਸਾਰੇ ਟੌਫੀ ਸਿੰਘ ਕਹਿ ਕੇ ਬੁਲਾਉਂਦੇ ਸਨ। 20-22 ਸਾਲ ਦੇ ਇਸ ਮਾੜਕੂ ਜਿਹੇ ਮੁੰਡੇ ਦੀ ਬਿਮਾਰਾਂ ਵਾਲੀ ਹਾਲਤ ਸੀ। ਕੰਮ ਕਰਦੇ ਸਮੇਂ ਹਮੇਸ਼ਾ ਕਹਿੰਦਾ ਕਿ ਮੈਨੂੰ ਚੁੱਕ ਪੈ ਗਈ ਹੈ, ਮੇਰੀ ਡਿਸਕ ਹਿੱਲੀ ਹੈ। ਲੱਗਦਾ ਇੰਜ ਸੀ ਕਿ ਇਹ ਮੁੰਡਾ ਬਚਪਨ ਤੋਂ ਸਿੱਧਾ ਬੁਢਾਪੇ ਵਿਚ ਚਲਾ ਗਿਆ ਹੋਵੇ, ਜਵਾਨੀ ਉਸ 'ਤੇ ਆਈ ਹੀ ਨਾ ਹੋਵੇ। ਫਿਰ ਪਤਾ ਲੱਗਾ ਕਿ ਇਸ ਦਾ ਨਾਂ ਟੌਫੀ

**ਗੁਲਾਮ ਮੁਸਤਫਾ ਡੋਗਰ**
ਫੋਨ: +44-787-813-2209
ਅਨੁਵਾਦ: ਗੁਰਨਾਮ ਸਿੰਘ ਚੀਮਾ

ਸਿੰਘ ਇਸੇ ਕਰ ਕੇ ਰੱਖਿਆ ਹੈ ਕਿ ਚੰਗੀਆਂ ਖ਼ੁਰਾਕਾਂ ਤਾਂ ਖਾਧੀਆਂ ਨਾ, ਟੌਫੀਆਂ ਖਾ-ਖਾ ਕੇ ਪਲੇ ਹਨ ਇਹ ਅੱਜ ਦੇ ਜਵਾਨ। ਸਾਰੀ ਦੁਨੀਆਂ ਜਾਣਦੀ ਹੈ ਕਿ ਪੰਜਾਬੀ ਸਿਹਤਮੰਦ ਹੁੰਦੇ ਹਨ, ਪਰ ਅੱਜ ਦੀ ਖ਼ੁਰਾਕ ਤੇ ਰਹਿਣ-ਸਹਿਣ ਪੰਜਾਬੀਆਂ ਨੂੰ ਕਮਜ਼ੋਰ ਬਣਾ ਰਹੇ ਹਨ।

ਅਸੀਂ ਵੇਖਿਆ ਹੈ ਕਿ ਬੇਕਰੀ ਦੀਆਂ ਜਿੰਨੀਆਂ ਚੀਜ਼ਾਂ ਨੇ, ਉਨ੍ਹਾਂ ਵਿਚ ਚੀਨੀ ਦੀ ਵਰਤੋਂ ਹੁੰਦੀ ਹੈ। ਬੱਚਿਆਂ ਨੂੰ ਸਕੂਲ ਜਾਂਦੇ ਸਮੇਂ ਅਸੀਂ ਅਕਸਰ ਉਨ੍ਹਾਂ ਨੂੰ ਜੋ ਪੈਸੇ ਦਿੰਦੇ ਹਾਂ। ਉਹ ਟੌਫੀਆਂ ਵਗੈਰਾ ਖਾਂਦੇ ਹਨ ਜਿਨ੍ਹਾਂ ਵਿਚ ਸ਼ੂਗਰ ਬਹੁਤ ਜ਼ਿਆਦਾ ਹੁੰਦੀ ਹੈ। ਅੱਜ ਕੱਲ੍ਹ ਛੋਟੇ ਬੱਚਿਆਂ ਨੂੰ ਵੀ ਸ਼ੂਗਰ ਹੁੰਦੀ ਹੈ, ਨਾਲ ਉਨ੍ਹਾਂ ਦੇ ਦੰਦ ਵੀ ਖਰਾਬ ਹੁੰਦੇ ਹਨ। ਬੱਚਿਆਂ ਨੂੰ ਫਰੂਟ ਵਗੈਰਾ ਖਾਣਾ ਚਾਹੀਦਾ ਹੈ, ਪਰ ਉਹ ਟੌਫੀਆਂ ਵਗੈਰਾ ਹੀ ਖਾਂਦੇ ਹਨ। ਮਿੱਠਾ ਪਹਿਲਾਂ ਵੀ ਲੋਕ ਬਥੇਰਾ ਖਾਂਦੇ ਸਨ, ਪਰ ਪਹਿਲਾਂ ਲੋਕ ਗੁੜ-ਸ਼ੱਕਰ ਖਾਂਦੇ ਸਨ। ਪੰਜਾਬੀ ਦੀ ਕਹਾਵਤ ਹੈ: ਖਾਣਾ ਮਉਰਾ ਤੇ ਸੌਣਾ ਧੁੱਪੇ; ਜਾਨੀ ਜ਼ਿਆਦਾ ਖਾ ਕੇ ਵਿਹਲੇ ਰਹਿਣਾ ਬਿਮਾਰੀਆਂ ਨੂੰ ਸੱਦਾ ਦੇਣ ਵਾਲੀ ਗੱਲ ਹੈ। ਵਿਆਹ-ਸ਼ਾਦੀ ਵਿਚ ਲੋਕ ਦੱਬ ਕੇ ਖਾਂਦੇ ਹਨ, ਖਾਂਦੇ ਵੀ ਰਾਤ ਨੂੰ ਜ਼ਿਆਦਾ ਹਨ, ਕੋਈ ਕੰਮ ਵੀ ਨਹੀਂ ਕਰਦੇ, ਹਰ ਕੰਮ ਮਸ਼ੀਨੀ ਹੋ ਗਿਆ ਹੈ।

ਦੋ ਦਹਾਕੇ ਪਹਿਲਾਂ ਜਦੋਂ ਅਸੀਂ ਸਕੂਲ ਵਿਚ ਪੜ੍ਹਦੇ ਸੀ ਤਾਂ ਸਾਰੀ ਛੁੱਟੀ ਤੋਂ ਬਾਅਦ ਅਸੀਂ ਘਰ ਆਣ ਕੇ ਘਰ ਦਾ ਕੰਮਕਾਜ ਕਰਵਾਉਂਦੇ ਸਾਂ। ਅਸੀਂ ਪੇਂਡੂ ਕਿਸਾਨ ਸਾਂ, ਇਸ ਲਈ ਸਾਡੇ ਮੁੱਖ ਕੰਮ ਹੁੰਦੇ ਸਨ: ਪਸ਼ੂਆਂ ਨੂੰ ਚਰਾਂਦਾਂ ਵਿਚ ਚਾਰਨ ਜਾਣਾ, ਪੱਠੇ ਵੱਢਣੇ, ਹੱਥੇ ਵਾਲੇ ਟੋਕੇ ਨਾਲ ਪੱਠੇ ਕੁਤਰਨੇ, ਵਿਹਲੇ ਹੋਣ 'ਤੇ ਖੇਡਾਂ ਵੀ ਖੇਡਦੇ ਸਾਂ; ਜਿਵੇਂ ਕਬੱਡੀ, ਰੱਸਾਕਸ਼ੀ, ਗੁੱਲੀ ਡੰਡਾ, ਫੁੱਟਬਾਲ, ਲੁਕਣਮੀਚੀ, ਖੋ-ਖੋ ਆਦਿ। ਜਿੰਮ ਨਾਲੋਂ ਕਿਤੇ ਜ਼ਿਆਦਾ ਵਰਜਿਸ਼ ਹੋ ਜਾਂਦੀ ਸੀ, ਪਰ ਖਾਣਾ-ਪੀਣਾ ਵੀ ਬਹੁਤ ਚੰਗਾ ਹੁੰਦਾ ਸੀ। ਮੱਝਾਂ ਦੀਆਂ ਧਾਰਾਂ ਚੋਣ ਵੇਲੇ ਧਾਰਾਂ ਲੈਣੀਆਂ; ਮਤਲਬ, ਕੱਚਾ ਦੁੱਧ ਪੀਣਾ, ਦਹੀਂ-ਲੱਸੀ ਨਾਲ ਰੋਟੀ ਖਾਣੀ। ਘਰ ਦੀ ਉਗਾਈ ਸਬਜ਼ੀ ਹੁੰਦੀ ਸੀ। ਰਾਤ ਨੂੰ ਸੌਣ ਵੇਲੇ ਗੁੜ ਨਾਲ ਦੁੱਧ ਪੀਣਾ, ਸਵੇਰ ਨੂੰ ਲੱਸੀ ਪੀਣੀ, ਗੰਨੇ ਚੂਪਣੇ, ਨਾ ਫੋਨ, ਨਾ ਟੀ. ਵੀ., ਨਾ ਟੈਨਸ਼ਨ, ਅੱਜ ਚਾਹ ਦਾ ਯੁੱਗ ਆ ਗਿਆ ਹੈ। ਫੋਨ ਸਿਰਹਾਣੇ ਹੇਠ ਰੱਖ ਕੇ ਸੌਂਦੇ ਹਾਂ, ਬਲੱਡ ਪ੍ਰੈਸ਼ਰ ਸਦਾ ਹਾਈ ਰੱਖਦੇ ਹਾਂ, ਕਿਡਨੀਆਂ ਫੇਲ੍ਹ ਹੋ ਜਾਂਦੀਆਂ ਹਨ। ਸਾਡੇ ਵੇਲੇ ਹਾਈ ਸਕੂਲ ਦੂਜੇ ਪਿੰਡ ਤਿੰਨ-ਚਾਰ ਕਿਲੋਮੀਟਰ 'ਤੇ ਹੁੰਦਾ ਸੀ, ਤੁਰ ਕੇ ਸਕੂਲ ਜਾਂਦੇ ਸੀ। ਫਿਰ ਵੱਡੀਆਂ ਜਮਾਤਾਂ ਵਿਚ ਸ਼ਹਿਰ ਅੱਠ-ਦਸ ਕਿਲੋਮੀਟਰ ਸਾਈਕਲ 'ਤੇ ਜਾਂਦੇ ਸੀ। ਅੱਜ ਬੱਚੇ ਸਕੂਲ ਪੜ੍ਹਦੇ ਹਨ, ਸਕੂਲ ਦੀ ਵੈਨ ਘਰ ਦੇ ਸਾਹਮਣੇ ਆ ਖਲੋਂਦੀ ਹੈ। ਬੱਚੇ ਨੂੰ ਚੁੱਕ ਕੇ ਵੈਨ ਵਿਚ ਬਿਠਾਇਆ ਜਾਂਦਾ ਹੈ। ਇਹ ਮੈਨੂੰ ਸਕੂਲ ਵੈਨ ਘੱਟ, ਐਂਬੂਲੈਂਸ ਜ਼ਿਆਦਾ ਲੱਗਦੀ ਹੈ। ਉਸ ਬੱਚੇ ਦਾ ਸਰੀਰਕ ਵਿਕਾਸ ਕੀ ਹੋਵੇਗਾ ਜਿਸ ਨੂੰ ਵਿਕਾਸ, ਜਾਨੀ ਵਰਜਿਸ਼ ਦਾ ਮੌਕਾ ਹੀ ਨਹੀਂ ਦਿੱਤਾ ਜਾਂਦਾ। ਇਉਂ ਖਾ ਕੇ ਵਿਹਲੇ ਰਹਿਣ ਨਾਲ ਖ਼ੁਰਾਕ ਹਜ਼ਮ ਨਹੀਂ ਹੁੰਦੀ ਤੇ ਬੰਦੇ ਨੂੰ ਸ਼ੂਗਰ ਅਤੇ ਹੋਰ ਬਿਮਾਰੀਆਂ ਹੋ ਜਾਂਦੀਆਂ ਹਨ।

ਮਨੁੱਖ ਜਿਸ ਧਰਤੀ, ਮਤਲਬ ਜਿਸ ਇਲਾਕੇ ਵਿਚ ਰਹਿ ਰਿਹਾ ਹੋਵੇ, ਉਸ ਇਲਾਕੇ ਵਿਚ ਪੈਦਾ ਹੋਈ ਫ਼ਸਲ (ਬਨਸਪਤੀ) ਅਤੇ ਫਲ ਹੀ ਉਸ ਦੇ ਖਾਣ ਯੋਗ ਹੁੰਦੇ ਹਨ। ਫਲ ਫਰੂਟ ਜਿਸ ਤਰ੍ਹਾਂ ਪੈਦਾ ਹੁੰਦਾ ਹੈ, ਉਸੇ ਤਰ੍ਹਾਂ ਹੀ ਖਾਣਾ ਚਾਹੀਦਾ ਹੈ। ਅਸੀਂ ਫਲਾਂ ਦਾ ਜੂਸ ਕੱਢਣ ਦਾ ਤਰੀਕਾ ਅਪਣਾ ਲਿਆ ਹੈ ਜੋ ਸਹੀ ਨਹੀਂ ਹੈ। ਇਹ ਫਲ ਤਾਂ ਕੁਦਰਤ ਦੀ ਮਹਾਨ ਦੇਣ ਹੈ। ਚਾਹ-ਪੱਤੀ ਠੰਢੇ ਇਲਾਕੇ ਜਿਵੇਂ ਦਾਰਜੀਲਿੰਗ ਤੇ ਆਸਾਮ ਵਗੈਰਾ ਵਿਚ ਪੈਦਾ ਹੁੰਦੀ ਹੈ, ਇਸ ਲਈ ਉਹ ਠੰਢ ਵਿਚ ਰਹਿਣ ਵਾਲੇ ਲੋਕਾਂ ਵਾਸਤੇ ਹੀ ਫਾਇਦੇਮੰਦ ਹੈ। ਪੰਜਾਬ ਦੇ ਲੋਕ ਗਰਮ ਮੌਸਮ ਵਿਚ ਰਹਿ ਕੇ ਇਸ ਦਾ ਇਸਤੇਮਾਲ ਕਰਦੇ ਹਨ, ਇਸੇ ਕਰ ਕੇ ਬਲੱਡ ਪ੍ਰੈਸ਼ਰ ਵਧਣ ਵਰਗੀਆਂ ਬਿਮਾਰੀਆਂ ਲੱਗਦੀਆਂ ਹਨ।

ਰੇਗਿਸਤਾਨ ਵਿਚ ਪਾਣੀ ਦੀ ਬਹੁਤ ਕਮੀ ਹੁੰਦੀ ਹੈ। ਸਥਾਨਕ ਲੋਕਾਂ ਨੂੰ ਪੀਣ ਲਈ ਪਾਣੀ ਨਹੀਂ ਮਿਲਦਾ। ਕੁਦਰਤ ਨੇ ਰੇਗਿਸਤਾਨ ਵਿਚ ਅਜਿਹੀ ਝਾੜੀ ਪੈਦਾ ਕੀਤੀ ਹੈ ਜਿਸ ਦੀ ਜੜ੍ਹ ਪਿਆਲੇ ਵਾਂਗ ਹੁੰਦੀ ਹੈ। ਜੜ੍ਹ ਖੋਦ ਕੇ ਪਿਆਲੇ ਨੂੰ ਕੱਢਿਆ ਜਾਵੇ ਤਾਂ ਇਹ ਪਾਣੀ ਨਾਲ ਭਰਿਆ ਹੁੰਦਾ ਹੈ ਜਿਸ ਨੂੰ ਮਨੁੱਖ ਆਪਣੀ ਪਿਆਸ ਬੁਝਾਉਣ ਲਈ ਪੀ ਸਕਦਾ ਹੈ। ਕੁਦਰਤ ਵੱਲੋਂ ਜੋ ਵੀ ਮਨੁੱਖ ਦੇ ਖਾਣ ਵਾਸਤੇ ਪੈਦਾ ਕੀਤਾ ਹੁੰਦਾ ਹੈ, ਉਸ ਨੂੰ ਸਾਦਾ ਹੀ ਖਾਣਾ ਚੰਗਾ ਹੁੰਦਾ ਹੈ। ਅਨਾਜ ਨੂੰ ਤਲਣ ਜਾਂ ਪੀਸ-ਪੀਸ ਕੇ ਉਸ ਦੇ ਗੁਣ ਜ਼ਾਇਆ ਹੋ ਜਾਂਦੇ ਹਨ। ਘਰਾਂ ਵਿਚ ਬੀਬੀਆਂ ਆਟੇ 'ਚੋਂ ਛਾਣ ਕੱਢ ਦਿੰਦੀਆਂ ਹਨ ਜੋ ਬਹੁਤ ਗੁਣਕਾਰੀ ਹੁੰਦਾ ਹੈ।

ਇੰਗਲੈਂਡ ਦੇ ਇਕ ਅਖ਼ਬਾਰ ਵਿਚ ਆਰਟੀਕਲ ਛਪਿਆ ਸੀ; ਲਿਖਿਆ ਸੀ- ਸੌ ਸਾਲ ਪਹਿਲਾਂ ਸਾਡੀ ਇਸ ਅਖ਼ਬਾਰ ਵਿਚ ਲੇਖ ਛਪਿਆ ਸੀ ਜਿਸ ਵਿਚ ਉਨ੍ਹਾਂ ਖ਼ਬਰਦਾਰ ਕੀਤਾ ਸੀ ਕਿ ਛਾਣ ਨੂੰ ਆਟੇ ਵਿਚੋਂ ਕੱਢਣ ਦੀ ਵਜ੍ਹਾ ਨਾਲ ਅੰਗਰੇਜ਼ਾਂ ਦੇ ਕੱਦ ਛੋਟੇ ਹੋ ਜਾਣਗੇ, ਹੁਣ ਉਨ੍ਹਾਂ ਦੀ ਗੱਲ ਸਹੀ ਸਾਬਤ ਹੋਈ ਹੈ। ਅੰਗਰੇਜ਼ਾਂ ਦੇ ਕੱਦ ਪਹਿਲਾਂ ਨਾਲੋਂ ਬਹੁਤ ਘਟ ਗਏ ਹਨ। ਇਸ ਦਾ ਮਤਲਬ ਹੈ ਕਿ ਆਟੇ ਵਿਚ ਛਾਣ ਬੰਦੇ ਦਾ ਕੱਦ ਲੰਬਾ ਕਰਦਾ ਹੈ। ਪੰਜਾਬ ਵਿਚ ਵੀ ਚਿੱਟਾ ਆਟਾ (ਮੈਦਾ) ਖਾਣ ਨਾਲ ਲੋਕਾਂ ਦੇ ਕੱਦ ਛੋਟੇ ਹੋ ਗਏ ਹਨ।

ਡਾਕਟਰਾਂ ਨੂੰ ਛੱਡ ਕੇ ਆਮ ਲੋਕਾਂ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਮਿੱਠਾ ਜ਼ਿਆਦਾ ਖਾਣ ਨਾਲ ਸ਼ੂਗਰ ਦੀ ਬਿਮਾਰੀ (ਡਾਇਬਟੀਜ਼) ਹੁੰਦੀ ਹੈ। ਦੇਖਿਆ ਜਾਵੇ ਤਾਂ ਪੁਰਾਣੇ ਸਮੇਂ ਵਿਚ ਸਾਡੀ ਖ਼ੁਰਾਕ ਦੇਸੀ ਸੀ: ਮੱਕੀ ਦੀ ਰੋਟੀ, ਬਾਜਰੇ ਦੀ ਰੋਟੀ, ਦੁੱਧ, ਦਹੀਂ, ਲੱਸੀ। ਇਹੋ ਜਿਹੀਆਂ ਚੀਜ਼ਾਂ ਅਸੀਂ ਜੋ ਖਾਂਦੇ ਸਾਂ, ਉਨ੍ਹਾਂ ਨੂੰ ਛੱਡ ਕੇ ਅੱਜ ਕੱਲ੍ਹ ਅਸੀਂ ਕਾਲੇ ਅੰਗਰੇਜ਼ ਬਣ ਚੁੱਕੇ ਹਾਂ। ਹੁਣ ਸਾਡੀ ਖ਼ੁਰਾਕ ਬਦਲ ਚੁੱਕੀ ਹੈ। ਪਾਸਤਾ, ਸੌਸ, ਕੈਚਅੱਪ, ਸੂਪ ਅਤੇ ਫਿਜ਼ੀ ਡਰਿੰਕਸ (ਤੇ ਹੋਰ ਸਾਰੇ ਕੋਲਡ ਡਰਿੰਕਸ)। ਇਨ੍ਹਾਂ ਵਿਚ ਬਹੁਤ ਜ਼ਿਆਦਾ ਚੀਨੀ ਇਸਤੇਮਾਲ ਹੁੰਦੀ ਹੈ। ਅਸੀਂ ਸ਼ਾਹ ਵੇਲੇ (ਨਾਸ਼ਤਾ) ਦੀ ਰੋਟੀ ਵੇਲੇ ਡੱਬਾ ਬੰਦ ਖਾਣਾ ਖਾਂਦੇ ਹਾਂ। ਅਨਰਜ਼ੀ ਡਰਿੰਕਸ, ਸਪੋਰਟਸ ਡਰਿੰਕਸ, ਆਈਸ ਕਰੀਮ, ਬਿਸਕੁਟ ਤੇ ਚਾਕਲੇਟ ਆਦਿ ਵਿਚ ਵੀ ਚੀਨੀ ਇਸਤੇਮਾਲ ਕੀਤੀ ਜਾਂਦੀ ਹੈ। ਵੱਡੇ-ਵੱਡੇ ਕਾਰੋਬਾਰੀ ਸ਼ੂਗਰ ਮਿੱਲਾਂ ਦੇ ਮਾਲਕ ਹਕੂਮਤਾਂ ਨਾਲ ਮਿਲ ਕੇ, ਬਲਕਿ ਆਪ ਵੀ ਹਕੂਮਤਾਂ ਵਿਚ ਆ ਜਾਂਦੇ ਹਨ। ਚੀਨੀ ਤੋਂ ਹੋਣ ਵਾਲੀਆਂ ਬਿਮਾਰੀਆਂ ਕਰ ਕੇ ਚੀਨੀ 'ਤੇ ਰੋਕ ਲਗਾਉਣ ਦਾ ਕੋਈ ਵੀ ਸਰਕਾਰੀ ਕੰਮ ਨਹੀਂ ਹੋਣ ਦਿੰਦੇ ਜਿਨ੍ਹਾਂ ਕਰ ਕੇ ਉਨ੍ਹਾਂ ਦੀਆਂ ਮਿੱਲਾਂ ਦੀ ਪੈਦਾਵਾਰ ਨਾ ਵਿਕ ਸਕੇ। ਮੈਂ ਛੋਟੀ ਜਿਹੀ ਮਿਸਾਲ ਦਿੰਦਾ ਹਾਂ: ਤਿੰਨ-ਚਾਰ ਸਾਲ ਪਹਿਲਾਂ ਦੀ ਗੱਲ ਹੈ, ਇੰਗਲੈਂਡ ਦੇ ਇਕ ਅਖ਼ਬਾਰ ਵਿਚ ਖ਼ਬਰ ਛਪੀ ਕਿ ਇਕ ਚਮਚ ਚੀਨੀ ਰੋਜ਼ ਬੰਦੇ ਦੀ ਸਿਹਤ ਵਾਸਤੇ ਬਹੁਤ ਚੰਗੀ ਹੁੰਦੀ ਹੈ। ਜਦੋਂ ਲੋਕਾਂ ਨੇ ਇਸ ਖ਼ਬਰ ਦਾ ਸੱਚ ਪਤਾ ਕੀਤਾ ਤਾਂ ਪਤਾ ਇਹ ਲੱਗਾ ਕਿ ਇਹ ਖ਼ਬਰ ਪੈਸੇ ਦੇ ਕੇ ਛਪਵਾਈ ਗਈ ਸੀ। ਇਹ ਖ਼ਬਰ ਸ਼ੂਗਰ ਮਿੱਲ ਐਸੋਸੀਏਸ਼ਨ ਨੇ ਛਪਵਾਈ ਸੀ। ਹੁਣ ਤੁਸੀਂ ਇਥੋਂ ਹਿਸਾਬ ਲਗਾਓ ਕਿ ਮਿੱਲਾਂ ਵਾਲੇ ਕੀ-ਕੀ ਕਰਦੇ ਨੇ ਜਾਂ ਕਰ ਸਕਦੇ ਨੇ!

*ਪਹਿਲਾਂ ਔਰਤਾਂ ਚੱਕੀ ਪੀਂਹਦੀਆਂ, ਦੁੱਧ ਰਿੜਕਦੀਆਂ, ਦਾਣੇ ਛੱਟਦੀਆਂ ਅਤੇ ਖੂਹ ਤੋਂ ਪਾਣੀ ਢੋਂਹਦੀਆਂ ਸਨ। ਅੱਜ ਕੱਲ੍ਹ ਘਰ ਦਾ ਕੰਮ ਨਹੀਂ ਕਰਦੀਆਂ। ਘਰ ਵਿਚ ਔਰਤਾਂ ਨੂੰ ਵਿਹਲੇ ਰਹਿਣ ਨਾਲ ਵੀ ਸ਼ੂਗਰ ਹੁੰਦੀ ਹੈ।... ਦੋ ਦਹਾਕੇ ਪਹਿਲਾਂ ਜਦੋਂ ਅਸੀਂ ਸਕੂਲ ਵਿਚ ਪੜ੍ਹਦੇ ਸੀ ਤਾਂ ਸਾਰੀ ਛੁੱਟੀ ਤੋਂ ਬਾਅਦ ਅਸੀਂ ਘਰ ਆਣ ਕੇ ਘਰ ਦਾ ਕੰਮਕਾਜ ਕਰਵਾਉਂਦੇ ਸਾਂ। ਸਾਡੇ ਮੁੱਖ ਕੰਮ ਹੁੰਦੇ ਸਨ: ਪਸ਼ੂਆਂ ਨੂੰ ਚਰਾਂਦਾਂ ਵਿਚ ਚਾਰਨ ਜਾਣਾ, ਪੱਠੇ ਵੱਢਣੇ, ਹੱਥੇ ਵਾਲੇ ਟੋਕੇ ਨਾਲ ਪੱਠੇ ਕੁਤਰਨੇ, ਵਿਹਲੇ ਹੋਣ 'ਤੇ ਖੇਡਾਂ ਵੀ ਖੇਡਦੇ ਸਾਂ; ਜਿਵੇਂ ਕਬੱਡੀ, ਰੱਸਾਕਸ਼ੀ, ਗੁੱਲੀ ਡੰਡਾ, ਫੁੱਟਬਾਲ, ਲੁਕਣਮੀਚੀ, ਖੋ-ਖੋ ਆਦਿ।*



ਕਈ ਮੁਲਕਾਂ ਵਿਚ ਸ਼ੂਗਰ ਮਿੱਲਾਂ ਵਾਲੇ ਹਕੂਮਤਾਂ ਨਾਲ ਮਿਲ ਕੇ ਕਾਨੂੰਨ ਲਾਗੂ ਕਰਵਾ ਦਿੰਦੇ ਹਨ ਕਿ ਕਿਸਾਨ ਗੁੜ ਜਾਂ ਸ਼ੱਕਰ ਨਹੀਂ ਬਣਾ ਸਕਦੇ। ਉਥੇ ਫਿਰ ਲੋਕਾਂ ਨੂੰ ਚੀਨੀ ਹੀ ਇਸਤੇਮਾਲ ਕਰਨੀ ਪੈਂਦੀ ਹੈ। ਗੁੜ ਬੰਦੇ ਦੀ ਸਿਹਤ ਲਈ ਜ਼ਿਆਦਾ ਫਾਇਦੇਮੰਦ ਹੈ। ਗੁੜ ਵਿਚਲੀ ਬਰਾਊਨ ਚੀਜ਼ ਜੋ ਕਾਲੀ-ਕਾਲੀ ਹੁੰਦੀ ਹੈ, ਉਹ ਐਂਟੀ-ਬਾਇਟਿਕ ਦਾ ਕੰਮ ਕਰਦੀ ਹੈ ਜੋ ਸਿਹਤ ਵਾਸਤੇ ਬਹੁਤ ਜ਼ਰੂਰੀ ਹੁੰਦੀ ਹੈ। ਮਿੱਲਾਂ ਵਾਲੇ ਚੀਨੀ ਨੂੰ ਚਿੱਟੀ ਕਰਨ ਲਈ ਸਾਫ ਕਰ-ਕਰ ਕੇ ਇਸ ਨੂੰ ਬਾਹਰ ਕੱਢ ਦਿੰਦੇ ਹਨ। ਇਹ ਸੀਰਾ ਲੋਕ ਮੱਝਾਂ ਨੂੰ ਪਾਉਂਦੇ ਹਨ ਜੋ ਉਨ੍ਹਾਂ ਲਈ ਫਾਇਦੇਮੰਦ ਹੁੰਦਾ ਹੈ। ਪਿਛਲੇ ਜ਼ਮਾਨੇ ਵਿਚ ਲੋਕ ਸੱਤੂ ਪੀਂਦੇ ਸਨ ਜੋ ਕਲੈਸਟਰੋਲ ਨੂੰ ਘੱਟ ਕਰਦੇ ਸਨ। ਅੱਜ ਕੱਲ੍ਹ ਕੋਈ ਜੌਂਅ ਬੀਜਦਾ ਹੀ ਨਹੀਂ। ਇੰਗਲੈਂਡ ਦੀ ਬਾਥ ਯੂਨੀਵਰਸਿਟੀ ਦੇ ਡਾਕਟਰ ਉਮਰ ਕੈਸਰ ਅਤੇ ਡਾਕਟਰ ਜ਼ੀ. ਮੈਂਨ ਨੇ ਖੋਜ ਕੀਤੀ ਹੈ ਕਿ ਬਹੁਤ ਜ਼ਿਆਦਾ ਚੀਨੀ ਖਾਣ ਨਾਲ ਅਲਜ਼ਾਇਮਰ ਨਾਂ ਦੀ ਬਿਮਾਰੀ ਹੁੰਦੀ ਹੈ ਜੋ ਦਿਮਾਗ਼ 'ਤੇ ਬਹੁਤ ਅਸਰ ਪਾਉਂਦੀ ਹੈ। ਇਸ ਨਾਲ ਇਨਸਾਨ ਦੀ ਯਾਦਾਸ਼ਤ ਕਮਜ਼ੋਰ ਹੋ ਜਾਂਦੀ ਹੈ।

ਅਸੀਂ ਆਪਣੀ ਜ਼ਿੰਦਗੀ ਵਿਚ ਫਰਿੱਜ ਬਹੁਤ ਇਸਤੇਮਾਲ ਕਰ ਰਹੇ ਹਾਂ, ਜਦ ਕਿ ਡਾਕਟਰ ਕਹਿੰਦੇ ਹਨ ਜਿੰਨੀ ਤਾਜ਼ਾ ਸ਼ੈਅ ਖਾਧੀ ਜਾਵੇ, ਉਹ ਠੀਕ ਰਹੇਗੀ। ਚੀਜ਼ ਜ਼ਿਆਦਾ ਚਿਰ ਫਰਿੱਜ ਵਿਚ ਰੱਖਣ ਨਾਲ ਉਸ ਵਿਚ ਜਰਾਸੀਮ ਪੈਦਾ ਹੋ ਜਾਂਦੇ ਹਨ। ਪਹਿਲਾਂ ਔਰਤਾਂ ਚੱਕੀ ਪੀਂਹਦੀਆਂ, ਦੁੱਧ ਰਿੜਕਦੀਆਂ, ਦਾਣੇ ਛੱਟਦੀਆਂ ਅਤੇ ਖੂਹ ਤੋਂ ਪਾਣੀ ਢੋਂਹਦੀਆਂ ਸਨ। ਅੱਜ ਕੱਲ੍ਹ ਘਰ ਦਾ ਕੰਮ ਨਹੀਂ ਕਰਦੀਆਂ। ਘਰ ਵਿਚ ਔਰਤਾਂ ਨੂੰ ਵਿਹਲੇ ਰਹਿਣ ਨਾਲ ਵੀ ਸ਼ੂਗਰ ਹੁੰਦੀ ਹੈ।

ਬੱਚਿਆਂ ਨੂੰ ਚੀਨੀ ਬਾਰੇ ਕੁਝ ਪਤਾ ਨਹੀਂ। ਉਹ ਮਿੱਠੀਆਂ ਚੀਜ਼ਾਂ ਜ਼ਿਆਦਾ ਖਾਂਦੇ ਹਨ। ਸਾਨੂੰ ਆਪ ਬੱਚਿਆਂ ਨੂੰ ਇਹ ਸਭ ਸਮਝਾਉਣਾ ਪਵੇਗਾ ਕਿ ਮਿੱਠੇ ਨਾਲ ਕੀ-ਕੀ ਬਿਮਾਰੀਆਂ ਹੁੰਦੀਆਂ ਹਨ। ਪਹਿਲਾਂ ਪੰਜਾਬ ਵਿਚ ਲੋਕ ਧਰੇਕ, ਨਿੰਮ, ਕਲਵੱਤਰਾ ਅਤੇ ਫਲ੍ਹਾ ਘੋਟ ਕੇ ਪੀਂਦੇ ਸਨ ਜਿਸ ਨਾਲ ਖ਼ੂਨ ਸਾਫ ਹੁੰਦਾ ਸੀ। ਇਸ ਤਰ੍ਹਾਂ ਹੋਰ ਵੀ ਕੌੜੀਆਂ ਚੀਜ਼ਾਂ ਖਾਂਦੇ ਸਨ। ਉਸ ਦੀ ਬਜਾਏ ਅਸੀਂ ਹੁਣ ਸਵੇਰ ਤੋਂ ਸ਼ਾਮ ਤੱਕ ਹਰ ਉਹ ਚੀਜ਼ ਖਾਂਦੇ ਹਾਂ ਜੋ ਮਿੱਠੀ ਹੁੰਦੀ ਹੈ। ਸਾਨੂੰ ਆਪਣੇ ਜੀਵਨ ਦੇ ਤਰੀਕੇ ਨੂੰ ਬਦਲਣਾ ਪਵੇਗਾ, ਘੱਟ ਖਾਧਾ ਜਾਵੇ, ਕਸਰਤ ਵੀ ਕੀਤੀ ਜਾਵੇ। ਬੱਚਿਆਂ ਨੂੰ ਖੇਡਣਾ-ਮੱਲਣਾ ਚਾਹੀਦਾ ਹੈ। ਵਿਹਲੇ ਰਹਿ ਕੇ ਸ਼ੂਗਰ ਵੀ ਹੋਵੇਗੀ ਤੇ ਡੁਮੈਸ਼ੀਆ ਵੀ ਹੋ ਸਕਦਾ ਹੈ। ਇਸ ਲਈ ਕੁਦਰਤ ਨੇ ਜੋ ਚੀਜ਼ਾਂ ਇਨਸਾਨ ਦੇ ਖਾਣ ਵਾਸਤੇ ਪੈਦਾ ਕੀਤੀਆਂ ਹਨ, ਉਹੀ ਇਸਤੇਮਾਲ ਕਰਨੀਆਂ ਚਾਹੀਦੀਆਂ ਹਨ।

ਮੇਰਾ ਦੋਸਤ ਹੈ ਡਾਕਟਰ ਦਿਲਦਾਰ ਹੁੰਦਲ ਜਿਸ ਦਾ ਲਾਹੌਰ ਦੇ ਗੁਲਬਰਗ ਇਲਾਕੇ ਵਿਚ ਦੰਦਾਂ ਦਾ ਕਲੀਨਿਕ ਹੈ। ਮੈਂ ਅਕਸਰ ਉਸ ਕੋਲ ਜਾਂਦਾ ਰਹਿੰਦਾ ਹਾਂ। ਮੈਂ ਦੇਖਿਆ ਹੈ ਕਿ ਉਸ ਕੋਲ 20-22 ਸਾਲ ਦੇ ਨੌਜਵਾਨ ਬੱਚੇ-ਬੱਚੀਆਂ ਬਹੁਤ ਆਉਂਦੇ ਹਨ। ਕਾਰਨ ਪੁੱਛਿਆ ਤਾਂ ਕਹਿਣ ਲੱਗਾ: ਇਨ੍ਹਾਂ ਬੱਚਿਆਂ ਦੀ ਜਦੋਂ ਅਕਲ ਦਾੜ੍ਹ ਨਿਕਲਦੀ ਹੈ ਤਾਂ ਬਹੁਤ ਤਕਲੀਫ ਹੁੰਦੀ ਹੈ। ਕਾਰਨ ਇਹ ਹੈ ਕਿ ਪੰਜਾਬ ਦੇ ਬੱਚੇ ਅੱਜ ਕੱਲ੍ਹ ਗੰਨੇ ਨਹੀਂ ਚੂਪਦੇ, ਭੁੱਜੇ ਦਾਣੇ ਅਤੇ ਰਿਉੜੀਆਂ ਵਗੈਰਾ ਵੀ ਨਹੀਂ ਖਾਂਦੇ ਜਿਸ ਕਾਰਨ ਇਨ੍ਹਾਂ ਦੇ ਜਬਾੜੇ ਛੋਟੇ ਹੋ ਗਏ ਹਨ। ਮੂੰਹ ਵੀ ਛੋਟੇ ਹੋ ਗਏ ਹਨ। ਜਬਾੜੇ ਛੋਟੇ ਹੋਣ ਕਾਰਨ ਮੂੰਹ ਵਿਚ ਜਗ੍ਹਾ ਘਟ ਗਈ ਹੈ ਅਤੇ ਅਕਲ ਦਾੜ੍ਹ ਨਿਕਲਣ ਲੱਗਿਆਂ ਬਹੁਤ ਤਕਲੀਫ਼ ਹੰਦੀ ਹੈ। ਡਾਕਟਰ ਹੁੰਦਲ ਮੁਤਾਬਕ ਚੀਨ, ਜਾਪਾਨ ਅਤੇ ਕੋਰੀਆ ਵਗੈਰਾ ਦੇ ਲੋਕ ਸੇਵੀਆਂ ਵਰਗੀ ਪੋਲੀ ਖ਼ੁਰਾਕ ਖਾਂਦੇ ਹਨ, ਇਸ ਲਈ ਉਨ੍ਹਾਂ ਦੇ ਮੂੰਹ ਛੋਟੇ ਹੁੰਦੇ ਹਨ। ਇਹੀ ਹਾਲ ਹੁਣ ਪੰਜਾਬੀਆਂ ਦਾ ਹੋ ਗਿਆ ਹੈ। ਸੋ ਪੰਜਾਬੀਓ! ਆਓ! ਆਪਣੇ ਖਾਣ-ਪੀਣ ਅਤੇ ਰਹਿਣ-ਸਹਿਣ ਦੇ ਤਰੀਕੇ ਨੂੰ ਬਦਲੀਏ ਅਤੇ ਸਿਹਤਮੰਦ ਪੰਜਾਬੀ ਹੀ ਕਹਾਈਏ।

#

*ਡਾ. ਦਿਲਦਾਰ ਹੁੰਦਲ ਦਾ ਲਾਹੌਰ ਵਿਚ ਦੰਦਾਂ ਦਾ ਕਲੀਨਿਕ ਹੈ। ਉਸ ਕੋਲ 20-22 ਸਾਲ ਦੇ ਨੌਜਵਾਨ ਬੱਚੇ-ਬੱਚੀਆਂ ਬਹੁਤ ਆਉਂਦੇ ਹਨ। ਕਾਰਨ ਪੁੱਛਿਆ ਤਾਂ ਕਹਿਣ ਲੱਗਾ: ਇਨ੍ਹਾਂ ਬੱਚਿਆਂ ਦੀ ਜਦੋਂ ਅਕਲ ਦਾੜ੍ਹ ਨਿਕਲਦੀ ਹੈ ਤਾਂ ਬਹੁਤ ਤਕਲੀਫ ਹੁੰਦੀ ਹੈ। ਕਾਰਨ ਇਹ ਹੈ ਕਿ ਪੰਜਾਬ ਦੇ ਬੱਚੇ ਅੱਜ ਕੱਲ੍ਹ ਗੰਨੇ ਨਹੀਂ ਚੂਪਦੇ, ਭੁੱਜੇ ਦਾਣੇ ਅਤੇ ਰਿਉੜੀਆਂ ਵਗੈਰਾ ਵੀ ਨਹੀਂ ਖਾਂਦੇ ਜਿਸ ਕਾਰਨ ਇਨ੍ਹਾਂ ਦੇ ਜਬਾੜੇ ਛੋਟੇ ਹੋ ਗਏ ਹਨ। ਮੂੰਹ ਵੀ ਛੋਟੇ ਹੋ ਗਏ ਹਨ। ਜਬਾੜੇ ਛੋਟੇ ਹੋਣ ਕਾਰਨ ਮੂੰਹ ਵਿਚ ਜਗ੍ਹਾ ਘਟ ਗਈ ਹੈ ਅਤੇ ਅਕਲ ਦਾੜ੍ਹ ਨਿਕਲਣ ਲੱਗਿਆਂ ਬਹੁਤ ਤਕਲੀਫ਼ ਹੰਦੀ ਹੈ। ਡਾਕਟਰ ਹੁੰਦਲ ਮੁਤਾਬਕ ਚੀਨ, ਜਾਪਾਨ ਅਤੇ ਕੋਰੀਆ ਵਗੈਰਾ ਦੇ ਲੋਕ ਸੇਵੀਆਂ ਵਰਗੀ ਪੋਲੀ ਖ਼ੁਰਾਕ ਖਾਂਦੇ ਹਨ, ਇਸ ਲਈ ਉਨ੍ਹਾਂ ਦੇ ਮੂੰਹ ਛੋਟੇ ਹੁੰਦੇ ਹਨ। ਇਹੀ ਹਾਲ ਹੁਣ ਪੰਜਾਬੀਆਂ ਦਾ ਹੋ ਗਿਆ ਹੈ।*

# ਨਸੀਰੂਦੀਨ ਦੀ ਅਗਲੀ ਉਡਾਣ


**ਜਗਜੀਤ ਸਿੰਘ ਸੇਖੋਂ**

ਨਾਮੀ-ਗਿਰਾਮੀ ਅਦਾਕਾਰ ਨਸੀਰੂਦੀਨ ਸ਼ਾਹ ਆਪਣੀ ਨਵੀਂ ਫਿਲਮ 'ਦਿ ਹੰਗਰੀ' ਨਾਲ ਦਸਤਕ ਦੇ ਰਿਹਾ ਹੈ। ਮਹਿਲਾ ਫਿਲਮਸਾਜ਼ ਬੋਰਨਿਲਾ ਚੈਟਰਜੀ ਵੱਲੋਂ ਬਣਾਈ ਇਸ ਫਿਲਮ ਦੀ ਚੋਣ ਟੋਰਾਂਟੋ ਵਾਲੇ ਕੌਮਾਂਤਰੀ ਫਿਲਮ ਮੇਲੇ ਲਈ ਹੋ ਚੁੱਕੀ ਹੈ। ਇਸ ਫਿਲਮ ਵਿਚ ਨਸੀਰੂਦੀਨ ਸ਼ਾਹ ਤੋਂ ਇਲਾਵਾ ਟਿਸਕਾ ਚੋਪੜਾ, ਅੰਤੋਨੀਓ ਅਕੀਲ, ਨੀਰਜ ਕਾਬੀ, ਸਯਾਨੀ ਗੁਪਤਾ, ਅਰਜੁਨ ਗੁਪਤਾ ਅਤੇ ਸੂਰਜ ਸ਼ਰਮਾ ਵਰਗੇ ਹੰਢੇ-ਵਰਤੇ ਕਲਾਕਾਰਾਂ ਨੇ ਕੰਮ ਕੀਤਾ ਹੈ। ਇਹ ਫਿਲਮ ਮਸ਼ਹੂਰ ਲਿਖਾਰੀ ਵਿਲੀਅਮ ਸ਼ੇਕਸਪੀਅਰ ਦੇ ਨਾਟਕ 'ਟਾਈਟਸ ਐਂਡਰੋਨਕਿਸ' ਉਤੇ ਆਧਾਰਤ ਹੈ। ਇਹ ਸ਼ੇਕਸਪੀਅਰ ਦੇ ਸਭ ਤੋਂ ਹਿੰਸਕ ਨਾਟਕਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਮੰਨਿਆ ਗਿਆ ਹੈ ਕਿ ਇਹ ਸ਼ੇਕਸਪੀਅਰ ਦਾ ਪਹਿਲਾ ਦੁਖਾਂਤ ਨਾਟਕ ਸੀ ਜੋ ਉਸ ਨੇ ਸ਼ਾਇਦ 1588-1593 ਦੇ ਵਿਚਕਾਰ ਜਿਹੇ ਲਿਖਿਆ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਨਾਟਕ ਉਸ ਨੇ ਇਕ ਹੋਰ ਸਮਕਾਲੀ ਲਿਖਾਰੀ ਜਾਰਜ ਪੀਲੇ ਨਾਲ ਰਲ ਕੇ ਲਿਖਿਆ ਸੀ। 16ਵੀਂ ਸਦੀ ਦੌਰਾਨ ਇਹ ਨਾਟਕ ਕਾਫੀ ਮਸ਼ਹੂਰ ਹੋਇਆ ਸੀ। ਉਂਜ ਬਾਅਦ ਵਿਚ ਪਾਠਕਾਂ/ਆਲੋਚਕਾਂ ਨੇ ਇਸ ਨਾਟਕ ਨੂੰ ਸ਼ੇਕਸਪੀਅਰ ਦੇ ਹੋਰ ਨਾਟਕਾਂ ਦੇ ਮੁਕਾਬਲੇ ਬਹੁਤਾ ਗੌਲਿਆ ਨਹੀਂ ਅਤੇ ਸਾਹਿਤਕ ਖੇਤਰ ਵਿਚ ਵੀ ਇਸ ਦੀ ਚਰਚਾ ਘੱਟ ਹੀ ਹੋਈ ਹੈ। ਫਿਰ 20ਵੀਂ ਸਦੀ ਵਿਚ ਇਸ ਨਾਟਕ ਦਾ ਪ੍ਰਤਾਪ ਵਧਦਾ ਗਿਆ। ਇਸੇ ਦਾ ਹੀ ਸਿੱਟਾ ਹੈ ਕਿ ਹੁਣ ਤੱਕ ਇਸ ਨਾਟਕ ਉਤੇ ਅਣਗਿਣਤ ਨਾਟਕ, ਫਿਲਮਾਂ, ਸੰਗੀਤ ਨਾਟਕ, ਟੈਲੀਵੀਜ਼ਨ ਤੇ ਰੇਡੀਓ ਲੜੀਵਾਰ ਬਣ ਚੁੱਕੇ ਹਨ ਅਤੇ ਦਰਸ਼ਕਾਂ ਵੱਲੋਂ ਹਰ ਵਾਰ ਭਰਪੂਰ ਹੁੰਗਾਰਾ ਭਰਿਆ ਗਿਆ ਹੈ... ਤੇ ਹੁਣ ਬੋਰਨਿਲਾ ਚੈਟਰਜੀ ਦੀ ਵਾਰੀ ਹੈ ਜਿਸ ਨੇ ਫਿਲਮ ਸਨਅਤ ਦੇ ਕਹਿੰਦੇ-ਕਹਾਉਂਦੇ ਕਲਾਕਾਰਾਂ ਦੀ ਟੀਮ ਬਣਾ ਕੇ ਇਹ ਫਿਲਮ ਤਿਆਰ ਕੀਤੀ ਹੈ। 'ਟਾਈਟਸ ਐਂਡਰੋਨਕਿਸ' ਨਾਟਕ ਰੋਮਨ ਸਾਮਰਾਜ ਦੇ ਦਿਨਾਂ ਦੀ ਕਹਾਣੀ ਬਿਆਨ ਕਰਦਾ ਹੈ। ਇਸ ਵਿਚ ਰੋਮਨ ਫੌਜ ਦੇ ਜਨਰਲ ਟਾਈਟਸ ਦੀ ਕਹਾਣੀ ਸੁਣਾਈ ਹੈ ਜੋ ਗੋਥ (ਜਰਮਨ) ਦੀ ਮਹਾਰਾਣੀ ਤਮੋਰਾ ਨਾਲ ਬਦਲਿਆਂ ਦੇ ਚੱਕਰ ਵਿਚ ਉਲਝ ਜਾਂਦਾ ਹੈ। ਫਿਲਮਸਾਜ਼ ਬੋਰਨਿਲਾ ਚੈਟਰਜੀ ਨੇ ਇਸ ਟਕਰਾਅ ਵਿਚੋਂ ਹੀ ਆਪਣੀ ਫਿਲਮ 'ਦਿ ਹੰਗਰੀ' ਦੀ ਸਿਰਜਣਾ ਕੀਤੀ ਹੈ। ਇਸ ਫਿਲਮ ਵਿਚ ਉਸ ਨੇ ਵਿਆਹ ਦੀ ਕਹਾਣੀ ਛੇੜ ਕੇ ਸਿਆਸਤ ਦੀ ਬਾਤ ਪਾਈ ਹੈ। ਬੋਰਨਿਲਾ ਮੁਤਾਬਕ, ਸ਼ੇਕਸਪੀਅਰ ਦੇ ਇਸ ਨਾਟਕ ਦੀ ਕਹਾਣੀ ਬਹੁਤ ਧੂਹ ਪਾਉਣ ਵਾਲੀ ਹੈ। ਇਸ ਕਹਾਣੀ ਵਿਚਲੀ ਤੀਬਰਤਾ ਕਾਰਨ ਹੀ ਉਸ ਨੇ ਇਹ ਫਿਲਮ ਬਣਾਉਣ ਬਾਰੇ ਸੋਚਿਆ, ਪਰ ਇਸ ਕਹਾਣੀ ਨੂੰ ਉਹ 16ਵੀਂ ਸਦੀ ਤੋਂ ਕੱਢ ਕੇ 21ਵੀਂ ਸਦੀ ਤੱਕ ਲੈ ਆਈ ਹੈ। ਉਹ ਦੱਸਦੀ ਹੈ: "ਅਸੀਂ ਚਾਹੁੰਦੇ ਸਾਂ ਕਿ ਇਸ ਨਾਟਕ ਨੂੰ ਆਧਾਰ ਬਣਾ ਕੇ ਅੱਜ ਦੀ ਗੱਲ ਕੀਤੀ ਜਾਵੇ। ਸੋਚਿਆ, ਜਿਸ ਯੁੱਗ ਵਿਚ ਅੱਜ ਅਸੀਂ ਰਹਿ ਰਹੇ ਹਾਂ, ਜੇ ਉਸ ਦੀ ਬਾਤ ਉਸੇ ਪ੍ਰਸੰਗ ਵਿਚ ਪਾਈ ਜਾਵੇ ਤਾਂ ਕਿਹੋ ਜਿਹਾ ਲੱਗੇਗਾ! ਮੈਂ ਬਹੁਤ ਖੁਸ਼ ਹਾਂ ਕਿ ਸਭ ਨੇ ਮੇਰੇ ਇਸ ਪ੍ਰੋਜੈਕਟ ਨੂੰ ਖੂਬ ਹੁੰਗਾਰਾ ਭਰਿਆ ਹੈ। ਉਮੀਦ ਹੈ, ਦਰਸ਼ਕਾਂ ਨੂੰ ਵੀ ਇਹ ਫਿਲਮ ਪਸੰਦ ਆਵੇਗੀ।"

ਬੋਰਨਿਲਾ ਚੈਟਰਜੀ ਦੀ ਕਾਬਲੀਅਤ ਨੂੰ ਸਭ ਮੰਨਦੇ ਹਨ। ਹੁਣ ਟੋਰਾਂਟੋ ਫਿਲਮ ਮੇਲੇ ਦੇ ਪ੍ਰਬੰਧਕਾਂ ਵੱਲੋਂ ਕੀਤੀ ਇਸ ਫਿਲਮ ਦੀ ਚੋਣ ਨੇ ਹੀ ਦਰਸਾ ਦਿੱਤਾ ਹੈ ਕਿ ਇਹ ਫਿਲਮ ਕੋਈ ਆਮ ਨਹੀਂ, ਖਾਸ ਹੀ ਹੋਵੇਗੀ; ਕਿਉਂਕਿ ਇਸ ਫਿਲਮ ਮੇਲੇ ਲਈ ਫਿਲਮ ਦੀ ਚੋਣ ਹੀ ਬਹੁਤ ਮਾਇਨੇ ਰੱਖਦੀ ਹੈ। ਬੋਰਨਿਲਾ ਚੈਟਰਜੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2012 ਵਿਚ ਨਿਊ ਯਾਰਕ ਦੇ ਭਾਰਤੀ ਫਿਲਮ ਮੇਲੇ ਵਿਚ ਆਪਣੀ ਪਲੇਠੀ ਫਿਲਮ 'ਲੈੱਟਸ ਬੀ ਆਊਟ, ਦਿ ਸਨ ਇਜ਼ ਸ਼ਾਈਨਿੰਗ' ਨਾਲ ਕੀਤੀ ਸੀ। ਇਸ ਫਿਲਮ ਮੇਲੇ ਵਿਚ ਉਸ ਨੇ ਆਡੀਐਂਸ ਐਵਾਰਡ ਹਾਸਲ ਕੀਤਾ ਸੀ। ਇਸ ਤੋਂ ਬਾਅਦ ਉਸ ਨੇ ਪਿਛੇ ਮੁੜ ਕੇ ਨਹੀਂ ਦੇਖਿਆ ਅਤੇ ਅੱਜ ਨਸੀਰੂਦੀਨ ਵਰਗੇ ਕਲਾਕਾਰ ਉਸ ਦੀ ਫਿਲਮ ਵਿਚ ਹਨ।



'ਦਿ ਹੰਗਰੀ' ਵਿਚ ਟਿਸਕਾ ਚੋਪੜਾ ਦਾ ਜਲਵਾ।



'ਦਿ ਹੰਗਰੀ' ਵਿਚ ਨਸੀਰੂਦੀਨ ਸ਼ਾਹ।



ਭੂਮੀ ਪੜਨੇਕਰ

# ਭੂਮੀ ਲਈ ਅੱਗੇ ਹੁਣ ਖਤਰਾ

**ਗੁਰਜੰਟ ਸਿੰਘ**

ਭੂਮੀ ਪੜਨੇਕਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ 'ਦਮ ਲਗਾ ਕੇ ਹਈਸ਼ਾ' ਨਾਲ ਕੀਤੀ ਸੀ ਜਿਸ ਵਿਚ ਉਸ ਦੀ ਜੋੜੀ ਅਦਾਕਾਰ ਆਯੂਸ਼ਮਾਨ ਖੁਰਾਨਾ ਨਾਲ ਬਣਾਈ ਗਈ ਸੀ। ਹਾਲ ਹੀ ਉਸ ਦੀ ਤੀਜੀ ਫਿਲਮ 'ਸ਼ੁਭ ਮੰਗਲ ਸਾਵਧਾਨ' ਆਈ ਜਿਸ ਵਿਚ ਇਕ ਵਾਰ ਫਿਰ ਉਸ ਦਾ ਹੀਰੋ ਆਯੂਸ਼ਮਾਨ ਖੁਰਾਨਾ ਹੀ ਹੈ ਅਤੇ ਪਹਿਲੀ ਫਿਲਮ ਵਾਂਗ ਇਸ ਫਿਲਮ ਦੀ ਵੀ ਵਾਹਵਾ ਚਰਚਾ ਹੋਈ ਹੈ। ਉਂਜ ਇਸ ਚਰਚਾ ਨਾਲ ਇਕ ਚਰਚਾ ਹੋਰ ਵੀ ਜੁੜ ਗਈ ਹੈ ਜੋ ਭੂਮੀ ਪੜਨੇਕਰ ਲਈ ਥੋੜ੍ਹੀ ਖਤਰੇ ਵਾਲੀ ਗੱਲ ਵੀ ਹੋ ਸਕਦੀ ਹੈ। ਇਸ ਫਿਲਮ ਵਿਚ ਵੀ ਉਸ ਨੇ ਘਰੇਲੂ ਸੁਆਣੀ ਦਾ ਕਿਰਦਾਰ ਨਿਭਾਇਆ ਹੈ। ਆਪਣੀ ਪਹਿਲੀਆਂ ਦੋ ਫਿਲਮਾਂ- 'ਦਮ ਲਗਾ ਕੇ ਹਈਸ਼ਾ' ਤੇ 'ਟਾਇਲੈਟ: ਇਕ ਪ੍ਰੇਮ ਕਥਾ', ਵਿਚ ਵੀ ਉਸ ਨੇ ਘਰੇਲੂ ਸੁਆਣੀ ਦੇ ਕਿਰਦਾਰ ਹੀ ਅਦਾ ਕੀਤੇ ਸਨ। ਫਿਲਮ ਆਲੋਚਕਾਂ ਨੇ ਭੂਮੀ ਨੂੰ ਖਬਰਦਾਰ ਕੀਤਾ ਹੈ ਕਿ ਉਹ ਕਿਤੇ ਘਰੇਲੂ ਸੁਆਣੀ ਦੇ ਕਿਰਦਾਰ ਵਿਚ ਹੀ ਫਸ ਕੇ ਨਾ ਰਹਿ ਜਾਵੇ, ਹਾਲਾਂਕਿ ਉਸ ਨੇ ਆਪਣੀ ਤਿੰਨਾਂ ਹੀ ਫਿਲਮਾਂ ਵਿਚ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ ਹੈ। 'ਟਾਇਲੈਟ' ਫਿਲਮ ਵਿਚ ਤਾਂ ਉਹ ਅਕਸ਼ੈ ਕੁਮਾਰ ਵਰਗੇ ਸਦਾਬਹਾਰ ਅਦਾਕਾਰ ਦੇ ਬਰਾਬਰ ਤੁਲਦੀ ਨਜ਼ਰੀਂ ਪਈ ਹੈ।

ਅਸਲ ਵਿਚ ਭੂਮੀ ਨੂੰ ਚੰਗੇ ਭਾਗੀਂ ਚੰਗੀਆਂ ਫਿਲਮਾਂ ਹੀ ਮਿਲਦੀਆਂ ਰਹੀਆਂ ਹਨ। ਪਹਿਲੀ ਫਿਲਮ 'ਦਮ ਲਗਾ ਕੇ ਹਈਸ਼ਾ' ਤਾਂ ਉਹਦੇ ਲਈ ਅਚੰਭਾ ਬਣ ਕੇ ਹੀ ਆਈ ਸੀ। ਉਸ ਦੇ ਮੋਟੇ ਸਰੀਰ ਮੁਤਾਬਕ ਉਸ ਨੂੰ ਇਸ ਫਿਲਮ ਵਾਲਾ ਰੋਲ ਦਿੱਤਾ ਗਿਆ ਸੀ, ਪਰ ਇਸੇ ਦੌਰਾਨ ਉਸ ਨੇ ਆਪਣੇ ਆਪ ਨੂੰ ਇੰਨਾ ਤਰਾਸ਼ ਲਿਆ ਹੈ ਕਿ ਕੱਲ੍ਹ ਵਾਲੀ ਭੂਮੀ ਅਤੇ ਅੱਜ ਵਾਲੀ ਭੂਮੀ ਵਿਚ ਫਰਕ ਸਪਸ਼ਟ ਦਿਸਦਾ ਹੈ। ਭੂਮੀ ਦਾ ਕਹਿਣਾ ਹੈ ਕਿ ਉਸ ਨੂੰ ਆਯੂਸ਼ਮਾਨ ਖੁਰਾਨਾ ਨਾਲ ਕੰਮ ਕਰ ਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ। ਇਹ ਉਹ ਅਦਾਕਾਰ ਹੈ ਕਿ ਜਿਹੜਾ ਆਪਣੀਆਂ ਫਿਲਮਾਂ ਰਾਹੀਂ, ਲਗਾਤਾਰ ਹੀਰੋ ਦੀ ਨਵੀਂ ਭੂਮਿਕਾ ਬੰਨ੍ਹ ਰਿਹਾ ਹੈ ਅਤੇ ਇਹੀ ਗੱਲ ਭੂਮੀ ਪੜਨੇਕਰ ਉਤੇ ਵੀ ਪੂਰੀ ਢੁੱਕਦੀ ਹੈ। ਉਹ ਹਿੰਦੀ ਫਿਲਮ ਜਗਤ ਨੂੰ ਨਵੀਂ ਹੀਰੋਇਨ ਦੇ ਰਹੀ ਹੈ। ਹੁਣ ਭੂਮੀ ਪੜਨੇਕਰ ਚਰਚਿਤ ਫਿਲਮਸਾਜ਼ ਅਭਿਸ਼ੇਕ ਚੌਬੇ ਨਾਲ ਫਿਲਮ ਬਣਾ ਰਹੀ ਹੈ।



ਫਿਲਮ 'ਸ਼ੁਭ ਮੰਗਲ ਸਾਵਧਾਨ' ਵਿਚ ਆਯੂਸ਼ਮਾਨ ਅਤੇ ਭੂਮੀ।

ਅਭਿਸ਼ੇਕ ਚੌਬੇ ਨਸ਼ਿਆਂ ਬਾਰੇ 'ਉਤੜਾ ਪੰਜਾਬ' ਵਰਗੀ ਫਿਲਮ ਬਣਾ ਚੁੱਕਾ ਹੈ। ਇਸ ਤੋਂ ਇਲਾਵਾ ਉਹ ਮਕੜੀ, ਮਕਬੂਲ, ਓਮਕਾਰਾ, ਬਲੱਡ ਬ੍ਰਦਰਜ਼, ਕਮੀਨੇ, ਇਸ਼ਕੀਆ, ਡੇਢ ਇਸ਼ਕੀਆ, ਮਟਰੂ ਕੀ ਬਿਜਲੀ ਕਾ ਮੰਡੋਲਾ, ਏ ਡੈੱਥ ਇਨ ਦਿ ਗੰਜ ਵਰਗੀਆਂ ਫਿਲਮਾਂ ਨਾਲ ਜੁੜਿਆ ਰਿਹਾ ਹੈ। ਆਸ ਕੀਤੀ ਜਾ ਰਹੀ ਹੈ ਕਿ ਭੂਮੀ ਪੜਨੇਕਰ ਅਭਿਸ਼ੇਕ ਚੌਬੇ ਦੀ ਫਿਲਮ ਵਿਚ ਵੱਖਰੇ ਰੂਪ ਵਿਚ ਨਜ਼ਰ ਆਵੇਗੀ। ਇਸ ਹਿਸਾਬ ਨਾਲ ਉਹ ਆਪਣੇ ਕਰੀਅਰ ਬਾਰੇ ਵੀ ਸੁਚੇਤ ਹੈ। ਉਹ ਫਿਲਮਾਂ ਪਿਛੇ ਨਹੀਂ ਭੱਜਦੀ, ਸਗੋਂ ਫਿਲਮਾਂ ਉਹਦੇ ਕੋਲ ਆਉਂਦੀਆਂ ਹਨ ਤੇ ਅੱਜ ਦੇ ਆਪਾ-ਧਾਪੀ ਦੇ ਇਸ ਮਾਹੌਲ ਵਿਚ ਇਹ ਕੋਈ ਛੋਟੀ ਗੱਲ ਨਹੀਂ।

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting new model homes to save big time.***

## Just Sold

1. 1345 Bridgecreek Way, Hayward, CA 94544
2. 3322 Jericho ln, San Jose, CA 95117
3. 2365 Clairette Place, Manteca, CA 95337
4. 2775 Caminito Ave, Yuba City, CA 95991
5. 2497 Glen Exter Way, San Jose, CA 95148
6. 5828 Newgate Ct., San Jose, CA 95138
7. 3897 Mars Ct, San Jose, CA 95135
8. 133 Orchard Park Pl., Hayward, CA 94544
9. 4234 Monet Dr., Stockton, CA 95206

***Call for Listing Special 2017***

Fremont Office:
86 Pilgrim Loop
Fremont CA 94539
Tel:510-440-9292
Fax:510-656-8941



**Jaswinder (Jassi) Gill**
M.Sc (PAU)
CA BRE# 00966763
Broker/Owner/Notary

Pinnacle Award Winner 2014, 2015 & 2016
Grand Master Award Winner 2012 & 2013

E-mail: jassi@jassigill.com
or
Visit us @ www.jassigill.com for hot listings

***Follow us on zillow.com and trulia.com***

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

**Call Sukhveer (Sukhi) Gill** **Ph: 510-207-9067**
DHMS, Loan Broker
CA BRE Lic.#01180969
NMLS# 352095